*Published in Punjabi & English*

Distributed in Toronto, Calgary, Vancouver, Winnipeg and Online Worldwide.

Sarokaran Di Awaz

Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ- 14, ਅੰਕ-9, ਸਤੰਬਰ 2024 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

# ਤਖਤ ਪਲਟਦੇ ਲੋਕ ਉਭਾਰ ਅਤੇ ਬਦਲ ਦਾ ਸਵਾਲ

ਜਦੋਂ ਸੱਤਾ ਦੇ ਹੰਕਾਰ 'ਚ ਅੰਨ੍ਹੀਆਂ ਹੋਈਆਂ ਲੋਟੂ ਹਕੂਮਤਾਂ ਦਾ ਬੋਝ ਸਮਾਜ ਉੱਪਰ ਅਸਹਿ ਹੋ ਜਾਂਦਾ ਹੈ ਤਾਂ ਅੱਕੀ ਹੋਈ ਲੋਕਾਈ ਦਾ ਹੜ੍ਹ ਅਜਿਹੀਆਂ ਹਕੂਮਤਾਂ ਦਾ ਤਖ਼ਤਾ ਪਲਟ ਦਿੰਦਾ ਹੈ। ਲਹੂ ਪੀਣੀ ਜਮਾਤ ਦੀ ਸੁਰੱਖਿਆ ਲਈ ਖੜ੍ਹੀ ਕੀਤੀ ਜਾਬਰ ਰਾਜ ਮਸ਼ੀਨਰੀ ਵੀ ਲੋਕ ਤਾਕਤ ਅੱਗੇ ਬੇਵੱਸ ਹੋ ਜਾਂਦੀ ਹੈ ਅਤੇ ਤਾਨਾਸ਼ਾਹ ਹੁਕਮਰਾਨਾਂ ਨੂੰ ਸੱਤਾ ਛੱਡ ਕੇ ਭੱਜਣ ਦਾ ਅੱਕ ਚੱਬਣਾ ਪੈਂਦਾ ਹੈ। ਇਤਿਹਾਸ ਲੋਕ ਤਾਕਤ ਵੱਲੋਂ ਅਜਿਹੀਆਂ ਅਣਗਿਣਤ ਸਰਕਾਰਾਂ ਨੂੰ ਕੁੱਟ ਕੇ ਦਬੱਲ ਦੇਣ ਦਾ ਗਵਾਹ ਹੈ।

ਸ਼੍ਰੀਲੰਕਾ ਦੀ ਸਰਕਾਰ-ਬਦਲੀ ਤੋਂ ਬਾਅਦ, ਪਿਛਲੇ ਦਿਨੀਂ ਇਹੀ ਹਸ਼ਰ ਬੰਗਲਾਦੇਸ਼ ਦੀ ਹੰਕਾਰੀ ਹੋਈ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦਾ ਹੋਇਆ ਅਤੇ ਉਸਨੂੰ ਲੁਕ-ਛਿਪ ਕੇ ਗੁਆਂਢੀ ਭਾਰਤ ਵਿਚ ਸ਼ਰਣ ਲੈਣੀ ਪੈ ਗਈ। ਬੇਸ਼ੱਕ ਬੰਗਲਾਦੇਸ਼ ਦੀ ਜਵਾਨੀ ਦੇ ਬਾਗ਼ੀ ਹੋਣ ਦਾ ਫੌਰੀ ਕਾਰਨ ਉੱਥੋਂ ਦੇ ਕਥਿਤ ਮੁਕਤੀ-ਯੁੱਧ ਨਾਲ ਜੁੜਿਆ 'ਰਿਜ਼ਰਵੇਸ਼ਨ ਸਿਸਟਮ' ਬਣਿਆ ਪਰ ਵਿਆਪਕ ਲੋਕ ਬੇਚੈਨੀ ਦਾ ਮੂਲ ਕਾਰਨ ਉੱਥੋਂ ਦੇ ਮਨੁੱਖਤਾ ਦੋਖੀ ਸਰਮਾਏਦਾਰੀ ਢਾਂਚੇ ਵੱਲੋਂ ਮਚਾਈ ਅੰਨ੍ਹੀ ਲੁੱਟਮਾਰ ਹੈ ਜਿਸ ਵਿਚ ਬੇਰੁਜ਼ਗਾਰ ਜਵਾਨੀ ਨੂੰ ਭਵਿੱਖ ਦੀ ਕੋਈ ਉਮੀਦ ਨਜ਼ਰ ਨਹੀਂ ਸੀ ਆ ਰਹੀ। ਸ਼ੇਖ ਹਸੀਨਾ ਹਕੂਮਤ ਨੂੰ ਲਾਹੁਣ ਪਿੱਛੇ ਅਮਰੀਕਨ ਸਾਮਰਾਜੀ ਰਾਜ ਦੇ ਭੂਗੋਲਿਕ-ਰਾਜਸੀ ਹਿਤਾਂ ਦੀ ਵੀ ਭੂਮਿਕਾ ਰਹੀ ਹੈ। ਪ੍ਰੈੱਸ ਸੈਂਸਰਸ਼ਿਪ, ਰੋਸ ਵਿਖਾਵਿਆਂ ਉੱਪਰ ਹਕੂਮਤ ਵੱਲੋਂ ਥੋਪੀਆਂ ਰੋਕਾਂ ਅਤੇ ਕਰੂਰ ਜਬਰ ਨੇ ਬਲ਼ਦੀ 'ਤੇ ਤੇਲ ਪਾ ਦਿੱਤਾ ਅਤੇ ਸੜਕਾਂ 'ਤੇ ਨਿੱਕਲੇ ਲੋਕ ਰੋਹ ਨੇ ਸ਼ੇਖ ਹਸੀਨਾ ਸਰਕਾਰ ਦਾ ਖ਼ਾਤਮਾ ਕਰਕੇ ਦਮ ਲਿਆ।



ਫ਼ੌਜ ਦੀ ਮੱਦਦ ਅਤੇ ਆਮ ਲੋਕਾਂ ਦੀ ਹਮਾਇਤ ਨਾਲ ਮੁਹੰਮਦ ਯੂਨਸ ਦੀ ਅਗਵਾਈ ਹੇਠ ਨਵੀਂ ਅੰਤ੍ਰਿਮ ਸਰਕਾਰ ਬਣਾ ਲਈ ਗਈ। ਇਸ ਘਟਨਾਕ੍ਰਮ ਨਾਲ ਦੁਨੀਆ ਦੀਆਂ ਹੋਰ ਹਕੂਮਤਾਂ ਅੰਦਰੋ-ਅੰਦਰੀ ਫ਼ਿਕਰਮੰਦ ਤਾਂ ਹਨ, ਪਰ ਆਪਣੀ ਜਮਾਤੀ ਖ਼ਸਲਤ ਕਾਰਨ ਉਹ ਇਸ ਲੋਕ ਉਭਾਰ ਤੋਂ ਸਬਕ ਨਾ ਸਿੱਖਣ ਲਈ ਸਰਾਪੀਆਂ ਹੋਈਆਂ ਹਨ। ਉਨ੍ਹਾਂ ਨੂੰ ਭਰੋਸਾ ਹੈ ਕਿ ਉਹ ਆਪਣੇ ਲੋਕਾਂ 'ਚ ਉੱਠਦੇ ਰੋਸ ਨੂੰ ਮੈਨੇਜ ਕਰ ਲੈਣਗੀਆਂ।

ਕੀ ਬੰਗਲਾਦੇਸ਼ ਦੀ ਨਵੀਂ ਸਰਕਾਰ ਲੋਕਾਂ ਦੀਆਂ ਉਮੀਦਾਂ 'ਤੇ ਖ਼ਰੀ ਉੱਤਰੇਗੀ ਜਿਸਦੇ ਮੁਖੀ ਦਾ ਅਮਰੀਕਾ ਪੱਖੀ ਝੁਕਾਅ ਗੁੱਝਾ ਨਹੀਂ ਹੈ? ਬਿਨਾਂ ਸ਼ੱਕ, ਉੱਥੋਂ ਦੀ ਲੋਕਾਈ ਦੀਆਂ ਜਮਹੂਰੀ ਰੀਝਾਂ ਦੇ ਦਬਾਅ ਹੇਠ ਨਵੀਂ ਸਰਕਾਰ ਨੂੰ ਕੁਝ ਸੁਧਾਰ ਕਰਨੇ ਪੈਣਗੇ ਪਰ ਇਹ ਉਸ ਬੁਨਿਆਦੀ ਲੋਟੂ ਢਾਂਚੇ ਨੂੰ ਖ਼ਤਮ ਕਰਨ ਦੇ ਮਨੋਰਥ ਨਾਲ ਨਹੀਂ ਹੋਣਗੇ ਜਿਸ ਨੂੰ ਬਰਕਰਾਰ ਰੱਖਣ ਅਤੇ ਜਿਸਦੀ ਉਮਰ ਲੰਮੀ ਕਰਨ ਦੇ ਸੰਦ ਵਜੋਂ ਸ਼ੇਖ ਹਸੀਨਾ ਵਰਗੀਆਂ ਬੇਕਿਰਕ ਹਕੂਮਤਾਂ ਹੋਂਦ 'ਚ ਆਉਂਦੀਆਂ ਹਨ। ਇਸ ਸੀਮਤਾਈ ਦੇ ਬਾਵਜੂਦ ਇਹ ਲੋਕ ਉਭਾਰ ਬਦਲਾਅ ਲਈ ਤਾਂਘਦੇ ਲੁਟੀਂਦੇ ਲੋਕਾਂ ਲਈ ਉਤਸ਼ਾਹ ਵਧਾਉਣ ਵਾਲਾ ਹੈ ਜੋ ਉਨ੍ਹਾਂ ਨੂੰ ਪ੍ਰੇਰਨਾ ਹੀ ਦਿੰਦਾ ਹੈ ਕਿ ਕੋਈ ਵੀ ਜਾਬਰ ਤੋਂ ਜਾਬਰ ਹਕੂਮਤ ਸਦੀਵੀ ਨਹੀਂ ਹੋ ਸਕਦੀ, ਕਿ ਲੋਕ ਤਾਨਾਸ਼ਾਹ ਨਿਜ਼ਾਮਾਂ ਦਾ ਭੋਗ ਪਾਉਣ ਦੀ ਤਾਕਤ ਰੱਖਦੇ ਹਨ। ਇਹ ਜ਼ਾਹਿਰ ਹੈ ਕਿ ਪਹਿਲੀ ਹਕੂਮਤ ਦੇ ਦੁਸ਼ਟ ਰਾਜ ਤੋਂ ਲੋਕਾਈ ਨੂੰ ਵਕਤੀ ਰਾਹਤ ਮਿਲ ਗਈ ਹੈ, ਇਹ ਰਾਹਤ ਪੱਕੇ ਪੈਰੀਂ ਫਿਰ ਹੀ ਹੋਵੇਗੀ ਜੇ ਇਸ ਗਹਿ-ਗੱਚ ਸੰਗਰਾਮ ਵਿੱਚੋਂ ਉੱਭਰੀ ਨੌਜਵਾਨ ਤਾਕਤ ਹੱਕਾਂ ਦੀ ਰਾਖੀ ਕਰਨ ਵਾਲੀ ਚੇਤੰਨ ਤਾਕਤ ਦੇ ਰੂਪ 'ਚ ਮਜ਼ਬੂਤੀ ਨਾਲ ਇਕਜੁੱਟ ਬਣੀ ਰਹਿੰਦੀ ਹੈ ਅਤੇ ਸੰਘਰਸ਼ ਦੇ ਹਾਸਲ ਦੀ ਰਾਖੀ ਲਈ ਪਹਿਰਾ ਦਿੰਦੀ ਹੈ। ਕੀ ਅਜਿਹੀ ਕੋਈ ਹਾਂਦਰੂ ਤਾਕਤ ਉੱਥੋਂ ਦੇ ਰਾਜਨੀਤਕ ਹਾਲਾਤ 'ਚ ਸੁਚੇਤ ਪ੍ਰਭਾਵਸ਼ਾਲੀ ਦਖ਼ਲਅੰਦਾਜ਼ੀ ਕਰਨ ਦੀ ਸਥਿਤੀ 'ਚ ਹੈ?

ਸਾਮਰਾਜੀ ਸਰਮਾਏਦਾਰੀ, 20ਵੀਂ ਸਦੀ 'ਚ ਉੱਸਰੇ ਸਮਾਜਵਾਦੀ ਪ੍ਰਬੰਧ ਦੀਆਂ ਕਮਜ਼ੋਰੀਆਂ ਦਾ ਲਾਹਾ ਲੈ ਕੇ ਆਪਣੇ ਵਿਆਪਕ ਪ੍ਰਚਾਰਤੰਤਰ ਦੁਆਰਾ ਇਹ ਭਰਮ ਫੈਲਾਉਣ 'ਚ ਕਾਮਯਾਬ ਹੋ ਗਈ ਸੀ ਕਿ ਸਰਮਾਏਦਾਰੀ ਪ੍ਰਬੰਧ ਹੀ ਇੱਕੋ-ਇਕ ਲੋਕਤੰਤਰ ਹੈ ਅਤੇ ਇਸਦਾ 'ਕੋਈ ਬਦਲ ਨਹੀਂ ਹੈ'। ਅਮਰੀਕਨ ਸਾਮਰਾਜ ਵੱਲੋਂ ਦੁਨੀਆ ਦੇ ਵੱਖ-ਵੱਖ ਦੇਸ਼ਾਂ ਦੀਆਂ ਚੁਣੀਆਂ ਹੋਈਆਂ ਸਰਕਾਰਾਂ ਨੂੰ ਤੋੜਨ ਅਤੇ ਉੱਥੇ ਆਪਣੀਆਂ ਹੱਥਠੋਕਾ ਸਰਕਾਰਾਂ ਥੋਪਣ ਲਈ ਅਤਿਅੰਤ ਘਿਣਾਉਣੇ ਹਮਲੇ ਲੋਕਤੰਤਰ ਨੂੰ ਬਚਾਉਣ ਦੇ ਬਹਾਨੇ ਹੀ ਕੀਤੇ ਜਾਂਦੇ ਹਨ। ਸਮਾਜਵਾਦ ਦੇ ਨਿਸ਼ਾਨੇ ਨੂੰ ਪ੍ਰਣਾਈਆਂ ਤਾਕਤਾਂ ਅਜੇ ਬੀਤੇ ਦੇ ਸਮਾਜਵਾਦੀ ਤਜਰਬੇ ਨੂੰ ਵੱਜੀ ਪਛਾੜ 'ਚੋਂ ਸੰਭਲ ਕੇ ਇਸ ਕੂੜ ਦਾ ਮੁਕਾਬਲਾ ਕਰਨ ਦੀ ਹਾਲਤ 'ਚ ਨਹੀਂ ਹਨ।

ਸੱਚੇ ਬਦਲ ਦੀ ਅਣਹੋਂਦ 'ਚ ਲੋਟੂ ਪ੍ਰਬੰਧ ਦੇ ਨਿਚੋੜੇ ਤੇ ਨਪੀੜੇ ਲੋਕ ਇਕ ਜਾਬਰ ਹਕੂਮਤ ਨੂੰ ਬਦਲ ਕੇ ਉਸ ਦੀ ਜਗ੍ਹਾ ਇਕ ਹੋਰ ਸਰਕਾਰ ਬਣਾ ਲੈਣ ਨੂੰ ਹੀ ਰਾਜਸੀ ਬਦਲਾਅ ਸਮਝਦੇ ਹਨ। ਦਰਅਸਲ, ਇਹ ਸਰਮਾਏਦਾਰੀ ਢਾਂਚੇ ਦੀ ਰਾਖੀ ਲਈ ਬਣਨ ਵਾਲੀਆਂ ਸਰਕਾਰਾਂ ਹਨ ਜੋ ਹਰ ਤਰ੍ਹਾਂ ਦੀ ਨਬਰਾਬਰੀ ਅਤੇ ਨੰਗੇ ਅਨਿਆਂ ਦਾ ਜਨਮਦਾਤਾ ਹੈ। ਲਿਹਾਜ਼ਾ, ਸਰਮਾਏਦਾਰੀ ਦੀ ਲਹੂ ਪੀਣੀ ਖ਼ਸਲਤ ਨੂੰ ਪਛਾਣ ਕੇ ਇਸ ਦੀ ਜਗ੍ਹਾ ਮਨੁੱਖਤਾ ਦੀ ਸੱਚੀ ਤਰੱਕੀ ਤੇ ਬਿਹਤਰੀ ਦੀ ਜ਼ਾਮਨੀ ਦੇਣ ਵਾਲਾ ਸਮਾਜਵਾਦੀ ਪ੍ਰਬੰਧ ਉਸਾਰਨ ਦਾ ਬਦਲ ਮੁੜ ਪਹਿਲਾਂ ਵਾਂਗ ਲੋਕਾਈ ਦੀ ਕਲਪਨਾ ਨੂੰ ਟੁੰਬ ਨਹੀਂ ਰਿਹਾ।

ਸਾਮਰਾਜੀ ਕੰਟਰੋਲ ਵਾਲਾ ਮੀਡੀਆ ਘੋਰ ਸੱਜੇਪੱਖ ਦੀ ਨੁਮਾਇੰਦਗੀ ਕਰਦੇ ਡੋਨਲਡ ਟਰੰਪ ਨੂੰ ਹਟਾ ਕੇ ਘੱਟ ਤਿੱਖੇ ਸੱਜੇਪੱਖ ਦੇ ਨੁਮਾਇੰਦੇ ਬਾਇਡਨ ਦੀ ਸਰਕਾਰ ਬਣਾਉਣ ਨੂੰ ਯੁਗ ਪਲਟ ਦੇਣ ਵਾਲਾ ਬਦਲਾਅ ਬਣਾ ਕੇ ਪੇਸ਼ ਕਰਦਾ ਹੈ। ਅਮਰੀਕਾ ਦੀਆਂ ਹਾਲੀਆ ਚੋਣਾਂ 'ਚ ਇਸੇ ਤਰ੍ਹਾਂ ਦੀ ਉਮੀਦ ਕਮਲਾ ਹੈਰਿਸ ਤੋਂ ਰੱਖੀ ਜਾ ਰਹੀ ਹੈ। ਸਾਮਰਾਜੀ ਪ੍ਰਚਾਰਤੰਤਰ ਨੇ ਤਾਂ ਉਸ ਦਾ ਗੁੱਡਾ ਬੰਨ੍ਹਣਾ ਹੀ ਹੈ, ਜ਼ਿਆਦਾਤਰ ਪੜ੍ਹੇ ਲਿਖੇ ਹਿੱਸੇ ਵੀ ਉਸ ਨੂੰ ਬਦਲਾਅ ਦੀ ਦੂਤ ਦੇ ਰੂਪ 'ਚ ਦੇਖਦੇ ਹਨ। ਜਦੋਂ ਤੱਕ ਇਸ ਭਰਮ ਨੂੰ ਤੋੜਨ ਦੇ ਸਮਰੱਥ ਰਾਜਨੀਤਕ ਤਾਕਤ ਨਹੀਂ ਉੱਭਰਦੀ, ਬੰਗਲਾਦੇਸ਼ ਵਰਗੇ ਲੋਕ ਉਭਾਰ ਵੀ ਸਰਕਾਰਾਂ ਬਦਲਣ 'ਚ ਖ਼ਤਮ ਹੁੰਦੇ ਰਹਿਣਗੇ। ਅਸਲ ਸਵਾਲ ਇਸ ਲੋੜ ਨੂੰ ਹੁੰਗਾਰਾ ਦੇਣ ਦਾ ਹੈ।

**- ਸੰਪਾਦਕੀ ਬੋਰਡ**















ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ,ਸਿੱਖ ਵਿਰਸਾ ਇੰਟਰਨੈਸ਼ਨਲ
ਅਤੇ ਸਰੋਕਾਰਾਂ ਦੀ ਆਵਾਜ਼ ਦੀ ਪੇਸ਼ਕਸ਼

# ‘ਸੰਦੂਕੜੀ ਖੋਲ੍ਹ ਨਰੈਣਿਆਂ’ ਅਤੇ ਐਲ.ਐਮ.ਆਈ.ਏ ਨਾਟਕ 21 ਸਤੰਬਰ 2024 ਨੂੰ

(ਦੇਖੋ ਸ.ਫ਼ਾ 39 ’ਤੇ)

14 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

# ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ ’ਤੇ ਸੰਪਰਕ ਕਰੋ।



| ਹਰਬੰਸ ਸਿੰਘ | ਦੇਵਿੰਦਰ ਤੂਰ | ਮਾਸਟਰ ਭਜਨ | ਪਰਮਿੰਦਰ ਕੌਰ ਸਵੈਚ | ਜਸਵੀਰ ਕੌਰ ਮੰਗੂਵਾਲ | ਬਲਜਿੰਦਰ ਸਿੰਘ ਵੜੈਚ |
|---|---|---|---|---|---|
| (ਟੋਰਾਂਟੋ) | (ਟੋਰਾਂਟੋ) | (ਕੈਲਗਰੀ) | (ਵੈਨਕੂਵਰ) | ਵਿਨੀਪੈੱਗ | (ਪੰਜਾਬ) |
| 416-817-7142 | 416 902 9372 | 403-455-4220 | 604 760 4794 | 204-881-4955 | +91-92167-29598 |

NEW SERVICE BY CARE INC

Calgary 403-605-6300

ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ
ਐਤਵਾਰ ਬੰਦ

CARE AUDIOLOGY

## ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ।ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ।ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ।19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

**ਅੱਖਾਂ ਦੀ ਨਿਗਾ ਚੈਕ ਕਰਾਉਣ ਅਤੇ ਹਰ ਕਿਸਮ ਦੀਆਂ ਬਰੈਂਡਡ ਐਨਕਾਂ ਲੈਣ ਲਈ ਮਿਲੋ**

**‘ਕੇਅਰ ਇੰਕ’**
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
**Payment Plans Available**



www.careinc.ca
1st : 124-4774 Westwinds Dirive
2nd : 210-4250-109 Ave, Jackson Port
NE Calgary Alberts, Canada
Phone : 403-605-6300 Fax : 403-536-4057 Email : calgary@careinc.ca



urban Real Estate Services Ltd.

Hardeep Dhaliwal
REALTOR

DIRECT : 403-629-6257
403-827-6257

## Call Romi Sidhu For Insurance & Financial Needs




StateFarm IS NOW Desjardins Insurance

Monday - Friday 9am to 5:30pm
Weekends: All Other Times
Only Appointments



4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com

| | | |
|---|---|---|
| * HOME | * DISABILTY | * VEHICLE FINANCE |
| * AUTO | * RRSV | * CRITICAL ILLNESS |
| * LIFE | * RESP | * MUTUAL FUNDS |

Romi Sidhu, Agent
P02720CN

# Harpreet Parmar CPA, CGA

## Chartered Professional Accountant

• Accounting • Tax • Business Advisory

We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business
Extensive experience with Revenue Canada audits, reviews etc.

New Location

• Accounting • Financial • Statements • Personal Tax • Corporate Tax • Incorporation • Payroll • Business Advisory • New Business Startups • Book-Keeping • Management • Consulting Services

ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।

In Business Since 1997



Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)
Ph: (403) 271-5100, Fax: (403) 271-5171
Email: hparmar@hppcorp.ca
Website: www.hppcorp.ca



Harpinder Sidhu INSURANCE EXPERT

Punjab Insurance Inc

# SUPER VISA INSURANCE

* LIFE INSURANCE * RESPs

# 5106-4310 104 Ave,
NE Calgary AB T3N 1W5



CALL FOR BEST RATES
HARPINDER SIDHU
LOVEPREET SIDHU
403 404 3500

**SAROKARAN DI AWAZ**

**Publisher**
Pro-People Arts Project
Media Group 29
Mapleview Ave, Brampton
Ontario, CA, L6R 1M2

**Managing Director**
Devinder Toor, Toronto
416-902-9372
ppapmg@gmail.com

**Chief Editor**
Harbans Singh
416-817-7142
ppapmg@gmail.com

**Editor**
Master Bhajan Singh
Calgary (Alberta)
403-455-4220
btarksheel@gmail.com

**Editor**
Dr. Hardeep Singh Atwal
Cambridge (Ontario)
416-209-6363
deephsingh@gmail.com

**Chief advisor**
Buta Singh Nawan Shahr
(Punjab)
946-347-4342
atoozed@gmail.com
Dr. Kuldeep Singh (Punjab)
+91 98151 15429
kuldip_1961@yahoo.com
Navkiran Singh Patti
+91 98885 44001
n4navkiran@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com


**Honorary Advisory Board**
Sukhdev Singh Sandhu
(Toronto)
Master Balbir Singh Gill
(Toronto)
Jaspreet Dhaliwal
(Toronto)
Harcharan Singh Parhar
Calgary
Narbhinder Singh (India)
(Punjab)
935-443-0211

**Graphic Desinger**
Baljinder Singh Waraich
+91-92167-29598
akashdeep.1064@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

TOP CHOICE
INSURANCE AGENCY INC
RAVINDERJIT BASRA
INSURANCE BROKER
416-845-6232
info@topchoiceinsurance.ca
topchoiceinsurance.ca






ALPHAONE
PHYSIOTHERAPY
CHIRO & MASSAGE
ਐਕਸੀਡੈਂਟ 'ਚ ਲੱਗੀਆਂ ਸੱਟਾਂ ਜਾਂ ਕਿਸੇ ਵੀ ਤਰ੍ਹਾਂ ਦੀਆਂ ਜੋੜਾਂ ਦੀਆਂ ਦਰਦਾਂ ਦਾ ਪੱਕਾ ਇਲਾਜ ਕਰਾਉਣ ਲਈ ਮਿਲੋ
ਦਰਦ ਦਾ ਪੱਕਾ ਦੁਸ਼ਮਣ
to book Call
403-768-3000
ਸਾਹਮਣੇ ਗੋਬਿੰਦ ਸਰਵਰ ਸਕੂਲ
108, 78 Saddlepeace Manor NE, Calgary | info@alphaphysio.ca





The Chaat Bar
& Parontha Place
403-460-0405 | 403-478-8324
2030-6004 Country Hills Blvd, NE
Calgary AB T3N 1A8
info@chaatbar.ca | www.chaatbar.ca
Contact For Catering




For Honest and Best Results
Please Call :
Cell. (403)-680-1895
Fax. (403)-457-1216
Email : taranmand@shaw.ca
MLS MULTIPLE LISTING SERVICE REALTOR
REAL ESTATE BOARD
Taranjit "T. J." Mand
Real Estate Associate
Max Value Reality Ltd.







SAVANNA
Market Dental
Dr. Amerjot Kler | Dr. Kam Sahota | Dr. Aman Cheema
202/204 9036 St NE
Calgary, Alberta T3J 2E3
403-590-4888
www.savannamarketdental.com




Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in
IMMIGRATION
Applications for Family Class and APPEALS,
Skilled Workers, Investors, Refugee Claims
REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling
Franchises, Shareholder
Agreements and Incorporations
FORMATION OF
PUBLIC COMPANIES
Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# ਧਾਰਾ 370 ਦੀ ਮਨਸੂਖੀ, ਚੋਣਾਂ ਅਤੇ ਕਸ਼ਮੀਰੀ ਖ਼ਾਮੋਸ਼ੀ



ਬੂਟਾ ਸਿੰਘ
ਮਹਿਮੂਦਪੁਰ
94634-74342



**ਚੋਣਾਂ ਦੌਰਾਨ ਸੁਰੱਖਿਆ ਦੇ ਬਹਾਨੇ ਫ਼ੌਜੀ ਰਾਜ ਦਾ ਕਰੇੜਾ ਹੋਰ ਜ਼ਿਆਦਾ ਕੱਸਿਆ ਜਾਣਾ ਤੈਅ ਹੈ। ਪਰ ਫਾਸ਼ੀਵਾਦੀ ਹਕੂਮਤ ਭੁੱਲ ਰਹੀ ਹੈ ਕਿ ਮਸਲੇ ਹਮੇਸ਼ਾ ਰਾਜਨੀਤਕ ਪਹੁੰਚ ਨਾਲ ਹੱਲ ਹੁੰਦੇ ਹਨ, ਦੁਨੀਆ ਦੀਆਂ ਵੱਡੀਆਂ ਤੋਂ ਵੱਡੀਆਂ ਮਹਾਂ ਜਾਬਰ ਫ਼ੌਜੀ ਤਾਕਤਾਂ ਨੂੰ ਵੀ ਆਖ਼ਿਰਕਾਰ ਰਾਜਨੀਤਕ ਹੱਲ ਕਰਨ ਲਈ ਮਜਬੂਰ ਹੋਣਾ ਪਿਆ ਹੈ।**

ਆਖ਼ਿਰਕਾਰ ਆਰਐੱਸਐੱਸ-ਭਾਜਪਾ ਸਰਕਾਰ ਨੂੰ ਸੁਪਰੀਮ ਕੋਰਟ ਦੇ ਆਦੇਸ਼ 'ਤੇ ਜੰਮੂ-ਕਸ਼ਮੀਰ ਵਿਚ 18 ਸਤੰਬਰ ਤੋਂ 1 ਅਕਤੂਬਰ ਤੱਕ ਤਿੰਨ ਪੜਾਵਾਂ 'ਚ ਵਿਧਾਨ-ਸਭਾ ਚੋਣਾਂ ਕਰਾਉਣ ਦਾ ਐਲਾਨ ਕਰਨਾ ਪਿਆ ਹੈ। ਸੁਪਰੀਮ ਕੋਰਟ ਨੇ ਕਿਹਾ ਸੀ ਕਿ 30 ਸਤੰਬਰ 2024 ਤੱਕ ਵਿਧਾਨ-ਸਭਾ ਚੋਣਾਂ ਕਰਾਈਆਂ ਜਾਣ। ਸੰਘ ਬਰਗੇਡ ਨੇ ਇਸ ਵਾਰ ਵੀ ਚੋਣ ਮੁਹਿੰਮ ਦੀ ਕਮਾਨ ਆਰਐੱਸਐੱਸ ਦੇ 'ਪੋਸਟਰ ਬੁਆਏ' ਰਾਮ ਮਾਧਵ ਨੂੰ ਸੰਭਾਲੀ ਹੈ। 2008 'ਚ ਜਿੱਤੀਆਂ 11 ਸੀਟਾਂ ਦੇ ਮੁਕਾਬਲੇ 2014 ਦੀਆਂ ਚੋਣਾਂ 'ਚ ਭਾਜਪਾ ਦੀ ਝੋਲੀ ਵਿਚ 25 ਸੀਟਾਂ ਪਾਉਣ ਅਤੇ ਪੀਪਲਜ਼ ਡੈਮੋਕਰੇਟਿਕ ਪਾਰਟੀ ਨਾਲ ਗੱਠਜੋੜ ਸਰਕਾਰ ਬਣਾਉਣ/ਚਲਾਉਣ ਦਾ ਸਿਹਰਾ ਉਸੇ ਨੂੰ ਦਿੱਤਾ ਜਾਂਦਾ ਹੈ।

ਚੋਣਾਂ ਦਾ ਐਲਾਨ ਹੁੰਦੇ ਸਾਰ ਵਿਰੋਧੀ-ਧਿਰ ਵੀ ਸਰਗਰਮ ਹੋ ਗਈ ਹੈ। ਕਾਂਗਰਸ ਦੇ ਪ੍ਰਧਾਨ ਮਲਿਕਅਰਜੁਨ ਖੜਗੇ ਅਤੇ ਰਾਹੁਲ ਗਾਂਧੀ ਨੇ ਨੈਸ਼ਨਲ ਕਾਨਫਰੰਸ ਦੇ ਸੁਪਰੀਮੋ ਫਾਰੂਕ ਅਬਦੁੱਲਾ ਨੂੰ ਮਿਲਕੇ, ਗੱਠਜੋੜ ਬਣਾਕੇ ਚੋਣਾਂ ਲੜਨ ਦਾ ਐਲਾਨ ਕੀਤਾ ਹੈ। ਜੰਮੂ-ਕਸ਼ਮੀਰ ਦਾ ਰਾਜ ਦਾ ਦਰਜਾ ਬਹਾਲ ਕਰਨ ਅਤੇ 'ਹਮੇਸ਼ਾ ਕਸ਼ਮੀਰੀਆਂ ਨਾਲ ਡੱਟਕੇ ਖੜ੍ਹਨ' ਦੀ ਬਿਆਨਬਾਜ਼ੀ ਕਰਕੇ ਵਿਰੋਧੀ-ਧਿਰ ਭਾਜਪਾ ਵਿਰੁੱਧ ਕਸ਼ਮੀਰੀ ਰੋਹ ਨੂੰ ਵੋਟਾਂ 'ਚ ਢਾਲਣ ਦੀ ਕੋਸ਼ਿਸ਼ 'ਚ ਹੈ। ਜਦਕਿ ਕਸ਼ਮੀਰੀਆਂ ਸਮੇਤ ਕੁਲ ਦੁਨੀਆ ਜਾਣਦੀ ਹੈ ਕਿ ਇਸ ਸਾਰੇ ਸਮੇਂ 'ਚ ਇਨ੍ਹਾਂ ਸਾਰਿਆਂ ਦੀ ਭੂਮਿਕਾ ਮੂਕ ਦਰਸ਼ਕ ਦੀ ਰਹੀ ਹੈ।

ਜੰਮੂ-ਕਸ਼ਮੀਰ ਉੱਪਰ ਅਗਲੀ 'ਚੁਣੀ ਹੋਈ' ਸਰਕਾਰ ਥੋਪਣ ਲਈ ਰਾਜਨੀਤਕ ਦ੍ਰਿਸ਼ ਉੱਪਰ ਕਿਸ ਤਰ੍ਹਾਂ ਦੇ ਸਮੀਕਰਣ ਉੱਭਰਦੇ ਹਨ ਅਤੇ ਨਾਉਮੀਦੀ 'ਚ ਘਿਰੇ ਕਸ਼ਮੀਰੀ ਅਵਾਮ ਚੋਣਾਂ ਨੂੰ ਕਿਵੇਂ ਲੈਂਦੇ ਹਨ, ਇਹ ਆਉਣ ਵਾਲੇ ਦਿਨਾਂ 'ਚ ਸਾਹਮਣੇ ਆ ਜਾਵੇਗਾ। ਪਰ ਇਹ ਤੈਅ ਹੈ ਕਿ ਕਸ਼ਮੀਰੀਆਂ ਦੇ ਸਵੈਨਿਰਣੇ ਦੀ ਜਮਹੂਰੀ ਰੀਝ ਨੂੰ ਕੁਚਲਣ ਦੇ ਨਜ਼ਰੀਏ ਤੋਂ ਚੋਣਾਂ ਦੀ ਭੂਮਿਕਾ ਪਹਿਲਾਂ ਨਾਲੋਂ ਵੀ ਘਿਣਾਉਣੀ ਹੋਵੇਗੀ।

ਭਾਵੇਂ ਕਿ ਸੰਘ ਬਰਗੇਡ ਚੋਣਾਂ ਦੇ ਢਕੌਂਜ ਨੂੰ ਲੋਕਤੰਤਰ ਵਜੋਂ ਵਡਿਆਉਣ ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦਿੰਦਾ, ਪਰ ਜੰਮੂ-ਕਸ਼ਮੀਰ ਵਿਚ ਚੋਣਾਂ ਕਰਾਉਣ ਤੋਂ ਹੀ ਟਾਲਾ ਵੱਟਦਾ ਰਿਹਾ ਹੈ। ਉਨ੍ਹਾਂ ਨੂੰ ਕਸ਼ਮੀਰੀ ਅਵਾਮ ਦੀ ਖ਼ਾਮੋਸ਼ੀ ਪਿੱਛੇ ਖੌਲ਼ ਰਹੇ ਰੋਹ ਦੇ ਲਾਵੇ ਦਾ ਡਰ ਸਤਾ ਰਿਹਾ ਹੈ। ਕੁਝ ਮਹੀਨੇ ਪਹਿਲਾਂ ਹੋਈਆਂ ਲੋਕਸਭਾ ਵਿਚ ਚੋਣਾਂ ਵਿਚ ਭਾਜਪਾ ਹਾਈਕਮਾਨ ਦਾ ਕਸ਼ਮੀਰ ਘਾਟੀ ਦੀਆਂ ਤਿੰਨੋਂ ਸੀਟਾਂ ਉੱਪਰ ਸਿੱਧੇ ਉਮੀਦਵਾਰ ਖੜ੍ਹੇ ਕਰਨ ਦਾ ਹੌਸਲਾ ਨਹੀਂ ਸੀ ਪਿਆ ਅਤੇ ਮੁਕਾਮੀ ਦਲਾਲਾਂ ਨੂੰ 'ਪ੍ਰਾਕਸੀ' ਉਮੀਦਵਾਰ ਬਣਾ ਕੇ ਉਨ੍ਹਾਂ ਦੀ ਹਮਾਇਤ ਕੀਤੀ ਗਈ ਸੀ। ਲੋਕਸਭਾ ਚੋਣਾਂ ਵਿਚ ਕਸ਼ਮੀਰੀਆਂ ਨੇ ਉਮਰ ਅਬਦੁੱਲਾ ਅਤੇ ਮਹਿਬੂਬਾ ਮੁਫ਼ਤੀ ਵਰਗੇ ਸਾਬਕਾ ਮੁੱਖ ਮੰਤਰੀਆਂ ਨੂੰ ਵੀ ਕਰਾਰਾ ਸਬਕ ਸਿਖਾਇਆ ਸੀ ਜੋ ਹਮੇਸ਼ਾ ਕਸ਼ਮੀਰੀਆਂ ਨਾਲ ਗ਼ੱਦਾਰੀ ਕਰਕੇ ਸੱਤਾ 'ਚ ਭਾਈਵਾਲ ਬਣਦੇ ਰਹੇ ਹਨ।

ਇਸ ਸਥਿਤੀ ਨਾਲ ਨਜਿੱਠਣ ਲਈ ਜੰਮੂ-ਕਸ਼ਮੀਰ ਨੂੰ ਤੋੜਨ ਤੋਂ ਪੰਜ ਸਾਲ ਬਾਅਦ ਜੋ ਚੋਣਾਂ ਕਰਵਾਈਆਂ ਜਾ ਰਹੀਆਂ ਹਨ, ਇਸ ਤੋਂ ਪਹਿਲਾਂ ਮੋਦੀ-ਸ਼ਾਹ ਵਜ਼ਾਰਤ ਵੱਲੋਂ ਚੋਣ ਹਲਕਿਆਂ 'ਚ ਰੱਦੋਬਦਲ ਕੀਤੀ ਗਈ। ਜੰਮੂ ਡਿਵੀਜਨ ਲਈ 6 ਸੀਟਾਂ ਵਧਾ ਕੇ 43 ਅਤੇ ਅਤੇ ਕਸ਼ਮੀਰ ਡਿਵੀਜਨ ਲਈ 1 ਸੀਟ ਵਧਾਕੇ 47 ਵਿਧਾਨ-ਸਭਾ ਹਲਕੇ ਬਣਾ ਦਿੱਤੇ ਗਏ। 24 ਸੀਟਾਂ 'ਪਾਕਿਸਤਾਨ ਦੇ ਕਬਜ਼ੇ ਹੇਠਲੇ ਕਸ਼ਮੀਰ' ਲਈ ਰੱਖੀਆਂ ਗਈਆਂ ਹਨ। (ਧਾਰਾ 370 ਨੂੰ ਖ਼ਤਮ ਕੀਤੇ ਜਾਣ ਤੱਕ ਸਿਰਫ਼ ਜੰਮੂ-ਕਸ਼ਮੀਰ ਦੇ ਡੋਮੀਸਾਈਲ ਯਾਨੀ ਪੱਕੇ ਬਾਸ਼ਿੰਦਿਆਂ ਨੂੰ ਹੀ ਵਿਧਾਨ-ਸਭਾ ਚੋਣਾਂ 'ਚ ਵੋਟ ਪਾਉਣ ਦਾ ਅਧਿਕਾਰ ਸੀ। ਹੁਣ ਵੋਟਰ ਸੂਚੀ ਵਿਚ ਵਿਸ਼ੇਸ਼ ਸੋਧ ਕੀਤੀ ਜਾ ਰਹੀ ਹੈ ਜਿਸ ਤਹਿਤ ਕਸ਼ਮੀਰ ਦੇ ਉਸ ਹਿੱਸੇ ਦੇ ਵੋਟਰਾਂ ਨੂੰ ਅਰਜ਼ੀ ਦੇਣ 'ਤੇ ਵੋਟ ਦਾ ਅਧਿਕਾਰ ਦਿੱਤਾ ਜਾ ਰਿਹਾ ਹੈ।) 2011 ਦੀ ਮਰਦਮਸ਼ੁਮਾਰੀ ਅਨੁਸਾਰ ਜੰਮੂ ਡਿਵੀਜਨ ਦੀ ਆਬਾਦੀ ਜੰਮੂ-ਕਸ਼ਮੀਰ ਦੀ ਕੁਲ ਆਬਾਦੀ ਦਾ 44% ਹੋਣ ਦੇ ਬਾਵਜੂਦ ਉਸ ਨੂੰ ਵਿਧਾਨ-ਸਭਾ ਹਲਕਿਆਂ ਦਾ 48% ਹਿੱਸਾ ਦਿੱਤਾ ਗਿਆ ਹੈ। ਕਸ਼ਮੀਰ ਡਿਵੀਜਨ ਦੀ ਆਬਾਦੀ ਕੁਲ ਆਬਾਦੀ ਦਾ 55% ਹੈ ਪਰ ਉਸ ਨੂੰ ਵੀ 48% ਹਿੱਸਾ ਹੀ ਮਿਲਿਆ ਹੈ। (ਕਸ਼ਮੀਰ ਡਿਵੀਜਨ ਦੀ ਆਬਾਦੀ 68 ਲੱਖ ਅਤੇ ਜੰਮੂ ਡਿਵੀਜਨ ਦੀ ਆਬਾਦੀ 53 ਲੱਖ ਹੈ)। ਪਹਿਲੀ ਵਿਵਸਥਾ ਅਨੁਸਾਰ ਕਸ਼ਮੀਰ ਡਿਵੀਜਨ ਕੋਲ 55.4% ਅਤੇ ਜੰਮੂ ਡਿਵੀਜਨ ਕੋਲ 44.5% ਹਲਕੇ ਸਨ। ਇਹ ਵੰਡ ਸਪਸ਼ਟ ਤੌਰ 'ਤੇ 97 % ਮੁਸਲਮਾਨ ਆਬਾਦੀ ਵਾਲੀ ਕਸ਼ਮੀਰ ਡਿਵੀਜਨ ਦੇ ਮੁਕਾਬਲੇ ਜੰਮੂ ਡਿਵੀਜਨ ਦੀਆਂ ਸੀਟਾਂ ਵਧਾਉਣ ਲਈ ਹੈ ਜਿੱਥੇ ਹਿੰਦੂ ਭਾਈਚਾਰਾ ਬਹੁਗਿਣਤੀ 'ਚ ਹੋਣ ਕਾਰਨ ਭਾਜਪਾ ਦਾ ਵੋਟ ਆਧਾਰ ਹੈ। ਜਿੱਥੋਂ ਤੱਕ ਕੇਂਦਰ ਸ਼ਾਸਤ ਖੇਤਰ ਬਣਾਏ ਲਦਾਖ ਦਾ ਸਵਾਲ ਹੈ, ਉੱਥੇ ਵਿਧਾਨ-ਸਭਾ ਨਹੀਂ ਹੋਵੇਗੀ।

ਬੇਸ਼ੱਕ, ਸੰਘ ਬਰਗੇਡ ਦੀ ਸਰਕਾਰ ਝੂਠੇ ਦਾਅਵੇ ਕਰਦੀ ਹੈ ਕਿ ਜੰਮੂ-ਕਸ਼ਮੀਰ ਵਿਚ ਹਾਲਾਤ ਆਮ ਹਨ, ਪਰ ਵਾਪਰ ਰਹੀਆਂ ਘਟਨਾਵਾਂ ਤੋਂ ਦਿੱਲੀ ਦਰਬਾਰ ਦੀ ਬੁਖਲਾਹਟ ਸਪਸ਼ਟ ਦੇਖੀ ਜਾ ਸਕਦੀ ਹੈ। ਪੁਰਅਮਨ ਮੰਨੇ ਜਾਂਦੇ ਦੱਖਣੀ ਜੰਮੂ ਖੇਤਰ ਵਿਚ ਵਧ ਰਹੀਆਂ ਕਥਿਤ ਦਹਿਸ਼ਤਵਾਦੀ ਘਟਨਾਵਾਂ ਨੇ ਸੰਘ ਬਰਗੇਡ ਦੀ ਕਸ਼ਮੀਰ ਨੀਤੀ ਦੀ ਪੋਲ ਖੋਲ੍ਹ ਦਿੱਤੀ ਹੈ। ਫ਼ੌਜੀ ਮੁਹਿੰਮ ਦੇ ਦਬਾਅ ਹੇਠ ਕਸ਼ਮੀਰ ਘਾਟੀ ਵਿਚ ਖਾੜਕੂ ਹਮਲਿਆਂ ਵਿਚ ਚਾਹੇ ਆਰਜ਼ੀ ਤੌਰ 'ਤੇ ਕਮੀ ਆਈ ਹੋ ਸਕਦੀ ਹੈ, ਪਰ ਜੰਮੂ, ਜਿਸ ਨੂੰ ਸੰਨ 2000 ਦੇ ਦਹਾਕੇ ਦੇ ਸ਼ੁਰੂਆਤੀ ਸਾਲਾਂ 'ਚ ਹੀ 'ਖਾੜਕੂਵਾਦ ਤੋਂ ਮੁਕਤ' ਐਲਾਨ ਦਿੱਤਾ ਗਿਆ ਸੀ, ਦੇ ਪੀਰ ਪੰਜਾਲ ਖੇਤਰ ਅੰਦਰ ਉੱਪਰੋਥਲੀ ਹਮਲਿਆਂ ਨੇ ਸਰਕਾਰੀ ਦਾਅਵਿਆਂ ਦੀ ਫੂਕ ਕੱਢ ਦਿੱਤੀ ਹੈ। ਪਿਛਲੇ 32 ਮਹੀਨਿਆਂ 'ਚ ਜੰਮੂ-ਕਸ਼ਮੀਰ ਵਿਚ 48 ਫ਼ੌਜੀ/ਨੀਮਫ਼ੌਜੀ ਮਾਰੇ ਗਏ। ਇਨ੍ਹਾਂ ਵਿੱਚੋਂ 40% ਜਾਨੀ ਨੁਕਸਾਨ ਜੰਮੂ ਖੇਤਰ ਵਿਚ ਹੋਇਆ ਹੈ। ਆਮ ਨਾਗਰਿਕਾਂ ਦੇ ਕਤਲਾਂ ਦੀਆਂ ਹੌਲਨਾਕ ਘਟਨਾਵਾਂ 'ਚ ਵੀ ਵਾਧਾ ਹੋਇਆ ਹੈ, ਲਿਹਾਜ਼ਾ ਕਥਿਤ ਦਹਿਸ਼ਤੀ ਹਮਲਿਆਂ ਹੱਥੋਂ ਨਾਗਰਿਕਾਂ ਦੀ ਜ਼ਿੰਦਗੀ ਦੀ ਅਸੁਰੱਖਿਆ ਅਤੇ ਹਕੂਮਤੀ ਦਹਿਸ਼ਤ ਪੱਖੋਂ ਹਾਲਾਤ ਹੋਰ ਵੀ ਬਦਤਰ ਹੋਏ ਹਨ।

ਸਰਕਾਰੀ ਰਿਪੋਰਟਾਂ ਦਾਅਵਾ ਕਰਦੀਆਂ ਹਨ ਕਿ ਇਹ ਹਮਲਾਵਰ ਸਰਹੱਦ ਪਾਰੋਂ ਪਾਕਿਸਤਾਨ ਵੱਲੋਂ ਭੇਜੇ ਜਾ ਰਹੇ ਬੇਹੱਦ ਸਿਖਲਾਈਯਾਫ਼ਤਾ ਦਹਿਸ਼ਤਗਰਦ "ਅਫ਼ਗਾਨ ਯੁੱਧ ਦੇ ਤਜਰਬੇਕਾਰ" ਹਨ ਜਿਨ੍ਹਾਂ ਨਾਲ ਨਜਿੱਠਣ ਲਈ ਸੁਰੱਖਿਆ ਗਰਿੱਡ ਨੂੰ ਹੋਰ ਮਜ਼ਬੂਤ ਕਰਨਾ ਜ਼ਰੂਰੀ ਹੈ। ਪੀਰ ਪੰਜਾਲ ਖੇਤਰ ਵਿਚ ਇਨ੍ਹਾਂ ਦੀ ਗਿਣਤੀ 80 ਦੇ ਕਰੀਬ ਦੱਸੀ ਜਾ ਰਹੀ ਹੈ।

ਉਪਰੋਕਤ ਘਟਨਾਵਾਂ ਦੇ ਮੱਦੇਨਜ਼ਰ, 18 ਜੁਲਾਈ ਨੂੰ ਕੇਂਦਰ ਸਰਕਾਰ ਨੇ ਮਿਸਟਰ ਮੋਦੀ ਦੀ ਪ੍ਰਧਾਨਗੀ ਹੇਠ ਕੈਬਨਿਟ ਕਮੇਟੀ ਆਨ ਸਕਿਉਰਿਟੀ ਦੀ ਵਿਸ਼ੇਸ਼ ਮੀਟਿੰਗ ਕੀਤੀ ਸੀ ਜਿਸ ਵਿਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਰੱਖਿਆ ਮੰਤਰੀ ਰਾਜਨਾਥ ਸਿੰਘ ਵੀ ਸ਼ਾਮਲ ਸਨ। ਇਸ ਤੋਂ ਪਹਿਲਾਂ 13 ਜੂਨ ਨੂੰ ਸੁਰੱਖਿਆ ਜਾਇਜ਼ਾ ਮੀਟਿੰਗ ਵਿਚ ਵੀ ਮੋਦੀ ਨੇ "ਦਹਿਸ਼ਤਵਾਦ ਵਿਰੋਧੀ ਸਮਰੱਥਾਵਾਂ ਨੂੰ ਭਰਵੇਂ ਰੂਪ 'ਚ" ਵਰਤੋਂ 'ਚ ਲਿਆਉਣ ਦਾ ਨਿਰਦੇਸ਼ ਦਿੱਤਾ ਸੀ। ਇਹ ਬਦਤਰ ਹੋ ਰਹੀ ਹਾਲਤ ਤੋਂ ਬੁਖਲਾਈ ਭਗਵਾ ਹਕੂਮਤ ਦੇ ਬਦਲਾਲਊ ਪ੍ਰਤੀਕਰਮ ਤੋਂ ਸਿਵਾਏ ਕੁਝ ਨਹੀਂ ਹੈ ਕਿਉਂਕਿ ਇਹ ਸਿਰਫ਼ ਤੇ ਸਿਰਫ਼ ਕਸ਼ਮੀਰੀ ਅਵਾਮ ਦੀ ਬੇਚੈਨੀ ਨੂੰ ਫ਼ੌਜੀ ਤਾਕਤ ਨਾਲ ਦਬਾਉਣ ਦਾ ਫ਼ੌਜੀ ਅਮਲ ਹੈ, ਜਿਸ ਵਿੱਚੋਂ ਮਸਲੇ ਦਾ ਰਾਜਸੀ ਹੱਲ ਉੱਕਾ ਹੀ ਨਦਾਰਦ ਹੈ। ਸਵਾਲ ਇਹ ਹੈ ਕਿ ਕਸ਼ਮੀਰੀ "ਦਿਲਾਂ ਅਤੇ ਦਿੱਲੀ ਦਰਮਿਆਨ ਖਾਈ ਨੂੰ ਦੂਰ ਕਰਨ ਦੀਆਂ" ਉਹ ਕਥਿਤ ਕੋਸ਼ਿਸ਼ਾਂ ਕਿੱਥੇ ਹਨ ਜਿਨ੍ਹਾਂ ਦੀ ਬੜ੍ਹਕ ਮੋਦੀ ਨੇ ਲੰਘੀ 20 ਜੂਨ ਨੂੰ ਸ੍ਰੀਨਗਰ ਦੇ ਸਟੇਡੀਅਮ ਵਿਚ ਸਖ਼ਤ ਸੁਰੱਖਿਆ ਘੇਰੇ ਅੰਦਰ ਭਾਸ਼ਣ ਦਿੰਦਿਆਂ ਮਾਰੀ ਸੀ। '56 ਇੰਚ ਸੀਨਾ' ਅਤੇ ਉਸਦਾ ਨਿੱਜੀ ਸੁਰੱਖਿਆ ਘੇਰਾ ਖ਼ੁਦ ਐਨਾ ਅਸੁਰੱਖਿਅਤ ਮਹਿਸੂਸ ਕਰ ਰਹੇ ਸਨ ਕਿ ਜੁੱਤੀ ਕਾਂਡ ਦੇ ਡਰੋਂ ਅਗਲੇ ਦਿਨ 'ਅੰਤਰਰਾਸ਼ਟਰੀ ਯੋਗ ਦਿਵਸ' ਮਨਾਉਣ ਸਮੇਂ ਯੋਗ ਕਰਨ ਵਾਲਿਆਂ ਦੀਆਂ ਜੁੱਤੀਆਂ ਵੀ ਬਾਹਰ ਹੀ ਲਹਾ ਦਿੱਤੀਆਂ ਗਈਆਂ ਸਨ।

ਇਹ ਹੋ ਹੀ ਸਕਦਾ ਹੈ ਕਿ ਪਾਕਿਸਤਾਨ ਸਰਕਾਰ ਵੱਲੋਂ ਭੇਜੇ ਕੁਝ ਘੁਸਪੈਠੀਏ ਜੰਮੂ-ਕਸ਼ਮੀਰ ਵਿਚ ਸਰਗਰਮ ਹੋਣ, ਪਰ ਇਸ ਨਾਲ ਇਹ ਹਕੀਕਤ ਬਦਲ ਨਹੀਂ ਜਾਂਦੀ ਕਿ ਭਾਰਤੀ ਰਾਜ, ਖ਼ਾਸ ਕਰਕੇ ਭਗਵਾ ਹਕੂਮਤ ਵੱਲੋਂ ਜੰਮੂ-ਕਸ਼ਮੀਰ ਦੀ ਨਿਆਰੀ ਹਸਤੀ ਖ਼ਤਮ ਕੀਤੇ ਜਾਣ ਵਿਰੁੱਧ ਕਸ਼ਮੀਰੀ ਅਵਾਮ 'ਚ ਵਿਆਪਕ ਬੇਚੈਨੀ ਅਤੇ ਰੋਹ ਹੈ ਜਿਸ ਉੱਪਰ ਪਰਦਾ ਪਾਉਣ ਲਈ ਬਦੇਸ਼ੀ ਘੁਸਪੈਠ ਨੂੰ ਵਾਹਦ ਮਸਲਾ ਬਣਾ ਕੇ ਪ੍ਰਚਾਰਿਆ ਜਾ ਰਿਹਾ ਹੈ। ਨਾਲ ਹੀ ਇਹ ਕਸ਼ਮੀਰ ਨੂੰ ਫ਼ੌਜੀ ਤਾਕਤ ਨਾਲ ਕੰਟਰੋਲ ਕਰਨ ਲਈ ਹੋਰ ਫ਼ੌਜੀ-ਨੀਮਫ਼ੌਜੀ ਤਾਇਨਾਤੀ ਨੂੰ ਜਾਇਜ਼ ਠਹਿਰਾਉਣ ਦਾ ਬਹਾਨਾ ਹੈ। ਪਾਕਿਸਤਾਨੀ ਘੁਸਪੈਠੀਆਂ ਦੇ ਬਿਰਤਾਂਤ ਦਾ ਪਰਦਾ ਪਾ ਕੇ ਭਗਵਾ ਹਕੂਮਤ ਇਸ ਹਕੀਕਤ ਨੂੰ ਲੁਕੋ ਨਹੀਂ ਸਕਦੀ ਕਿ ਬੇਕਿਰਕ ਫ਼ੌਜੀ ਰਾਜ ਹੇਠ ਕੁਚਲੇ ਜਾ ਰਹੇ ਕਸ਼ਮੀਰੀਆਂ ਦੀ ਆਪਣੇ ਸਵੈਨਿਰਣੇ ਦੇ ਹੱਕ ਲਈ ਤਾਂਘ ਮਰੀ ਨਹੀਂ ਹੈ ਅਤੇ ਇਸ ਦਾ ਇਜ਼ਹਾਰ ਉਹ ਸਮੇਂ ਅਤੇ ਹਾਲਾਤਾਂ ਅਨੁਸਾਰ ਕਦੇ ਹਥਿਆਰਬੰਦ ਗਰੁੱਪਾਂ ਦੀ ਸਿੱਧੀ-ਅਸਿੱਧੀ ਮੱਦਦ ਦੇ ਰੂਪ 'ਚ ਅਤੇ ਕਦੇ ਸੜਕਾਂ ਉੱਪਰ ਆ ਕੇ ਮੌਤ ਤੋਂ ਬੇਪ੍ਰਵਾਹ ਮੁਜ਼ਾਹਰਿਆਂ ਦੇ ਰੂਪ 'ਚ ਕਰਦੇ ਰਹਿਣਗੇ। ਖਾੜਕੂ ਲਹਿਰ ਨੇ ਹਾਲਾਤ ਅਨੁਸਾਰ ਰੂਪ ਬਦਲ ਲਿਆ ਹੈ। ਸੋਸ਼ਲ ਮੀਡੀਆ ਉੱਪਰ ਨਜ਼ਰ ਆਉਣ ਵਾਲੀ ਬੁਰਹਾਨ ਵਾਨੀ ਵਾਲੀ ਨੌਜਵਾਨ ਪੀੜ੍ਹੀ ਦੀ ਥਾਂ ਹੁਣ ਅਚਾਨਕ ਹਮਲੇ ਕਰਕੇ ਅਲੋਪ ਹੋ ਜਾਣ ਵਾਲੇ ਨੌਜਵਾਨ ਕਸ਼ਮੀਰੀਆਂ ਨੇ ਲੈ ਲਈ ਹੈ। ਇਸ ਨਾਲ ਨਜਿੱਠਣਾ ਸੌਖਾ ਨਹੀਂ ਹੈ।

ਰਿਪੋਰਟਾਂ ਅਨੁਸਾਰ ਇਸ ਖੇਤਰ ਵਿਚ ਪੰਜ ਲੱਖ ਤੋਂ ਉੱਪਰ ਫ਼ੌਜ-ਨੀਮਫ਼ੌਜ ਤਾਇਨਾਤ ਹੈ। ਸਰਕਾਰ ਚਾਹੇ ਕੋਈ ਵੀ ਹੋਵੇ, ਪਿਛਲੇ ਸਾਢੇ ਸੱਤ ਦਹਾਕਿਆਂ 'ਚ ਕਸ਼ਮੀਰ ਵਿਚ ਭਾਰਤੀ ਫ਼ੌਜੀ ਲਸ਼ਕਰਾਂ ਦੀ ਤਾਇਨਾਤੀ ਵਧਦੀ ਹੀ ਗਈ ਹੈ। ਅਗਸਤ 2019 'ਚ ਧਾਰਾ 370 ਨੂੰ ਜੰਮੂ-ਕਸ਼ਮੀਰ ਵਿਧਾਨ-ਸਭਾ ਦੀ ਸਹਿਮਤੀ ਲਏ ਬਗ਼ੈਰ ਹੀ ਇਕਤਰਫ਼ਾ ਤੌਰ 'ਤੇ ਰੱਦ ਕਰਨ ਸਮੇਂ ਵੀ ਦਹਿ-ਹਜ਼ਾਰਾਂ ਦੀ ਤਾਦਾਦ 'ਚ ਹੋਰ ਵਾਧੂ ਫ਼ੌਜੀ ਨਫ਼ਰੀ ਭੇਜ ਕੇ ਅਤੇ ਸੰਚਾਰ-ਸੇਵਾਵਾਂ ਮੁਕੰਮਲ ਰੂਪ 'ਚ ਠੱਪ ਕਰਕੇ ਸਮੁੱਚੀ ਕਸ਼ਮੀਰ ਘਾਟੀ ਨੂੰ ਖੁੱਲ੍ਹੀ ਜੇਲ੍ਹ ਵਿਚ ਬਦਲ ਦਿੱਤਾ ਗਿਆ ਸੀ ਤਾਂ ਜੋ ਕਸ਼ਮੀਰੀਆਂ ਦੀ ਵਿਰੋਧ ਦੀ ਆਵਾਜ਼ ਬਾਹਰ ਨਾ ਨਿਕਲ ਸਕੇ। ਜਿਸ ਖੇਤਰ ਵਿਚ 552 ਦਿਨ ਇੰਟਰਨੈੱਟ ਬੰਦ ਰੱਖਿਆ ਗਿਆ ਹੋਵੇ (4 ਅਗਸਤ 2019 ਤੋਂ 6 ਫਰਵਰੀ 2021 ਤੱਕ), ਉੱਥੋਂ ਦੀ ਵਸੋਂ ਨੂੰ ਆਮ ਜਾਣਕਾਰੀ ਤੇ ਨਿੱਜੀ ਸੁੱਖਸਾਂਦ ਦੇ ਜ਼ਰੀਏ ਤੋਂ ਵਾਂਝੇ ਰੱਖਣ ਦੇ ਮਨੋਵਿਗਿਆਨਕ ਅਸਰਾਂ ਅਤੇ ਅੱਜ ਦੇ ਜ਼ਮਾਨੇ 'ਚ ਇੰਟਰਨੈੱਟ 'ਤੇ ਨਿਰਭਰ ਕਾਰੋਬਾਰਾਂ ਦੇ ਬੇਥਾਹ ਆਰਥਕ ਨੁਕਸਾਨ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਇਸੇ ਕੰਟਰੋਲ ਦਾ ਸ਼ਿਕੰਜਾ ਹੋਰ ਕੱਸਣ ਲਈ ਹੁਣ 5 ਜੁਲਾਈ ਨੂੰ ਕਠੂਆ ਜ਼ਿਲ੍ਹੇ ਵਿਚ ਫ਼ੌਜੀ ਕਾਫ਼ਲੇ ਉੱਪਰ ਜੋੜੇ ਹਮਲੇ ਤੋਂ ਬਾਅਦ ਮੋਦੀ ਦਰਬਾਰ ਵੱਲੋਂ 'ਏਅਰਟਾਈਟ ਸਕਿਉਰਿਟੀ ਗਰਿੱਡ' ਦੀ ਨੀਤੀ ਲਈ ਗਈ ਹੈ, ਜਿਸ ਤਹਿਤ ਹੋਰ ਫ਼ੌਜੀ/ਖ਼ੁਫ਼ੀਆ ਉਪਾਵਾਂ ਦੇ ਨਾਲ-ਨਾਲ 200 ਵਿਸ਼ੇਸ਼ ਬਕਤਰਬੰਦ ਵਾਹਨਾਂ ਦੀ ਵਰਤੋਂ ਨੂੰ ਮਨਜ਼ੂਰੀ ਦਿੱਤੀ ਗਈ ਹੈ। ਨਵੇਂ ਸੁਰੱਖਿਆ ਗਰਿੱਡ ਵਿਚ ਅਸਾਮ ਰਾਈਫ਼ਲ ਦੀ ਭੂਮਿਕਾ ਵੀ ਵਧਾਈ ਗਈ ਹੈ। ਬੀਐੱਸਐੱਫ ਦੀਆਂ ਦੋ ਬਟਾਲੀਅਨਾਂ ਹਵਾਈ ਜਹਾਜ਼ਾਂ ਰਾਹੀਂ ਉੜੀਸਾ ਤੋਂ ਮੰਗਵਾ ਕੇ ਜੰਮੂ-ਪੰਜਾਬ ਸਰਹੱਦ ਉੱਪਰ ਸਰਹੱਦੀ ਸੁਰੱਖਿਆ ਵਿਚਲੀਆਂ ਕਥਿਤ ਮੋਰੀਆਂ ਬੰਦ ਕਰਨ ਲਈ ਲਗਾਈਆਂ ਗਈਆਂ ਹਨ।

ਪਰ ਸਵਾਲ ਇਹ ਹੈ ਕਿ ਜੇ ਕਸ਼ਮੀਰ ਮਸਲੇ ਦਾ 'ਲਾਅ ਐਂਡ ਆਰਡਰ ਹੱਲ' ਸਾਢੇ ਸੱਤ ਦਹਾਕਿਆਂ ਵਿਚ ਕੋਈ ਨਤੀਜੇ ਨਹੀਂ ਕੱਢ ਸਕਿਆ ਤਾਂ ਭਗਵਾ ਹਕੂਮਤ ਦੀ ਹੋਰ ਜ਼ਿਆਦਾ ਕਰੂਰਤਾ ਦੇ ਨਤੀਜੇ ਤਾਂ ਹੋਰ ਵੀ ਭਿਆਨਕ ਹੀ ਹੋਣਗੇ, ਚਾਹੇ ਇਹ ਕਸ਼ਮੀਰੀ ਅਵਾਮ ਅਤੇ ਪੁਲਿਸ-ਫ਼ੌਜ ਦੇ ਜਵਾਨਾਂ ਦੀ ਕਤਲੋਗ਼ਾਰਤ ਦੇ ਰੂਪ 'ਚ ਹੋਣ ਜਾਂ ਕਥਿਤ ਸੁਰੱਖਿਆ ਗਰਿੱਡ ਉੱਪਰ ਬਜਟ ਦੇ ਉਜਾੜੇ ਦੇ ਰੂਪ 'ਚ ਹੋਣ। ਪਰ ਸੰਘ ਬਰਗੇਡ ਨੂੰ ਇਸ ਖ਼ੂਨੀ ਟਕਰਾਅ ਵਿਚ ਕਸ਼ਮੀਰੀ ਅਵਾਮ ਅਤੇ ਪੁਲਿਸ-ਫ਼ੌਜ ਦੇ ਜਵਾਨਾਂ ਦੇ ਮਾਰੇ ਜਾਣ ਦੀ ਕੋਈ ਪ੍ਰਵਾਹ ਨਹੀਂ ਹੈ, ਉਨ੍ਹਾਂ ਦੀ ਹਿੰਦੂ ਰਾਸ਼ਟਰਵਾਦੀ ਜ਼ਿਹਨੀਅਤ ਸੰਤੁਸ਼ਟ ਹੈ ਕਿ ਉਨ੍ਹਾਂ ਨੇ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਖ਼ਤਮ ਕਰਕੇ 'ਅਖੰਡ ਭਾਰਤ' ਬਣਾਉਣ ਦਾ ਆਪਣਾ ਚਿਰੋਕਣਾ ਸੁਪਨਾ ਪੂਰਾ ਕਰ ਲਿਆ ਹੈ ਜਿਸ ਦੇ ਲਈ ਸ਼ਿਆਮਾ ਪ੍ਰਸਾਦ ਮੁਖਰਜੀ ਦੀ ਅਗਵਾਈ ਹੇਠ ਭਾਰਤੀ ਜਨ ਸੰਘ ਨੇ 1953 'ਚ ਭਗਵਾ ਜਹਾਦ ਵਿੱਢਿਆ ਸੀ।

ਕਸ਼ਮੀਰੀਆਂ ਦੀ ਸਵੈਨਿਰਣੇ ਦੀ ਜਮਹੂਰੀ ਰੀਝ ਨੂੰ ਵੱਖਵਾਦ ਵਜੋਂ ਭੰਡਣ ਦੇ ਹਕੂਮਤੀ ਬਿਰਤਾਂਤ ਨੇ ਭਾਰਤ ਦੇ ਜ਼ਿਆਦਾਤਰ ਪੜ੍ਹੇਲਿਖੇ ਹਿੱਸਿਆਂ ਦੀ ਸੋਚ ਨੂੰ ਇਸ ਕਦਰ ਰਾਸ਼ਟਰਵਾਦੀ ਪੁੱਠ ਚਾੜ੍ਹ ਦਿੱਤੀ ਹੈ ਕਿ ਉਨ੍ਹਾਂ ਨੇ ਕਸ਼ਮੀਰੀਆਂ ਨਾਲ ਇਸ ਸਰੇਆਮ ਧੱਕੇ ਨੂੰ ਵੀ ਸਹੀ ਮੰਨਿਆ। ਇਹ ਹੈਰਾਨੀ ਦੀ

ਗੱਲ ਨਹੀਂ ਹੈ ਜਦੋਂ ਬਹੁਤ ਸਾਰੇ ਭਾਰਤੀ ਵਿਸ਼ੇਸ਼ ਦਰਜਾ ਖ਼ਤਮ ਕੀਤੇ ਜਾਣ ’ਤੇ ਖ਼ੁਸ਼ੀ ਮਨਾਉਂਦੇ ਦੇਖੇ ਗਏ। ਉਨ੍ਹਾਂ ਨੇ ਉੱਥੇ ਨਵੇਂ ਜ਼ਮੀਨ ਅਤੇ ਡੋਮੀਸਾਈਲ ਕਾਨੂੰਨ ਲਾਗੂ ਕੀਤੇ ਜਾਣ ਨਾਲ ਭਾਰਤੀਆਂ ਨੂੰ ਉੱਥੇ ਜ਼ਮੀਨ ਖ਼ਰੀਦਣ, ਉੱਥੇ ਵਸਣ ਅਤੇ ਸਰਕਾਰੀ ਨੌਕਰੀਆਂ ਲੈਣ ਦੀ ਮਿਲੀ ਖੁੱਲ੍ਹ ਨੂੰ ਆਪਣੇ ਲਈ ਸੁਨਹਿਰੀ ਮੌਕਿਆਂ ਦੇ ਤੌਰ ’ਤੇ ਦੇਖਣਾ ਸ਼ੁਰੂ ਕਰ ਦਿੱਤਾ।

ਸੁਪਰੀਮ ਕੋਰਟ ਨੇ ਇਸ ਧੱਕੜ ਕਾਰੇ ਵਿਰੁੱਧ ਪਟੀਸ਼ਨਾਂ ਦੀ ਤੁਰੰਤ ਸੁਣਵਾਈ ਕਰਨ ਦੀ ਬਜਾਏ ਪੰਜ ਸਾਲ ਸੁਣਵਾਈ ਟਾਲ਼ ਕੇ ਅਤੇ ਆਖ਼ਿਰਕਾਰ ਦਸੰਬਰ 2023 ’ਚ ਭਗਵਾ ਹਕੂਮਤ ਦੇ ਗ਼ੈਰਸੰਵਿਧਾਨਕ ਕਦਮ ਨੂੰ ਸੰਵਿਧਾਨ ਅਨੁਸਾਰ ਉਚਿਤ ਕਰਾਰ ਦੇ ਕੇ ਨੰਗੀ-ਚਿੱਟੀ ਧੱਕੇਸ਼ਾਹੀ ਉੱਪਰ ਕਾਨੂੰਨੀ ਮੋਹਰ ਲਾ ਦਿੱਤੀ। ਇਸ ਨਾਲ ਕਸ਼ਮੀਰੀਆਂ ਦੇ ਇਕ ਹਿੱਸੇ ਨੂੰ ਭਾਰਤ ਦੀ ਸਰਵਉੱਚ ਅਦਾਲਤ ਤੋਂ ਜੋ ਨਿਆਂ ਦੀ ਮਾੜੀ-ਮੋਟੀ ਉਮੀਦ ਸੀ, ਉਹ ਵੀ ਖ਼ਤਮ ਹੋ ਗਈ।

5 ਅਗਸਤ 2019 ਨੂੰ ਜੰਮੂ-ਕਸ਼ਮੀਰ ਰਿਆਸਤ ਦਾ ਵਿਸ਼ੇਸ਼ ਦਰਜਾ ਖ਼ਤਮ ਕਰਦਿਆਂ ਭਾਜਪਾ ਸਰਕਾਰ ਨੇ ਦਾਅਵਾ ਕੀਤਾ ਸੀ ਕਿ ਧਾਰਾ 370 ਅਤੇ ਧਾਰਾ 35ਏ ਦਾ ਖ਼ਾਤਮਾ ਕਰਨ ਨਾਲ ਕਸ਼ਮੀਰੀ ਵੱਖਵਾਦ ਦਾ ਲੱਕ ਟੁੱਟ ਜਾਵੇਗਾ। ਭਗਵਾ ਹਕੂਮਤ ਦਾ ਮੂੰਹ ਚਿੜਾਉਂਦਿਆਂ ਕਥਿਤ ਦਹਿਸ਼ਤਵਾਦ ਤਾਂ ਅਜੇ ਵੀ ਉਸੇ ਤਰ੍ਹਾਂ ਚੁਣੌਤੀ ਬਣਿਆ ਹੋਇਆ ਹੈ! ਦੂਜੇ ਪਾਸੇ, ਇਹ ਅੱਜ ਤੱਕ ਸਪਸ਼ਟ ਨਹੀਂ ਕੀਤਾ ਗਿਆ ਕਿ ਜੰਮੂ-ਕਸ਼ਮੀਰ ਦਾ ਰਾਜ ਦਾ ਦਰਜਾ ਘਟਾ ਕੇ ਇਸ ਨੂੰ ਦੋ ਕੇਂਦਰ-ਪ੍ਰਸ਼ਾਸਿਤ ਪ੍ਰਦੇਸ਼ ਬਣਾਉਣ ਦਾ ਸੰਵਿਧਾਨਕ ਵਿਚਲੇ ਵਿਸ਼ੇਸ਼ ਦਰਜੇ ਨਾਲ ਕੀ ਸੰਬੰਧ ਸੀ? ਕੀ ਇਹ ਸਿਰਫ਼ ਤੇ ਸਿਰਫ਼ ਉਨ੍ਹਾਂ ਨੂੰ ਕਸ਼ਮੀਰੀ ਅਤੇ ਮੁਸਲਮਾਨ ਭਾਰੂ ਰਿਆਸਤ ਹੋਣ ਦੀ ਸਜ਼ਾ ਨਹੀਂ ਸੀ?

ਇਹ ਵੀ ਦਾਅਵਾ ਕੀਤਾ ਗਿਆ ਸੀ ਕਿ ਵਿਸ਼ੇਸ਼ ਦਰਜਾ ਕਸ਼ਮੀਰ ਦੇ ਭਾਰਤ ਦਾ ਅਨਿੱਖੜ ਅੰਗ ਬਣਨ ਵਿਚ ਰੁਕਾਵਟ ਬਣਿਆ ਹੋਇਆ ਸੀ ਅਤੇ ਹੁਣ ਇੱਥੇ ਭਾਰਤੀ ਕਾਨੂੰਨ ਲਾਗੂ ਹੋਣਗੇ ਅਤੇ ਗਵਰਨੈਂਸ ਵਿਚ ਸੁਧਾਰ ਹੋਵੇਗਾ। ਮੋਦੀ ਨੇ ਤਾਂ ਇੱਥੋਂ ਤੱਕ ਕਿਹਾ ਕਿ “ਧਾਰਾ 370 ਅਤੇ 35ਏ ਨੇ ਜੰਮੂ-ਕਸ਼ਮੀਰ ਨੂੰ ਵੱਖਵਾਦ, ਦਹਿਸ਼ਤਵਾਦ, ਭਾਈਭਤੀਜਾਵਾਦ ਅਤੇ ਵੱਡੇ ਪੈਮਾਨੇ ’ਤੇ ਫੈਲੇ ਭ੍ਰਿਸ਼ਟਾਚਾਰ ਤੋਂ ਸਿਵਾਏ ਕੱਖ ਨਹੀਂ ਦਿੱਤਾ” ਅਤੇ ਭਾਜਪਾ ਸਰਕਾਰ ਦੇ ਇਸ ਇਤਿਹਾਸਕ ਫ਼ੈਸਲੇ ਨਾਲ ਕਸ਼ਮੀਰੀਆਂ ਦੀ ਤਰੱਕੀ ਤੇ ਵਿਕਾਸ ਦਾ ਰਾਹ ਖੁੱਲ੍ਹ ਗਿਆ ਹੈ!

ਬੇਸ਼ੱਕ ਕਸ਼ਮੀਰ ਦੇ ਭਵਿੱਖ ਦਾ ਫ਼ੈਸਲਾ ਕਰਨ ਦੇ ਹੱਕ (ਸਵੈਨਿਰਣੇ ਦੇ ਆਲਮੀ ਤੌਰ ’ਤੇ ਪ੍ਰਵਾਨਤ ਹੱਕ) ਦੇ ਨਜ਼ਰੀਏ ਤੋਂ ਆਰਥਕ ਤਰੱਕੀ ਦੇ ਵਾਅਦੇ ਕੋਈ ਮਾਇਨੇ ਨਹੀਂ ਰੱਖਦੇ, ਪਰ ਜ਼ਮੀਨੀ ਹਕੀਕਤ ’ਚ ਕਸ਼ਮੀਰ ਦੀ ਆਰਥਕ ‘ਤਰੱਕੀ’ ਵੀ ਕਿਤੇ ਨਜ਼ਰ ਨਹੀਂ ਆ ਰਹੀ। ਪਿਛਲੇ ਨੌਂ ਸਾਲਾਂ ’ਚ ਭਾਰਤ ਦੀ ਜੀਡੀਪੀ ਵਿਚ ਕਸ਼ਮੀਰ ਦਾ ਹਿੱਸਾ ਘਟਿਆ ਹੈ ਅਤੇ ਬੇਰੁਜ਼ਗਾਰੀ ਵਧੀ ਹੈ। ਪਿਛਲੇ ਸਾਲ ਕੇਂਦਰੀ ਵਿੱਤ ਮੰਤਰੀ ਨੇ ਜੰਮੂ-ਕਸ਼ਮੀਰ ਲਈ ਪਾਰਲੀਮੈਂਟ ਤੋਂ 12000 ਕਰੋੜ ਰੁਪਏ ਉਧਾਰ ਲੈਣ ਦੀ ਮਨਜ਼ੂਰੀ ਲਈ ਸੀ। ਇਸ ਸਾਲ ਦੇ ਬਜਟ ਦਸਤਾਵੇਜ਼ਾਂ ਤੋਂ ਸਾਹਮਣੇ ਆਇਆ ਕਿ ਅਸਲ ਉਧਾਰ 24000 ਕਰੋੜ ਰੁਪਏ ਸੀ। ਪਿਛਲੇ ਦੋ ਸਾਲਾਂ ’ਚ ਉਧਾਰ ’ਚ ਪੰਜ ਗੁਣਾਂ ਵਾਧਾ ਹੋਇਆ ਹੈ। ਕੈਗ ਦੀ ਰਿਪੋਰਟ ਨੇ ਪੁਸ਼ਟੀ ਕੀਤੀ ਹੈ ਕਿ ਜੰਮੂ-ਕਸ਼ਮੀਰ ਦੇ ਸਿਰ ਇਸ ਸਮੇਂ 1.12 ਲੱਖ ਕਰੋੜ ਰੁਪਏ ਦੀ ਦੇਣਦਾਰੀ ਹੈ। ਲੋਕਾਂ ਤੋਂ ਟੈਕਸਾਂ ਰਾਹੀਂ ਨਿਚੋੜਿਆ ਇਹ ਪੈਸਾ ਕਿੱਥੇ ਲੱਗ ਰਿਹਾ ਹੈ? ਇਹ ਸਾਰਾ ਉਸ ਕਥਿਤ ਸੁਰੱਖਿਆਤੰਤਰ ਅਤੇ ‘ਵਿਕਾਸ ਪ੍ਰੋਜੈਕਟਾਂ’ ਦੇ ਤਾਣੇਬਾਣੇ ਉੱਪਰ ਪਾਣੀ ਵਾਂਗ ਰੋੜ੍ਹਿਆ ਜਾ ਰਿਹਾ ਹੈ ਜੋ ਕਸ਼ਮੀਰੀਆਂ ਨੂੰ ਦਬਾਉਣ ਲਈ ਖੜ੍ਹਾ ਕੀਤਾ ਗਿਆ ਹੈ।

ਕਸ਼ਮੀਰੀ ਨੌਜਵਾਨਾਂ ਲਈ ਨੌਕਰੀਆਂ ਪੈਦਾ ਕਰਨ ਅਤੇ ਪੂੰਜੀ-ਨਿਵੇਸ਼ ਖਿੱਚਣ ਦਾ ਕਿਤੇ ਵੀ ਕੋਈ ਨਾਮੋ-ਨਿਸ਼ਾਨ ਨਹੀਂ ਹੈ। ਸਰਕਾਰੀ ਅੰਕੜਿਆਂ ਅਨੁਸਾਰ ਬੇਰੁਜ਼ਗਾਰੀ ਦੀ ਭਾਰਤ ਦੀ ਕੌਮੀ ਦਰ 6.1% ਹੈ ਜਦਕਿ ਜੰਮੂ-ਕਸ਼ਮੀਰ ਦੀ 26.6%। ਜਿਵੇਂ ਭਾਰਤ ਵਿਚ, ਸਮਾਰਟ ਸਿਟੀ ਪ੍ਰੋਜੈਕਟਾਂ, ਸੜਕਾਂ, ਫਲਾਈਓਵਰਾਂ ਨੂੰ ਵਿਕਾਸ ਦੱਸਿਆ ਜਾ ਰਿਹਾ ਹੈ ਉਸੇ ਤਰ੍ਹਾਂ ਸ੍ਰੀਨਗਰ ਦੀਆਂ ਕੁਝ ਗਲੀਆਂ ਤੇ ਸੜਕਾਂ ਦਾ ਸੁੰਦਰੀਕਰਨ ਕਰਕੇ ਅਤੇ ਫਵਾਈਓਵਰ ਤੇ ਸੁਰੰਗਾਂ ਬਣਾ ਕੇ ਵਿਕਾਸ ਦੇ ਕੰਮ ਗਿਣਾਏ ਜਾ ਰਹੇ ਹਨ, ਜੋ ਦਰਅਸਲ ਵਿਕਾਸ ਪ੍ਰੋਜੈਕਟਾਂ ਦੇ ਨਾਂ ਹੇਠ ਬਜਟ ਦੇ ਮੋਟੇ ਫੰਡ ਹੜੱਪਣ ਦੇ ਮਹਾਂ-ਘੁਟਾਲੇ ਤੋਂ ਸਿਵਾਏ ਕੁਝ ਨਹੀਂ ਹਨ। ਮੌਜੂਦਾ ਲੈਫਟੀਨੈਂਟ ਗਵਰਨਰ ਮਨੋਜ ਸਿਨਹਾ ਉੱਪਰ ਤਾਂ ਇੱਥੋਂ ਤੱਕ ਦੋਸ਼ ਲੱਗੇ ਹਨ ਕਿ 2021 ’ਚ ਉਸਨੇ ਜੰਮੂ-ਕਸ਼ਮੀਰ ਲਈ ਆਏ ਸਰਕਾਰੀ ਫੰਡ ਆਪਣੀ ਪੁੱਤਰ ਦੀ ਮੰਗਣੀ ਲਈ ਕਢਵਾ ਲਏ ਸਨ।) ਮੋਦੀ ਵਜ਼ਾਰਤ ਸੈਰਸਪਾਟਾ ਸਨਅਤ ਦੀ ਆਰਥਕ ਵਾਧਾ ਦਰ (15.13%) ਦਾ ਢੰਡੋਰਾ ਪਿੱਟ ਰਹੀ ਹੈ ਜਦਕਿ ਰਿਆਸਤ ਦੀ ਜੀਡੀਪੀ ਵਿਚ ਇਸਦਾ ਹਿੱਸਾ ਮਹਿਜ਼ 7-8% ਹੀ ਹੈ। ਕਸ਼ਮੀਰੀ ਆਰਥਿਕਤਾ ਦੇ ਮੁੱਖ ਥੰਮ, ਖੇਤੀਬਾੜੀ ਅਤੇ ਬਾਗ਼ਵਾਨੀ, ਬੁਰੀ ਤਰ੍ਹਾਂ ਲੜਖੜਾ ਰਹੇ ਹਨ। ਸੇਬ ਸਨਅਤ ਡੂੰਘੇ ਸੰਕਟ ਦੀ ਲਪੇਟ ’ਚ ਹੈ। ਰਿਪੋਰਟਾਂ ਇਹ ਹਨ ਕਿ ਅਫ਼ਗਾਨਿਸਤਾਨ ਤੋਂ ਸਸਤੇ ਸੇਬਾਂ ਦੇ ਆਯਾਤ ਨਾਲ ਭਾਰਤੀ ਮੰਡੀ ਵਿਚ ਕਸ਼ਮੀਰੀ ਸੇਬਾਂ ਦੀ ਬੇਹੱਦ ਬੇਕਦਰੀ ਹੋ ਗਈ ਹੈ ਅਤੇ ਕਸ਼ਮੀਰੀ ਸੇਬ ਉਤਪਾਦਕ ਅਤੇ ਇਸ ਕਿੱਤੇ ਨਾਲ ਜੁੜੇ ਹੋਰ ਲੋਕ ਬੁਰੀ ਤਰ੍ਹਾਂ ਹਾਲੋਂ ਬੇਹਾਲ ਹਨ। ਛੋਟੇ-ਛੋਟੇ ਕਾਰੋਬਾਰ ਬੁਰੀ ਤਰ੍ਹਾਂ ਤਬਾਹ ਹੋ ਗਏ ਹਨ।

ਜੰਮੂ-ਕਸ਼ਮੀਰ ਵਿਚ ਚੋਟੀ ਦੇ ਪ੍ਰਸ਼ਾਸਕ, ਨੌਕਰਸ਼ਾਹ ਅਤੇ ਪੁਲਿਸ ਅਫ਼ਸਰ ਸਿੱਧੇ ਨਵੀਂ ਦਿੱਲੀ ਵੱਲੋਂ ਥਾਪੇ ਜਾਂਦੇ ਹਨ, ਉਨ੍ਹਾਂ ਵਿਚ ਇਕ ਵੀ ਸਥਾਨਕ ਨਹੀਂ ਹੈ। ਇਹ ਕਸ਼ਮੀਰੀਆਂ ਦੀ ਬੇਗਾਨਗੀ ਨੂੰ ਹੋਰ ਵਧਾਉਣ ਵਾਲਾ ਕਾਰਕ ਹੈ। ਭਾਰਤੀ ਹੁਕਮਰਾਨ ਜਮਾਤ ਦੇ ਇਤਿਹਾਸਕ ਵਿਸ਼ਵਾਸਘਾਤ ਅਤੇ ਦਹਾਕਿਆਂ ਤੋਂ ਚੱਲ ਰਹੇ ਕਰੂਰ ਜਬਰ ਨੂੰ ਕਸ਼ਮੀਰੀ ਅਵਾਮ ਭੁੱਲੇ ਨਹੀਂ। ਉਹ ਇਸ ਗੱਲੋਂ ਵੀ ਸੁਚੇਤ ਹਨ ਕਿ ਆਰਐੱਸਐੱਸ-ਭਾਜਪਾ ਦੇ ਸੱਤਾ ’ਚ ਆਉਣ ਨਾਲ ਦਿੱਲੀ ਦਰਬਾਰ ਦੀ ਕਸ਼ਮੀਰ ਨੀਤੀ ਵਿਚ ਆਏ ਬਦਲਾਅ ਦਾ ਸੁਭਾਅ ਕੀ ਹੈ। ਉਨ੍ਹਾਂ ਨੇ ਜੰਮੂ-ਕਸ਼ਮੀਰ ਦੀ ਨਿਆਰੀ ਹਸਤੀ ਮਿਟਾਏ ਜਾਣ ਦਾ ਪੁਰਜ਼ੋਰ ਵਿਰੋਧ ਕਰਨ ਦੀ ਬੇਹੱਦ ਕੋਸ਼ਿਸ਼ ਕੀਤੀ ਪਰ ਫਾਸ਼ੀਵਾਦੀ ਸਰਕਾਰ ਦੇ ਕਰੂਰ ਫ਼ੌਜੀ-ਨੀਮ-ਫ਼ੌਜੀ ਹਮਲੇ ਅਤੇ ਝੂਠੇ ਬਿਰਤਾਂਤ ਅੱਗੇ ਉਨ੍ਹਾਂ ਦੀ ਕੋਈ ਪੇਸ਼ ਨਹੀਂ ਸੀ ਗਈ। ਕਈ ਮਹੀਨੇ ਤੱਕ ਇੰਟਰਨੈੱਟ ਬੰਦੀ ਰਾਹੀਂ ਕਸ਼ਮੀਰੀ ਲੋਕਾਂ ਨੂੰ ਬਾਕੀ ਦੁਨੀਆ ਤੋਂ ਕੱਟ ਕੇ ਰੱਖਿਆ ਗਿਆ ਅਤੇ ਗ੍ਰਿਫ਼ਤਾਰੀਆਂ ਤੇ ਨਜ਼ਰਬੰਦੀਆਂ ਦੇ ਵਿਆਪਕ ਖ਼ੌਫ਼ ਰਾਹੀਂ ਉਨ੍ਹਾਂ ਦੀ ਵਿਰੋਧ ਦੀ ਆਵਾਜ਼ ਵੀ ਬੇਹੱਦ ਕਰੂਰਤਾ ਨਾਲ ਕੁਚਲ ਦਿੱਤੀ ਗਈ। ਇੱਥੋਂ ਤੱਕ ਕਿ ਭਾਰਤ ਦੀ ਕਥਿਤ ਮੁੱਖਧਾਰਾ ਦੇ ਹਮਾਇਤੀ ਤਿੰਨ ਸਾਬਕਾ ਮੁੱਖਮੰਤਰੀਆਂ ਸਮੇਤ (ਜਿਨ੍ਹਾਂ ’ਚੋਂ ਦੋ ਕੇਂਦਰੀ ਮੰਤਰੀ ਵੀ ਰਹਿ ਚੁੱਕੇ ਹਨ) ਕਸ਼ਮੀਰੀ ਆਗੂਆਂ ਨੂੰ ਲੰਮਾ ਸਮਾਂ ਨਜ਼ਰਬੰਦ ਰੱਖਿਆ ਗਿਆ।

ਜੋ ਖੋਜੀ ਪੱਤਰਕਾਰ, ਉੱਘੇ ਵਕੀਲ, ਸ਼ਹਿਰੀ ਆਜ਼ਾਦੀਆਂ ਦੇ ਕਾਰਕੁਨ ਅਤੇ ਮੁੱਦਿਆਂ ਤੇ ਸਰੋਕਾਰਾਂ ਬਾਰੇ ਖੁੱਲ੍ਹ ਕੇ ਬੋਲਣ ਵਾਲੇ ਹੋਰ ਜਾਗਰੂਕ ਹਿੱਸੇ ਇਨ੍ਹਾਂ ਜ਼ੁਲਮਾਂ ਤੇ ਧੱਕੇਸ਼ਾਹੀਆਂ ਵਿਰੁੱਧ ਆਵਾਜ਼ ਬਣਦੇ ਸਨ, ਉਹ ਪਬਲਿਕ ਸੇਫਟੀ ਐਕਟ ਅਤੇ ਯੂਏਪੀਏ ਲਗਾ ਕੇ ਧੜਾਧੜ ਜੇਲ੍ਹਾਂ ਵਿਚ ਡੱਕ ਦਿੱਤੇ ਗਏ। ਪੰਜ-ਪੰਜ ਸਾਲ ਤੋਂ ਉਨ੍ਹਾਂ ਦੀ ਜ਼ਮਾਨਤ ਵੀ ਨਹੀਂ ਹੋਣ ਦਿੱਤੀ ਜਾ ਰਹੀ। ਹੋਰ ਖੋਜੀ ਪੱਤਰਕਾਰਾਂ ਨੂੰ ਦਹਿਸ਼ਤਗਰਦਾਂ ਨਾਲ ਸੰਬੰਧਾਂ ਦੀ ਜਾਂਚ ਦੇ ਬਹਾਨੇ ਵਾਰ-ਵਾਰ ਥਾਣਿਆਂ ’ਚ ਬੁਲਾ ਕੇ ਅਤੇ ਧਮਕਾ ਕੇ ਖ਼ਾਮੋਸ਼ ਕਰ ਦਿੱਤਾ ਗਿਆ। ਜ਼ਿਆਦਾਤਰ ਪ੍ਰੈੱਸ ਨੇ ਸਵੈ-ਸੈਂਸਰਸ਼ਿੱਪ ਨਾਲ ਮੂੰਹ ਬੰਦ ਕਰ ਲਿਆ ਹੈ। ਪ੍ਰੈੱਸ ਦੀ ਆਜ਼ਾਦੀ ਖ਼ਤਮ ਹੋਣ ਨਾਲ ਇਸ ਖੇਤਰ ਬਾਰੇ ਜਾਣਕਾਰੀ ਦੇ ਸਰੋਤ ਖ਼ਤਮ ਕਰ ਦਿੱਤੇ ਗਏ। ਹੁਣ ਜਾਂ ਤਾਂ ਕਸ਼ਮੀਰ ਬਾਰੇ ‘ਸੈਂਸਰ ਹੋਈ’ ਰਿਪੋਰਟ ਆਉਂਦੀ ਹੈ ਜਾਂ ਸਰਕਾਰੀ ਪ੍ਰੈੱਸ ਨੋਟ। ਪੱਤਰਕਾਰ ਕਿਸੇ ਤੱਥ ਜਾਂ ਘਟਨਾ ਦੀ ਤਫ਼ਸੀਲ ਦੇਣ ਤੋਂ ਪਹਿਲਾਂ ਸੌ ਵਾਰ ਸੋਚਦੇ ਹਨ ਅਤੇ ਆਪਣਾ ਨਾਮ ਨਸ਼ਰ ਨਾ ਕਰਨ ਦੀ ਸ਼ਰਤ ’ਤੇ ਜਾਣਕਾਰੀ ਸਾਂਝੀ ਕਰਦੇ ਹਨ। ਸਰਜ਼ਮੀਨ ਦੇ ਚੱਪੇ-ਚੱਪੇ ’ਤੇ ਤਾਇਨਾਤ ਸੁਰੱਖਿਆ ਦਸਤਿਆਂ ਅਤੇ ਸੱਤਾ ਦੇ ਸਕੈਨਰ ਦੀ ਕਸ਼ਮੀਰੀ ਅਵਾਮ ਦੀ ਹਰ ਨਕਲੋ-ਹਰਕਤ ਉੱਪਰ ਤਿੱਖੀ ਨਜ਼ਰ ਹੈ। ਆਲਮ ਇਹ ਹੈ ਕਿ ਕਸ਼ਮੀਰੀ ਆਪਣੇ ਹਾਲਾਤ ਬਾਰੇ ਨਿੱਜੀ ਗੱਲਬਾਤ ਕਰਨ ਤੋਂ ਵੀ ਤ੍ਰਭਕਦੇ ਹਨ। ਕਸ਼ਮੀਰੀਆਂ ਦੇ ਇਨ੍ਹਾਂ ਦਮਘੋਟੂ ਹਾਲਾਤ ਨੂੰ ਬਦੇਸ਼ੀ ਪੱਤਰਕਾਰਾਂ ਨੇ ਖ਼ਾਸ ਤੌਰ’ਤੇ ਨੋਟ ਕੀਤਾ ਜਦੋਂ ਮਈ 2023 ’ਚ ਮੋਦੀ ਵਜ਼ਾਰਤ ਵੱਲੋਂ ਜੀ20 ਦੇ ਟੂਰਿਜ਼ਮ ਵਰਕਿੰਗ ਗਰੁੱਪ ਦਾ ਸਿਖ਼ਰ ਸੰਮੇਲਨ ਸ੍ਰੀਨਗਰ ਵਿਚ ਕਰਵਾਇਆ ਗਿਆ ਅਤੇ ਬਦੇਸ਼ੀ ਪੱਤਰਕਾਰਾਂ ਨੂੰ ਕਸ਼ਮੀਰੀਆਂ ਨਾਲ ਆਦਾਨ-ਪ੍ਰਦਾਨ ਦਾ ਮੌਕਾ ਮਿਲ ਗਿਆ ਜਿਸ ਦੀ ਉਂਝ ਮੁਕੰਮਲ ਮਨਾਹੀ ਹੈ।

2020-2022 ਦਰਮਿਆਨ ਪੂਰੇ ਮੁਲਕ ’ਚ ਯੂਏਪੀਏ ਲਗਾ ਕੇ ਦਰਜ ਕੀਤੇ ਕੇਸਾਂ ’ਚ 36% ਕੇਸ ਜੰਮੂ-ਕਸ਼ਮੀਰ ਤੋਂ ਹਨ ਜਿਸ ਤੋਂ ਹਕੂਮਤੀ ਦਹਿਸ਼ਤਵਾਦ ਦੀ ਵਿਆਪਕਤਾ ਨੂੰ ਸਮਝਿਆ ਜਾ ਸਕਦਾ ਹੈ। ਅਰੁੰਧਤੀ ਰਾਏ ਅਤੇ ਪ੍ਰੋਫੈਸਰ ਸ਼ੌਕਤ ਹੁਸੈਨ ਵਿਰੁੱਧ 14 ਸਾਲ ਪੁਰਾਣੇ ਭਾਸ਼ਣ ਦੇ ਆਧਾਰ ’ਤੇ ਯੂਏਪੀਏ ਤਹਿਤ ਮੁਕੱਦਮਾ ਚਲਾਉਣ ਨੂੰ ਮਨਜ਼ੂਰੀ ਇਸੇ ਖ਼ੌਫ਼ ਨੂੰ ਹੋਰ ਵਧਾਉਣ ਲਈ ਦਿੱਤੀ ਗਈ ਹੈ। ਜੋ ਸਾਫ਼ ਸੰਦੇਸ਼ ਹੈ ਕਿ ਕਿ ਕਸ਼ਮੀਰ ਬਾਰੇ ਸਰਕਾਰੀ ਬਿਰਤਾਂਤ ਤੋਂ ਪਾਸੇ ਜਾ ਕੇ ਲਿਖਤੀ ਜਾਂ ਜ਼ਬਾਨੀ ਕੁਝ ਵੀ ਬੋਲਣਾ ਮਨ੍ਹਾ ਹੈ, ਹਕੂਮਤੀ ਹੁਕਮਾਂ ਦੀ ਅਦੂਲੀ ਕਰਨ ਵਾਲੀਆਂ ਵੱਡੀਆਂ ਤੋਂ ਵੱਡੀਆਂ ਹਸਤੀਆਂ ਵੀ ਜੇਲ੍ਹ ਜਾਣ ਲਈ ਤਿਆਰ ਰਹਿਣ।

ਸ੍ਰੀਨਗਰ ਪ੍ਰੈੱਸ ਕਲੱਬ, ਹਾਈਕੋਰਟ ਬਾਰ ਐਸੋਸੀਏਸ਼ਨ ਵਰਗੀਆਂ ਸੰਸਥਾਵਾਂ ਵਿੱਚੋਂ ਬੇਬਾਕ ਆਵਾਜ਼ਾਂ ਦਾ ਸਫ਼ਾਇਆ ਕਰਨ ਲਈ ਝੂਠੇ ਕੇਸਾਂ, ਜੇਲ੍ਹਬੰਦੀਆਂ ਅਤੇ ਸੱਤਾ ਦੀ ਤਾਕਤ ਦਾ ਬੇਖ਼ੌਫ਼ ਹੋ ਕੇ ਇਸਤੇਮਾਲ ਜਾਰੀ ਹੈ। ਲੰਗੜੇ ਬਹਾਨੇ ਬਣਾ ਕੇ ਗ੍ਰਿਫ਼ਤਾਰੀ, ਅਣਮਿੱਥੇ ਸਮੇਂ ਲਈ ਨਜ਼ਰਬੰਦੀ, ਛਾਪੇਮਾਰੀ, ਮੁਜਰਿਮਾਂ ਵਾਂਗ ਤਫ਼ਤੀਸ਼, ਵਾਰ-ਵਾਰ ਵੈਰੀਫੀਕੇਸ਼ਨਾਂ, ਨੌਕਰੀਆਂ ਤੋਂ ਕੱਢਣਾ ਅਤੇ ਜਾਇਦਾਦਾਂ ਦੀ ਜ਼ਬਤੀ ਵਾਜਬ ਵਿਰੋਧ ਅਤੇ ਆਲੋਚਨਾ ਨੂੰ ਦਬਾਉਣ ਦੇ ਆਮ ਤਰੀਕੇ ਬਣ ਚੁੱਕੇ ਹਨ। ਇਸੇ ਦੀ ਅਗਲੀ ਕੜੀ ਵਜੋਂ ਪਿੱਛੇ ਜਹੇ, ਪਹਿਲਾਂ ਸੀਨੀਅਰ ਐਡਵੋਕੇਟ ਮੀਆਂ ਕਾਯੂਮ ਨੂੰ ਬਾਬਰ ਕਾਦਰੀ ਕਤਲ ਕੇਸ ’ਚ ਗ੍ਰਿਫ਼ਤਾਰ ਕਰ ਲਿਆ ਗਿਆ ਗਿਆ। ਫਿਰ ਜੁਲਾਈ ’ਚ ਤਿੰਨ ਉੱਘੇ ਵਕੀਲਾਂ - ਨਜ਼ੀਰ ਅਹਿਮਦ ਰੌਂਗਾ, ਅਸ਼ਰਫ਼ ਮੀਰ ਅਤੇ ਮੀਆਂ ਮੁਜ਼ੱਫ਼ਰ ਨੂੰ ਕਾਲੇ ਕਾਨੂੰਨ ਪਬਲਿਕ ਸੇਫਟੀ ਐਕਟ ਤਹਿਤ ਫੜ੍ਹਕੇ ਨਜ਼ਰਬੰਦ ਕਰ ਦਿੱਤਾ ਗਿਆ। ਨਾਲ ਹੀ ਜੰਮੂ-ਕਸ਼ਮੀਰ ਹਾਈ ਕੋਰਟ ਬਾਰ ਐਸੋਸੀਏਸ਼ਨ ਦੀ ਚੋਣ ਵੀ ਰੋਕ ਦਿੱਤੀ ਗਈ। ਸੱਤਾ ਦੇ ਮਨਸ਼ਿਆਂ ਬਾਰੇ ਕਿਸੇ ਨੂੰ ਭੁਲੇਖਾ ਨਹੀਂ ਹੈ। ਯਾਨੀ ਵਕੀਲਾਂ ਨੂੰ ਐਨਾ ਖ਼ੌਫ਼ਜ਼ਦਾ ਕਰ ਦਿਓ ਕਿ ਹਕੂਮਤੀ ਜਬਰ ਦੇ ਵਰਤਾਰੇ ਵਿਰੁੱਧ ਨਾਗਰਿਕਾਂ ਦੀ ਕਾਨੂੰਨੀ ਪੈਰਵਾਈ ਕਰਨ ਲਈ ਕੋਈ ਵੀ ਅੱਗੇ ਆਉਣ ਦੀ ਹਿੰਮਤ ਨਾ ਕਰੇ ਅਤੇ ਕਸੂਰਵਾਰ ਜਾਂ ਬੇਕਸੂਰ ਦਾ ਫ਼ਰਕ ਹੀ ਨਾ ਰਹੇ। ਦਿੱਲੀ ਹਕੂਮਤ ਅਤੇ ਉਸਦੇ ਸੂਬੇਦਾਰ/ਫੌਜੀ/ਪੁਲਿਸ ਅਧਿਕਾਰੀਆਂ ਦਾ ਬੋਲ ਹੀ ਕਾਨੂੰਨ ਹੈ। ਕੋਈ ਕੜਾ-ਕਾਨੂੰਨ ਜਾਂ ਸੰਵਿਧਾਨਕ ਵਿਵਸਥਾ ਨਹੀਂ ਹੈ ਜੋ ਗਵਰਨਰੀ ਰਾਜ ਦੇ ਪਰਦੇ ਹੇਠ ਫ਼ੌਜੀ ਰਾਜ ਦੀਆਂ ਇਨ੍ਹਾਂ ਮਨਮਾਨੀਆਂ ਦਾ ਜਵਾਬ ਮੰਗੇ।

ਪਿਛਲੇ ਦਿਨੀਂ ਲੈਫਟੀਨੈਂਟ ਗਵਰਨਰ, ਜੋ ਆਰਐੱਸਐੱਸ ਦਾ ਤਰਾਸ਼ਿਆ ‘ਕਾਰਿਆਕਰਤਾ’ ਹੈ ਅਤੇ ਜਿਸ ਨੂੰ ਮੋਦੀ “ਛੋਟਾ ਭਾਈ” ਕਹਿੰਦਾ ਹੈ, ਵੱਲੋਂ ਇਕ ਨਵਾਂ ਹੁਕਮ ਜਾਰੀ ਕੀਤਾ। ਇਸ ਵਿਚ ਕਿਹਾ ਗਿਆ ਹੈ ਕਿ ਜੇ ਇਹ ਪਤਾ ਲੱਗਦਾ ਹੈ ਕਿ ਅਧਿਕਾਰੀਆਂ ਵਿਰੁੱਧ ਸ਼ਿਕਾਇਤਾਂ “ਫਰਜ਼ੀ” ਹਨ ਤਾਂ ਸੰਬੰਧਤ ਅਫ਼ਸਰਾਂ ਨੂੰ ਸ਼ਿਕਾਇਤਕਰਤਾਵਾਂ ਵਿਰੁੱਧ ਮੁਕੱਦਮੇ ਕਰਨ ਲਈ ਪੂਰੀ ਮੱਦਦ ਕੀਤੀ ਜਾਵੇਗੀ। ਇਸ ਦਾ ਮਤਲਬ ਇਹ ਹੈ ਕਿ ਅਧਿਕਾਰੀ ਹੀ ਆਪਣੇ ਸਹਿ-ਕਰਮੀਆਂ ਵਿਰੁੱਧ ਕਿਸੇ ਸ਼ਿਕਾਇਤ ਦੇ ਸੱਚੀ ਹੋਣ ਦਾ ਨਿਪਟਾਰਾ ਕਰਨਗੇ। ਹੁਣ ਅਧਿਕਾਰੀਆਂ ਵੱਲੋਂ ਮੁਕੱਦਮੇਬਾਜ਼ੀ ਨੂੰ ਦੇਖਦਿਆਂ ਕੌਣ ਸੱਚੀ ਸ਼ਿਕਾਇਤ ਕਰਨ ਦੀ ਹਿੰਮਤ ਵੀ ਕੌਣ ਕਰੇਗਾ।

ਕਸ਼ਮੀਰੀ ਅਵਾਮ ਅੰਦਰ ਧਾਰਮਿਕ ਫਿਰਕਿਆਂ ਤੋਂ ਉੱਪਰ ਉੱਠਕੇ ਧਰਮਨਿਰਪੱਖ ਕਸ਼ਮੀਰੀਅਤ ਦੀਆਂ ਡੂੰਘੀਆਂ ਜੜ੍ਹਾਂ ਹਨ। ਬੇਸ਼ੱਕ ਆਰਐੱਸਐੱਸ ਪੱਖੀ ਜਗਮੋਹਣ ਨੇ ਜਨਵਰੀ 1990 ’ਚ ਜੰਮੂ-ਕਸ਼ਮੀਰ ਦਾ ਗਵਰਨਰ ਬਣਦੇ ਸਾਰ ਹੀ ਡੂੰਘੀ ਸਾਜ਼ਿਸ਼ ਤਹਿਤ ਕਸ਼ਮੀਰੀ ਪੰਡਤਾਂ ਦੀ ਧੱਕੇ ਨਾਲ ਹਿਜ਼ਰਤ ਕਰਵਾ ਦਿੱਤੀ ਸੀ ਅਤੇ ਉਨ੍ਹਾਂ ਨੂੰ ਚਲਾਕੀ ਨਾਲ ਕਸ਼ਮੀਰੀ ਸਮਾਜ ਨਾਲੋਂ ਅਲੱਗ-ਥਲੱਗ ਕਰ ਦਿੱਤਾ ਸੀ, ਪਰ ਕਸ਼ਮੀਰੀਅਤ ਦੀ ਭਾਵਨਾ ਅਜੇ ਵੀ ਜਿਉਂਦੀ ਹੈ ਅਤੇ ਘਾਟੀ ’ਚ ਅਜਿਹੇ ਪਿੰਡ ਹਨ ਜਿੱਥੇ ਕੋਈ ਕਸ਼ਮੀਰੀ ਹਿੰਦੂ ਨਾ ਹੋਣ ਦੇ ਬਾਵਜੂਦ ਹਿੰਦੂ ਮੰਦਰ ਮਹਿਫੂਜ਼ ਹਨ। ਪਰ, ਦਹਾਕਿਆਂ ਤੋਂ ਅੰਧਰਾਸ਼ਟਰਵਾਦ ਅਤੇ ਫਿਰਕੂ ਪਾਲਾਬੰਦੀ ਦੀ ਸਿਆਸਤ ਨਾਲ ਆਰਐੱਸਐੱਸ-ਭਾਜਪਾ ਕਸ਼ਮੀਰੀ ਪੰਡਤ ਭਾਈਚਾਰੇ ਦੇ ਇਕ ਛੋਟੇ ਜਹੇ ਹਿੱਸੇ ਦੇ ਮਨਾਂ ਉੱਪਰ ਇਹ ਪ੍ਰਭਾਵ ਪਾਉਣ ’ਚ ਕਾਮਯਾਬ ਹੋ ਗਈ ਹੈ ਕਿ ਪੁਆੜੇ ਦੀ ਜੜ੍ਹ “ਕਸ਼ਮੀਰੀ ਮੁਸਲਮਾਨਾਂ ਦਾ ਵੱਖਵਾਦ” ਹੈ। ਉਨ੍ਹਾਂ ਦੀਆਂ ਨਜ਼ਰਾਂ ’ਚ ਮੋਦੀ ‘ਮਹਾਦੇਵ’ ਦਾ ਅਵਤਾਰ ਹੈ ਜੋ ਸਭ ਕੁਝ ਠੀਕ ਕਰ ਦੇਵੇਗਾ!

ਬੇਸ਼ੱਕ ਭਗਵਾ ਹਕੂਮਤ ਕਸ਼ਮੀਰੀ ਅਵਾਮ ਦੀ ਜ਼ਲਾਲਤ ਭਰੀ ਖ਼ਾਮੋਸ਼ੀ ਨੂੰ ਖਾੜਕੂਵਾਦ ਵਿਰੁੱਧ ਬੇਮਿਸਾਲ ਜਿੱਤ ਬਣਾ ਕੇ ਪੇਸ਼ ਕਰ ਰਹੀ ਹੈ। ਪਰ ਅੰਦਰਲੀ ਸਚਾਈ ਉਨ੍ਹਾਂ ਨੂੰ ਵੀ ਪਤਾ ਹੈ ਕਿ ਕਸ਼ਮੀਰੀ ਅਵਾਮ ਨਿਆਰੀ ਹਸਤੀ ਦੇ ਖ਼ਾਤਮੇ ਨੂੰ ਬਿਲਕੁਲ ਸਵੀਕਾਰ ਨਹੀਂ ਕਰਨਗੇ। ਬੀਤੇ ਸਮਿਆਂ ’ਚ ਘਾਟੀ ਦੇ ਲੋਕ ਕਿਸੇ ਕਸ਼ਮੀਰੀ ਨੂੰ ਜਬਰੀ ਲਾਪਤਾ ਕੀਤੇ ਜਾਣ ਜਾਂ ਹਿਰਾਸਤ ਵਿਚ ਕਤਲ ਜਾਂ ਕਥਿਤ ਮੁਕਾਬਲਿਆਂ ਵਿਰੁੱਧ ਅਕਸਰ ਹੀ ਸੜਕਾਂ ’ਤੇ ਆ ਕੇ ਰੋਸ-ਵਿਖਾਵੇ ਜਾਂ ਬੰਦ/ਹੜਤਾਲਾਂ ਕਰਦੇ ਸਨ। ਮੁਕਾਬਲਿਆਂ ਦੌਰਾਨ ਫ਼ੌਜੀ/ਨੀਮਫ਼ੌਜੀ ਲਸ਼ਕਰਾਂ ਨੂੰ ਅਵਾਮ ਵੱਲੋਂ ਕੀਤੀ ਜਾਂਦੀ ਘੇਰਾਬੰਦੀ ਤੇ ਹੋਰ ਰੁਕਾਵਟਾਂ ਦਾ, ਇੱਥੋਂ ਤੱਕ ਕਿ ਪਥਰਾਓ ਦਾ ਸਾਹਮਣਾ ਕਰਨਾ ਪੈਂਦਾ ਸੀ। ਹੁਣ ਆਮ ਕਸ਼ਮੀਰੀ ਖ਼ਾਮੋਸ਼ ਹੈ, ਹੁਣ ਸਿਰਫ਼ ਮੁੱਖਧਾਰਾ ਸਿਆਸਤਦਾਨ ਹੀ ਘਟਨਾਵਾਂ ਉੱਪਰ ਮਾਮੂਲੀ ਬਿਆਨਬਾਜ਼ੀ ਕਰਦੇ ਹਨ। ਰਾਜਨੀਤਕ ਸਪੇਸ ਦੀ ਮੁਕੰਮਲ ਅਣਹੋਂਦ ’ਚ ਅਵਾਮੀ ਖ਼ਾਮੋਸ਼ੀ ਦੇ ਪਿੱਛੇ ਬੇਗਾਨਗੀ, ਜ਼ਲਾਲਤ ਅਤੇ ਰੋਸ ਨੂੰ ਅੰਦਰੋ-ਅੰਦਰੀ ਦਬਾਈ ਰੱਖਣ ਦਾ ਲਾਵਾ ਖੌਲ੍ਹ ਰਿਹਾ ਹੈ।

ਪਿਛਲੇ ਸਾਲਾਂ ਤੋਂ ਕਸ਼ਮੀਰੀ ਸੰਘਰਸ਼ ਵਿਚ ਉਤਰਾਅ ਦਾ ਦੌਰ ਹੈ। ਹੁਰੀਅਤ ਕਾਨਫਰੰਸ ਵਰਗੇ ਚੋਣ ਬਾਈਕਾਟ ਦਾ ਸੱਦਾ ਦੇਣ ਵਾਲੇ ਧੜੇ ਵੀ ਹੁਣ ਚੋਣਾਂ ਨੂੰ ਵਿਰੋਧ ਪ੍ਰਗਟਾਉਣ ਦੇ ਮੌਕੇ ਵਜੋਂ ਦੇਖ ਰਹੇ ਹਨ ਅਤੇ ਛੇਤੀਂ ਚੋਣਾਂ ਕਰਾਉਣ ਦੀ ਮੰਗ ਕਰਦੇ ਰਹੇ ਹਨ। ਇਨ੍ਹਾਂ ਚੋਣਾਂ ’ਚ ਕਸ਼ਮੀਰੀ ਅਵਾਮ ਦਾ ਹੁੰਗਾਰਾ ਕੀ ਹੋਵੇਗਾ, ਇਸ ਉੱਪਰ ਪੂਰੀ ਦੁਨੀਆ ਦੀਆਂ ਨਜ਼ਰਾਂ ਹੋਣਗੀਆਂ। ਸਵਾਲ ਤਾਂ ਇਹ ਵੀ ਹੈ ਕਿ ਜੇਕਰ ਇਸ ਵਾਰ 1987 ਦੀ ਚੋਣ ਧਾਂਦਲੀ ਵਾਲਾ ਇਤਿਹਾਸ ਦੁਹਰਾਇਆ ਜਾਂਦਾ ਹੈ, ਜਿਸ ਦੀ ਸੰਭਾਵਨਾ ਭਗਵਾ ਰਾਜ ਵਿਚ ਪਹਿਲਾਂ ਨਾਲ ਕਿਤੇ ਜ਼ਿਆਦਾ ਹੈ, ਤਾਂ ਕੀ ਕਸ਼ਮੀਰੀ 1990ਵਿਆਂ ਵਾਂਗ ਮੁੜ ਨਹੀਂ ਉੱਠਣਗੇ?

ਚੋਣਾਂ ਦੌਰਾਨ ਸੁਰੱਖਿਆ ਦੇ ਬਹਾਨੇ ਫ਼ੌਜੀ ਰਾਜ ਦਾ ਕਰੇੜਾ ਹੋਰ ਜ਼ਿਆਦਾ ਕੱਸਿਆ ਜਾਣਾ ਤੈਅ ਹੈ। ਪਰ ਫਾਸ਼ੀਵਾਦੀ ਹਕੂਮਤ ਭੁੱਲ ਰਹੀ ਹੈ ਕਿ ਮਸਲੇ ਹਮੇਸ਼ਾ ਰਾਜਨੀਤਕ ਪਹੁੰਚ ਨਾਲ ਹੱਲ ਹੁੰਦੇ ਹਨ, ਦੁਨੀਆ ਦੀਆਂ ਵੱਡੀਆਂ ਤੋਂ ਵੱਡੀਆਂ ਮਹਾਂ ਜਾਬਰ ਫ਼ੌਜੀ ਤਾਕਤਾਂ ਨੂੰ ਵੀ ਆਖ਼ਿਰਕਾਰ ਰਾਜਨੀਤਕ ਹੱਲ ਕਰਨ ਲਈ ਮਜਬੂਰ ਹੋਣਾ ਪਿਆ ਹੈ।



# ਕੈਨੇਡੀਅਨ ਪੋਸਟ-ਸੈਕੰਡਰੀ ਸਿੱਖਿਆ ਮਹਿੰਗੀ, ਵਿਚਾਲੇ ਛੱਡਣ ਦੇ ਰੁਝਾਨ ਵਿੱਚ ਵਾਧਾ



ਡਾ: ਹਰਦੀਪ ਸਿੰਘ ਅਟਵਾਲ
ਕੈਮਬ੍ਰਿਜ, ਓਨਟਾਰੀਓ



ਕੈਨੇਡਾ ਦਾ ਸਿੱਖਿਆ ਖਰਚਾ ਵੀ ਆਮ ਲੋਕਾਂ ਦੇ ਵੱਸੋਂ ਬਾਹਰ ਹੁੰਦਾ ਨਜ਼ਰ ਆ ਰਿਹਾ ਹੈ ਜਿਸ ਕਾਰਨ ਵਿਦਿਆਰਥੀ ਆਪਣੀ ਪੜ੍ਹਾਈ ਅੱਧਵਾਟੇ ਛੱਡਦੇ ਨਜ਼ਰ ਆ ਰਹੇ ਹਨ। ਇਹ ਗੱਲ ਲੋਕਲ ਵਿਦਿਆਰਥੀਆਂ ਦੀ ਕਰ ਰਹੇ ਹਾਂ ਜਿਹੜੇ ਸਿੱਖਿਆ ਖਰਚਿਆਂ ਨੂੰ ਬੋਝਲ ਮੰਨ ਰਹੇ ਹਨ। ਚਾਹੇ ਅੰਤਰ-ਰਾਸ਼ਟਰੀ ਵਿਦਿਆਰਥੀਆਂ ਦੀ ਗੱਲ ਤਾਂ ਬੜੀ ਦੂਰ ਦੀ ਹੈ, ਜਿਹੜੇ ਲੋਕਲ ਵਿਦਿਆਰਥੀਆਂ ਤੋਂ ਕਈ ਗੁਣਾਂ ਫੀਸਾਂ ਭਰ ਰਹੇ ਹਨ। ਕੈਨੇਡਾ ਦੇ ਅੰਤਰ-ਰਾਸ਼ਟਰੀ ਵਿਦਿਆਰਥੀਆਂ ਦੀ ਮਹਿੰਗੀ ਪੜ੍ਹਾਈ ਅਤੇ ਮੁਸ਼ਕਲਾਂ ਦੀ ਗੱਲ ਆਮ ਚਰਚਾ ਵਿੱਚ ਰਹਿੰਦੀ ਹੈ, ਪਰ ਘਰੇਲੂ ਵਿਦਿਆਰਥੀਆਂ ਦੇ ਹਾਲਾਤ ਵੀ ਬਹੁਤੇ ਚੰਗੇ ਨਹੀਂ ਹਨ। ਮਹਿੰਗਾਈ ਕਰਕੇ ਸਾਰੇ ਕੈਨੇਡੀਅਨ ਪਰਿਵਾਰਾਂ ਦੇ ਜੀਵਨ ਪੱਧਰ ਤੇ ਅਸਰ ਪੈਣ ਕਾਰਣ, ਇਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਤੇ ਵੀ ਅਸਰ ਪੈ ਰਿਹਾ ਹੈ। ਇਸ ਗੱਲ ਦਾ ਅੰਦਾਜ਼ਾ 'ਐਜੂਕੇਸ਼ਨ ਸੇਵਿੰਗਜ਼ ਸਪੈਸ਼ਲਿਸਟ ਐਂਬਾਰਕ ਐਂਡ ਲੇਜਰ' (ਐਂਬਾਰਕ) ਨਾਮੀ ਸੰਸਥਾ ਦੁਆਰਾ ਕੈਨੇਡੀਅਨ ਵਿਦਿਆਰਥੀਆਂ ਦੇ ਇੱਕ ਨਵੇਂ ਸਰਵੇਖਣ ਤੋਂ ਲੱਗਦਾ ਹੈ ਕਿ ਬਹੁਤ 82% ਵਿਦਿਆਰਥੀ ਪੋਸਟ-ਸੈਕੰਡਰੀ ਸਿੱਖਿਆ ਦੀਆਂ ਵਿੱਤੀ ਹਕੀਕਤਾਂ ਨੂੰ ਬਹੁਤ ਜ਼ਿਆਦਾ ਬੋਝਲ ਸਮਝਦੇ ਹਨ।

ਕੈਨੇਡਾ ਦੀ 'ਐਜੂਕੇਸ਼ਨ ਸੇਵਿੰਗਜ਼ ਐਂਡ ਪਲੈਨਿੰਗ ਕੰਪਨੀ' ਦੁਆਰਾ ਜਾਰੀ ਕੀਤੇ ਗਏ ਇੱਕ ਪੋਲ ਤੋਂ ਪਤਾ ਚੱਲਦਾ ਹੈ ਕਿ ਪੋਸਟ-ਸੈਕੰਡਰੀ ਵਿਦਿਆਰਥੀਆਂ ਲਈ ਇੱਕੋ ਫੀਸ ਭਰਨੀ ਅਤੇ ਸਕੂਲ ਜਾਣਾ ਔਖਾ ਹੈ - ਉਹਨਾਂ ਲਈ ਸਿੱਖਿਆ ਅਮੀਰ ਹੈ, ਪਰ ਜੇਬੋਂ ਉਹ ਗਰੀਬ ਹੁੰਦੇ ਜਾ ਰਹੇ ਹਨ। ਇਸ ਸੰਸਥਾ ਵੱਲੋਂ ਪੋਸਟ-ਸੈਕੰਡਰੀ ਵਿਦਿਆਰਥੀਆਂ ਦੇ ਗਰੁੱਪ ਵਿੱਚ ਸਰਵੇਖਣ ਪੋਲਿੰਗ ਕਰਵਾਈ ਗਈ। ਸਿੱਖਿਆ ਦੀ ਲਾਗਤ ਇਤਿਹਾਸਕ ਤੌਰ 'ਤੇ ਕੈਨੇਡਾ ਦੀ ਟੀਚੇ ਦੀ ਮਹਿੰਗਾਈ ਦਰ ਨੂੰ ਪਛਾੜ ਗਈ ਹੈ ਅਤੇ ਹਾਲ ਹੀ ਦੇ ਸਾਲਾਂ ਵਿੱਚ ਰਹਿਣ-ਸਹਿਣ ਦੀ ਲਾਗਤ ਅਤੇ ਸਿੱਖਿਆ ਦੋਵਾਂ ਵਿੱਚ ਕਾਫ਼ੀ ਵਾਧਾ ਹੋਇਆ ਹੈ। ਨਤੀਜੇ ਵਜੋਂ, ਪੋਲ ਕੀਤੇ ਗਏ 74 ਪ੍ਰਤੀਸ਼ਤ ਵਿਦਿਆਰਥੀਆਂ ਨੇ ਕਿਹਾ ਕਿ ਪੋਸਟ-ਸੈਕੰਡਰੀ ਸਿੱਖਿਆ ਨੂੰ ਬਰਦਾਸ਼ਤ ਕਰਨਾ ਬਹੁਤ ਮੁਸ਼ਕਲ ਹੈ ਅਤੇ ਅੱਧੇ ਤੋਂ ਵੱਧ 52% ਨੂੰ, ਅੱਜ ਦੇ ਉੱਚ-ਕੀਮਤ ਵਾਲੇ ਮਾਹੌਲ ਵਿੱਚ ਪੂਰਾ ਕਰਨ ਲਈ ਕੁਝ ਜ਼ਰੂਰਤਾਂ ਤੇ ਕਟੌਤੀ ਕਰਨੀ ਪੈ ਰਹੀ ਹੈ।

ਇਸ ਸੰਸਥਾਂ ਵੱਲੋਂ ਜਾਰੀ ਕੀਤੇ ਅੰਕੜਿਆਂ ਮੁਤਾਬਿਕ: 44 ਫੀਸਦੀ ਪੋਸਟ-ਸੈਕੰਡਰੀ ਵਿਦਿਆਰਥੀ, ਭੋਜਨ ਅਤੇ ਰਹਿਣ-ਸਹਿਣ ਦੇ ਖਰਚਿਆਂ ਨੂੰ ਧਿਆਨ ਵਿਚ ਰੱਖੇ ਬਿਨਾਂ, ਆਪਣੀ ਕੁੱਲ ਆਮਦਨ ਦਾ ਘੱਟੋ-ਘੱਟ ਤਿੰਨ-ਚੌਥਾਈ ਹਿੱਸਾ ਪੋਸਟ-ਸੈਕੰਡਰੀ ਸਿੱਖਿਆ 'ਤੇ ਖਰਚ ਕਰ ਰਹੇ ਹਨ। ਇਸ ਵਿੱਚ 64 ਫੀਸਦੀ ਵਿਦਿਆਰਥੀਆਂ ਨੇ ਕਿਹਾ ਕਿ ਉਹ ਆਪਣੇ ਮਾਤਾ-ਪਿਤਾ ਦੀ ਮਦਦ ਤੋਂ ਬਿਨਾਂ ਆਪਣੀ ਸਿੱਖਿਆ ਦਾ ਖਰਚਾ ਬਰਦਾਸ਼ਤ ਨਹੀਂ ਕਰ ਸਕਣਗੇ। ਅਸਲ ਵਿੱਚ, 43 ਪ੍ਰਤੀਸ਼ਤ ਨੇ ਦਾਅਵਾ ਕੀਤਾ ਕਿ ਜੇਕਰ ਉਨ੍ਹਾਂ ਦੇ ਮਾਤਾ-ਪਿਤਾ ਇਸ ਸਭ ਦੇ ਦੌਰਾਨ ਉਨ੍ਹਾਂ ਦੀ ਵਿੱਤੀ ਸਹਾਇਤਾ ਨਹੀਂ ਕਰਦੇ ਤਾਂ ਉਨ੍ਹਾਂ ਨੂੰ ਸਕੂਲ ਛੱਡਣਾ ਪਏਗਾ। ਅਤੇ 26% ਤੋਂ ਵੱਧ ਵਿਦਿਆਰਥੀਆਂ ਨੇ ਕਿਹਾ ਕਿ ਉਹਨਾਂ ਨੇ ਪੈਸਿਆਂ ਦੀ ਘਾਟ ਕਾਰਨ ਆਪਣੇ ਪੋਸਟ-ਸੈਕੰਡਰੀ ਪ੍ਰੋਗਰਾਮ ਨੂੰ ਛੱਡਣ ਬਾਰੇ ਸੋਚਿਆ ਹੈ।

75% ਰਿਪੋਰਟ ਕਰਨ ਦੇ ਬਾਵਜੂਦ ਕਿ ਉਹਨਾਂ ਦੇ ਮਾਪਿਆਂ ਨੇ ਉਹਨਾਂ ਦੀ ਵਿੱਤੀ ਮਦਦ ਕੀਤੀ ਹੈ, ਬਹੁਤ ਸਾਰੇ ਵਿਦਿਆਰਥੀ ਆਪਣੇ ਆਪ ਨੂੰ ਬਹੁਤ ਤੰਗ ਮਹਿਸੂਸ ਕਰ ਰਹੇ ਹਨ। ਇਹ ਡਾਟਾ, ਅੱਜ ਦੇ ਪੋਸਟ-ਸੈਕੰਡਰੀ ਵਿਦਿਆਰਥੀਆਂ ਦੀਆਂ ਵਿੱਤੀ ਹਕੀਕਤਾਂ ਅਤੇ ਉਹਨਾਂ ਦੇ ਕਰੀਅਰ ਵਿੱਚ ਦਾਖਲ ਹੋਣ ਦੇ ਨਾਲ ਸਥਾਈ ਪ੍ਰਭਾਵ ਦੀ ਰੂਪਰੇਖਾ ਦੱਸਦਾ ਹੈ, ਨਾਲ ਹੀ ਬਿਹਤਰ ਵਿੱਤੀ ਨਤੀਜਿਆਂ ਦੀ ਸੰਭਾਵਨਾ ਨੂੰ ਸੁਧਾਰਨ ਲਈ ਕਿਹੜੇ ਚੁੱਕੇ ਜਾ ਸਕਣ ਵਾਲੇ ਕਦਮ ਦੱਸਦਾ ਹੈ।

ਇਸ ਅਨੁਸਾਰ ਅੱਜ ਦੇ ਪੋਸਟ-ਸੈਕੰਡਰੀ ਵਿਦਿਆਰਥੀਆਂ ਦੀਆਂ ਵਿੱਤੀ ਹਕੀਕਤਾਂ ਸਾਹਮਣੇ ਆਈਆਂ ਹਨ ਅਤੇ ਵਿਦਿਆਰਥੀ ਸਰਕਾਰ ਵੱਲੋਂ ਦਿੱਤੇ ਜਾ ਰਹੇ 'ਸਿੱਖਿਆ ਕਰਜ਼ੇ' ਨਾਲ ਪੜ੍ਹਾਈ ਕਰ ਰਹੇ ਹਨ ਜੋ ਕਿ ਸਿੱਖਿਆ ਪੂਰੀ ਹੋਣ ਬਾਅਦ ਵਿਦਿਆਰਥੀ ਨੇ ਖੁਦ ਮੋੜਨਾ ਹੁੰਦਾ ਹੈ। ਵਿਦਿਆਰਥੀ ਕਰਜ਼ਾ ਪੋਸਟ-ਸੈਕੰਡਰੀ ਤਜਰਬੇ ਦਾ ਇੱਕ ਪ੍ਰਵਾਨਿਤ ਹਿੱਸਾ ਬਣ ਗਿਆ ਹੈ, ਲਗਭਗ ਅੱਧੇ 48% ਵਿਦਿਆਰਥੀਆਂ ਦੇ ਕੋਲ ਇਸ ਸਮੇਂ ਵਿਦਿਆਰਥੀ ਕਰਜ਼ਾ ਹੈ, ਜਾਂ ਹੋਣ ਦੀ ਉਮੀਦ ਹੈ। ਅਸਲ ਵਿੱਚ, 33% ਵਿਦਿਆਰਥੀਆਂ ਨੇ ਕਿਹਾ ਕਿ ਉਹਨਾਂ ਕੋਲ ਵਰਤਮਾਨ ਵਿੱਚ ਬੱਚਤਾਂ ਨਾਲੋਂ ਜ਼ਿਆਦਾ ਕਰਜ਼ਾ ਹੈ। ਪੁੱਛੇ ਜਾਣ 'ਤੇ, 49 ਪ੍ਰਤੀਸ਼ਤ ਨੇ ਕਿਹਾ ਕਿ ਉਹ ਭਵਿੱਖ ਬਾਰੇ ਚਿੰਤਤ ਸਨ ਕਿ ਉਹ ਕਿੰਨਾ ਕਰਜ਼ਾ ਲੈ ਰਹੇ ਹਨ ਅਤੇ 82% ਨੇ ਦਾਅਵਾ ਕੀਤਾ ਕਿ ਪੋਸਟ-ਸੈਕੰਡਰੀ ਸਿੱਖਿਆ ਦੀਆਂ ਵਿੱਤੀ ਹਕੀਕਤਾਂ ਬਹੁਤ ਜ਼ਿਆਦਾ ਸਨ।

ਉਹਨਾਂ ਦੀ ਸਿੱਖਿਆ ਲਈ ਫੰਡ ਦੇਣ ਵਿੱਚ ਮਦਦ ਕਰਨ ਲਈ, ਸਿਰਫ਼ ਦੋ ਤਿਹਾਈ ਵਿਦਿਆਰਥੀਆਂ (64%) ਨੇ ਕਿਹਾ ਕਿ ਉਹਨਾਂ ਕੋਲ ਸਕੂਲ ਲਈ ਭੁਗਤਾਨ ਕਰਨ ਵਿੱਚ ਮਦਦ ਕਰਨ ਲਈ ਪਾਰਟ- ਜਾਂ ਫੁੱਲ-ਟਾਈਮ ਨੌਕਰੀ ਹੈ। ਜਦੋਂ ਕਿ 39 ਪ੍ਰਤੀਸ਼ਤ ਨੇ ਕਿਹਾ ਕਿ ਉਹਨਾਂ ਦੇ ਗ੍ਰੇਡ ਉਹਨਾਂ ਦੀਆਂ ਵਿੱਤੀ ਜ਼ਿੰਮੇਵਾਰੀਆਂ ਦੁਆਰਾ ਪ੍ਰਭਾਵਿਤ ਹੋਏ ਹਨ ਅਤੇ 76% ਤੋਂ ਵੱਧ ਦਾ ਕਹਿਣਾ ਹੈ ਕਿ ਇੱਕੋ ਸਮੇਂ ਸਕੂਲ ਅਤੇ ਕੰਮ ਨੂੰ ਸੰਤੁਲਿਤ ਕਰਨਾ ਮੁਸ਼ਕਲ ਹੈ, ਕਈਆਂ ਲਈ ਖਰਚਿਆਂ ਨੂੰ ਪੂਰਾ ਕਰਨਾ ਇੱਕ ਲੋੜ ਬਣ ਗਈ ਹੈ। ਹਾਲਾਂਕਿ, ਸਕੂਲ ਦੌਰਾਨ ਨੌਕਰੀ ਲੱਭਣਾ ਔਖਾ ਸਾਬਤ ਹੋ ਸਕਦਾ ਹੈ। ਮੌਜੂਦਾ ਆਰਥਿਕ ਸਥਿਤੀਆਂ ਨੇ ਪਾਰਟ-ਟਾਇਮ ਅਤੇ ਫੁੱਲ-ਟਾਈਮ ਕੰਮ ਲਈ ਇੱਕ ਮੁਸ਼ਕਲ ਨੌਕਰੀ ਦੀ ਮਾਰਕੀਟ ਨੂੰ ਅਗਵਾਈ ਦਿੱਤੀ ਹੈ, ਜਿਸ ਨਾਲ ਬਹੁਤ ਸਾਰੇ ਵਿਦਿਆਰਥੀ ਵਿੱਤੀ ਜੀਵਨ ਦੀ ਰੇਖਾ ਦੇ ਰੂਪ ਵਿੱਚ ਦੇਖਦੇ ਹਨ।

ਇਸ ਐਂਬਾਰਕ ਸੰਸਥਾ ਦੇ ਪ੍ਰਧਾਨ ਅਤੇ ਸੀ ਈ ਓ ਐਂਡਰਿਊ ਲੋ ਨੇ ਕਿਹਾ "ਅੱਜ ਦੇ ਚੁਣੌਤੀਪੂਰਨ ਨੌਕਰੀ ਦੇ ਬਾਜ਼ਾਰ ਵਿੱਚ, ਨੌਜਵਾਨ ਕੈਨੇਡੀਅਨਾਂ ਲਈ ਪਾਰਟ- ਅਤੇ ਫੁੱਲ-ਟਾਈਮ ਨੌਕਰੀਆਂ ਨੂੰ ਸੁਰੱਖਿਅਤ ਕਰਨਾ ਖਾਸ ਤੌਰ 'ਤੇ ਮੁਸ਼ਕਲ ਹੈ। ਉਨ੍ਹਾਂ ਲਈ ਜੋ ਆਪਣੀ ਸਿੱਖਿਆ ਦਾ ਸਮਰਥਨ ਕਰਨ ਲਈ ਰੁਜ਼ਗਾਰ 'ਤੇ ਨਿਰਭਰ ਕਰਦੇ ਹਨ, ਇਹ ਵਧਦੀ ਸਿੱਖਿਆ ਅਤੇ ਰਹਿਣ-ਸਹਿਣ ਦੀਆਂ ਲਾਗਤਾਂ ਦੇ ਸਿਖਰ 'ਤੇ ਮੁਸ਼ਕਲ ਦੀ ਇੱਕ ਹੋਰ ਪਰਤ ਜੋੜਦਾ ਹੈ" ਅੱਗੇ ਐਂਡਰਿਊ ਲੋ ਕਹਿੰਦੇ ਹਨ "ਸਾਡੇ ਸਰਵੇਖਣ ਨੇ ਦਿਖਾਇਆ ਹੈ ਕਿ ਸੈਕੰਡਰੀ ਤੋਂ ਬਾਅਦ ਦੇ 68 ਪ੍ਰਤੀਸ਼ਤ ਵਿਦਿਆਰਥੀ ਚਾਹੁੰਦੇ ਹਨ ਕਿ ਉਨ੍ਹਾਂ ਨੇ ਸਕੂਲ ਸ਼ੁਰੂ ਕਰਨ ਤੋਂ ਪਹਿਲਾਂ ਹੋਰ ਪੈਸੇ ਦੀ ਬਚਤ ਕੀਤੀ ਹੋਵੇ, ਇੱਕ ਭਾਵਨਾ ਜੋ ਸਿਰਫ ਸਾਡੀ ਮੌਜੂਦਾ ਆਰਥਿਕ ਸਥਿਤੀਆਂ ਵਿੱਚ ਮਜ਼ਬੂਤ ਹੋਵੇਗੀ। ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਇੱਕ ਪ੍ਰਦਾਨ ਕਰਨ ਲਈ ਸਿੱਖਿਆ ਦੀ ਬੱਚਤ ਜਲਦੀ ਸ਼ੁਰੂ ਕਰਨ ਨਾਲ ਲਾਭ ਹੋਵੇਗਾ। ਅਸਥਿਰ ਸਮਿਆਂ ਵਿੱਚ ਵੱਡਾ ਵਿੱਤੀ ਕੁਸ਼ਨ।"

ਵਰਣਨਯੋਗ ਹੈ ਕਿ ਪੋਸਟ-ਗ੍ਰੈਜੂਏਸ਼ਨ ਸਿੱਖਿਆ ਲਈ ਕਰਜ਼ਾ ਚੁੱਕਣਾ ਇਥੇ ਆਮ ਹੀ ਗੱਲ ਹੈ। ਕੈਨੇਡੀਅਨਾਂ ਵਿੱਚ ਇਸ ਗੱਲ ਦੀ ਕਦਰ ਹੈ ਕਿ ਸਿੱਖਿਆ ਪ੍ਰਾਪਤ ਕਰਨੀ ਚਾਹੀਦੀ, ਸਰਵੇਖਣ ਵਿੱਚ 61 ਪ੍ਰਤੀਸ਼ਤ ਵਿਦਿਆਰਥੀਆਂ ਨੇ ਕਿਹਾ ਕਿ ਪੋਸਟ-ਸੈਕੰਡਰੀ ਸਿੱਖਿਆ ਤੋਂ ਬਿਨਾਂ ਜੀਵਨ ਵਿੱਚ ਸਫਲ ਹੋਣਾ ਮੁਸ਼ਕਲ ਹੈ। ਹਾਲਾਂਕਿ, 66% ਨੇ ਕਿਹਾ ਕਿ ਵਿਦਿਆਰਥੀ ਕਰਜ਼ੇ ਨਾਲ ਗ੍ਰੈਜੂਏਟ ਹੋਣ ਨਾਲ ਉਹਨਾਂ ਲਈ ਆਪਣੇ ਮਾਪਿਆਂ ਤੋਂ ਵਿੱਤੀ ਤੌਰ 'ਤੇ ਸੁਤੰਤਰ ਬਣਨਾ ਅਤੇ ਸਕੂਲ ਤੋਂ ਬਾਅਦ ਆਪਣੀ ਜ਼ਿੰਦਗੀ ਸ਼ੁਰੂ ਕਰਨਾ ਮੁਸ਼ਕਲ ਹੋ ਜਾਵੇਗਾ। ਇਹ ਵਿਸ਼ੇਸ਼ ਤੌਰ 'ਤੇ ਸੱਚ ਹੈ ਕਿਉਂਕਿ 41 ਪ੍ਰਤੀਸ਼ਤ ਪੋਲ ਕੀਤੇ ਗਏ ਵਿਦਿਆਰਥੀ ਕਰਜ਼ੇ ਕਾਰਨ ਪੋਸਟ-ਸੈਕੰਡਰੀ ਸਕੂਲ ਤੋਂ ਬਾਅਦ ਲੰਬੇ ਸਮੇਂ ਲਈ ਆਪਣੇ ਮਾਪਿਆਂ ਨਾਲ ਰਹਿਣ ਦਾ ਇਰਾਦਾ ਰੱਖਦੇ ਹਨ।

ਇਹ ਦੇਖਦੇ ਹੋਏ ਕਿ ਉਹ ਕਿੰਨਾ ਕਰਜ਼ਾ ਇਕੱਠਾ ਕਰਨ ਦੀ ਉਮੀਦ ਕਰਦੇ ਹਨ, ਕਰਜ਼ੇ ਦੇ ਨਾਲ ਗ੍ਰੈਜੂਏਟ ਹੋਣ ਦੀ ਉਮੀਦ ਕਰਨ ਵਾਲੇ ਵਿਦਿਆਰਥੀ ਸੋਚਦੇ ਹਨ ਕਿ ਉਹ ਸਕੂਲ ਤੋਂ ਗ੍ਰੈਜੂਏਟ ਹੋਣ ਵਾਲੇ ਕਰਜ਼ੇ ਦੇ £25,382 ਇਕੱਠੇ ਕਰਨਗੇ ਅਤੇ ਔਸਤਨ ਭੁਗਤਾਨ ਕਰਨ ਵਿੱਚ ਉਹਨਾਂ ਨੂੰ 2.8 ਸਾਲ ਲੱਗਣਗੇ। ਅਸਲ ਵਿੱਚ ਉਹਨਾਂ ਦੇ ਕਰਜ਼ੇ ਦਾ ਪੱਧਰ ਬਹੁਤ ਜ਼ਿਆਦਾ ਹੋਣ ਦੀ ਸੰਭਾਵਨਾ ਹੈ, ਸਟੈਟਿਸਟਿਕਸ ਕੈਨੇਡਾ ਨੇ ਹਾਲ ਹੀ ਵਿੱਚ ਸਨ 2020 ਵਿੱਚ ਔਸਤ ਅੰਕੜਾ 30,600 ਡਾਲਰ ਹੋਣ ਦੀ ਰਿਪੋਰਟ ਦਿੱਤੀ ਹੈ। ਵਿਦਿਆਰਥੀ ਕਰਜ਼ੇ ਦਾ ਭੁਗਤਾਨ ਕਰਨ ਵਿੱਚ ਅਕਸਰ ਜ਼ਿਆਦਾ ਸਾਲ ਲੱਗਦੇ ਹਨ, ਉਦਾਹਰਣ ਵਜੋਂ, 'ਓਂਟਾਰੀਓ ਵਿਦਿਆਰਥੀ ਸਹਾਇਤਾ ਪ੍ਰੋਗਰਾਮ' ਵਰਗੇ ਕਰਜ਼ਿਆਂ ਨੂੰ ਇਸ ਹਿਸਾਬ ਨਾਲ ਡਿਜ਼ਾਇਨ ਕੀਤਾ ਜਾ ਰਿਹਾ ਹੈ ਕਿ ਵਿਦਿਆਰਥੀ 9.5 ਸਾਲਾਂ ਵਿੱਚ ਇਸ ਦਾ ਵਾਪਸ ਭੁਗਤਾਨ ਕਰ ਸਕੇ।

ਕਈਆਂ 59% ਲਈ ਪੋਸਟ-ਸੈਕੰਡਰੀ ਵਿਦਿਆਰਥੀ ਹੋਣ ਕਰਕੇ ਪਹਿਲੀ ਵਾਰ ਉਨ੍ਹਾਂ ਨੂੰ ਆਪਣੇ ਵਿੱਤ ਨੂੰ ਸੰਭਾਲਣਾ ਪਿਆ ਹੈ। ਪਹਿਲੀ ਵਾਰ ਵਿੱਤੀ ਫੈਸਲੇ ਲੈਣਾ, ਖਾਸ ਤੌਰ 'ਤੇ ਵੱਡੀਆਂ ਲਾਗਤਾਂ ਅਤੇ ਰੋਜ਼ਾਨਾ ਦੇ ਖਰਚਿਆਂ ਨੂੰ ਸੰਭਾਲਣ ਦੇ ਮੱਦੇਨਜ਼ਰ, ਬਹੁਤ ਹੀ ਤਣਾਅਪੂਰਨ ਹੋ ਸਕਦਾ ਹੈ। 66% ਵਿਦਿਆਰਥੀ ਦਾਅਵਾ ਕਰਦੇ ਹਨ ਕਿ ਉਨ੍ਹਾਂ ਦੇ ਬੈਂਕ ਖਾਤੇ ਨੂੰ ਦੇਖਣ ਨਾਲ ਉਨ੍ਹਾਂ ਨੂੰ ਚਿੰਤਾ ਹੁੰਦੀ ਹੈ, ਅਤੇ 52 ਪ੍ਰਤੀਸ਼ਤ ਦਾ ਕਹਿਣਾ ਹੈ ਕਿ ਉਹ ਕਰਜ਼ੇ ਅਤੇ ਪੈਸੇ ਬਾਰੇ ਸੋਚਣ ਤੋਂ ਬਚਦੇ ਹਨ। ਇੱਥੋਂ ਤੱਕ ਕਿ ਜਿਹੜੇ ਲੋਕ ਆਪਣੇ ਪੈਸਿਆਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਚਾਹੁੰਦੇ ਹਨ, ਉਨ੍ਹਾਂ ਲਈ 66 ਪ੍ਰਤੀਸ਼ਤ ਵਿਦਿਆਰਥੀ ਕਹਿੰਦੇ ਹਨ ਕਿ ਉਹ ਆਪਣੇ ਵਿੱਤ ਵਿੱਚ ਸੁਧਾਰ ਕਰਨਾ ਚਾਹੁੰਦੇ ਹਨ ਪਰ ਇਹ ਨਹੀਂ ਜਾਣਦੇ ਕਿ ਕਿਵੇਂ।

ਇਸ ਨੂੰ ਜੋੜਦੇ ਹੋਏ, ਵਿਦਿਆਰਥੀਆਂ ਨੂੰ ਪਤਾ ਲੱਗਦਾ ਹੈ ਕਿ ਪੋਸਟ-ਸੈਕੰਡਰੀ ਵਿਕਲਪਾਂ ਅਤੇ ਜਾਣਕਾਰੀ ਦੇ ਆਲੇ-ਦੁਆਲੇ ਨਾਕਾਫ਼ੀ ਪਾਰਦਰਸ਼ਤਾ ਹੈ। 73% ਵਿਦਿਆਰਥੀਆਂ ਨੇ ਮਤਦਾਨ ਕੀਤਾ ਕਿ ਪੋਸਟ-ਸੈਕੰਡਰੀ ਵਿਕਲਪਾਂ ਬਾਰੇ ਵਧੇਰੇ ਪਾਰਦਰਸ਼ਤਾ ਹੋਵੇ, ਅਤੇ ਲਗਭਗ ਅੱਧੇ 49% ਨੇ ਕਿਹਾ ਕਿ ਜੇਕਰ ਉਹ ਸਮੇਂ ਸਿਰ ਵਾਪਸ ਜਾ ਸਕਦੇ ਹਨ, ਤਾਂ ਉਹ ਆਪਣੀ ਸਿੱਖਿਆ ਬਾਰੇ ਵੱਖਰੇ ਫੈਸਲੇ ਲੈਣਗੇ। ਇਸ ਰਿਪੋਰਟ ਵਿੱਚ ਐਂਬਾਰਕ ਸੰਸਥਾ ਨੇ ਵਿਦਿਆਰਥੀਆਂ ਨੂੰ ਸਲਾਹ ਵੀ ਦਿੱਤੀ ਹੈ ਕਿ ਪੋਸਟ-ਸੈਕੰਡਰੀ ਲਈ ਵਿਦਿਆਰਥੀਆਂ ਨੂੰ ਬਿਹਤਰ ਢੰਗ ਨਾਲ ਤਿਆਰ ਕਰਣ ਦੀ ਸਲਾਹ ਦਿੱਤੀ ਹੈ। ਸੀ ਈ ਓ ਐਂਡਰਿਊ ਲੋ ਨੇ ਕਿਹਾ, "ਵਿਦਿਆਰਥੀਆਂ ਦੀ ਆਪਣੀ ਪੋਸਟ-ਸੈਕੰਡਰੀ ਸਿੱਖਿਆ ਦੀ ਚੋਣ ਕਰਨ ਵਿੱਚ ਤਿਆਰੀ ਦੀ ਕਮੀ ਵੀ ਇੱਕ ਸਮੱਸਿਆ ਹੈ ਜੋ ਅਸੀਂ ਸਾਰੇ ਸਹਿਣ ਕਰਦੇ ਹਾਂ। ਨੌਜਵਾਨ ਕੈਨੇਡੀਅਨਾਂ ਲਈ, ਇਹ ਇੱਕ ਮਹੱਤਵਪੂਰਨ ਵਿੱਤੀ ਅਤੇ ਜੀਵਨ ਫੈਸਲਾ ਹੈ ਜੋ ਉਹਨਾਂ ਦੇ ਭਵਿੱਖ ਨੂੰ ਪ੍ਰਭਾਵਤ ਕਰੇਗਾ"।

ਹੋਰ ਅੰਕੜਿਆਂ ਦੱਸਦੇ ਹਨ ਕਿ 57 ਫ਼ੀਸਦ ਨੇ ਕਾਮਨਾ ਕੀਤੀ ਕਿ ਕਿੱਥੇ ਜਾਣਾ ਹੈ ਜਾਂ ਕੀ ਪੜ੍ਹਨਾ ਹੈ, ਇਸ ਬਾਰੇ ਫ਼ੈਸਲਾ ਕਰਨ ਤੋਂ ਪਹਿਲਾਂ ਉਹ ਪੋਸਟ-ਸੈਕੰਡਰੀ ਸਕੂਲ ਬਾਰੇ ਹੋਰ ਜਾਣ ਲੈਣ। ਪੋਲ ਕੀਤੇ ਗਏ ਲਗਭਗ 74% ਨੇ ਕਿਹਾ ਕਿ ਪੋਸਟ-ਸੈਕੰਡਰੀ ਪ੍ਰਕਿਰਿਆ ਨੂੰ ਨੈਵੀਗੇਟ ਕਰਨਾ ਗੁੰਝਲਦਾਰ ਹੈ। 69 ਪ੍ਰਤਿਸ਼ਤ ਨੇ ਕਾਮਨਾ ਕੀਤੀ ਕਿ ਉਹਨਾਂ ਨੂੰ ਆਪਣੀ ਪੋਸਟ-ਸੈਕੰਡਰੀ ਸਿੱਖਿਆ ਦੀ ਯੋਜਨਾ ਬਣਾਉਣ ਵੇਲੇ ਵਧੇਰੇ ਮਾਰਗਦਰਸ਼ਨ ਮਿਲੇ। ਪਿੱਛੇ ਮੁੜਦੇ ਹੋਏ, 47 ਪ੍ਰਤੀਸ਼ਤ ਮੰਨਦੇ ਹਨ ਕਿ ਉਹਨਾਂ ਨੂੰ ਪੋਸਟ-ਸੈਕੰਡਰੀ ਸਿੱਖਿਆ ਬਾਰੇ ਸੂਚਿਤ ਚੋਣ ਕਰਨ ਲਈ ਲੋੜੀਂਦੀ ਜਾਣਕਾਰੀ ਪ੍ਰਦਾਨ ਨਹੀਂ ਕੀਤੀ ਗਈ ਸੀ।

ਆਮ ਲੋਕਾਂ ਵਿੱਚ ਵੀ ਇਸੇ ਗੱਲ ਦੀ ਚਿੰਤਾ ਵਿਖਾਈ ਦੇ ਰਹੀ ਹੈ ਅਤੇ ਬਹੁਤੇ ਲੋਕ ਇਸ ਨੂੰ ਸੁਖਾਵੀਂ ਹੋਣ ਦੀ ਉਮੀਦ ਲਾਈ ਬੈਠੇ ਹਨ। ਇਸ ਮਹਿੰਗੀ ਸਿੱਖਿਆ ਲਈ, ਕੈਨੇਡਾ ਦੀ ਹਾਕਮ ਧਿਰ ਨੂੰ ਅਗਾਮੀ ਚੋਣਾਂ ਵਿੱਚ ਇਸ ਦਾ ਨੁਕਸਾਨ ਉਠਾਉਣਾ ਪੈ ਸਕਦਾ ਹੈ।

# ਕੈਨੇਡਾ 'ਚ ਵਿਦੇਸ਼ੀ ਕਾਮਿਆਂ 'ਤੇ ਨਿਰਭਰਤਾ ਘਟਾਉਣਾ ਜ਼ਰੂਰੀ : ਟਰੂਡੋ

## ਵਰਕ ਪਰਮਿਟ ਸਿਸਟਮ ਵਿੱਚ ਤਬਦੀਲੀਆਂ ਦਾ ਐਲਾਨ

ਸਤਪਾਲ ਸਿੰਘ ਜੌਹਲ

ਕੈਨੇਡਾ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਸਰਕਾਰ ਵਲੋਂ ਬੀਤੇ ਅੱਠ ਕੁ ਸਾਲਾਂ ਤੋਂ ਅਪਣਾਈਆਂ ਗਈਆਂ ਵਿਦੇਸ਼ੀਆਂ ਲਈ ਸਟੱਡੀ, ਵਰਕ ਪਰਮਿਟ ਤੇ ਪੱਕੀ ਇਮੀਗ੍ਰੇਸ਼ਨ ਦੀਆਂ ਬੇਲਗਾਮ ਨੀਤੀਆਂ ਕਾਰਨ ਦੇਸ਼ ਭਰ ਵਿੱਚ ਬਣ ਗਏ ਨਿਰਾਸ਼ਾਜਨਕ ਹਾਲਾਤਾਂ ਦੇ ਚੱਲਦਿਆਂ ਸਖਤ ਆਲੋਚਨਾਵਾਂ ਅਤੇ ਹਰਮਨਪਿਆਰਤਾ ਨੂੰ ਵੱਡੇ ਖੋਰੇ ਦਾ ਸਾਹਮਣਾ ਹੈ। ਅਜਿਹੇ ਵਿੱਚ ਬੀਤੇ ਮਹੀਨਿਆਂ ਤੋਂ ਉਨ੍ਹਾਂ ਅਤੇ ਉਨ੍ਹਾਂ ਦੇ ਇਮੀਗ੍ਰੇਸ਼ਨ ਅਤੇ ਰੋਜ਼ਗਾਰ ਮੰਤਰੀਆਂ ਵਲੋਂ ਯੂ-ਟਰਨ ਲੈਣ ਦੇ ਐਲਾਨ ਕਰਨਾ ਜਾਰੀ ਰੱਖਿਆ ਜਾ ਰਿਹਾ ਹੈ। ਇਸ ਵਿੱਚ ਵਿਦੇਸ਼ੀ ਵਿਦਿਆਰਥੀਆਂ ਲਈ ਸਟੱਡੀ ਪਰਮਿਟ ਘੱਟ ਕਰਨਾ, ਕੈਨੇਡਾ ਵਿੱਚ ਪੜ੍ਹਾਈ ਕਰਨ ਦੇ ਨਿਯਮ ਸਖਤ ਕਰਨੇ, ਕੈਨੇਡਾ ਵਿੱਚ ਕੰਮ ਕਰਨ ਦੇ ਘੰਟਿਆਂ ਨੂੰ ਨਿਯਮਤ ਕਰਨਾ ਅਤੇ ਪੱਕੀ ਇਮੀਗ੍ਰੇਸ਼ਨ ਦੀ 'ਸੀਰਨੀ ਨਾ ਵੰਡਣਾ' ਆਦਿਕ ਸ਼ਾਮਿਲ ਹੈ। ਇਸੇ ਦੌਰਾਨ ਦੇਸ਼ ਵਿੱਚ ਵਰਕ ਪਰਮਿਟ ਵਾਸਤੇ ਲੇਬਰ ਮਾਰਕਿਟ ਇੰਪੈਕਟ ਅਸੈੱਸਮੈਂਟ (ਐੱਲ. ਐੱਮ.ਆਈ.ਏ.) ਦੇ ਢਿੱਲੇ ਸਿਸਟਮ ਨਾਲ ਵੱਡੇ ਪੱਧਰ 'ਤੇ ਹੋ ਰਹੀਆਂ ਘਪਲੇਬਾਜ਼ੀਆਂ ਅਤੇ ਕੈਨੇਡਾ ਦੇ ਲੋਕਾਂ ਦੀ ਅਣਦੇਖੀ ਕਰਕੇ ਵਿਦੇਸ਼ੀਆਂ ਐੱਲ.ਐੱਮ.ਆਈ.ਏ. ਵੇਚਣ ਦੇ ਪ੍ਰਚੱਲਣ ਕਾਰਨ ਕੈਨੇਡਾ ਦੀ ਵੱਡੀ (ਯੂ.ਐੱਨ.ਓ. ਤੱਕ) ਰੁਸਵਾਈ ਹੋ ਰਹੀ ਸੀ ਜਿਸ ਨੂੰ ਰੋਕਣ ਲਈ ਟਰੂਡੋ ਸਰਕਾਰ ਨੇ ਬੀਤੇ ਸਾਲਾਂ ਦੌਰਾਨ ਗੰਭੀਰਤਾ ਨਹੀਂ ਦਿਖਾਈ ਪਰ ਹੁਣ ਬੀਤੇ ਕੱਲ ਹੈਲੀਫੈਕਸ ਵਿੱਚ ਕੈਬਨਿਟ ਮੰਤਰੀਆਂ ਦੀ ਬੈਠਕ ਦੌਰਾਨ ਵਰਕ ਪਰਮਿਟ ਸਿਸਟਮ ਵਿੱਚ ਸੁਧਾਰ ਕਰਨ ਅਤੇ ਐੱਲ.ਐੱਮ.ਆਈ.ਏ. ਮੰਜੂਰ ਕਰਨ ਦੀ ਗਿਣਤੀ ਘਟਾਉਣ ਅਤੇ ਕਮਜੋਰ ਐੱਲ.ਐੱਮ.ਆਈ.ਏ. ਸਿਸਟਮ ਨੂੰ ਦਰੁੱਸਤ ਕਰਨ ਦਾ ਐਲਾਨ ਕੀਤਾ ਗਿਆ। ਇਸ ਵਿੱਚ ਘੱਟ ਤਨਖਾਹ (ਸਸਤੀ ਲੇਬਰ) ਵਾਸਤੇ ਐੱਲ.ਐੱਮ.ਆਈ.ਏ. ਬੰਦ ਕਰਨ ਦਾ ਐਲਾਨ ਸ਼ਾਮਿਲ ਹੈ। ਮੀਟਿੰਗ ਦੇ ਦੂਸਰੇ ਦਿਨ ਸ੍ਰੀ ਟਰੂਡੋ ਨੇ ਕਿਹਾ ਕਿ ਸਾਨੂੰ ਵਿਦੇਸ਼ੀ ਕਾਮਿਆਂ ਉਪਰ ਨਿਰਭਰਤਾ ਘਟਾਉਣੀ ਪਵੇਗੀ ਅਤੇ ਕੈਨੇਡਾ ਦੇ ਲੋਕਾਂ ਨੂੰ ਕੰਮਾਂ ਉਪਰ ਰੱਖਣ ਨੂੰ ਪਹਿਲ ਮਿਲ ਸਕੇ। ਉਨ੍ਹਾਂ ਇਹ ਵੀ ਕਿਹਾ ਕਿ ਇਮੀਗ੍ਰੇਸ਼ਨ ਨੀਤੀ ਵਿੱਚ ਸੁਧਾਰ ਕਰਨਾ ਜਰੂਰੀ ਹੈ ਜਿਸ ਨਾਲ? ਵਿਦੇਸ਼ਾਂ ਤੋਂ ਆ ਰਹੇ ਲੋਕਾਂ ਨੂੰ ਕੈਨੇਡਾ ਵਿੱਚ ਆ ਕੇ ਸਥਾਪਿਤ ਹੋਣਾ ਸੌਖਾ ਰਹੇ, ਨਿਰਾਸ਼ਾ ਨਾ ਹੋਵੇ। ਇਸ ਸਮੇਂ ਕੈਨੇਡਾ ਵਿੱਚ ਰਿਹਾਇਸ਼ ਦੀ ਘਾਟ, ਮਹਿੰਗਾਈ ਅਤੇ ਨੌਕਰੀਆਂ ਤੋਂ ਘਰਾਂ ਦੇ ਖਰਚੇ ਚਲਾਉਣ ਜੋਗੀ ਆਮਦਨ ਨਾ ਹੁੰਦੀ ਹੋਣ ਕਰਕੇ ਸਥਾਨਿਕ ਲੋਕ ਨਿਰਾਸ਼ਾ ਵਿੱਚ ਹਨ ਅਤੇ ਬੇਘਰੇ ਲੋਕ ਵਧੇ ਹਨ ਜੋ ਸੜਕਾਂ ਅਤੇ ਪਾਰਕਾਂ ਵਿੱਚ ਰਾਤਾਂ ਕੱਟਣ ਲਈ ਮਜਬੂਰ ਹੋ ਰਹੇ ਹਨ। ਦੂਸਰੇ ਪਾਸੇ ਦੇਸ਼ ਦੀ ਨੁਕਸਦਾਰ (ਕੰਪਿਊਟਰ) ਵਿਜਟਰ ਵੀਜਾ ਨੀਤੀ ਕਾਰਨ ਵਿਦੇਸ਼ਾਂ ਤੋਂ ਕੈਨੇਡਾ ਵਿੱਚ ਪਹੁੰਚ ਕੇ ਸ਼ਰਨ ਅਪਲਾਈ ਕਰਨ ਵਾਲੇ ਵਿਦੇਸ਼ੀਆਂ ਦੀ ਗਿਣਤੀ ਲਗਾਤਾਰ ਵੱਧ ਹੋ ਰਹੀ ਹੈ ਜਿਸ ਵਿੱਚ 2024 ਦੇ ਬੀਤੇ ਕੁਝ ਮਹੀਨਿਆਂ ਦੌਰਾਨ ਸ਼ਰਨ ਮੰਗਣ ਵਾਲੇ ਭਾਰਤੀ ਨਾਗਰਿਕਾਂ (ਵੱਡੇ ਪੱਧਰ 'ਤੇ ਪੰਜਾਬੀਆਂ) ਦੀ ਗਿਣਤੀ ਵਿੱਚ ਬੀਤੇ ਸਾਲ ਦੇ ਮੁਕਾਬਲੇ 500 ਫੀਸਦ ਅਤੇ ਬੰਗਲਾਦੇਸ਼ ਦੇ ਸ਼ਰਨਾਰਥੀਆਂ ਦੀ ਗਿਣਤੀ 1200 ਫੀਸਦ ਵਾਧਾ ਹੋਣ ਦੀ ਤਾਜਾ ਖ਼ਬਰ ਸ਼ਾਮਿਲ ਹੈ। ਕੈਨੇਡਾ ਸਰਕਾਰ ਵਲੋਂ 2023 ਵਿੱਚ 183820 ਵਰਕ ਪਰਮਿਟ ਜਾਰੀ ਕੀਤੇ ਗਏ ਸਨ ਅਤੇ ਇਹ ਨੰਬਰ ਪਿਛਲੇ ਚਾਰ ਸਾਲਾਂ ਦੌਰਾਨ ਲੱਗਭੱਗ ਦੁੱਗਣਾ ਹੋ ਗਿਆ। ਸ੍ਰੀ ਟਰੂਡੋ ਨੇ ਆਖਿਆ ਕਿ ਇਸ ਨੀਤੀ ਨੂੰ ਬਦਲਿਆ ਜਾਵੇਗਾ। 26 ਸਤੰਬਰ 2024 ਤੋਂ ਕੈਨੇਡੀਅਨ ਕਾਰੋਬਾਰਾਂ ਵਿੱਚ 10 ਫੀਸਦ ਤੋਂ ਵੱਧ ਵਿਦੇਸ਼ੀ ਕਾਮੇ ਨਹੀਂ ਰੱਖੇ ਜਾ ਸਕਣਗੇ।

# 'ਸੰਦੂਕੜੀ ਖੋਲ੍ਹ ਨਰੈਣਿਆ' ਦਾ ਸਫ਼ਲ ਮੰਚਨ





ਵਿੰਨੀਪੈਗ (ਸਰੋਕਾਰਾਂ ਦੀ ਆਵਾਜ਼ ਬਿਊਰੋ) : ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਭਾ ਵਿੰਨੀਪੈਗ ਵੱਲੋਂ 11 ਅਗਸਤ 2024 ਦੀ ਸ਼ਾਮ ਨੂੰ ਯੂਕਰੇਨੀਅਨ ਲੇਬਰ ਟੈਂਪਲ ਦੇ ਹਾਲ ਵਿੱਚ ਡਾ. ਸਾਹਿਬ ਸਿੰਘ ਦੁਆਰਾ ਲਿਖੇ ਤੇ ਖੇਡੇ ਨਾਟਕ "ਸੰਦੂਕੜੀ ਖੋਲ੍ਹ ਨਰੈਣਿਆ" ਦਾ ਸਫ਼ਲ ਮੰਚਨ ਕੀਤਾ ਗਿਆ।

ਸਟੇਜ ਦਾ ਆਗਾਜ਼ ਮੰਗਤ ਵੱਲੋਂ ਸਾਰੇ ਦਰਸ਼ਕਾਂ ਡਾ. ਸਾਹਿਬ ਸਿੰਘ ਤੇ ਉਨ੍ਹਾਂ ਦੀ ਬੇਟੀ ਅਰਸ਼ਿਕਾ ਨੂੰ ਜੀ ਆਇਆਂ ਕਹਿਣ ਨਾਲ ਹੋਇਆ। ਹਾਲ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਇਸ ਦੀ ਉਸਾਰੀ 1918 ਵਿੱਚ ਯੂਕਰੇਨੀਅਨ ਕਮਿਊਨਿਟੀ ਦੁਆਰਾ ਆਪਣੇ ਪ੍ਰਵਾਸੀ ਪੁਰਖਿਆਂ ਦੀ ਯਾਦ 'ਚ ਕੀਤੀ ਗਈ ਸੀ। 1919 ਦੀ ਜਨਰਲ ਸਟਰਾਈਕ (ਹੜਤਾਲ) ਸਮੇਂ "ਵਿੰਨੀਪੈਗ ਟਰੇਡ ਅਤੇ ਲੇਬਰ ਕੌਂਸਲ" ਜਥੇਬੰਦੀ ਵੱਲੋਂ ਇਸ ਦੀ ਵਰਤੋਂ ਮੀਟਿੰਗਾਂ ਆਦਿ ਲਈ ਕੀਤੀ ਜਾਂਦੀ ਰਹੀ ਹੈ। ਇਹ ਹੜਤਾਲ 15ਮਈ ਤੋਂ 25 ਜੂਨ ਤੱਕ 41 ਦਿਨ ਚੱਲੀ। ਇਹ ਹੜਤਾਲ ਏਨੀ ਸਫ਼ਲ ਰਹੀ ਕਿ 15 ਮਈ ਨੂੰ ਹੜਤਾਲ ਦੇ ਸੱਦੇ ਤੋਂ ਬਾਅਦ ਕੁੱਝ ਹੀ ਘੰਟਿਆ ਵਿੱਚ 30000 ਹਜ਼ਾਰ ਪ੍ਰਾਈਵੇਟ ਕਾਮੇ ਕੰਮ ਛੱਡ ਕੇ ਹੜਤਾਲ ਵਿੱਚ ਸ਼ਾਮਲ ਹੋਏ। ਸਰਕਾਰ ਨੇ ਇਸ ਹੜਤਾਲ ਨੂੰ ਜ਼ਬਰ ਦਾ ਨਿਸ਼ਾਨਾ ਬਣਾਇਆ। ਜਿਸ ਨਾਲ 30 ਹੜਤਾਲੀ ਕਾਮੇ ਜ਼ਖਮੀ ਹੋਏ ਤੇ ਦੋ ਕਾਮਿਆਂ ਦੀ ਜਾਨ ਚਲੀ ਗਈ। ਇਸ ਹੜਤਾਲ ਦੀ ਖਾਸ਼ੀਅਤ ਇਹ ਰਹੀ ਕਿ ਪਬਲਿਕ ਅਦਾਰਿਆਂ ਦੇ ਮੁਲਾਜ਼ਮਾਂ ਜਿਵੇਂ ਪੁਲੀਸ, ਫਾਇਰਮੈਨ, ਪੋਸਟਲ ਵਰਕਰਜ਼, ਟੈਲੀਫ਼ੋਨ, ਟੈਲੀਗਰਾਫ਼ ਓਪਰੇਟਰ ਅਤੇ ਜ਼ਰੂਰੀ ਸੇਵਾਵਾਂ ਵਰਕਰ ਨੇ ਵੀ ਹਮਾਇਤ ਕੀਤੀ।

ਦਰਸ਼ਨ ਮੁੱਤਾ ਉਰਫ਼ ਜੌਰਜ ਨੇ ਇਨਕਲਾਬੀ ਗੀਤ 'ਕੰਮੀਆਂ ਦਾ ਵੇਹੜਾ' ਗਾਇਆ। ਸੁਦੇਸ਼ ਢਾਲਾ ਨੇ ਬਹੁਤ ਪਿਆਰੀ ਅਵਾਜ਼ ਵਿੱਚ ਕੁਲਵੰਤ ਦਾ ਲਿਖਿਆ ਗੀਤ ਪੇਸ਼ ਕੀਤਾ। ਜਸਦੇਵ ਲਲਤੋਂ ਵੱਲੋਂ ਲਿਖੀ "ਗਰਜਦੇ ਬੋਲਗੀਤਾਂ ਦੀ ਕਿਤਾਬ ਵੀ ਲੋਕ ਅਰਪਣ ਕੀਤੀ ਗਈ। ਕਿਤਾਬ ਬਾਰੇ ਉਹਨਾਂ ਦੀ ਬੇਟੀ ਜਸਪ੍ਰੀਤ ਗਰੇਵਾਲ ਨੇ ਕੁੱਝ ਸ਼ਬਦ ਬਹੁਤ ਹੀ ਪ੍ਰਭਾਵਸ਼ਾਲੀ ਅੰਦਾਜ਼ ਨਾਲ ਕਹੇ ਤੇ ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਭਾ ਦਾ ਧੰਨਵਾਦ ਕੀਤਾ।



ਹੁਣ ਵਾਰੀ ਸੀ ਡਾ. ਸਾਹਿਬ ਸਿੰਘ ਦੇ ਨਾਟਕ "ਸੰਦੂਕੜੀ ਖੋਲ੍ਹ ਨਰੈਣਿਆ" ਦੀ ਸਟੇਜ ਤੋਂ ਨਾਟਕ ਬਾਰੇ ਅਨਾਊਂਸ ਹੁੰਦਿਆਂ ਹੀ ਹਾਜ਼ਰੀਨ ਨੇ ਤਾੜੀਆਂ ਨਾਲ ਡਾ. ਸਾਹਿਬ ਸਿੰਘ ਦਾ ਸੁਆਗਤ ਕੀਤਾ। ਨਾਟਕ ਵੱਖ-ਵੱਖ ਘਟਨਾਵਾਂ 'ਤੇ ਅਧਾਰਤ ਸੀ। ਨਾਟਕ ਵਿੱਚ ਕੁੱਝ ਸ਼ੀਨ ਅਜੇਹੇ ਸਨ ਜੋ ਬਹੁਤ ਹੀ ਭਾਵੁਕ, ਕਰੁਣਾਮਈ, ਖੁਸ਼ੀ ਦੇ ਪਲ, ਆਸਾਵਾਂ, ਉਮੀਦਾਂ, ਉਮੰਗਾਂ ਤੇ ਉਦਾਸ ਕਰਨ ਵਾਲੇ ਸਨ, ਜਿਨ੍ਹਾਂ ਨੂੰ ਨਾਟਕਕਾਰ ਨੇ ਅਤਿਅੰਤ ਪ੍ਰਭਾਵਸ਼ਾਲੀ ਸ਼ਬਦਾਂ ਰਾਹੀ ਸਫ਼ਲਤਾ ਨਾਲ ਪੇਸ਼ ਕੀਤਾ। ਲੱਗਭਗ ਦੋ ਤਿੰਨ ਵਾਰ ਅਜਿਹੇ ਪਲ ਆਏ ਜਦੋਂ ਦਰਸ਼ਕਾਂ ਦੀਆਂ ਅੱਖਾਂ ਨਮ ਹੋਈਆਂ।

ਨਾਟਕ ਪੰਜਾਬੀ ਸਮਾਜ, ਨੌਜਵਾਨਾਂ ਦੀਆਂ ਸਮੱਸਿਆਵਾਂ ਨੂੰ ਟਿੱਕਦਾ ਹੋਇਆ ਉਹਨਾਂ ਦੇ ਦਰਦ ਨੂੰ ਪੇਸ਼ ਕਰਦਾ ਹੈ ਤੇ ਇਸ ਲਈ ਜ਼ਿੰਮੇਵਾਰ ਕਾਰਕਾਂ ਨੂੰ ਟਿੱਕਦਾ ਹੋਇਆ ਨਾਟਕ ਜਾਤਪਾਤੀ ਕੋਹੜ, ਫ਼ਿਰਕਾਪ੍ਰਸਤੀ, ਸਮਾਜਿਕ ਨਾ-ਬਰਾਬਰੀ, ਧਾਰਮਿਕ ਕੱਟੜਤਾ, ਪੂੰਜੀਵਾਦੀ ਤੇ ਜਗੀਰੂ ਪ੍ਰਬੰਧ ਦੀ ਲੋਕਾਂ ਪ੍ਰਤੀ ਬੇਰੁੱਖੀ 'ਤੇ ਸਫ਼ਲ ਕਟਾਕਸ਼ ਕਰਦਾ ਹੈ ਤੇ ਆਪਸੀ ਵਿਚਾਰ ਚਰਚਾ ਤੇ ਜ਼ੋਰ ਦਿੰਦਾ ਹੈ।

ਨਾਟਕ ਦਾ ਅੰਤ ਬੜੇ ਹੀ ਪ੍ਰਭਾਵਸ਼ਾਲੀ ਢੰਗ ਨਾਲ ਸੁਰਜੀਤ ਪਾਤਰ ਦੇ ਇਨ੍ਹਾਂ ਬੋਲਾਂ ਨਾਲ ਹੁੰਦਾ ਹੈ "ਮੈਂ ਲੱਭ ਕੇ ਕਿਤਿਓ ਲਿਆਊਂਨਾ ਕਲਮਾਂ, ਤੂੰ ਫੁੱਲਾਂ ਜੋਗੀ ਜ਼ਮੀਨ ਰੱਖੀ" ਨਾਲ ਨਾਟਕ ਦਾ ਅੰਤ ਹੋਇਆ। ਪਰ ਇੱਕ ਗੱਲ ਬਹੁਤ ਰੜਕੀ ਕਿ ਨਾਟਕ ਸਮੱਸਿਆਵਾਂ ਤਾਂ ਦੱਸਦਾ ਹੈ ਪ੍ਰੰਤੂ ਉਹਨਾਂ ਦਾ ਹੱਲ ਲੋਕਾਂ ਤੇ ਛੱਡਦਾ ਹੈ। ਨਾਟਕ ਦੇ ਅੰਤ 'ਚ ਹਾਜ਼ਰੀਨ ਨੇ ਖੜੇ ਹੋਕੇ ਤਾੜੀਆਂ ਨਾਲ ਹਾਲ ਗੂੰਜਾ ਦਿੱਤਾ। ਕਮਾਲ ਦੀ ਗੱਲ ਇਹ ਸੀ ਕਿ ਨਾਟਕ ਖਤਮ ਹੋਣ ਤੇ ਵੀ ਲੋਕ ਉੱਠਕੇ ਜਾਣ ਲਈ ਤਿਆਰ ਨਹੀਂ ਸਨ।

ਇਸ ਪ੍ਰੋਗਰਾਮ ਨੂੰ ਸਫ਼ਲ ਕਰਨ ਲਈ ਬਹੁਤ ਸਾਰੇ ਅਖਬਾਰ, ਰੇਡੀਓ ਤੇ ਟੀ ਵੀ ਵਾਲਿਆਂ ਹਿੱਸਾ ਪਾਇਆ ਪਰ ਕੁੱਝ ਅਜਿਹੀਆਂ ਹਸਤੀਆਂ ਵੀ ਵਰਨਣਯੋਗ ਹਨ, ਜਿਨ੍ਹਾਂ ਦੇ ਸਹਿਯੋਗ ਤੇ ਮੱਦਦ ਤੋਂ ਬਿਨਾਂ ਸਭਾ ਵਰਗੀ ਸਮਰੱਥਾ ਤੇ ਸਾਧਨਾਂ ਪੱਖੋਂ ਛੋਟੀ ਇਕਾਈ ਲਈ ਇਹ ਪ੍ਰੋਗਰਾਮ ਕਰਨੇ/ਕਰਵਾਉਣੇ ਲੱਗਭਗ ਨਾਮੁਮਕਿਨ ਤਾਂ ਨਹੀਂ, ਪਰ ਔਖੇ ਜ਼ਰੂਰ ਹਨ। ਉਹ ਹਨ ਰਾਜਿੰਦਰ ਸੇਖੋਂ ਤੇ ਪ੍ਰੀਵਾਰ, ਪਰਗਟ ਸਿੰਘ ਅੱਚਰਵਾਲ ਤੇ ਪ੍ਰੀਵਾਰ, ਰਾਜਬਲਵਿੰਦਰ ਸਿੰਘ, ਲਵਦੀਪ ਕੌਰ, ਬਿੱਕਰਮਜੀਤ ਸਿੰਘ, ਅਰਸ਼ਦੀਪ ਸਿੰਘ ਆਸ਼ੂ, ਪ੍ਰਭਜੀਤ ਸਿੰਘ, ਦਰਸ਼ਨ ਵਾਂਦਰ, ਹਰਿੰਦਰ ਗਿੱਲ ਤੇ ਪ੍ਰੀਵਾਰ ਦਾ ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਭਾ ਤਹਿ ਦਿੱਲੋਂ ਧੰਨਵਾਦ ਕਰਦੀ ਹੈ।








ਸੈਮੀਨਾਰ

# ਅੰਤਰਰਾਸ਼ਟਰੀ ਵਿਦਿਆਰਥੀਆਂ ਦੀਆਂ ਸਮੱਸਿਆਵਾਂ 'ਤੇ ਗੰਭੀਰ ਚਿੰਤਨ




ਬਰੈਂਪਟਨ, (ਡਾ. ਝੰਡ) : ਜੀਟੀਏ ਦੀ ਲਿਟਰੇਰੀ ਤੇ ਸੱਭਿਆਚਾਰਕ ਸੰਸਥਾ 'ਲਿਟਰੇਰੀ ਰਿਫਲੈੱਕਸ਼ਨਜ਼ ਵੱਲੋਂ ਬਰੈਂਪਟਨ ਦੇ 'ਪੰਜਾਬੀ ਭਵਨ' ਵਿਖੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਸੈਮੀਨਾਰ ਦਾ ਆਯੋਜਨ ਕਿਤਾ ਗਿਆ। ਸੈਮੀਨਾਰ ਦਾ ਆਰੰਭ ਕਰਦੇ ਹੋਏ ਸੰਸਥਾ ਦੀ ਕਨਵੀਨਰ ਸੁਰਜੀਤ ਕੌਰ ਟੋਰਾਂਟੋ ਨੇ ਇਸ ਸੰਸਥਾ ਦੇ ਉਦੇਸ਼ਾਂ ਅਤੇ ਸਰਗਰਮੀਆਂ ਬਾਰੇ ਜਾਣਕਾਰੀ ਸਾਂਝੀ ਕਰਨ ਉਪਰੰਤ ਸਟੇਜ 'ਓਮਨੀ ਟੀ.ਵੀ.' ਦੀ ਪੱਤਰਕਾਰ ਬੀਬਾ ਲਵੀਨ ਗਿੱਲ ਦੇ ਹਵਾਲੇ ਕਰ ਦਿੱਤੀ ਜਿਸ ਨੇ ਪ੍ਰੋ. ਜਗੀਰ ਸਿੰਘ ਕਾਹਲੋਂ ਨੂੰ ਸੈਮੀਨਾਰ ਦੇ ਬੁਲਾਰਿਆਂ ਬਾਰੇ ਜਾਣਕਾਰੀ ਦੇਣ ਲਈ ਕਿਹਾ।

ਪ੍ਰੋ. ਕਾਹਲੋਂ ਨੇ ਦੱਸਿਆ ਕਿ ਪਿਛਲੇ ਕੁਝ ਸਾਲਾਂ ਤੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਕਈ ਕਿਸਮ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਨ੍ਹਾਂ ਵਿਚ ਕਈ ਕਾਲਜਾਂ ਬੰਦ ਕਰਕੇ ਵਿਦਿਆਰਥੀਆਵਾਂ ਨੂੰ ਦੇਸ਼-ਨਿਕਾਲਾ ਦੇਣਾ, ਫ਼ੀਸਾਂ ਵਿਚ ਵਾਧਾ ਕਰਨਾ, ਵਿਦਿਆਰਥੀਆਵਾਂ ਨੂੰ ਨਿਰਧਾਰਿਤ ਕੰਮ ਨਾ ਮਿਲਣਾ, ਰਿਹਾਇਸ਼ੀ ਦਿੱਕਤਾਂ ਅਤੇ ਪਿੱਛੇ ਮਾਪਿਆਂ ਵੱਲੋਂ ਡਾਲਰਾਂ ਦੀ ਮੰਗ, ਆਦਿ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਦਿੱਕਤਾਂ ਕਾਰਨ ਕਈ ਵਿਦਿਆਰਥੀ ਡਿਪਰੈੱਸ਼ਨ ਵਿਚ ਚਲੇ ਜਾਂਦੇ ਹਨ। ਉਨ੍ਹਾਂ ਵਿੱਚੋਂ ਕਈ ਖ਼ੁਦਕਸ਼ੀਆਂ ਕਰ ਜਾਂਦੇ ਹਨ ਅਤੇ ਕਈ ਦਿਲ ਦੀਆਂ ਭਿਆਨਕ ਬੀਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਡਾ. ਕੁਲਦੀਪ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚੋਂ ਬਤੌਰ ਪ੍ਰੋਫ਼ੈਸਰ ਸੇਵਾ-ਮੁਕਤ ਹੋਏ ਹਨ, ਪ੍ਰੋ. ਬਾਵਾ ਸਿੰਘ ਪੰਜਾਬ ਦੇ ਕਾਲਜਾਂ ਵਿਚ ਅੰਗਰੇਜ਼ੀ ਪੜ੍ਹਾਉਂਦੇ ਰਹੇ ਹਨ ਅਤੇ ਭਾਰਤ ਸਰਕਾਰ ਦੇ ਘੱਟ ਗਿਣਤੀ ਦੇ ਉਪ-ਚੇਅਰਮੈਨ ਰਹੇ ਹਨ। ਤੀਸਰੇ ਬੁਲਾਰੇ ਨਿਰਲੇਪ ਸਿੰਘ ਗਿੱਲ ਪੰਜਾਬੀ ਕਮਿਊਨਿਟੀ ਹੈੱਲਥ ਸਰਵਿਸਿਜ਼ ਵਿਚ ਬਤੌਰ ਕਾਊਂਸਲਰ ਕੰਮ ਕਰ ਰਹੇ ਹਨ ਤੇ ਜੇਲ੍ਹਾਂ ਵਿਚ ਬੰਦ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਕਾਊਂਸਲਿੰਗ ਕਰਦੇ ਹਨ ਅਤੇ ਚੌਥੇ ਬੁਲਾਰੇ ਕੁਮਾਰੀ ਐੱਮ. ਸੁੰਦਰ ਸਿੰਘ ਪਿਛਲੇ ਲੰਮੇਂ ਸਮੇਂ ਤੋਂ ਕੈਨੇਡਾ ਵਿਚ ਇੱਕ ਐੱਨ.ਜੀ.ਓ. ਚਲਾ ਰਹੇ ਹਨ ਜੋ ਔਰਤਾਂ ਦੇ ਮੁੜ-ਵਸੇਬੇ ਬਾਰੇ ਕਾਰਜਸ਼ੀਲ ਹੈ।



ਪਹਿਲੇ ਬੁਲਾਰੇ ਡਾ. ਕੁਲਦੀਪ ਸਿੰਘ ਨੇ ਦੱਸਿਆ ਕਿ ਪੰਜਾਬ ਵਿਚ ਗੁਣਵੰਤਾ ਸਿੱਖਿਆ ਦੀ ਘਾਟ ਅਤੇ ਬੇਰੋਜ਼ਗਾਰੀ ਕਾਰਨ ਬਹੁਤੇ ਪੰਜਾਬੀ ਵਿਦਿਆਰਥੀ ਵਿਦੇਸ਼ਾਂ ਦਾ ਰੁਖ਼ ਕਰਦੇ ਹਨ, ਕਿਉਂਕਿ ਉਨ੍ਹਾਂ ਨੂੰ ਉੱਥੇ ਆਪਣਾ ਭਵਿੱਖ ਹਨੇਰਾ ਦਿਖਾਈ ਦਿੰਦਾ ਹੈ। ਦੂਸਰੇ ਬੁਲਾਰੇ ਪ੍ਰੋ. ਬਾਵਾ ਸਿੰਘ ਨੇ ਸਮੁੱਚੇ ਪਰਵਾਸ ਬਾਰੇ ਗੱਲ ਕਰਦਿਆਂ ਦੱਸਿਆ ਕਿ 19'ਵੀਂ ਸਦੀ ਦੇ ਅੰਤ ਤੇ 20'ਵੀਂ ਦੇ ਆਰੰਭ ਵਿਚ ਪੰਜਾਬ ਵਿਚ ਪਏ ਅਕਾਲ਼ਾਂ ਅਤੇ ਜ਼ਮੀਨਾਂ ਦੇ ਨਕਦ ਮਾਮਲੇ ਨਾ ਦੇ ਸਕਣ ਕਾਰਨ ਪੰਜਾਬੀਆਂ ਨੇ ਬਾਹਰਲੇ ਦੇਸ਼ਾਂ ਵੱਲ ਰੁਖ਼ ਕੀਤਾ। ਜਦੋਂ ਪੰਜਾਬ ਵਿਚ ਚੰਗੇਰਾ ਭਵਿੱਖ ਨਾ ਦਿਸਿਆ ਤਾਂ ਵਿਦਿਆਰਥੀ ਖ਼ਾਸ ਕਰਕੇ ਵਿਦੇਸ਼ਾਂ ਵੱਲ ਰੁਚਿਤ ਹੋਏ ਜਿਨ੍ਹਾਂ ਵਿੱਚੋਂ ਬਹੁ-ਗਿਣਤੀ ਕੈਨੇਡਾ ਵਿਚ ਪਹੁੰਚੀ ਅਤੇ ਹੁਣ ਇੱਥੇ ਸਮੱਸਿਆਵਾਂ ਦਾ ਸਾਹਮਣਾ ਕਰ ਰਹੀ ਹੈ। ਉਨ੍ਹਾਂ ਦੀ ਹਰ ਪੱਧਰ 'ਤੇ ਲੁੱਟ ਹੋ ਰਹੀ ਹੈ ਜਿਸ ਵਿਚ ਕੰਮਾਂ ਦੀ ਘਾਟ ਕਰਕੇ ਉਨ੍ਹਾਂ ਕੋਲੋਂ ਘੱਟ ਉਜਰਤ 'ਤੇ ਕੰਮ ਕਰਵਾਉਣਾ ਅਤੇ ਕੰਮ ਕਰਵਾ ਕੇ ਪੈਸੇ ਨਾ ਦੇਣਾ, ਆਦਿ ਸ਼ਾਮਲ ਹਨ।

ਤੀਸਰੇ ਬੁਲਾਰੇ ਨਿਰਲੇਪ ਸਿੰਘ ਗਿੱਲ ਨੇ ਦੱਸਿਆ ਕਿ ਬਹੁਤ ਸਾਰੇ ਅੰਤਰਰਾਸ਼ਟਰੀ ਵਿਦਿਆਰਥੀ ਕਰਾਈਮ, ਡਰੱਗ, ਚੋਰੀ, ਆਦਿ ਮਾਮਲਿਆਂ ਵਿਚ ਸ਼ਾਮਲ ਹੋਣ ਕਰਕੇ ਜੇਲਾਂ ਵਿਚ ਬੰਦ ਹਨ। ਉਨ੍ਹਾਂ ਉੱਪਰ ਕਈ ਕਈ ਦੋਸ਼ ਆਇਦ ਹਨ ਅਤੇ ਉਨ੍ਹਾਂ ਕੋਲ ਹੁਣ ਕੋਈ ਵੀ ਲੋੜੀਂਦੇ ਦਸਤਾਵੇਜ਼ ਨਹੀਂ ਹਨ। ਉਨ੍ਹਾਂ ਕੋਲ ਦੇਸ਼ ਵਾਪਸ ਪਰਤਣ ਤੋਂ ਬਿਨਾਂ ਕੋਈ ਚਾਰਾ ਨਹੀਂ ਹੈ ਜਿਸ ਦੇ ਲਈ ਉਹ ਮਾਨਸਿਕ ਤੌਰ 'ਤੇ ਤਿਆਰ ਨਹੀਂ ਹਨ। ਮਾਪਿਆਂ ਵੱਲੋਂ ਭੇਜਣ ਲੱਗਿਆਂ ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਤਿਆਰ ਨਹੀਂ ਕੀਤਾ ਗਿਆ ਜਿਸ ਦੇ ਨਤੀਜੇ ਵਜੋਂ ਉਹ ਇੱਥੋਂ ਦੇ ਕਾਨੂੰਨ ਅਤੇ ਹੋਰ ਨਿਯਮਾਂ ਤੋਂ ਜਾਣੂੰ ਨਹੀਂ ਹਨ। ਸੈਮੀਨਾਰ ਦੇ ਆਖ਼ਰੀ ਬੁਲਾਰੇ ਕੁਮਾਰੀ ਸੁੰਦਰ ਸਿੰਘ ਨੇ ਇਕ ਵਿਦਿਆਰਥਣ ਦੀ ਦਰਦ-ਭਰੀ ਵਿਥਿਆ ਦੱਸਦਿਆਂ ਕਿਹਾ ਕਿ ਉਸ ਦੇ ਕੰਮ ਵਾਲੀ ਥਾਂ 'ਤੇ ਉਸ ਦਾ ਮਾਲਕ ਉਸ ਨੂੰ ਜਾਣ ਬੁੱਝ ਕੇ ਰਾਤ ਦੀ ਸ਼ਿਫ਼ਟ ਦਾ ਕੰਮ ਦਿੰਦਾ ਹੈ ਅਤੇ ਆਨੇ-ਬਹਾਨੇ ਉਸ ਨੂੰ "ਆਖੇ ਲੱਗਣ" ਲਈ ਕਹਿੰਦਾ ਹੈ ਅਤੇ ਇਸ ਬਦਲੇ ਉਸ ਨੂੰ ਚੋਖੇ ਡਾਲਰਾਂ ਦੀ ਪੇਸ਼ਕਸ਼ ਵੀ ਕਰਦਾ ਹੈ। ਉਸ ਦੇ "ਆਖੇ ਲੱਗਣ" ਦੀ ਥਾਂ ਉਹ ਵਿਦਿਆਰਥਣ ਕੁਮਾਰੀ ਸੁੰਦਰ ਸਿੰਘ ਦੀ ਸਲਾਹ ਲੈਂਦੀ ਅਤੇ ਇਨ੍ਹਾਂ ਦੀ ਸੰਸਥਾ ਉਸ ਨੂੰ ਹੋਰ ਕੰਮ ਲੱਭ ਕੇ ਦਿੰਦੀ ਹੈ। ਉਹ ਹੋਰ ਲੜਕੀਆਂ ਨੂੰ ਵੀ ਸਲਾਹ ਦਿੰਦੀ ਹੈ ਕਿ ਉਹ ਇੱਥੇ ਕੋਈ ਸਿਖਲਾਈ ਲੈ ਕੇ ਉਸ ਕੰਮ ਵਿਚ ਤਾਕ ਹੋ ਜਾਣ ਤਾਂ ਹੀ ਉਹ ਕੈਨੇਡਾ ਵਿਚ ਸਵੈਮਾਣ ਦਾ ਜੀਵਨ ਜੀਅ ਸਕਦੀਆਂ ਹਨ।




ਪ੍ਰਸ਼ਨ-ਉੱਤਰ ਸੈਸ਼ਨ ਵਿਚ ਪ੍ਰੋ. ਇੰਦਰਦੀਪ ਸਿੰਘ, ਹੀਰਾ ਸਿੰਘ ਹੰਸਪਾਲ, ਡਾ. ਲਖਵਿੰਦਰ ਸਿੰਘ, ਡਾ. ਹਰਦੀਪ ਸਿੰਘ ਅਟਵਾਲ, ਪ੍ਰੋ. ਅਤੈ ਸਿੰਘ, ਨਾਹਰ ਸਿੰਘ ਔਜਲਾ, ਬਲਜੀਤ ਸਿੰਘ ਸਿਕੰਦ, ਭੁਪਿੰਦਰ ਸਿੰਘ ਧਾਲੀਵਾਲ ਸਮੇਤ ਕਈਆਂ ਵੱਲੋਂ ਸੁਆਲ ਕੀਤੇ ਗਏ ਜਿਨ੍ਹਾਂ ਦੇ ਬੁਲਾਰਿਆਂ ਵੱਲੋਂ ਢੁਕਵੇਂ ਉੱਤਰ ਦਿੱਤੇ ਗਏ। ਵਿਦਿਆਰਥੀ ਜਥੇਬੰਦੀ ਆਗੂ ਬਿਕਰਮ ਸਿੰਘ ਕੁੱਲੇਵਾਲ ਆਪਣੇ ਸਾਥੀਆਂ ਨਾਲ ਇਸ ਸੈਮੀਨਾਰ ਵਿਚ ਸ਼ਾਮਲ ਹੋਏ। ਉਨ੍ਹਾਂ ਨੇ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਜਿਨ੍ਹਾਂ ਦੇ ਕੋਈ ਯੋਗ ਹੱਲ ਨਹੀਂ ਲੱਭੇ ਜਾ ਰਹੇ, ਦੇ ਸਮਾਧਾਨ ਲਈ ਉਨ੍ਹਾਂ ਵੱਲੋਂ ਕੀਤੇ ਜਾ ਰਹੇ ਸੰਘਰਸ਼ ਬਾਰੇ ਦੱਸਿਆ। ਇਸ ਦੌਰਾਨ ਡਾ. ਸੁਖਦੇਵ ਸਿੰਘ ਝੰਡ ਨੇ ਸੈਮੀਨਾਰ 'ਤੇ ਟਿੱਪਣੀ ਕਰਦੇ ਹੋਏ ਕਿਹਾ ਕਿ ਜੋ ਵਿਦਿਆਰਥੀ ਇਸ ਸਮੇਂ ਕੈਨੇਡਾ ਆ ਚੁੱਕੇ ਹਨ ਅਤੇ ਆਪਣੀ ਪੜ੍ਹਾਈ ਪੂਰੀ ਕਰ ਚੁੱਕੇ ਹਨ, ਉਨ੍ਹਾਂ ਨੂੰ ਵਾਪਸ ਨਹੀਂ ਭੇਜਿਆ ਜਾਣਾ ਚਾਹੀਦਾ, ਕਿਉਂਕਿ ਕੈਨੇਡਾ ਨੂੰ ਪੜ੍ਹੀ ਲਿਖੀ 'ਵਰਕ-ਫੋਰਸ' ਦੀ ਕਾਫ਼ੀ ਜ਼ਰੂਰਤ ਹੈ ਜਿਸ ਦੇ ਲਈ ਸਰਕਾਰ ਵੱਲੋਂ ਪਿਛਲੇ ਕੁਝ ਸਾਲਾਂ ਵਿਚ ਵੱਡੀ ਗਿਣਤੀ ਵਿਚ ਸਟੂਡੈਂਟ-ਵੀਜ਼ੇ ਜਾਰੀ ਕੀਤੇ ਗਏ ਸਨ।

ਸੈਮੀਨਾਰ ਵਿਚ ਸ਼ਾਮਲ ਹੋਣ ਵਾਲਿਆਂ ਵਿਚ ਪ੍ਰੋ. ਕਸ਼ਮੀਰ ਸਿੰਘ ਨਾਗੀ, ਪ੍ਰੋ. ਸਿਕੰਦਰ ਸਿੰਘ ਗਿੱਲ, ਪ੍ਰਿੰਸੀਪਲ ਸੁਖਚਰਨਜੀਤ ਕੌਰ ਗਿੱਲ, ਪ੍ਰੋ. ਪਰਮਜੀਤ ਸਿੰਘ ਯਾਰਕ ਯੂਨੀਵਰਸਿਟੀ, ਡਾ. ਦਲਬੀਰ ਸਿੰਘ ਕਥੂਰੀਆ, ਹਰਜੀਤ ਸਿੰਘ ਗਿੱਲ, ਰੰਗ-ਕਰਮੀ ਸੀਰਤਪਾਲ ਕੌਰ, ਭੁਪਿੰਦਰ ਸਿੰਘ ਧਾਲੀਵਾਲ, ਡਾ. ਕੰਵਲਜੀਤ ਕੌਰ ਢਿੱਲੋਂ, ਰਮਿੰਦਰ ਰੰਮੀ, ਕੁਮਾਰੀ ਨਿਰਮਲਾ ਫਿਲੌਰ, ਬਲਦੇਵ ਸਿੰਘ ਬਰਾੜ ਤੇ ਕਈ ਹੋਰ ਸ਼ਾਮਲ ਸਨ, ਜਦਕਿ ਜੰਗ ਸਿੰਘ ਪਨਾਗ, ਗੁਰਮੀਤ ਪਨਾਗ, ਸਰਬਜੀਤ ਕਾਹਲੋਂ, ਕੁਮਾਰੀ ਅਨੂੰ ਫਿਲੌਰ ਨੇ ਪ੍ਰਬੰਧਕੀ ਕਾਰਜਾਂ ਵਿਚ ਹਿੱਸਾ ਪਾਇਆ। ਇਸ ਦੌਰਾਨ ਮਾਡਰੇਟਰ ਦੀ ਅਹਿਮ ਭੂਮਿਕਾ ਲਵੀਨ ਗਿੱਲ ਵੱਲੋਂ ਬਾਖ਼ੂਬੀ ਨਿਭਾਈ ਗਈ ਅਤੇ ਸੈਮੀਨਾਰ ਦੇ ਬੁਲਾਰਿਆਂ ਅਤੇ ਸਰੋਤਿਆਂ ਦਾ ਧੰਨਵਾਦ ਸੁਰਜੀਤ ਕੌਰ ਵੱਲੋਂ ਕੀਤਾ ਗਿਆ। ਸੈਮੀਨਾਰ ਦੇ ਆਯੋਜਨ ਲਈ 'ਵਿਸ਼ਵ ਪੰਜਾਬੀ ਭਵਨ' ਦੇਣ ਲਈ ਉਨ੍ਹਾਂ ਡਾ. ਦਲਬੀਰ ਸਿੰਘ ਦਾ ਵਿਸ਼ੇਸ਼ ਧੰਨਵਾਦ ਕੀਤਾ।

Sandhu G Construction Ltd.
Preparation- Shower Base - Water Proof
We can install Ceramic Tiles & Marble,Back Splash Tiles,
Tiles on Walls, Kitchen,Washroom or anywhere in Home.
You can upgrade your Kitchen or Washroom
ਵਰਕਰ ਦੀ ਤੁਰੰਤ ਲੋੜ
ਕੈਲਗਰੀ 'ਚ ਪੁਰਾਣੇ ਜਾਂ ਨਵੇਂ ਘਰਾਂ ਵਿਚ
ਟਾਇਲਾਂ, ਮਾਰਬਲ ਲਗਵਾਉਣ ਅਤੇ
ਤਸੱਲੀਬਖਸ਼ ਕੰਮ ਕਰਵਾਉਣ
ਲਈ ਸੰਪਰਕ ਕਰੋ

Harmanjot Dhudike
403-975-0006
Sharmanjot22@gmail.com


KHALSA COLLECTION
RELIGIOUS CULTURAL
+1 587-917-0807
UNIT 3210 2ND FLOOR, 4310 104 AVE NE, CALGARY, AB
WWW.KHALSACOLLECTION.CA
KHALSACOLLECTIONCALGARY
Gutka Sahib, Gurbani Radio & USB, Gatka & Dumalla Shaster
Wall Decor, Musical Instruments, Religious & Cultural Accessories
Loose fabric, Gents & Ladies Stitched suits, Dastaar, Shawl & Lohi
UTENSILS Sarabloh, Copper, Steel & Clay
WEDDING ITEMS All types of wedding needs, Apparel & Jagoo rental,

# ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬ ਦੇ ਸਾਲਾਨਾ ਮੇਲੇ 'ਚ ਲੱਗੀਆਂ ਖ਼ੂਬ ਰੌਣਕਾਂ

## ਗਿੱਧਾ, ਭੰਗੜਾ, ਜਾਗੋ, ਨਾਟਕ, ਗੀਤ-ਸੰਗੀਤ ਤੇ ਹੋਰ ਆਈਟਮਾਂ ਨਾਲ ਹੋਇਆ ਸਰੋਤਿਆਂ ਦਾ ਮਨੋਰੰਜਨ













ਬਰੈਂਪਟਨ, (ਡਾ. ਝੰਡ) : ਬੀਤੇ ਦਿਨੀਂ ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਆਫ਼ ਬਰੈਂਪਟਨ ਜੋ ਇਸ ਸਮੇਂ ਬਰੈਂਪਟਨ ਦੀਆਂ 44 ਸੀਨੀਅਰਜ਼ ਕਲੱਬਾਂ ਦੀ 'ਛਤਰੀ' ਬਣਕੇ ਬਾਖ਼ੂਬੀ ਨੁਮਾਇੰਦਗੀ ਕਰ ਰਹੀ ਹੈ, ਦੀ ਅਗਵਾਈ ਹੇਠ ਆਪਣੇ ਸਲਾਨਾ ਸਮਾਗ਼ਮ ਦਾ ਸ਼ਾਨਦਾਰ ਆਯੋਜਨ ਕੀਤਾ ਗਿਆ। ਬਰੈਂਪਟਨ ਦੇ 'ਸੇਵ ਮੈਕਸ ਸਪੋਰਟਸ ਸੈਂਟਰ' ਦੇ ਵਿਸ਼ਾਲ ਹਾਲ ਵਿਖੇ ਸਵੇਰੇ 11.00 ਵਜੇ ਤੋਂ ਆਰੰਭ ਹੋਏ ਸ਼ਾਮ 5.00 ਵਜੇ ਤੱਕ ਚੱਲੇ ਇਸ ਸਮਾਗ਼ਮ ਵਿਚ ਇਹ ਹਾਲ ਸਾਰਾ ਸਮਾਂ ਭਰਿਆ ਰਿਹਾ। ਕੁਰਸੀਆਂ ਨਾ ਮਿਲਣ ਕਰਕੇ ਕਈਆਂ ਨੂੰ ਖਲੋ ਕੇ ਹੀ ਇਸ ਰੌਣਕ ਭਰਪੂਰ ਸਮਾਗ਼ਮ ਦਾ ਅਨੰਦ ਮਾਨਣਾ ਪਿਆ। ਸਮਾਗ਼ਮ ਦੀ ਸ਼ੁਰੂਆਤ ਬੇਟੀ ਅਸ਼ਨੀਰ ਕੌਰ ਮਾਂਗਟ ਵੱਲੋਂ ਗਾਏ ਕੈਨੇਡਾ ਦੇ ਰਾਸ਼ਟਰੀ-ਗੀਤ 'ਓ ਕੈਨੇਡਾ' ਨਾਲ ਕੀਤੀ ਗਈ ਜਿਸ ਨੇ ਉਸ ਤੋਂ ਬਾਅਦ ਆਪਣੀ ਸੁਰੀਲੀ ਆਵਾਜ਼ ਵਿਚ ਗੁਰਬਾਣੀ ਦਾ ਸ਼ਬਦ 'ਤੁਮ ਕਰੋ ਦਇਆ ਮੇਰੇ ਸਾਈਂ' ਵੀ ਗਾਇਆ। ਪ੍ਰਧਾਨਗੀ-ਮੰਡਲ ਵਿਚ ਐਸੋਸੀਏਸ਼ਨ ਦੀ ਕਾਰਜਕਾਰਨੀ ਦੇ ਮੈਂਬਰਾਂ ਦੇ ਨਾਲ ਬਰੈਂਪਟਨ ਦੇ ਮੇਅਰ ਪੈਟਰਿਕ ਬਰਾਊਨ ਅਤੇ ਓਨਟਾਰੀਓ ਸੂਬਾ ਸਰਕਾਰ ਦੇ ਟਰਾਂਸਪੋਰਟ ਮੰਤਰੀ ਪ੍ਰਭਮੀਤ ਸਿੰਘ ਸਰਕਾਰੀਆ, ਉੱਘੇ ਖੇਡ-ਲੇਖਕ ਪ੍ਰਿੰਸੀਪਲ ਸਰਵਣ ਸਿੰਘ, ਕੰਪਿਊਟਰ ਮਾਹਿਰ ਕਿਰਪਾਲ ਸਿੰਘ ਪੰਨੂੰ ਤੇ ਕਈ ਹੋਰ ਸੁਸ਼ੋਭਿਤ ਸਨ।

ਮੇਅਰ ਬਰਾਊਨ ਨੇ ਆਪਣੇ ਸੰਬੋਧਨ ਵਿਚ ਐਸੋਸੀਏਸ਼ਨ ਦੇ ਮੈਂਬਰਾਂ ਤੇ ਸਮੂਹ ਸੀਨੀਅਰਾਂ ਨੂੰ ਸਮਾਗ਼ਮ ਦੀ ਵਧਾਈ ਦਿੰਦਿਆਂ ਹੋਇਆਂ ਬਰੈਂਪਟਨ ਸਿਟੀ ਵੱਲੋਂ ਸੀਨੀਅਰਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ, ਖ਼ਾਸ ਕਰਕੇ ਫ਼ਰੀ ਬੱਸ ਪਾਸਾਂ ਦਾ ਵਿਸ਼ੇਸ਼ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਸੀਨੀਅਰ ਸਾਡੇ ਸਮਾਜ ਦਾ ਅਹਿਮ ਅੰਗ ਹਨ ਅਤੇ ਉਨ੍ਹਾਂ ਦੀ ਸੇਵਾ-ਸੰਭਾਲ ਸਰਕਾਰਾਂ ਦੀ ਜ਼ਿੰਮੇਵਾਰੀ ਬਣਦੀ ਹੈ ਜੋ ਕੈਨੇਡਾ ਦੀਆਂ ਤਿੰਨੇ ਪੱਧਰ ਦੀਆਂ ਸਰਕਾਰਾਂ ਬਾਖ਼ੂਬੀ ਨਿਭਾਅ ਰਹੀਆਂ ਹਨ। ਮੰਤਰੀ ਪ੍ਰਭਮੀਤ ਨੇ ਓਨਟਾਰੀਓ ਸਰਕਾਰ ਵੱਲੋਂ ਸੀਨੀਅਰਜ਼ ਲਈ ਕੀਤੇ ਜਾ ਰਹੇ ਕੰਮਾਂ ਦਾ ਵਰਨਣ ਕਰਦਿਆਂ ਉਨ੍ਹਾਂ ਦੇ ਲਈ ਹਰੇਕ ਕਿਸਮ ਦੀ ਬਣਦੀ ਸਹੂਲਤ ਦੇਣ ਦਾ ਭਰੋਸਾ ਦਿਵਾਇਆ। ਫ਼ੈਡਰਲ ਮਨਿਸਟਰ ਕਮਲ ਖਹਿਰਾ, ਮੈਂਬਰ ਪਾਰਲੀਮੈਂਟ ਸੋਨੀਆ ਸਿੱਧੂ ਤੇ ਸ਼ਫ਼ਕਤ ਅਲੀ ਸਮਾਗ਼ਮ ਵਿਚ ਦੇਰ ਨਾਲ ਬਾਅਦ ਦੁਪਹਿਰ 3.30 ਵਜੇ ਪਹੁੰਚੇ, ਕਿਉਂਕਿ ਉਹ ਉਸ ਦਿਨ ਸਵੇਰ ਸਮੇਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਬਰੈਂਪਟਨ ਆਉਣ 'ਤੇ ਉਨ੍ਹਾਂ ਦੇ ਨਾਲ ਮੌਜੂਦ ਰਹੇ। ਮੈਂਬਰ ਪਾਰਲੀਮੈਂਟ ਰੂਬੀ ਸਹੋਤਾ ਅਤੇ ਮਨਿੰਦਰ ਸਿੱਧੂ ਜ਼ਰੂਰੀ ਰੁਝੇਵਿਆਂ ਕਾਰਨ ਸਮਾਗ਼ਮ ਵਿਚ ਨਾ ਪਹੁੰਚ ਸਕੇ। ਸਮਾਗ਼ਮ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਪ੍ਰਿੰਸੀਪਲ ਸਰਵਣ ਸਿੰਘ ਨੇ ਜੀਵਨ ਵਿਚ ਖੇਡਾਂ ਦੀ ਮਹੱਤਤਾ ਬਿਆਨ ਕਰਦੇ ਹੋਏ ਫ਼ਰਾਂਸ ਦੇ ਸ਼ਹਿਰ ਪੈਰਿਸ ਵਿਚ ਪਿਛਲੇ ਹਫ਼ਤੇ ਸੰਪੰਨ ਹੋਈਆਂ ਓਲਿੰਪਕ ਖੇਡਾਂ ਵਿਚ ਫੀਲਡ ਹਾਕੀ, ਨਿਸ਼ਾਨੇਬਾਜ਼ੀ ਤੇ ਪਹਿਲਵਾਨੀ ਖ਼ੇਤਰਾਂ ਵਿਚ ਭਾਰਤੀ ਖਿਡਾਰੀਆਂ ਦੀਆਂ ਪ੍ਰਾਪਤੀਆਂ ਦਾ ਵਿਸ਼ੇਸ਼ ਵਰਨਣ ਕੀਤਾ। ਉਨ੍ਹਾਂ ਕਿਹਾ ਕਿ ਭਾਰਤੀ ਪਹਿਲਵਾਨ ਵਿਨੇਸ਼ ਫ਼ੋਗਾਟ ਨਾਲ ਫ਼ਾਈਨਲ ਵਿਚ ਜਾ ਕੇ ਬੜੀ ਬੇਇਨਸਾਫ਼ੀ ਹੋਈ ਹੈ। ਭਾਰ ਵਿਚ ਮਾਮੂਲੀ ਜਿਹੇ ਵਾਧੇ ਕਾਰਨ ਉਸ ਨੂੰ ਡਿਸਕੁਆਲੀਫ਼ਾਈ ਕਰਨਾ ਉਸਦੇ ਨਾਲ ਘੋਰ ਅਨਿਆਂ ਹੈ। ਇਸ ਦੌਰਾਨ ਉਨ੍ਹਾਂ ਆਪਣਾ ਢਾਈ ਤੋਲੇ ਸੋਨੇ ਦਾ ਖੇਡ-ਪੁਰਸਕਾਰ ਵਿਨੇਸ਼ ਫ਼ੋਗਟ ਨੂੰ ਦੇਣ ਦੀ ਵਚਨਬੱਧਤਾ ਵੀ ਦੁਹਰਾਈ। ਡਾ. ਸੁਖਦੇਵ ਸਿੰਘ ਝੰਡ ਨੇ ਐਸੋਸੀਏਸ਼ਨ ਦੇ ਅਹੁਦੇਦਾਰਾਂ, ਮੈਂਬਰਾਂ ਅਤੇ ਸਮੂਹ ਸੀਨੀਅਰਾਂ ਨੂੰ ਇਸ ਸਲਾਨਾ ਸਮਾਗ਼ਮ ਦੀ ਮੁਬਾਕਬਾਦ ਦਿੰਦਿਆਂ ਐਸੋਸੀਏਸ਼ਨ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਭਾਰੀ ਸਰਾਹਨਾ ਕੀਤੀ। ਉਨ੍ਹਾਂ ਕਿਹਾ ਕਿ ਇਹ ਐਸੋਸੀਏਸ਼ਨ ਸੀਨੀਅਰਜ਼ ਦੇ ਮਸਲੇ ਅਤੇ ਮੰਗਾਂ ਫ਼ੈਡਰਲ, ਪ੍ਰੋਵਿੰਸ਼ੀਅਲ ਅਤੇ ਬਰੈਂਪਟਨ ਸਿਟੀ ਤੱਕ ਬਾਖ਼ੂਬੀ ਪੇਸ਼ ਕਰ ਰਹੀ ਹੈ ਜਿਸ ਸਦਕਾ 75 ਸਾਲ ਤੋਂ ਉੱਪਰ ਵਾਲੇ ਸੀਨੀਅਰਜ਼ ਦੀ ਓਲਡ-ਏਜ ਪੈੱਨਸ਼ਨ ਵਿਚ ਭਾਰੀ ਵਾਧਾ ਹੋਇਆ ਹੈ ਅਤੇ 65 ਸਾਲ ਤੋਂ ਉੱਪਰਲੇ ਸੀਨੀਅਰਾਂ ਨੂੰ ਵੀ ਇਸ ਦਾ ਲਾਭ ਮਿਲਿਆ ਹੈ। ਇਸ ਦੇ ਨਾਲ ਹੀ ਦੰਦਾਂ ਦੀ ਸੰਭਾਲ ਲਈ ਸ਼ੁਰੂ ਕੀਤੀ ਗਈ ਨਵੀਂ ਫ਼ੈਡਰਲ ਡੈਂਟਲ ਕੇਅਰ ਪਲੈਨ ਨਾਲ ਹੁਣ ਸੀਨੀਅਰਜ਼ ਦੇ ਦੰਦਾਂ ਦਾ ਮੁਫ਼ਤ ਇਲਾਜ ਵੀ ਆਰੰਭ ਹੋ ਗਿਆ ਹੈ। ਇਸ ਦੌਰਾਨ ਕਈ ਹੋਰ ਬੁਲਾਰਿਆਂ ਨੇ ਵੀ ਸਮਾਗ਼ਮ ਵਿਚ ਹਾਜ਼ਰ ਸੀਨੀਅਰਾਂ ਨੂੰ ਸੰਬੋਧਨ ਕੀਤਾ।




ਸਮਾਗ਼ਮ ਵਿਚ ਹਾਜ਼ਰੀਨ ਦੇ ਮਨੋਰੰਜਨ ਦਾ ਵੀ ਪੂਰਾ ਖਿਆਲ ਰੱਖਿਆ ਗਿਆ। 'ਪੰਜਾਬੀ ਲਹਿਰਾਂ' ਟੀ.ਵੀ. ਦੇ ਸੰਚਾਲਕ ਸਤਿੰਦਰ ਸਿੰਧਵਾਂ ਵੱਲੋਂ ਬਾਪੂ ਕਰਨੈਲ ਸਿੰਘ ਪਾਰਸ ਦੀ ਸਦਾ-ਬਹਾਰ ਕਵੀਸ਼ਰੀ "ਜੱਗ ਜੰਕਸ਼ਨ ਰੇਲਾਂ ਦਾ" ਬੁਲੰਦ ਆਵਾਜ਼ ਵਿਚ ਪੇਸ਼ ਕੀਤੀ ਗਈ ਜਿਸ ਦੀ ਦੂਸਰੀ ਸਤਰ "ਗੱਡੀ ਇਕ ਆਵੇ ਇਕ ਜਾਵੇ" ਦਾ ਸਾਥ ਆਮ ਲੋਕਾਂ ਵੱਲੋਂ ਮਿਲ ਕੇ ਦਿੱਤਾ ਗਿਆ। ਡਾ. ਦਰਸ਼ਨ ਦੀਪ ਅਰੋੜਾ ਵੱਲੋਂ ਦੇਸ਼-ਪਿਆਰ ਦੀ ਗ਼ਜ਼ਲ ਦੇ ਕੁਝ ਸ਼ੇਅਰ ਪੇਸ਼ ਕੀਤੇ ਗਏ। ਨਾਹਰ ਸਿੰਘ ਔਜਲਾ ਦੇ ਨਿਰਦੇਸ਼ਨ ਹੇਠ ਨੁੱਕੜ ਨਾਟਕ 'ਵੱਖਰੇ ਰੰਗ ਕਨੇਡਾ ਦੇ' ਪੇਸ਼ ਖੇਡਿਆ ਗਿਆ ਜਿਸ ਵਿਚ ਕੈਨੇਡਾ-ਵਾਸੀਆਂ ਨੂੰ ਦਰਪੇਸ਼ ਕਈ ਮਸਲਿਆਂ ਨੂੰ ਬਾਖ਼ੂਬੀ ਛੋਹਿਆ ਗਿਆ। ਗਾਇਕਾਂ ਵੱਲੋਂ ਕਈ ਗੀਤ ਗਾਏ। ਸੀਨੀਅਰ ਬੀਬੀਆਂ ਦੀ ਇਕ ਜੋੜੀ ਨੇ 'ਤੇਰੀ ਕਣਕ ਦੀ ਰਾਖੀ ਮੁੰਡਿਆ ਹੁਣ ਮੈਂ ਨਾ ਬਹਿੰਦੀ' ਉੱਪਰ ਵਧੀਆ ਡਾਂਸ ਕੀਤਾ। ਇਕ ਹੋਰ ਸੀਨੀਅਰ ਬੀਬੀ ਨੇ 'ਪਾਕੀਜ਼ਾ' ਫ਼ਿਲਮ ਦੇ ਮਸ਼ਹੂਰ ਗਾਣੇ 'ਇਨਹੀਂ ਲੋਗੋਂ ਨੇ ਲੇ ਲੀਨਾ ਦੁਪੱਟਾ ਮੇਰਾ' ਉੱਪਰ ਬਹੁਤ ਵਧੀਆ ਨਾਚ ਕੀਤਾ। ਗੁਲਾਬੀ ਪੁਸ਼ਾਕਾਂ ਪਹਿਨੀ ਚੀਨੀ ਸੀਨੀਅਰ ਔਰਤਾਂ ਵੱਲੋਂ ਗੁਲਾਬੀ ਰੰਗ ਦੀਆਂ ਹੀ ਛਤਰੀਆਂ ਨਾਲ ਇਕ ਚੀਨੀ ਗੀਤ ਉੱਪਰ ਸ਼ਾਨਦਾਰ ਡਾਂਸ ਪੇਸ਼ ਕੀਤਾ ਗਿਆ। ਇਸ ਦੇ ਨਾਲ ਹੀ ਬੀਬੀਆਂ ਦਾ ਗਿੱਧਾ, ਜਾਗੋ ਅਤੇ ਭਗੜੇ ਦੀਆਂ ਵੀ ਖ਼ੂਬਸੂਰਤ ਆਈਟਮਾਂ ਪੇਸ਼ ਕੀਤੀਆਂ ਗਈਆਂ ਜਿਨ੍ਹਾਂ ਦਾ ਸਾਰਿਆਂ ਨੇ ਖ਼ੂਬ ਅਨੰਦ ਮਾਣਿਆਂ।

ਸਮਾਗ਼ਮ ਹਾਲ ਦੇ ਪਿਛਲੇ ਹਿੱਸੇ ਵਿਚ ਚਾਹ-ਪਾਣੀ ਦੇ ਸਟਾਲਾਂ ਦੇ ਨਜ਼ਦੀਕ 'ਸਰੋਕਾਰਾਂ ਦੀ ਆਵਾਜ਼' ਵੱਲੋਂ ਸ਼ਾਨਦਾਰ ਪੁਸਤਕ ਪ੍ਰਦਰਸ਼ਨੀ ਲਗਾਈ ਗਈ ਜਿਸ ਵਿਚ ਉਸਾਰੂ ਸਾਹਿਤ ਨਾਲ ਸਬੰਧਿਤ ਪੁਸਤਕਾਂ ਸ਼ਾਮਲ ਕੀਤੀਆਂ ਗਈਆਂ। ਲੋਕ ਬੜੇ ਉਤਸ਼ਾਹ ਨਾਲ ਪੁਸਤਕਾਂ ਵੇਖ ਰਹੇ ਸਨ ਅਤੇ ਕਈ ਇਹ ਪੁਸਤਕਾਂ ਖ਼ਰੀਦ ਵੀ ਰਹੇ ਸਨ। ਇਸ ਉੱਤਮ ਉਪਰਾਲੇ ਲਈ ਮਹੀਨਾਵਾਰ ਅਖ਼ਬਾਰ 'ਸਰੋਕਾਰਾਂ ਦੀ ਆਵਾਜ਼' ਦੇ ਸੰਪਾਦਕ ਹਰਬੰਸ ਸਿੰਘ ਅਤੇ ਉਨ੍ਹਾਂ ਦੇ ਸਾਥੀ ਦਵਿੰਦਰ ਸਿੰਘ ਤੂਰ ਵਧਾਈ ਦੇ ਪਾਤਰ ਹਨ। ਸਮਾਗ਼ਮ ਦੌਰਾਨ ਪ੍ਰਬੰਧਕਾਂ ਵੱਲੋਂ ਖਾਣ-ਪੀਣ ਦਾ ਬਹੁਤ ਵਧੀਆ ਪ੍ਰਬੰਧ ਕੀਤਾ ਗਿਆ। ਸਮੋਸਿਆਂ, ਪਕੌੜਿਆਂ, ਜਲੇਬੀਆਂ, ਸਲਾਦ ਤੇ ਲਜ਼ੀਜ਼ ਖਾਣੇ ਨਾਲ ਲੈਸ ਇਹ ਸਿਲਸਿਲਾ ਸਵੇਰੇ 11.00 ਵਜੇ ਤੋਂ ਇਸ ਦੇ ਅਖ਼ੀਰ ਤੱਕ ਨਿਰੰਤਰ ਚੱਲਦਾ ਰਿਹਾ। ਸਮਾਗ਼ਮ ਦੇ ਅਖ਼ੀਰ ਵੱਲ ਵੱਧਦਿਆਂ ਐਸੋਸੀਏਸ਼ਨ ਦੇ ਪ੍ਰਧਾਨ ਜੰਗੀਰ ਸਿੰਘ ਸੈਂਹਬੀ ਵੱਲੋਂ ਸਮੂਹ ਬੁਲਾਰਿਆਂ, ਵੱਖ-ਵੱਖ ਆਈਟਮਾਂ ਵਿਚ ਭਾਗ ਲੈਣ ਵਾਲਿਆਂ ਅਤੇ ਆਏ ਹੋਏ ਸੀਨੀਅਰ ਸਾਥੀਆਂ ਦਾ ਧੰਨਵਾਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਾਰੀਆਂ ਸੀਨੀਅਰ ਕਲੱਬਾਂ ਦੇ ਸਹਿਯੋਗ ਨਾਲ ਐਸੋਸੀਏਸ਼ਨ ਦੀ ਕਾਰਜਕਾਰਨੀ ਆਪਣਾ ਕੰਮ ਪੂਰੀ ਜ਼ਿੰਮੇਵਾਰੀ ਨਾਲ ਨਿਭਾਅ ਰਹੀ ਹੈ ਅਤੇ ਇਹ ਸਿਲਸਿਲਾ ਅੱਗੋਂ ਇੰਜ ਹੀ ਜਾਰੀ ਰਹੇਗਾ। ਮੰਚ-ਸੰਚਾਲਕ ਦੀ ਜ਼ਿੰਮੇਵਾਰੀ ਐਸੋਸੀਏਸ਼ਨ ਦੇ ਸਕੱਤਰ ਪ੍ਰੀਤਮ ਸਿੰਘ ਸਰਾਂ ਵੱਲੋਂ ਬਾਖ਼ੂਬੀ ਨਿਭਾਈ ਗਈ ਜਿਨ੍ਹਾਂ ਦਾ ਸਾਥ ਮੀਡੀਆ ਸੰਚਾਲਕ ਮੁਹਿੰਦਰ ਸਿੰਘ ਮੋਹੀ ਵੱਲੋਂ ਦਿੱਤਾ ਗਿਆ। ਇਸ ਸਮਾਗ਼ਮ ਦੀ ਸ਼ਾਨਦਾਰ ਸਫ਼ਲਤਾ ਲਈ ਐਸੋਸੀਏਸ਼ਨ ਦੇ ਪ੍ਰਧਾਨ ਜੰਗੀਰ ਸਿੰਘ ਸੈਂਹਬੀ, ਕਾਰਜਕਾਰਨੀ ਦੇ ਉਨ੍ਹਾਂ ਦੇ ਸਾਥੀ ਅਤੇ ਸਮੂਹ ਸੀਨੀਅਰਜ਼ ਕਲੱਬਾਂ ਦੇ ਅਹੁਦੇਦਾਰ ਵਧਾਈ ਦੇ ਹੱਕਦਾਰ ਹਨ।

# ਬਲਿਊ ਓਕ ਪਾਰਕ ਵਿਖੇ ਚਾਵਾਂ ਨਾਲ ਮਨਾਇਆ ਤੀਆਂ ਦਾ ਤਿਉਹਾਰ





ਬਰੈਪਟਨ : ਬਲਿਊ ਓਕ ਪਾਰਕ ਵਿਖੇ ਪੰਜਾਬ ਦੇ ਅਮੀਰ ਵਿਰਸੇ ਨਾਲ ਜੁੜਿਆ ਤੀਆਂ ਦਾ ਤਿਉਹਾਰ ਬੜੇ ਪਿਆਰ ਅਤੇ ਚਾਵਾਂ ਨਾਲ ਮਨਾਇਆ ਗਿਆ। ਪੰਜਾਬੀ ਸੱਭਿਆਚਾਰ ਦੇ ਰੰਗ ਵਿੱਚ ਸੱਜ-ਧੱਜ ਕੇ ਆਈਆਂ ਮੁਟਿਆਰਾਂ ਤੇ ਸੁਆਣੀਆਂ ਨੇ ਇਕ ਦੂੱਜੇ ਨੂੰ ਤੀਆਂ ਦੇ ਤਿਉਹਾਰ ਦੀਆਂ ਵਧਾਈਆਂ ਦਿੱਤੀਆਂ। ਇਸ ਸਮਾਗਮ ਵਿਚ ਬਲਿਊ ਓਕ, ਬਲੈਕ ਓਕ, ਫਰਨ ਫਰੈਸਟ ਅਤੇ ਆਲੇ ਦੁਆਲੇ ਰਹਿੰਦੇ ਵੱਡੀ ਗਿਣਤੀ ਪੰਜਾਬੀ ਭਾਈਚਾਰੇ ਅਤੇ ਹੋਰਨਾਂ ਕਮਿਉਨਿਟੀ ਦੇ ਪ੍ਰੀਵਾਰ ਸ਼ਾਮਲ ਹੋਏ। ਮੁਟਿਆਰਾਂ ਵਲੋਂ ਪਾਈਆਂ ਪੰਜਾਬੀ ਬੋਲੀਆ ਅਤੇ ਗਿੱਧੇ ਨੇ ਤੀਆਂ ਦੇ ਤਿਉਹਾਰ ਨੂੰ ਹੋਰ ਵੀ ਚਾਰ ਚੰਨ ਲਾ ਦਿੱਤੇ। ਪਾਰਕ ਵਿਚ ਇਕ ਪਾਸੇ ਬੱਚੇ ਖੇਡਾਂ ਵਿਚ ਮਸਤ, ਪੀਂਘਾਂ ਝੂਟ ਰਹੇ ਸੀ ਤੇ ਦੂੱਜੇ ਪਾਸੇ ਮੁਟਿਆਰਾਂ ਦੇ ਗਿੱਧੇ ਦੀ ਧਮਾਲ। ਸਾਵਨ ਦਾ ਮਹੀਨਾਂ ਤੇ ਪਾਰਕ ਵਿਚ ਆਪਣੇ ਨਿਕੇ ਨਿਆਨਿਆਂ ਨਾਲ ਆਏ ਮਾਪੇ ਤੇ ਬਜ਼ੁਰਗ ਕਨੇਡਾ ਵਿਚ ਪੰਜਾਬ ਦੀ ਝਲਕ ਦਾ ਭੁਲੇਖਾ ਪਾ ਰਹੇ ਸੀ।

ਇਸ ਮੌਕੇ ਮੈਬਰ ਪਾਰਲੀਮੈਂਟ ਰੂਬੀ ਸਹੋਤਾ ਜੀ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ ਅਤੇ ਸਾਰਿਆਂ ਨਾਲ ਮਿਲ ਕੇ ਖ਼ੂਬ ਗਿੱਧਾ ਤੇ ਬੋਲੀਆਂ ਪਾਈਆਂ। ਬਰੈਂਪਟਨ ਦੇ ਡਿਪਟੀ ਮੇਅਰ ਹਰਕੀਰਤ ਸਿੰਘ ਜੀ ਵਲੋਂ ਵੀ ਸਮਾਗਮ ਵਿਚ ਆਪਣੀ ਹਾਜ਼ਰੀ ਲਵਾਈ ਗਈ।ਇਸ ਤੋਂ ਇਲਾਵਾ ਬਲੈਕ ਓਕ ਕਲੱਬ ਦੇ ਪ੍ਰਧਾਨ ਆਤਮਾਂ ਸਿੰਘ ਬਰਾੜ, ਸੁਰਿੰਦਰ ਸਿੰਘ ਜੱਸਲ, ਓਂਕਾਰ ਸਿੰਘ, ਜਸਵੰਤ ਸਿੰਘ ਧਾਲੀਵਾਲ, ਸਿਕੰਦਰ ਸਿੰਘ, ਪਰਮਜੀਤ ਸਿੰਘ ਬਰਾੜ ਵੀ ਹਾਜਰ ਰਹੇ।ਤੀਆਂ ਦੇ ਤਿਉਹਾਰ ਨੂੰ ਯਾਦਗਾਰੀ ਬਨਾਉਣ ਲਈ ਕਮਲਪ੍ਰੀਤ ਸਿੰਘ ਗਿੱਲ, ਬਲਜੀਤ ਕੌਰ, ਸੁਨੀਤਾ ਕੁਮਾਰੀ, ਜਗੀਰ ਕੌਰ, ਜਸਵਿੰਦਰ ਕੌਰ ਬਰਾੜ, ਮਨਿੰਦਰਪਾਲ ਗਰੇਵਾਲ ਵਲੋਂ ਸ਼ਲਾਘਾਯੋਗ ਭੂਮਕਾ ਅਦਾ ਕੀਤੀ। ਬੀਬੀਆਂ ਵਲੋਂ ਸਨੈਕਸ਼, ਚਾਹ ਪਕੌੜੇ, ਕੋਲਡ ਡਰਿੰਕਸ ਦਾ ਪ੍ਰਬੰਧ ਕੀਤਾ ਸੀ ਜਿਸਦਾ ਸਾਰਿਆਂ ਨੇ ਰਲ ਕੇ ਅਨੰਦ ਮਾਣਿਆਂ। ਪ੍ਰਬੰਧਕਾਂ ਵਲੋਂ ਕਿਹਾ ਕਿ ਭਾਵੇਂ ਪੰਜਾਬੀ ਭਾਈਚਾਰਾ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਵਿੱਚ ਜਾ ਵਸਿਆ ਹੈ ਪਰ ਉਹ ਵਿਦੇਸ਼ਾਂ ਵਿੱਚ ਰਹਿ ਕੇ ਵੀ ਆਪਣੇ ਸ਼ਾਨਾ ਮੱਤੇ ਵਿਰਸੇ ਨਾਲ ਜੁੜਿਆ ਹੋਇਆ ਹੈ। ਉਹ ਆਪਣੇ ਵਿਰਾਸਤੀ ਤਿਉਹਰ ਅਤੇ ਦਿਹਾੜੇ ਚਾਵਾਂ ਨਾਲ ਮਨਾਉਂਦੇ ਹਨ। ਅਜਿਹੇ ਮੌਕਿਆਂ ਤੇ ਵੱਡੀ ਗਿਣਤੀ ਵਿਚ ਪੰਜਾਬੀ ਅਤੇ ਹੋਰਨਾਂ ਕੋਮਨਿਟੀ ਦੇ ਪ੍ਰੀਵਾਰ ਸ਼ਾਮਲ ਹੁੰਦੇ ਹਨ।

-ਜੇ.ਐਸ.ਧਾਲੀਵਾਲ

# ਚੰਗੇ ਪ੍ਰਦਰਸ਼ਨ ਲਈ ਸ਼ਾਬਾਸ਼ !








**ਵਰਿਆਮ ਸਿੰਘ ਸੰਧੂ**

11 ਅਗਸਤ ਨੂੰ ਨਾਟ-ਕਲਾ ਨੂੰ ਸਮਰਪਤਿ ਅਦਾਰੇ 'ਪੰਜਾਬੀ ਆਰਟਸ ਐਸੋਸੀਏਸ਼ਨ ਟਰਾਂਟੋ' ਦੇ ਪ੍ਰਧਾਨ ਬਲਜਿੰਦਰ ਸਿੰਘ ਲੇਲਣਾ ਦੇ ਸੱਦੇ 'ਤੇ ਉਹਨਾਂ ਵੱਲੋਂ ਪੇਸ਼ ਕੀਤਾ ਗਿਆ ਨਾਟਕ 'ਸੀ ਆਈ ਡੀ' ਵੇਖਣ ਦਾ ਸਬੱਬ ਬਣਿਆਂ। ਉਹਨਾਂ ਬੜੇ ਪਿਆਰ ਨਾਲ ਇਸਰਾਰ ਕੀਤਾ ਕਿ ਅਸੀਂ ਦੋਵੇਂ ਜੀਅ ਇਹ ਨਾਟਕ ਵੇਖਣ ਜ਼ੂਰੁਰ ਆਈਏ। ਪਿਛਲੇ ਦਿਨੀਂ ਵੀ ਅਸੀਂ ਉਹਨਾਂ ਵੱਲੋਂ ਕੀਤੇ ਗਏ ਇੱਕ ਹੋਰ ਨਾਟਕ ਨੂੰ ਵੇਖਣ ਗਏ ਸਾਂ। ਇਸ ਮੁਹੱਬਤੀ ਸੱਦੇ ਤੋਂ ਇਨਕਾਰ ਕਰਨਾ ਸੰਭਵ ਹੀ ਨਹੀਂ ਸੀ, ਖ਼ਾਸ ਤੌਰ 'ਤੇ ਜਦੋਂ ਇਹ ਵੀ ਪਤਾ ਲੱਗਾ ਕਿ ਇਸ ਨਾਟਕ ਨੂੰ ਡਾਇਰੈਕਟ ਸਾਡਾ ਅਜ਼ੀਜ਼ ਜਗਵਿੰਦਰ ਜੱਜ ਕਰ ਰਿਹਾ ਹੈ। ਜੱਜ ਕਮਾਲ ਦਾ ਅਦਾਕਾਰ ਅਤੇ ਡਾਇਰੈਕਟਰ ਹੈ। ਮੈਂ ਉਸਨੂੰ ਆਪਣੇ ਸਾਹਵੇਂ ਉਭਰਦਿਆਂ ਉੱਸਰਦਿਆਂ ਵੇਖਿਆ ਹੈ। ਉਹ ਲਾਇਲਪੁਰ ਖ਼ਾਲਸਾ ਕਾਲਜ ਵਿਚ ਸਾਡਾ ਵਿਦਿਆਰਥੀ ਹੁੰਦਾ ਸੀ ਤੇ ਉਹਨੀਂ ਦਿਨੀਂ ਹੀ ਉਹਨੇ ਆਪਣੀ ਪ੍ਰਤਿਭਾ ਦਾ ਸਿੱਕਾ ਜਮਾ ਲਿਆ ਸੀ।

ਸੰਬੰਧਤ ਨਾਟਕ ਬਾਰੇ ਗੱਲ ਕਰਨ ਤੋਂ ਪਹਿਲਾਂ ਮੈਂ 'ਪੰਜਾਬੀ ਆਰਟਸ ਐਸੋਸੀਏਸ਼ਨ' ਦੀ ਵਿਸ਼ੇਸ਼ ਤੌਰ 'ਤੇ ਤਾਰੀਫ਼ ਕਰਨੀ ਚਾਹੁੰਦਾ ਹਾਂ। ਜਿਵੇਂ ਦੱਸਿਆ ਗਿਆ ਕਿ ਉਹਨਾਂ ਨਾਲ ਲਗਭਗ ਡੇਢ ਸੌ ਕਲਾਕਾਰਾਂ ਦੀ ਟੀਮ ਜੁੜੀ ਹੋਈ ਹੈ। ਉਹ ਸਮੇਂ ਸਮੇਂ ਇਸ ਟੀਮ ਦੀ ਮਦਦ ਨਾਲ ਨਾਟਕ ਖੇਡਦੇ ਰਹਿੰਦੇ ਹਨ ਤੇ ਪੰਜਾਬੀ ਨਾਟਕ ਨੂੰ ਜਿਊਂਦਾ ਤੇ ਤੁਰਦਾ ਰਹਿਣ ਦਾ ਸੁਕਾਰਥਾ ਕਾਰਜ ਕਰਦੇ ਰਹਿੰਦੇ ਹਨ। ਅਜਿਹੀ ਸਮਰਪਣ ਭਾਵਨਾ ਨਾਲ ਨਾਟਕ ਦੇ ਪ੍ਰਚਾਰ ਪ੍ਰਸਾਰ ਦੇ ਉੱਦਮ ਦੀ ਨਿਰੰਤਰਤਾ ਬਣਾਈ ਰੱਖਣੀ ਸੌਖਾ ਕੰਮ ਨਹੀਂ। ਖ਼ੂਬਸੂਰਤ ਗੱਲ ਇਹ ਹੈ ਕਿ ਇਹਨਾਂ ਕਲਾਕਾਰਾਂ ਵਿਚ ਵੱਡੀ ਗਿਣਤੀ ਵਿਚ ਨਵੀਂ ਨਸਲ ਦੇ ਨੌਜਵਾਨ ਮੁੰਡੇ ਕੁੜੀਆਂ ਵੀ ਕਾਰਜਸ਼ੀਲ ਹਨ। ਨਵੀਂ ਨਸਲ ਵਿਚ ਕਲਾ ਦੇ ਬੀਜ ਬੀਜਣ ਨਾਲ ਅੱਗੋਂ ਉਹਨਾਂ ਦੇ ਮਾਧਿਅਮ ਰਾਹੀਂ ਹੋਰ ਕਿੰਨੀਆਂ ਨਵੀਆਂ ਕਰੂੰਬਲਾਂ ਫੁੱਟਣਗੀਆਂ, ਇਸਦਾ ਕਿਆਸ ਹੀ ਮਨ ਨੂੰ ਖ਼ੁਸ਼ੀ ਨਾਲ ਭਰ ਦਿੰਦਾ ਹੈ। ਇੰਞ ਪੰਜਾਬੀ ਨਾਟਕ ਨੂੰ ਕਨੇਡਾ ਦੇ ਅਵਾਮ ਨਾਲ ਜੋੜਨ ਨਾਲ ਆਮ ਲੋਕਾਂ ਵਿਚ ਵੀ ਨਾਟਕ ਚੇਤਨਾ ਅਤੇ ਨਾਟਕ-ਪ੍ਰੇਮ ਜਾਗਦਾ ਹੈ। ਵੱਡੇ ਖ਼ਰਚਿਆਂ ਦੇ ਰੂਬਰੂ ਜੇ ਇਹ ਟੀਮ ਲਗਾਤਾਰ ਵਧੀਆ ਨਾਟਕ ਪੇਸ਼ ਕਰ ਰਹੀ ਹੈ ਤਾਂ ਇਸ ਦੇ ਪਿੱਛੇ ਆਮ ਦਰਸ਼ਕਾਂ ਵਿਚ ਟੀਮ ਦੀ ਬਣੀ ਭੱਲ ਦੇ ਨਾਲ ਨਾਲ ਦਰਸ਼ਕਾਂ ਵਿਚ ਉਹਨਾਂ ਦੁਆਰਾ ਜਗਾਈ ਨਾਟ-ਚੇਤਨਾ ਦਾ ਵੀ ਵੱਡਾ ਹੱਥ ਹੈ।

ਹੁਣ ਕੁਝ ਗੱਲ 'ਸੀ ਆਈ ਡੀ' ਨਾਟਕ ਬਾਰੇ ਕਰ ਲੈਂਦੇ ਹਾਂ। ਸਾਰੇ ਜਾਣਦੇ ਹਨ ਕਿ ਫ਼ਿਲਮ ਅਤੇ ਨਾਟਕ ਇੱਕ ਸਮੂਹਿਕ ਕਲਾ ਹੈ। ਸਕ੍ਰਿਪਟ, ਡਾਇਰੈਕਸ਼ਨ ਤੇ ਅਦਾਕਾਰੀ ਦਾ ਸੁੰਦਰ ਸੰਜੋਗ ਤਾਂ ਇਸ ਲਈ ਲੋੜੀਂਦਾ ਹੀ ਹੈ, ਇਸਤੋਂ ਇਲਾਵਾ ਸਟੇਜ-ਸੱਜਾ, ਕਾਸਟਿਊਮਜ਼, ਆਵਾਜ਼, ਰੌਸ਼ਨੀ, ਮੇਕ-ਅੱਪ ਤੇ ਹੋਰ ਪਤਾ ਨਹੀਂ ਕਿਸ ਕਿਸ ਚੀਜ਼ ਦੇ ਕਲਾਤਮਕ ਤਾਲ ਮੇਲ ਦੀ ਜੁੜਤ ਚਾਹੀਦੀ ਹੈ। ਇਹਨਾਂ ਵਿਚੋਂ ਇੱਕ ਵੀ ਚੀਜ਼ ਕਮਜ਼ੋਰ ਹੋਵੇ ਤਾਂ ਨਾਟਕ ਦੇ ਸਮੁੱਚੇ ਪ੍ਰਭਾਵ ਨੂੰ ਬੱਜ ਲੱਗ ਜਾਂਦੀ ਹੈ। ਇਸ ਨਾਟਕ ਵਿਚ ਸਾਰੀਆਂ ਕਲਾਤਮਕ ਲੋੜਾਂ ਦੀ ਸੁਚੱਜੀ ਵਰਤੋਂ ਹੋਣ ਕਰ ਕੇ ਨਾਟਕ ਦਰਸ਼ਕਾਂ ਦੇ ਮਨਾਂ 'ਤੇ ਡੂੰਘੀ ਛਾਪ ਛੱਡ ਗਿਆ।

ਜਾਨਦਾਰ ਲੇਖਣੀ ਜਾਂ ਸਕ੍ਰਿਪਟ ਸਮੁਚੇ ਨਾਟਕ ਦਾ ਆਧਾਰ ਹੁੰਦਾ ਹੈ। ਜੇ ਸਕ੍ਰਿਪਟ ਕਮਜ਼ੋਰ ਹੋਵੇ ਤਾਂ ਨਾ ਡਾਇਰੈਕਟਰ ਅਤੇ ਨਾ ਹੀ ਅਦਾਕਾਰ ਬਹੁਤਾ ਖੋਹਣ ਖੋਹ ਸਕਦੇ ਨੇ। ਇਸ ਨਾਟਕ ਦੀ ਸਕ੍ਰਿਪਟ ਬਹੁਤ ਜਾਨਦਾਰ ਹੈ ਤੇ ਇਸ ਨਾਟਕ ਦੀ ਸਫ਼ਲਤਾ ਦਾ ਵੱਡਾ ਸਿਹਰਾ ਮੈਂ ਨਾਟਕ ਦੀ ਲੇਖਿਕਾ ਨੂੰ ਦਿੰਦਾ ਹਾਂ। ਸਕ੍ਰਿਪਟ ਸੋਨਾ ਸੀ ਤੇ ਸੋਨੇ 'ਤੇ ਸੁਹਾਗਾ ਫੇਰਿਆ ਡਾਇਰੈਕਟਰ ਅਤੇ ਅਦਾਕਾਰਾਂ ਨੇ। ਨਾਟਕ ਦਾ ਵਿਸ਼ਾ ਵੀ ਤਾਜ਼ਗੀ ਭਰਿਆ ਹੈ। ਉਸਦਾ ਅੰਦਾਜ਼-ਏ-ਬਿਆਂ ਵੀ ਤੇ ਪੇਸ਼ਕਾਰੀ ਵੀ ਹੁਨਰਮੰਦੀ ਦੀ ਮਿਸਾਲ ਹੈ। ਨਾਟਕ ਨੂੰ ਜਿਸ ਕੇਂਦਰੀ ਸੂਤਰ ਦੁਆਲੇ ਬੁਣਿਆ ਗਿਆ ਹੈ ਕਿ ਉਹ ਹੈ 911 ਨੂੰ ਕੀਤੀਆਂ ਜਾਂਦੀਆਂ ਕਾਲਾਂ ਬਾਰੇ। ਦੱਸਿਆ ਗਿਆ ਕਿ ਕਾਲਾਂ ਏਨੀ ਬਹੁ-ਗਿਣਤੀ ਵਿਚ ਹੁੰਦੀਆਂ ਹਨ ਅਤੇ ਏਨੀਆਂ ਅਸੰਬੰਧਿਤ ਹੁੰਦੀਆਂ ਹਨ ਕਿ ਜਿਹੜੀ ਕਾਲ ਦੇ ਜਵਾਬ ਦਾ ਵਕਫ਼ਾ 15 ਸਕਿੰਟ ਹੁੰਦਾ ਸੀ ਤੇ ਹੁਣ 15 ਮਿੰਟ ਤੱਕ ਪਹੁੰਚ ਗਿਆ ਹੈ। ਜਿਹੜੀਆਂ ਅਸੰਬੰਧਿਤ ਕਾਲਾਂ ਹੁੰਦੀਆਂ ਨੇ ਉਹਨਾਂ ਦਾ ਨਿਪਟਾਰਾ ਕਰਨ ਲਈ ਕਾਲ ਕਰਨ ਵਾਲਿਆਂ ਦੀ ਫ਼ਾਈਲ ਤਿਆਰ ਕਰ ਲਈ ਜਾਂਦੀ ਹੈ ਤੇ ਬਾਅਦ ਵਿਚ ਵਾਰੀ ਵਾਰੀ ਉਹਨਾਂ ਦੇ ਮਾਮਲੇ ਨੂੰ ਸਮਝਿਆ ਤੇ ਨਿਪਟਾਇਆ ਜਾਂਦਾ ਹੈ।

ਲੇਖਕ ਤੇ ਨਿਰਦੇਸ਼ਕ ਨੇ ਕਈ ਕਹਾਣੀਆਂ ਨੂੰ ਇਕ ਤਾਰ ਵਿਚ ਪਰੋ ਕੇ ਪਰਵਾਸੀ ਪੰਜਾਬੀਆਂ ਦੇ ਦਿਲਾਂ ਦੀ ਉਹ ਹੂਕ ਦਰਸ਼ਕਾਂ ਤੱਕ ਪੇਸ਼ ਕੀਤੀ ਹੈ, ਜਿਸ ਦੀ ਕੋਈ ਨਾ ਕੋਈ ਕਸਕ ਕਿਸੇ ਨਾ ਕਿਸੇ ਦਰਸ਼ਕ ਦੇ ਮਨ ਵਿਚ ਚੀਸ ਬਣ ਕੇ ਹੂੰਗਦੀ ਰਹਿੰਦੀ ਹੈ। 911 ਕਾਲ 'ਤੇ ਤਾਂ ਐਮਰਜੈਂਸੀ ਕੇਸ ਭੁਗਤਾਏ ਜਾਂਦੇ ਹਨ, ਪਰ ਇਹਨਾਂ ਕਥਾਵਾਂ ਵਿਚ ਉਹ 'ਕੇਸ' ਭੁਗਤਾਏ ਗਏ ਨੇ ਜਿਨ੍ਹਾਂ ਦੀ ਕਿਤੇ ਸੁਣਵਾਈ ਨਹੀਂ ਤੇ ਜਿਨ੍ਹਾਂ ਦਾ ਦਰਦ ਧੀਮੀ ਗਤੀ ਨਾਲ ਰਿਸਦੇ ਰਹਿਣ ਵਾਲਾ ਹੈ।। ਉਹਨਾਂ ਪਾਤਰਾਂ ਦੀ ਹਾਲਤ ਇਸ ਕਥਨ ਵਰਗੀ ਹੈ, "ਦਰਦ ਵਿਛੋੜੇ ਦਾ ਹਾਲ ਨੀ ਮੈਂ ਕੈ ਨੂੰ ਆਖਾਂ!

ਉਹਨਾਂ ਦਾ ਇਹ ਦਰਦ ਇਸ ਨਾਟਕ ਨੇ ਸੁਣਿਆਂ ਅਤੇ ਵਿਖਾਇਆ ਹੈ।

ਹਰੇਕ ਕਹਾਣੀ ਦੇ ਮੁੱਖ ਕਿਰਦਾਰ ਦਾ ਨਾਂ ਪਰਮਿੰਦਰ ਢਿਲੋਂ ਹੋਣਾ ਸਾਰੀਆਂ ਕਹਾਣੀਆਂ ਨੂੰ ਇਕ ਸੂਤਰ ਵਿਚ ਪਰੋ ਕੇ ਇਹ ਦੱਸਣਾ ਹੈ ਕਿ ਇਹ ਸਾਰੀਆਂ ਸਮੱਸਿਆਵਾਂ ਸਾਰੇ ਪੰਜਾਬੀਆਂ ਦੀਆਂ ਸਾਂਝੀਆਂ ਤੇ ਨਿਰੰਤਰਤਾ ਵਿਚ ਵਿਦਮਾਨ ਹਨ।

ਨਾਟਕ ਵਿਚ ਮੁਕਾਲਮੇ (ਵਾਰਤਾਲਾਪ) ਦੀ ਬੜੀ ਮਹੱਤਤਾ ਹੁੰਦੀ ਹੈ। ਏਥੇ ਮੁਕਾਲਮੇ ਇਕ ਦੂਜੇ ਨਾਲ ਭਿੜਦੇ ਹਨ ਤੇ ਇਹਨਾਂ ਦੇ ਟਕਰਾਉ ਵਿਚੋਂ ਅਰਥਾਂ ਦੇ ਚੰਗਿਆੜੇ ਨਿਕਲਦੇ ਹਨ। ਇਹਨਾਂ ਮੁਕਾਲਮਿਆਂ ਤੇ ਉਹਨਾਂ ਦੇ ਪੇਸ਼ਕਾਰਾਂ ਦੀ ਖ਼ੂਬੀ ਹੈ ਕਿ ਇਹ ਦਰਸ਼ਕਾਂ ਨੂੰ ਲਗਾਤਾਰ ਜੋੜੀ ਰੱਖਦੇ ਹਨ। ਦੁੱਖ ਵਿਚੋਂ ਹਾਸੇ ਦੇ ਫ਼ੁਹਾਰੇ ਫੁਟਾ ਸਕਦੇ ਹਨ ਤੇ ਹੱਸਦਿਆਂ ਹੱਸਦਿਆਂ ਭਾਵੁਕ ਕਰ ਕੇ ਅੱਖਾਂ ਵਿਚ ਪਾਣੀ ਲਿਆ ਸਕਦੇ ਹਨ। ਨਾਟਕੀ ਪ੍ਰਭਾਵ ਹਲਕਾ-ਫੁਲਕਾ ਹੋ ਕੇ ਵੀ ਹੌਲਾ ਨਹੀਂ, ਸਗੋਂ ਗਹਿਰਾ ਤੇ ਭਾਰਾ ਹੈ। ਹਰੇਕ ਕਥਾ ਆਪਣੇ ਵਿਚ ਡੂੰਘੇ ਅਰਥ ਸਮੋਈ ਬੈਠੀ ਹੈ।

ਪਹਿਲੀ ਕਥਾ ਵਿਚ ਪਿੱਤਰ-ਸੱਤਾ ਦੀ ਹਕੂਮਤ ਦੀ ਸਤਾਈ ਤੇ ਦਰੜੀ ਔਰਤ ਦੀ ਕਹਾਣੀ ਹੈ, ਜੋ ਕਮਾਈ ਤਾਂ ਕਰ ਸਕਦੀ ਹੈ, ਪਰ ਉਹਨੂੰ ਮਰਜ਼ੀ ਨਾਲ ਖਾ-ਖ਼ਰਚ ਜਾਂ ਵਰਤ ਨਹੀਂ ਸਕਦੀ। ਮਰਦਾਵੀਂ ਧੌਂਸ ਉਹਦੇ ਪੈਸਿਆਂ ਨਾਲ ਹੀ ਉਹਨੂੰ ਬਖ਼ਸ਼ੀਸ਼ ਦੇਣ ਵਾਲਾ ਵਿਹਾਰ ਕਰਦੀ ਹੈ। ਇਹ ਨਾਟਕੀ ਸਥਿਤੀ ਔਰਤ ਦੇ ਹੱਕ ਵਿਚ ਕਲਾਤਮਕ ਅੰਦਾਜ਼ ਵਿਚ ਆਵਾਜ਼ ਉਠਾਉਂਦੀ ਹੈ। ਸਮੱਸਿਆ ਭਾਵੇਂ ਜਾਣੀ-ਪਛਾਣੀ ਹੈ, ਪਰ ਪੇਸ਼ਕਾਰੀ ਦਾ ਅੰਦਾਜ਼ ਮੂਲੋਂ ਨਿਆਰਾ ਹੈ। ਏਸੇ ਅੰਦਾਜ਼ ਵਿਚ ਇਸ ਨਾਟਕੀ ਕਥਾਂ ਦੀ ਖ਼ੂਬਸੂਰਤੀ ਹੈ। ਸਮੱਸਿਆ ਹੈ ਕਿ ਪਾਤਰਾਂ ਦੇ ਘਰ ਵਿਚ ਹਰ ਵਾਰ ਇਕ ਨਿਸਚਿਤ ਰਾਸ਼ੀ ਚੋਰੀ ਹੁੰਦੀ ਰਹਿੰਦੀ ਹੈ। ਬੜੇ ਨਾਟਕੀ ਅੰਦਾਜ਼ ਵਿਚ ਔਰਤ ਕਹਿੰਦੀ ਹੈ ਕਿ ਉਹ ਪੈਸੇ ਉਹ ਆਪ ਹੀ ਚੋਰੀ ਕਰਦੀ ਰਹੀ ਹੈ, ਕੋਈ ਗ਼ੈਬੀ ਸ਼ਕਤੀ ਨਹੀਂ। ਏਥੇ ਆ ਕੇ ਔਰਤ ਦੀ ਅਜ਼ਾਦੀ ਤੇ ਬਰਾਬਰੀ ਦਾ ਮਸਲਾ ਉੱਭਰਦਾ ਹੈ ਤੇ ਉਹ ਆਪਣੇ ਹੱਕ ਲਈ ਆਵਾਜ਼ ਉਠਾਉਂਦੀ ਹੈ।

ਇੱਕ ਹੋਰ ਕਥਾ ਵਿਚ ਮਾਪਿਆਂ ਵੱਲੋਂ ਆਪਣੇ ਬੱਚਿਆਂ ਨੂੰ ਕੁਝ ਬਣਾ ਸਕਣ ਦੇ ਲਾਲਚ ਦੇ ਭਾਰ ਨਾਲ ਦੱਬ ਦਿੱਤੇ ਗਏ ਬੱਚੇ ਦੀ ਦਰਦ ਕਹਾਣੀ ਹੈ। ਮਾਪਿਆਂ ਦਾ ਬੱਚਿਆਂ 'ਤੇ ਅਜਿਹਾ ਮਾਨਸਿਕ ਦਬਾਉ ਉਹਨਾਂ ਦੀ ਸ਼ਖ਼ਸੀਅਤ ਨੂੰ ਵਿਗਸਣ ਨਹੀਂ ਦਿੰਦਾ। ਉਹਨਾਂ ਦਾ ਆਪਾ ਬੌਣਾ ਰਹਿ ਜਾਂਦਾ ਹੈ। ਇਸਚ ਕਥਾ ਨੂੰ ਪੇਸ਼ ਕਰਨ ਦਾ ਕਮਾਲ ਵੀ ਲੇਖਿਕਾ ਦੀ ਹੁਨਰਮੰਦੀ ਵਿਚ ਪਿਆ ਹੈ। ਮੁੱਖ ਪਾਤਰ ਦਾ ਆਪਣੀ ਮੌਜੂਦਾ ਦੁਖਦਾਇਕ ਸਥਿਤੀ ਨੂੰ ਆਪਣੇ ਜਨਮ ਨਾਲ ਜੋੜਨਾ ਤੇ ਆਪਣੇ ਜਨਮ ਲਈ ਆਪਣੀ ਮਾਂ ਨੂੰ ਦੋਸ਼ੀ ਠਹਿਰਾਉਣਾ ਹੈ। ਲੇਖਿਕਾ ਦੀ ਕਲਪਨਾ ਦੀ ਦਾਦ ਦੇਣੀ ਬਣਦੀ ਹੈ, ਜਦੋਂ ਮੁੱਖ ਪਾਤਰ ਕਹਿੰਦਾ ਹੈ ਕਿ ਉਹਦੀ ਮਾਂ ਉਹ ਦਸਤਾਵੇਜ਼ ਦਿਖਾਏ ਜਿਸ ਮੁਤਾਬਕ ਉਹਨੇ ਆਪਣੇ ਜਨਮ ਲੈਣ ਦੀ ਹਾਮੀ ਭਰੀ ਹੋਵੇ। ਇਸ ਅਲੋਕਾਰੀ ਸੋਚ ਤੇ ਕਲਪਨਾ ਰਾਹੀਂ ਆਪਣੀ ਗੱਲ ਕਹਿਣਾ ਪ੍ਰਸ਼ੰਸਾ ਦੇ ਕਾਬਿਲ ਹੈ।

ਇੱਕ ਹੋਰ ਕਥਾ ਵਿਚ ਆਪਣੇ ਪਰਿਵਾਰ ਨਾਲੋਂ ਵਿਜੋਗੇ ਬਜ਼ੁਰਗ ਦੀ ਦਰਦ ਦਾਸਤਾਂ ਹੈ, ਜਿਸਨੂੰ ਉਹਦੇ ਘਰਦਿਆਂ ਨੇ ਓਲਡ ਏਜ ਹੋਮ ਵਿਚ ਦਾਖ਼ਲ ਕਰਵਾ ਦਿੱਤਾ ਹੈ। ਉਹ ਆਪਣੇ ਜੀਆਂ ਨੂੰ ਮਿਲਣ ਲਈ ਸਹਿਕਦਾ ਤੜਪਦਾ ਹੈ। ਪਰ ਬੇਵੱਸ ਹੈ। ਉਹਦੀ ਤੜਪ ਦਰਸ਼ਕਾਂ ਦੇ ਦਿਲਾਂ ਤੱਕ ਪਹੁੰਚਦੀ ਹੈ। ਵਿਸ਼ਾ ਭਾਵੇਂ ਇਹ ਵੀ ਜਾਣਿਆਂ ਪਛਾਣਿਆ ਹੈ ਕਿ ਮਨੁੱਖ ਅੱਜ ਆਪਣੇ ਦਾਇਰੇ ਵਿਚ ਸਿਮਟ ਕੇ ਰਹਿ ਗਿਆ ਹੈ। ਭਾਈਚਾਰਕ ਸਾਂਝ ਤਾਂ ਕੀ ਰਹਿਣੀ ਸੀ, ਆਪਣੇ ਹੀ ਘਰ ਵਿਚ ਬੰਦਾ ਅਜਨਬੀ ਤੇ ਪਰਾਇਆ ਬਣ ਗਿਆ ਹੈ। ਏਲੀਅਨ ਬਣ ਗਿਆ ਹੈ। ਪਰ ਲੇਖਿਕਾ ਤੇ ਡਾਇਰੈਕਟਰ ਨੇ ਜਿਵੇਂ ਆਪਣੀ ਨਜ਼ਰ ਦੀ ਤਾਜ਼ਗੀ ਰਾਹੀਂ ਇਸ ਸਥਿਤੀ ਨੂੰ ਪੇਸ਼ ਕਰਦਿਆਂ ਇਕ ਏਲੀਅਨ ਨੂੰ ਵੱਖਰੇ ਅੰਦਾਜ਼ ਵਿਚ ਸਟੇਜ 'ਤੇ ਲਿਆਂਦਾ ਹੈ, ਉਹਦੀ ਡਾਇਰੈਕਸ਼ਨ ਦਾ ਕਮਾਲ ਹੈ।

ਨਾਟਕੀ ਕਥਾਵਾਂ ਵਿਚ ਭਾਵੇਂ ਕਈ ਅਬਸਰਡ ਸਥਿਤੀਆਂ ਹਨ, ਪਰ ਇਹਨਾਂ ਰਾਹੀਂ ਪੇਸ਼ ਸੁਨੇਹਾਂ ਯਥਾਰਥਕ ਹੈ।

ਸਾਰੀਆਂ ਕਹਾਣੀਆਂ ਅਰਥਵਾਨ ਤੇ ਕਲਾਤਮਕਤਾ ਨਾਲ ਪੇਸ਼ ਹੋਈਆਂ ਨੇ। ਸੂਤਰਧਾਰ ਪੁਲਿਸ ਅਫ਼ਸਰਾਂ ਨੇ ਆਪਣਾ ਕਿਰਦਾਰ ਬਾਖ਼ੂਬੀ ਨਿਭਾਇਆ ਹੈ। ਸਾਰੇ ਹੀ ਅਦਾਕਾਰਾਂ ਦੀ ਅਦਾਕਾਰੀ ਸਲਾਹੁਣਯੋਗ ਹੈ। ਪਰ ਜੇ ਅਦਾਕਾਰੀ ਦੀ ਸਿਖ਼ਰ ਆਖਣੀ ਹੋਵੇ ਤਾਂ ਉਹ ਕਲਾਕਾਰ ਹੈ ਜਿਸ ਨੇ ਆਪਣੀ ਮਾਂ ਨੂੰ ਆਪਣੇ ਜੰਮਣ ਦਾ ਦੋਸ਼ੀ ਠਹਿਰਾਇਆ ਹੈ।

ਮੈਂ ਸਾਰੇ ਅਦਾਕਾਰਾਂ, ਲੇਖਿਕਾ ਅਨੁਰਾਧਾ ਗਰੇਵਰ ਤੇਜਪਾਲ ਤੇ ਡਾਇਰੈਕਟਰ ਜਗਵਿੰਦਰ ਜੱਜ, ਪ੍ਰੋਡਿਊਸਰ ਸਰਬਜੀਤ ਸਿੰਘ ਅਰੋੜਾ ਤੇ ਬਲਜਿੰਦਰ ਸਿੰਘ ਲੇਲਣਾ ਸਮੇਤ ਸਮੁੱਚੀ ਟੀਮ ਨੂੰ ਇਸ ਸਫ਼ਲ ਪੇਸ਼ਕਾਰੀ ਲਈ ਮੁਬਾਰਕਬਾਦ ਦਿੰਦਾ ਹਾਂ ਤੇ ਅੱਗੇ ਤੋਂ ਹੋਰ ਚੰਗੀਆਂ ਪੇਸ਼ਕਾਰੀਆਂ ਦੀ ਆਸ ਕਰਦਾ ਹਾਂ।

BAINS VISION CENTRE



Jaswinder S Bains, Ph.D., OD.

New Patients & Walk-Ins Welcome

McKnight Village 5218 Falsbridge Dr. NE Calgary AB T3J 3G1

Dr. Jaswinder S. Bains

ਅੱਖਾਂ ਦੇ ਰੋਗਾਂ ਅਤੇ ਬਰੈਂਡਰ ਐਨਕਾਂ ਲਈ ਮਿਲੋ

Appointments also available on Saturdays & Evenings

ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।

Services Available in Punjabi, Hindi, Urdu & English

403-274-4514

deerfootvision@yahoo.ca

ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।

# ਕੈਨੇਡਾ 'ਚੋਂ ਪੰਜਾਬੀ ਵਿਦਿਆਰਥੀਆਂ ਦੀ ਵਾਪਸੀ ਦਾ ਸਵਾਲ, ਚੁਣੌਤੀਆਂ ਅਤੇ ਪੰਜਾਬੀ ਭਾਈਚਾਰੇ ਦੀ ਜ਼ਿੰਮੇਵਾਰੀ







ਸੰਕਟਗ੍ਰਸਤ ਪੰਜਾਬ ਵਿਚੋਂ ਬਹੁਗਿਣਤੀ ਪਰਿਵਾਰਾਂ ਨੇ ਆਪਣੇ ਬੱਚਿਆਂ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਕੈਨੇਡਾ ਦੀਆਂ ਵੱਖ ਵੱਖ ਯੂਨੀਵਰਸਿਟੀਆਂ ਅਤੇ ਕਾਲਜਾਂ ਵਿਚ ਦਾਖਲ ਕਰਵਾਇਆ। ਜਿਨ੍ਹਾਂ ਲਈ ਉਨ੍ਹਾਂ ਨੇ ਆਪਣੇ ਦਹਾਕਿਆਂ ਦੀ ਨੇਕ ਕਮਾਈ ਦਾ ਸਾਰਾ ਪੈਸਾ ਅਤੇ ਬੈਂਕਾਂ ਤੋਂ ਵੀ ਕਰਜ਼ੇ ਲੈ ਕੇ ਪੜ੍ਹਨ ਵਾਸਤੇ ਭੇਜਿਆ। ਹਾਲਾਂਕਿ ਪੰਜਾਬ ਵਿਚ ਚਲ ਰਹੇ 17 ਹਜ਼ਾਰ ਤੋਂ ਵੱਧ ਆਈਲੈਟਸ ਸੈਂਟਰਾਂ ਨੇ ਕਰੋੜਾਂ ਰੁਪਇਆ ਅੰਗਰੇਜ਼ੀ ਪੜ੍ਹਾਉਣ ਦੇ ਨਾਂ 'ਤੇ ਖਾ ਲਿਆ। ਨਵੀਂ ਉਭਰੀ ਸਿੱਖਿਆ ਮਾਈਗ੍ਰੇਸ਼ਨ ਇੰਡਸਟਰੀ ਵਿਚਲੇ ਇਮੀਗ੍ਰੇਸ਼ਨ ਕੰਸਲਟੈਂਸ, ਇਮੀਗ੍ਰੇਸ਼ਨ ਕੰਪਨੀਆਂ, ਏਜੰਟ ਅਤੇ ਟਿਕਟਾਂ ਵੇਚਣ ਵਾਲਿਆਂ ਨੇ ਲੱਖਾਂ ਰੁਪਏ ਪੰਜਾਬ ਵਿਚ ਖਾਧੇ। ਇਸੇ ਤਰ੍ਹਾਂ 9 ਹਜ਼ਾਰ ਤੋਂ ਵੱਧ ਮਾਈਗ੍ਰੇਸ਼ਨ ਦੀ ਸਲਾਹ ਦੇਣ ਵਾਲੇ ਅਤੇ ਕੈਨੇਡਾ ਦੇ ਕਾਨੂੰਨ ਸਮਝਾਉਣ ਵਾਲਿਆਂ ਨੇ ਲੱਖਾਂ ਰੁਪਏ ਇਨ੍ਹਾਂ ਬੱਚਿਆਂ ਤੋਂ ਇਕੱਤਰ ਕੀਤੇ। ਇਹ ਇਕ ਬਹੁਤ ਵੱਡਾ ਵਪਾਰ ਜਿਸ ਵਿਚ ਲੱਖਾਂ ਵਿਦਿਆਰਥੀਆਂ ਨੇ ਆਪਣਾ ਕੁਝ ਵੇਚ ਵੱਟ ਕੇ ਇਨ੍ਹਾਂ ਦੇ ਖਜ਼ਾਨੇ ਭਰ ਦਿੱਤੇ। ਰਹਿੰਦੀ ਕਸਰ ਕਿਰਾਏ 'ਤੇ ਰਹਿਣ ਲਈ ਲੱਖਾਂ ਰੁਪਏ ਖਰਚ ਕੀਤੇ। ਇਕੱਲੇ ਵੈਨਕੁਵਰ ਸ਼ਹਿਰ 'ਚ ਲਗਭਗ 50 ਹਜ਼ਾਰ ਤੋਂ ਵੱਧ ਬੱਚੇ ਵੱਖ ਵੱਖ ਘਰਾਂ ਵਿਚ ਰਹਿ ਰਹੇ ਹਨ। ਇਸੇ ਤਰ੍ਹਾਂ ਦੀ ਸਥਿਤੀ ਕੈਲਗਰੀ, ਟੋਰਾਂਟੋ ਅਤੇ ਐਡਮਿੰਟਨ ਦੀ ਹੈ। ਸਭ ਤੋਂ ਵੱਧ ਵਿਦਿਆਰਥੀ 2019 ਵਿਚ 6 ਲੱਖ 38 ਹਜ਼ਾਰ ਆਏ। ਇਸੇ ਤਰ੍ਹਾਂ ਵਰ੍ਹਾ 2021 ਵਿਚ 6 ਲੱਖ 21 ਹਜ਼ਾਰ 600 ਵਿਦਿਆਰਥੀ ਆਏ। ਇੰਮੀਗ੍ਰੇਸ਼ਨ ਰਿਫਿਊਜ਼ੀ ਐਂਡ ਸਿਟੀਜਨ, ਕੈਨੇਡਾ ਦੇ ਅਨੁਸਾਰ ਪਹਿਲਾਂ ਪੜ੍ਹਾਈ ਕਰੋ ਨਾਲ ਹੀ ਕੰਮ ਕਰੋ ਫਿਰ ਤੁਸੀਂ ਪੱਕੇ ਹੋ ਸਕਦੇ ਹੋ। ਹੁਣ ਆਉਣ ਵਾਲੀਆਂ ਚੋਣਾਂ ਨੂੰ ਧਿਆਨ ਵਿਚ ਰੱਖਕੇ ਕੈਨੇਡਾ ਵਿਚ ਪੀ.ਆਰ. ਲੈਣੀ ਅਸੰਭਵ ਬਣਾ ਦਿੱਤੀ ਹੈ। ਕੈਨੈਡਾ ਦੇ ਕਾਲਜਾਂ ਵਿਚ 73% ਪੰਜਾਬੀ ਵਿਦਿਆਰਥੀ ਪੜ੍ਹਦੇ ਹਨ।

ਇਹ ਵਿਦਿਆਰਥੀ ਦੂਸਰੇ ਕੈਨੇਡੀਅਨ ਵਿਦਿਆਰਥੀਆਂ ਨਾਲੋਂ ਚਾਰ ਗੁਣਾਂ ਵੱਧ ਫੀਸਾਂ ਦਿੰਦੇ ਹਨ। ਵਰ੍ਹਾ 2015 ਵਿਚ ਕੈਨੇਡੀਅਨ ਵਿਦਿਆਰਥੀਆਂ ਲਈ 5 ਹਜ਼ਾਰ ਡਾਲਰ ਫੀਸ ਸੀ। ਉਨ੍ਹਾਂ ਦੀ ਇੰਨੀ ਹੀ ਰਹੀ। ਵਰ੍ਹਾ 2020 ਵਿਚ ਪੰਜਾਬੀ ਵਿਦਿਆਰਥੀਆਂ 30 ਹਜ਼ਾਰ ਡਾਲਰ ਤੋਂ ਵੱਧ ਫੀਸ ਵੱਧ ਗਈ ਹੈ। ਜਦੋਂ ਵਿਦਿਆਰਥੀਆਂ ਨੂੰ ਪੱਕੇ ਹੋਣ ਲਈ ਲੇਬਰ ਮੰਡੀ ਵਿਚ ਜਾਣਾ ਪੈਂਦਾ ਹੈ ਤਾਂ ਉਨ੍ਹਾਂ ਨੂੰ ਲੇਬਰ ਮਾਰਕਿਟ ਇੰਪੈਕਟ ਅਸੈਸਮੈਂਟ (ਐਲਐਮਆਈਏ) ਵਾਸਤੇ 20 ਹਜ਼ਾਰ ਡਾਲਰ ਤੋਂ 50 ਹਜ਼ਾਰ ਡਾਲਰ ਤੱਕ ਦੇਣਾ ਪੈਂਦੇ ਹਨ। ਇਕ ਪਾਸੇ ਵਿਦਿਆਰਥੀ ਲਗਾਤਾਰ ਆਰਥਿਕ ਸੰਕਟ ਵਿਚੋਂ ਗੁਜ਼ਰ ਰਹੇ ਹਨ ਅਤੇ ਦੂਸਰੇ ਪਾਸੇ ਉਨ੍ਹਾਂ ਨੂੰ ਪੱਕੇ ਨਾ ਹੋਣ ਵਾਲੀਆਂ ਨੀਤੀਆਂ ਲਿਆ ਕੇ ਹੋਰ ਮਾਨਸਿਕ ਸਿਹਤ ਵਿਗਾੜਣ ਤੱਕ ਪਹੁੰਚਾ ਦਿੱਤਾ ਹੈ। ਅਜਿਹੀ ਤਰਾਸਦਿਕ ਸਥਿਤੀ ਵਿਚੋਂ ਪੰਜਾਬੀ ਨੌਜਵਾਨ ਗੁਜ਼ਰ ਰਹੇ ਹਨ। ਮਾਨਵਤਾ ਦਾ ਇਹ ਸਭ ਤੋਂ ਵੱਡਾ ਪੰਜਾਬੀਆਂ ਸਾਹਮਣੇ ਸੰਕਟ ਆ ਰਿਹਾ ਹੈ। ਇਥੋਂ ਤੱਕ ਬਹੁਗਿਣਤੀ ਵਿਦਿਆਰਥੀ ਕੈਨੇਡਾ ਵਿਚ ਰਹਿਣ ਦੀ ਚਾਹਤ ਕਰਕੇ ਸ਼ਰਨਾਰਥੀਆਂ ਦੇ ਕੇਸ ਵੀ ਲਗਾ ਰਹੇ ਹਨ। ਇਹ ਚਿੰਤਾ ਦਾ ਹੋਰ ਵੱਡਾ ਪਹਿਲੂ ਹੈ।

ਇਨ੍ਹਾਂ ਵਿਦਿਆਰਥੀਆਂ ਪ੍ਰਤੀ ਪੰਜਾਬੀਆਂ ਨੂੰ ਜੋ ਕੈਨੇਡੀਅਨ ਸਮਾਜ ਵਿਚ ਆਪਣਾ ਸਥਾਨ ਉਚ ਪੱਧਰ ਦਾ ਬਣਾ ਚੁੱਕੇ ਹਨ ਜਿਨ੍ਹਾਂ ਦੀ ਸਰਕਾਰੇ ਦਰਬਾਰੇ ਵੱਡੀ ਪਹੁੰਚ ਹੈ ਉਨ੍ਹਾਂ ਦੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਇਸ ਸੰਕਟਮਈ ਸਥਿਤੀ ਵਿਚ ਵਿਦਿਆਰਥੀਆਂ ਦਾ ਸਾਥ ਦੇਣ ਤਾਂ ਕਿ ਉਚ ਚਿੰਤਾ ਵਿਚੋਂ ਨਿਕਲ ਸਕਣ। ਵੱਡੀ ਗਿਣਤੀ ਵਿਚ ਜਦੋਂ ਵਿਦਿਆਰਥੀਆਂ ਨਾਲ 'ਸਰੋਕਾਰਾਂ ਦੀ ਆਵਾਜ਼' ਦੀ ਟੀਮ ਗੱਲਬਾਤ ਕੀਤੀ ਉਨ੍ਹਾਂ ਨੇ ਭਰੇ ਦਿਲ ਨਾਲ ਕਿਹਾ ਕਿ ਅਸੀਂ ਆਪਣੇ ਪੰਜਾਬੀ ਭਾਈਚਾਰੇ ਦੀਆਂ ਸਾਹਿਤਕ ਸਭਾਵਾਂ, ਤਰਕਸ਼ੀਲ ਸੁਸਾਇਟੀਆਂ, ਵੱਖ ਵੱਖ ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ, ਵੱਖ ਵੱਖ ਪਾਰਟੀਆਂ ਵਿਚ ਬੈਠੇ ਐਮ.ਐਲ.ਏ. ਅਤੇ ਐਮ.ਪੀਜ਼ ਤੋਂ ਇਸ ਸੰਕਟ ਦੇ ਸਮੇਂ ਸਹਿਯੋਗ ਦੀ ਮੰਗ ਕਰਦੇ ਹਾਂ।


'ਸਰੋਕਾਰਾਂ ਦੀ ਆਵਾਜ਼' ਨੇ ਵਿਸ਼ਵਾਸ ਦਿਵਾਇਆ ਕਿ ਉਹ ਇਸ ਕਾਰਜ ਲਈ ਅਤੇ ਇਸ ਸੰਕਟਮਈ ਸਥਿਤੀ ਵਿਚ ਪੰਜਾਬੀ ਭਾਈਚਾਰੇ ਨੂੰ ਇਸ ਕਾਰਜ ਲਈ ਪ੍ਰੇਰਣ ਗਏ ਵੀ। ਇਸ ਕਾਰਜ ਵਿਚ ਆਪਣੀ ਇਖਲਾਕੀ ਜ਼ਿੰਮੇਵਾਰੀ ਸਮਝਦੇ ਹੋਏ ਸਾਥ ਵੀ ਦੇਣਗੇ।






ਪੰਜਾਬੀ ਕੈਨੇਡੀਅਨ ਵਿਦਿਆਰਥੀਆਂ ਦੇ ਇਸ ਸੰਕਟ ਨੇ ਪੰਜਾਬੀ ਸਮਾਜ, ਰਾਜਨੀਤੀ ਅਤੇ ਆਰਥਿਕਤਾ ਨੂੰ ਪ੍ਰਭਾਵਿਤ ਕਰਨਾ ਹੈ। ਇਤਿਹਾਸ ਦੇ ਪੰਨਿਆਂ 'ਤੇ ਇਹ ਨਾ ਲਿਖਿਆ ਜਾਵੇ ਕਿ ਜੋ ਪੰਜਾਬੀ ਸਮਾਜ ਇਸ ਗੱਲ ਲਈ ਮਸ਼ਹੂਰ ਹੈ ਕਿ ਜਿਥੇ ਵੀ ਸੰਕਟ ਆਉਂਦਾ ਹੈ ਉਸ ਸੰਕਟ ਵਿਚ ਹਰੇਕ ਦੀ ਮਦਦ ਕਰਦੇ ਹਨ। ਇਹ ਜੰਗਾਂ ਦੌਰਾਨ ਸੰਕਟ ਹੋਵੇ, ਇਹ ਹੜ੍ਹਾਂ ਦੌਰਾਨ ਸੰਕਟ ਹੋਵੇ ਅਤੇ ਇਹ ਕਿਸੇ ਵੀ ਭਾਈਚਾਰੇ 'ਤੇ ਆਇਆ ਹੋਇਆ ਸੰਕਟ ਹੋਵੇ। ਹੁਣ ਤਾਂ ਸਾਡੇ ਪੰਜਾਬੀ ਭਾਈਚਾਰੇ ਦੇ ਵਿਦਿਆਰਥੀਆਂ ਅਤੇ ਨੌਜਵਾਨਾਂ 'ਤੇ ਸੰਕਟ ਹੈ। ਇਸ ਸੰਕਟਮਈ ਸਥਿਤੀ ਵਿਚ ਕੈਨੇਡੀਅਨ ਪੰਜਾਬੀ ਭਾਈਚਾਰਾ ਅਤੇ ਪੰਜਾਬ ਵਿਚਲਾ ਪੰਜਾਬੀ ਭਾਈਚਾਰਾ ਆਪਣਾ ਜਥਾ ਸ਼ਕਤੀ ਮੁਤਾਬਕ ਵਿਚਾਰਨ, ਲਿਖਤਾਂ, ਮੰਗ ਪੱਤਰਾਂ ਆਦਿ ਰਾਹੀਂ ਆਵਾਜ਼ ਉਠਾ ਕੇ ਇਨ੍ਹਾਂ ਪੀੜਤ ਵਿਦਿਆਰਥੀਆਂ ਦੀ ਮਦਦ ਲਈ ਅੱਗੇ ਆਵੇ। 'ਸਰੋਕਾਰਾਂ ਦੀ ਆਵਾਜ਼' ਆਪਣੀ ਆਵਾਜ਼ ਅਤੇ ਤੁਹਾਡੀ ਆਵਾਜ਼ ਨੂੰ ਮੀਡੀਆ ਰਾਹੀਂ ਪਹੁੰਚਾਉਣ ਲਈ ਵੱਡਾ ਯੋਗਦਾਨ ਪਾਉਣ ਲਈ ਹਮੇਸ਼ਾ ਤਿਆਰ ਹੈ।



ਹਰ ਕਿਸਮ ਦੇ ਫਾਰਮ ਭਰਵਾਉਣ ਲਈ ਮਿਲੋ

ਪਾਸਪੋਰਟ ਰੀਨਿਊ (ਕੈਨੇਡੀਅਨ ਜਾ ਇੰਡੀਅਨ), ਕੈਨੇਡੀਅਨ ਸਿਟੀਜ਼ਨਸ਼ਿਪ, ਪੀ.ਆਰ. ਕਾਰਡ ਰੀਨਿਊ, ਪੈਨਸ਼ਨ ਦੇ ਫਾਰਮ (ਸੀ.ਪੀ.ਪੀ., ਓਲਡ ਏਜ, ਅਲਬਰਟਾ ਪੈਨਸ਼ਨ), ਕੈਨੇਡੀਅਨ ਚਾਈਲਡ ਬੈਨੀਫਿਟ, ਆਦਿ।

ਵਾਜਿਬ ਰੇਟ 'ਤੇ ਹਰ ਦਿਨ ਸੇਵਾਵਾਂ ਉਪਲਬਧ।

Lash Extension Service

Looking for lash extensions in Calgary?
I offer classic, hybrid and volume sets at reasonable price.
Located in Cornerstone, NE.

Please email or message on Instagram @llash_n_pout
Corner Meadows Gate NE, Calgary, AB T3N
Nav Gill : 780-850-7730

Balloon House by Gurpreet

Gurpreet Gill
Founder
(403) 408-6566










For Birthday - Anniversary - Baby Shower - Shower

@balloonhousebygurpreet

# ਇਤਿਹਾਸ ਅਤੇ ਕਿਸਾਨ ਬਗਾਵਤਾਂ ਦਾ ਆਪਸੀ ਸੁਮੇਲ ਕਥਾ ਕਾਨੂੰ ਸਨਿਆਲ ਦੀ








**ਜਿਸ ਕਿਸਮ ਦੀਆਂ ਕਿਸਾਨ ਬਗਾਵਤਾਂ ਤੇ ਨਕਸਲੀ ਲਹਿਰ ਨੂੰ ਪੇਸ਼ ਕਰਦੀਆਂ ਪੁਸਤਕਾਂ ਲਿਖੀਆਂ ਜਾ ਰਹੀਆਂ ਹਨ ਜਿਨ੍ਹਾਂ ਵਿਚ ਇਤਿਹਾਸ ਦੇ ਵੱਖ ਵੱਖ ਦੌਰ ਵਿਚ ਕੀਤੀਆਂ ਕੁਰਬਾਨੀਆਂ ਨੂੰ ਅੰਕਿਤ ਕੀਤਾ ਗਿਆ ਹੈ। ਇਸ ਦੇ ਨਾਲ ਹੀ ਕਮਿਊਨਿਸਟ ਲਹਿਰ ਦੀ ਇਹ ਤਰਾਸਦੀ ਵੀ ਹੈ ਜਿੰਨਾ ਸੰਕਟ ਵਧਦਾ ਜਾ ਰਿਹਾ ਹੈ ਉਸ 'ਚੋਂ ਉਭਰਨ ਲਈ ਇਕਜੁਟਤਾ ਦੀ ਜ਼ਰੂਰਤ ਹੈ। ਪ੍ਰੰਤੂ ਫੁੱਟ ਦਰ ਫੁੱਟ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਇਸ ਪੁਸਤਕ ਵਿਚ ਵੀ ਇਕ ਬਾਖੂਬੀ ਨਾਲ ਅੰਕਿਤ ਕੀਤਾ ਗਿਆ ਹੈ। ਭਵਿੱਖ ਵਿਚ ਪੰਜਾਬ ਦੀ ਇਨਕਲਾਬੀ ਲਹਿਰ ਜਿਹੜੀ ਟੁੱਟਾਂ ਫੁੱਟਾਂ ਦੇ ਦੌਰ ਵਿਚੋਂ ਗੁਜ਼ਰੀ ਹੈ ਅਤੇ ਜਿਸ ਨੇ ਕਈ ਪੱਧਰ 'ਤੇ ਨਾਂਪੱਖੀ ਅਸਰ ਵੀ ਪਾਏ ਹਨ। ਉਨ੍ਹਾਂ 'ਚੋਂ ਸਬਕ ਸਿਖਣ ਦੀ ਜ਼ਰੂਰਤ ਹੈ। ਇਸ ਦਿਸ਼ਾ ਵੱਲ ਇਹ ਪੁਸਤਕ ਪਹਿਲਾ ਕਦਮ ਹੈ। ਇਸ ਦੇ ਪੰਜਾਬ ਉਪਰ ਕਿ ਕਿਸਮ ਦੇ ਪ੍ਰਭਾਵ ਪਏ ਅਤੇ ਪੈਣਗੇ ਉਨ੍ਹਾਂ ਪ੍ਰਤੀ ਪਾਠਕਾਂ ਨੂੰ ਮੁੜ ਸੋਚਣ ਲਈ ਮਜਬੂਤ ਵੀ ਕਰਦੀ ਹੈ। ਇਸ ਦਿਸ਼ਾ ਵੱਲ ਕਲਮਾਂ ਉਠਾਉਣੀਆਂ ਚਾਹੀਦੀਆਂ ਹਨ। - ਸੰਪਾਦਕ**



ਡਾ. ਕੁਲਦੀਪ ਸਿੰਘ
98151-15429

ਇਤਿਹਾਸ ਵਿਚ ਬਹੁਤ ਘੱਟ ਅਜਿਹਾ ਵਾਪਰਦਾ ਹੈ ਜਦੋਂ ਵਿਅਕਤੀਤਵ ਅਤੇ ਇਤਿਹਾਸ ਇਕਮਿਕ ਹੋ ਜਾਣ। ਵਿਅਕਤੀ ਦੁਆਰਾ ਕੀਤੇ ਗਏ ਕਾਰਜ ਉਸ ਦੇ ਸੰਭਵ ਅਤੇ ਅਸੰਭਵ ਜੀਵਨ ਨੂੰ ਪ੍ਰਭਾਵਤ ਕਰਦੇ ਹਨ। ਕਿਸਾਨ ਬਗਾਵਤ ਜਿਸ ਨੂੰ ਨਕਸਲੀ ਅੰਦੋਲਨ ਵੀ ਕਿਹਾ ਜਾਂਦਾ ਹੈ ਉਸ ਵਿਚਲੇ ਇਕ ਅਹਿਮ ਇਤਿਹਾਸ ਦੇ ਪਾਤਰ ਕਾਨੂੰ ਸਨਿਆਲ ਦੇ ਜੀਵਨ ਸਫ਼ਰ ਨੂੰ ਪੁਸਤਕ 'ਪਹਿਲਾ ਨਕਸਲੀ; ਕਾਨੂੰ ਸਨਿਆਲ ਦੀ ਜੀਵਨੀ' ਲੇਖਕ ਬਧਾਇਤਿਆ ਪਾਲ ਦੁਆਰਾ ਲਿਖਤ 'ਪੰਜਾਬੀ ਅਨੁਵਾਦ ਨਿਰਮਲਜੀਤ', 'ਲੋਕ ਗੀਤ ਪ੍ਰਕਾਸ਼ਨ 2018' ਅਜਿਹੀ ਸਵੈ ਜੀਵਨੀ ਜਿਹੜੀ ਭਾਰਤੀ ਸਮਾਜਿਕ ਰਾਜਨੀਤਕ ਇਤਿਹਾਸ ਦੇ ਸੱਤ ਦਹਾਕਿਆਂ ਨੂੰ ਪ੍ਰਤੀਬਿੰਬਤ ਕਰਦੀ ਹੈ। ਪੁਸਤਕ ਦੇ ਲੇਖਕ ਨੇ ਜਿਥੇ ਨਕਸਲਵਾਦੀ ਅੰਦੋਲਨ ਦਾ ਲੜੀਬੱਧ ਇਤਿਹਾਸ ਹੀ ਨਹੀਂ ਲਿਖਿਆ ਬਲਕਿ ਕਾਨੂੰ ਸਨਿਆਲ ਦੇ ਸਮੇਂ ਕੀ ਵਾਪਰਿਆ ਅਤੇ ਕਿਸ ਤਰ੍ਹਾਂ ਕਾਨੂੰ ਸਨਿਆਲ ਨੇ ਇਸ ਨੂੰ ਜੀਵਿਆ ਉਸ ਦਾ ਬਾਖੂਬੀ ਨਾਲ ਜੀਵੰਤ ਖਾਕਾ ਖਿੱਚਿਆ ਹੈ, ਜਿਥੇ ਇਹ ਪੁਸਤਕ ਕਾਨੂੰ ਸਨਿਆਲ ਦੇ ਬਚਪਨ ਤੋਂ ਲੈ ਕੇ ਕਿਸਾਨ ਬਗਾਵਤ ਦੇ ਦਿਨਾਂ ਦੀ ਕਹਾਣੀ ਨੂੰ ਬਿਆਨਦੀ ਹੈ, ਉਥੇ ਕਿਸੇ ਕਮਿਊਨਿਸਟ ਵਿਦਰੋਹੀ ਦੇ ਰੂਪ ਵਿਚ ਸਨਿਆਲ ਦੀ ਕਰਮਗਤ ਵਿਕਾਸ ਅਤੇ ਵੱਖ-ਵੱਖ ਹੋਰ ਪਹਿਲੂਆਂ ਬਾਰੇ ਵੀ ਜਾਣਕਾਰੀ ਪ੍ਰਦਾਨ ਕਰਦੀ ਹੈ। ਜਿਥੇ ਨਕਸਲੀ ਅੰਦੋਲਨ ਦੀ ਪਿੱਠਭੂਮੀ ਦੀ ਪ੍ਰਸੰਗਕ ਜਾਣਕਾਰੀ ਦੇ ਨਾਲ-ਨਾਲ ਵੱਖ-ਵੱਖ ਉਤਰਾਵਾ-ਚੜ੍ਹਾਵਾਂ ਉਪਰ ਵੀ ਜਾਣਕਾਰੀ ਪਾਉਂਦੀ ਹੈ। ਹਕੀਕਤ ਵਿਚ ਇਹ ਨਕਸਲੀ ਲਹਿਰ ਦੇ ਉਭਾਰ ਅਤੇ ਨਿਘਾਰ ਬਾਰੇ ਇਕ ਅਹਿਮ ਦਸਤਾਵੇਜ਼ ਹੈ ਜਿਹੜੀ ਜੀਵੰਤ ਰੂਪ ਵਿਚ ਵਿਚਾਰਧਾਰਕ ਵਖਰੇਵੇਂ ਘੱਟ ਅਤੇ ਭਾਰਤ ਵਿਚ ਕਮਿਊਨਿਸਟ ਧਿਰਾਂ ਦੇ ਨਿਘਾਰ ਲਈ ਨਿੱਜੀ ਹਉਮੈ ਕਿਵੇਂ ਜ਼ਿੰਮੇਵਾਰ ਹਨ ਉਨ੍ਹਾਂ ਨੂੰ ਲੜੀਵਾਰ ਰੂਪ ਵਿਚ ਕਾਨੂੰ ਸਨਿਆਲ ਦੇ ਜੀਵਨ ਸਫ਼ਰ ਰਾਹੀਂ ਦਿਖਾਉਂਦੀ ਅਤੇ ਦਰਸਾਉਂਦੀ ਹੈ।

ਪੁਤਸਕ ਦੇ ਪਹਿਲੇ ਛੇ ਅਧਿਆਇ ਕਾਨੂੰ ਸਨਿਆਲ ਦੇ ਵਿਦਰੋਹੀ ਦੇ ਤੌਰ 'ਤੇ ਵਿਕਸਤ ਹੋਣ ਵਿਚ ਦੇਸ਼ ਦੀ ਵੰਡ, ਆਜ਼ਾਦੀ ਅਤੇ ਭਾਰਤੀ ਕਮਿਊਨਿਸਟ ਪਾਰਟੀ ਲੱਗੀ ਪਾਬੰਦੀ ਦਾ ਕੀ ਯੋਗਦਾਨ ਹੈ। ਇਸ ਪਾਬੰਦੀ ਤੋਂ ਬਾਅਦ ਕਿਸ ਤਰ੍ਹਾਂ ਪਹਿਲੀ ਮਿਲਣੀ ਚਾਰੂ ਮਜ਼ੂਮਦਾਰ ਨਾਲ ਹੁੰਦੀ ਹੈ ਅਤੇ ਉਸ ਤੋਂ ਪਹਿਲਾਂ ਕਾਨੂੰ ਸਨਿਆਲ ਗਰੀਬ ਕਿਸਾਨਾਂ ਵਿਚ ਆਪਣੀ ਪਹਿਚਾਣ ਬਣਾ ਚੁੱਕਾ ਸੀ। ਕਿਸਾਨਾਂ ਦੇ ਅਧਿਕਾਰਾਂ ਲਈ ਲਗਾਤਾਰ ਉਹ ਲੜ ਰਿਹਾ ਸੀ ਅਤੇ ਉਨ੍ਹਾਂ ਦੀ ਅਗਵਾਈ ਕਰ ਰਿਹਾ ਸੀ ਜਿਸ ਕਿਸਮ ਨਾਲ ਭੂਮੀ ਸੁਧਾਰਾਂ ਦੇ ਸਵਾਲ ਉਪਰ ਕਮਿਊਨਿਸਟਾਂ ਵਿਚ ਮਤਭੇਦ ਆ ਚੁੱਕੇ ਸਨ ਪ੍ਰੰਤੂ ਕਾਨੂੰ ਸਨਿਆਲ ਇਸ ਗੱਲ ਲਈ ਲਗਾਤਾਰ ਲੜਾਈ ਲੜ ਰਹੇ ਸਨ ਕਿ ਜੋ ਭੂਮੀ ਸੁਧਾਰ ਐਕਟ ਪੱਛਮੀ ਬੰਗਾਲ ਦੀ ਕਾਂਗਰਸ ਸਰਕਾਰ ਨੇ 1955 ਵਿਚ ਬਣਾਇਆ ਸੀ ਉਹ ਤੱਤ ਰੂਪ ਵਿਚ ਜ਼ਮੀਨ ਹਲਵਾਕਰਦੀ ਦੇ ਨਾਅਰੇ ਨੂੰ ਚਤੁਰਾਈ ਨਾਲ ਅਣਗੌਲਿਆ ਕਰਨਾ ਸੀ। ਪ੍ਰੰਤੂ ਲਗਾਤਾਰ ਇਸ ਸਵਾਲ ਉਪਰ ਵਰ੍ਹਾ 1958 ਵਿਚ ਭੂਮੀ ਸੁਧਾਰਾਂ ਦੇ ਸਵਾਲ ਉਪਰ ਕਮਿਊਨਿਸਟਾਂ ਵਿਚ ਵੀ ਮਤਭੇਦ ਆਉਣੇ ਸ਼ੁਰੂ ਹੋ ਗਏ ਸਨ। ਕਾਨੂੰ ਸਨਿਆਲ ਦੱਸਦੇ ਹਨ ਕਿ ਵਰ੍ਹਾ 1959 ਕਿਸਾਨਾਂ ਲਈ ਬੜਾ ਉਥਲ ਪੁਥਲ ਦਾ ਵਰ੍ਹਾ ਸੀ। ਉਨ੍ਹਾਂ ਦੇ ਕਹਿਣ ਅਨੁਸਾਰ ਵਰ੍ਹਾ 1967 ਦੀ ਬਜਾਏ 1959 ਵਿਚ ਨਕਸਲਵਾੜੀ ਅੰਦੋਲਨ ਅਸਲ ਵਿਚ ਸ਼ੁਰੂ ਕਰਨ ਦੀਆਂ ਜ਼ਿਆਦਾ ਸੰਭਾਵਨਾਵਾਂ ਸਨ। ਪ੍ਰੰਤੂ ਇਹ ਉਸ ਸਮੇਂ ਸ਼ੁਰੂ ਨਾ ਕੀਤਾ ਗਿਆ। ਇਸ ਉਪਰੰਤ ਵਰ੍ਹਾ 1961 ਦੇ ਅੰਤ ਵਿਚ ਭਾਰਤ ਅਤੇ ਚੀਨ ਯੁੱਧ ਦੇ ਕੰਢੇ ਉਤੇ ਪਹੁੰਚ ਗਏ। ਭਾਰਤੀ ਕਮਿਊਨਿਸਟ ਪਾਰਟੀ ਚੀਨ ਪੱਖੀ ਅਤੇ ਚੀਨ ਵਿਰੋਧੀ ਗੁੱਟਾਂ ਵਿਚ ਵੰਡੀ ਗਈ। ਵਰ੍ਹਾ 1962 ਵਿਚ ਅੰਦਰੂਨੀ ਸੁੱਰਖਿਆ ਦਾ ਬਹਾਨਾ ਬਣਾ ਕੇ ਚੀਨ ਸਮਰੱਥਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ 1964 ਦੇ ਵਿਚ ਕਿਸਾਨ ਕ੍ਰਾਂਤੀ, ਵਿਦਰੋਹੀ ਰਣਨੀਤੀਆਂ ਆਦਿ ਦੇ ਸਵਾਲ ਉਤੇ ਵੱਡੇ ਮਤਭੇਦ ਪੈਦਾ ਹੋ ਗਏ। ਇਸ ਦਾ ਜ਼ਿਕਰ ਅਧਿਆਇ ਬਾਰਾਂ ਵਿਚ ਹੈ ਕਿ ਕਿਸ ਤਰ੍ਹਾਂ ਚਾਰੂ ਮਜ਼ੂਮਦਾਰ ਦੇ ਨਾਲ ਮਤਭੇਦ ਕ੍ਰਾਂਤੀਕਾਰੀ ਨੀਤੀਆਂ ਦੇ ਮੁੱਦਿਆਂ ਅਤੇ ਸੰਗਠਨ ਨੂੰ ਲੈ ਕੇ ਚਰਮਸੀਮਾ ਉਪਰ ਪਹੁੰਚ ਗਏ ਸਨ। ਅਧਿਆਇ ਤੇਰਾਂ ਵਿਚ ਦੱਸਿਆ ਗਿਆ ਹੈ ਕਿ ਕਿਸ ਤਰ੍ਹਾਂ ਨਕਸਲਵਾਦੀ ਅੰਦੋਲਨ ਦਾ ਵਿਦਰੋਹ ਸ਼ੁਰੂ ਹੁੰਦਾ ਹੈ ਅਤੇ ਟਕਰਾਅ ਖ਼ੂਨੀ ਰੂਪ ਅਖਤਿਆਰ ਕਰ ਲੈਂਦਾ ਹੈ। ਕਾਨੂੰ ਸਨਿਆਲ ਯਾਦ ਕਰਦੇ ਹੋਏ ਲੇਖਕ ਨੂੰ ਦੱਸਦੇ ਹਨ, "ਸਿਵਲ ਵਰਦੀ ਵਾਲੇ ਪੁਲਿਸ ਅਧਿਕਾਰੀਆਂ ਨੇ ਪੁਲਿਸ ਨੂੰ ਗੋਲੀਆਂ ਚਲਾਉਣ ਦੀ ਖੁੱਲ੍ਹੀ ਇਜਾਜ਼ਤ ਦੇ ਦਿੱਤੀ ਜਿਸ ਵਿਚ ਗਿਆਰਾਂ ਲੋਕ ਮਾਰੇ ਗਏ ਜਿਸ 'ਚ 8 ਔਰਤਾਂ, 1 ਮਰਦ ਅਤੇ 2 ਬੱਚੇ ਸ਼ਾਮਲ ਸਨ। ਚੀਨ ਦੇ ਅਖ਼ਬਾਰ ਨੇ ਇਸ ਨੂੰ ਭਾਰਤ ਦੀ ਧਰਤੀ ਉਪਰ ਗਰਜਦੀ ਹੋਈ ਬਿਜਲੀ ਡਿੱਗਣ ਦਾ ਰੂਪ ਕਿਹਾ। ਪੇਂਡੂ ਕ੍ਰਾਂਤੀਕਾਰੀ ਹਥਿਆਰਬੰਦ ਸੰਘਰਸ਼ ਦੇ ਇਕ ਲਾਲ ਖੇਤਰ ਦੀ ਸਥਾਪਨਾ ਭਾਰਤੀ ਕ੍ਰਾਂਤੀਕਾਰੀ ਸੰਘਰਸ਼ ਵਿਚੋਂ ਇਕ ਬੇਹੱਦ ਕ੍ਰਾਂਤੀਕਾਰੀ ਕਦਮ ਹੈ। ਇਸ ਨੇ ਹੀ ਕਮਿਊਨਿਸਟ ਲਹਿਰ ਵਿਚ ਨਵਾਂ ਵਿਚਾਰਧਾਰਕ ਵਾਦ-ਵਿਵਾਦ ਦਿੱਤਾ ਹੈ। ਚੀਨ ਦੇ ਇਨਕਲਾਬ ਤੋਂ ਕਾਨੂੰ ਸਨਿਆਲ ਹੋਰੀਂ ਏਨੇ ਪ੍ਰਭਾਵਿਤ ਸਨ ਕਿ ਉਹ ਮਾਓ ਨਾਲ ਮੁਲਾਕਾਤ ਕਰਨ ਵਿਚ ਕਾਮਯਾਬ ਹੋ ਗਏ। ਹਾਲਾਂਕਿ ਕਾਨੂੰ ਸਨਿਆਲ ਦੱਸਦੇ ਹਨ, "ਮਾਊ ਨੇ ਸੁਝਾਅ ਦਿੱਤਾ ਸੀ ਕਿ ਜੋ ਕੁਝ ਵੀ ਤੁਸੀਂ ਚੀਨ ਵਿਚ ਸਿੱਖਿਆ ਹੈ, ਉਹ ਸਭ ਭੁੱਲ ਜਾਉ। ਨਕਸਲਵਾੜੀ ਵਿਚ ਵਾਪਸ ਆ ਕੇ ਉਥੋਂ ਦੀਆਂ ਜ਼ਮੀਨੀ ਹਕੀਕਤਾਂ ਨੂੰ ਧਿਆਨ ਵਿਚ ਰੱਖਕੇ ਆਪਣੀ ਖ਼ੁਦ ਦੀ ਕ੍ਰਾਂਤੀਕਾਰੀ ਰਾਜਨੀਤੀ ਤਿਆਰ ਕਰੋ।"

ਸੀ.ਪੀ.ਆਈ. ਐਮ.ਐਲ. ਦਾ ਨਿਰਮਾਣ ਅਤੇ ਵਿਘਟਨ ਦਾ ਉਲੇਖ ਕਰਦੇ ਹੋਏ ਅਧਿਆਇ ਪੰਦਰਾਂ ਵਿਚ ਸਪਸ਼ਟ ਦਰਜ ਕਰਦੇ ਹਨ ਭਲਾਂ ਹੀ ਸਾਡੇ ਵਿਚ ਆਪਸੀ ਮਤਭੇਦ ਸਨ ਪ੍ਰੰਤੂ ਹਰ ਕੋਈ ਅੰਦੋਲਨ ਨੂੰ ਅਗਾਂਹ ਵਧਾਉਣ ਵਾਸਤੇ ਇਕਜੁਟ ਹੋ ਕੇ ਚੱਲਣਾ ਚਾਹੁੰਦਾ ਸੀ। ਇਸ ਕਾਰਜ ਲਈ ਸਤਾਰਾਂ ਮੈਂਬਰੀ ਕਮੇਟੀ ਜਿਨ੍ਹਾਂ ਵਿਚ ਚਾਰੂ ਮਜ਼ੂਮਦਾਰ, ਕਾਨੂੰਨ ਸਨਿਆਲ, ਸਰੋਜ ਦੱਤਾ, ਸਾਰਨ ਬੋਸ, ਸੁਸ਼ੀਲ ਰਾਏ ਚੌਧਰੀ, ਆਰ.ਪੀ. ਸਰਾਫ਼, ਸ਼ਿਵ ਕੁਮਾਰ ਮਿਸ਼ਰਾ, ਪੀ. ਕ੍ਰਿਸ਼ਨਮੂਰਤੀ, ਤਜੇਸ਼ਵਰ ਰਾਏ ਆਦਿ ਸਨ। ਭਲਾਂ ਹੀ ਇਕਜੁੱਟ ਸਨ ਪ੍ਰੰਤੂ ਅੰਦਰੂਨੀ ਲੋਕਤੰਤਰ ਦੀ ਘਾਟ ਲਗਾਤਾਰ ਰੜਕਦੀ ਸੀ ਜਿਸ ਕਾਰਨ ਹੌਲੀ ਹੌਲੀ ਥੋੜ੍ਹੇ ਸਮੇਂ ਬਾਅਦ ਹੀ ਆਪਸੀ ਟਕਰਾਅ ਉਤਪੰਨ ਹੋਣੇ ਸ਼ੁਰੂ ਹੋ ਗਏ। ਇਨ੍ਹਾਂ ਦਾ ਉਲੇਖ ਬੇਬਾਕੀ ਨਾਲ ਕਾਨੂੰ ਸਨਿਆਲ ਨੇ ਕੀਤਾ ਹੈ ਕਿ ਕਿਸ ਤਰ੍ਹਾਂ ਵਿਅਕਤੀਗਤ ਖਾਤਮੇ ਦੀ ਲਾਈਨ ਨੇ ਨਵੀਆਂ ਫੁੱਟਾਂ ਨੂੰ ਜਨਮ ਦਿੱਤਾ ਅਤੇ ਮੁੜ ਵੱਖੋ-ਵੱਖਰੇ ਰਸਤੇ ਬਣਨੇ ਸ਼ੁਰੂ ਹੋ ਗਏ ਜਿਹੜੇ ਲਗਾਤਾਰ ਵੱਖ-ਵੱਖ ਗੁੱਟ ਬਣਾਉਣ ਲਈ ਆਧਾਰ ਤਿਆਰ ਕਰਦੇ ਰਹੇ। ਇਸ ਸਿਲਸਿਲੇ ਲਈ ਨੇ 1972 ਤੋਂ ਲੈ ਕੇ 2007 ਤੱਕ ਆਪਣਾ ਰੂਪ ਦੇਸ਼ ਦੇ ਹਰੇਕ ਕੋਨੇ 'ਤੇ ਦਿਖਾਇਆ।





ਕਾਨੂੰ ਸਨਿਆਲ ਲਗਾਤਾਰ ਨਕਸਲਵਾੜੀ ਖੇਤਰ ਦੇ ਨਾਲ ਜੋ ਵੀ ਨੰਦੀਗਰਾਮ ਤੋਂ ਲਾਲਗੜ੍ਹ ਤੱਕ ਲਹਿਰਾਂ ਚੱਲੀਆਂ ਉਸ ਵਿਚਲੇ ਹਰੇਕ ਰੁਝਾਨ ਨੂੰ ਪੁਸਤਕ ਵਿਚ ਅੰਕਿਤ ਕਰਦੇ ਹਨ।

ਇਨ੍ਹਾਂ ਫੁੱਟਾਂ ਦਾ ਅਸਰ ਪੰਜਾਬ ਉਪਰ ਵੀ ਪੂਰੀ ਤਰ੍ਹਾਂ ਛਾਪ ਛੱਡ ਗਿਆ ਜਿਹੜਾ ਅਜੇ ਵੀ ਬਰਕਰਾਰ ਹੈ। ਕਾਨੂੰ ਸਨਿਆਲ ਵਾਰ-ਵਾਰ ਦਰਜ ਕਰਦੇ ਹਨ ਕਿ 1950 ਤੋਂ ਬਾਅਦ ਜਿੰਨੀਆਂ ਕੁਰਬਾਨੀਆਂ ਅਤੇ ਲੜਾਈਆਂ ਕਿਸਾਨ ਬਗਾਵਤਾਂ ਦੇ ਰੂਪ ਵਿਚ ਨਕਸਲੀ ਬਗਾਵਤ ਤੋਂ ਪ੍ਰੇਰਨਾ ਲੈ ਕੇ ਲੜੀਆਂ ਗਈਆਂ ਉਹ ਰਾਜਨੀਤਕ ਖੇਤਰ ਵਿਚ ਰਾਜਨੀਤੀ ਦੇ ਸਵਾਲ ਨੂੰ ਸਹੀ ਰੂਪ ਵਿਚ ਸਬੰਧਤ ਨਹੀਂ ਹੋ ਸਕੀਆਂ। ਇਸ ਇਤਿਹਾਸਕ ਦਸਤਾਵੇਜ਼ ਨੂੰ ਪੜ੍ਹਦਿਆਂ ਇੰਝ ਜਾਪਦਾ ਹੈ ਕਿ ਅਸੀਂ ਅਜੇ ਇਤਿਹਾਸ ਦੀਆਂ ਗਲਤੀਆਂ ਤੋਂ ਕੁਝ ਵੀ ਨਹੀਂ ਸਿੱਖਿਆ। ਪੰਜਾਬ ਦੇ ਇਤਿਹਾਸ ਦੇ ਵਰਕੇ ਅਜੇ ਲਿਖਣੇ ਅਤੇ ਖੋਲ੍ਹਣੇ ਬਾਕੀ ਹਨ। ਜਿਸ ਕਿਸਮ ਨਾਲ ਖੋਲ੍ਹ ਕੇ ਸਾਹਮਣੇ ਲਿਆਂਦੇ ਹਨ ਪੰਜਾਬ ਦੀ ਕਮਿਊਨਿਸਟ ਲਹਿਰ ਅਤੇ ਨਕਸਲੀ ਲਹਿਰ ਨੂੰ ਸਮਝਣ ਬੁੱਝਣ ਅਤੇ ਲਿਖਣ ਲਈ ਇਹ ਪੁਸਤਕ ਮੁੱਲਵਾਨ ਆਧਾਰ ਤਿਆਰ ਕਰਦੀ ਹੈ। ਜਿਸ ਸ਼ਿੱਦਤ ਨਾਲ ਇਸ ਪੁਸਤਕ ਦੇ ਲੇਖਕ ਬਧਾਇਤਿਆ ਪਾਲ ਨੇ ਇਕ ਕ੍ਰਾਂਤੀਕਾਰੀ ਦੀ ਜੀਵਨ ਰਚਨਾ ਨੂੰ ਸਿਰਜਿਆ ਹੈ ਉਸ ਦੇ ਨਾਲ ਹੀ ਇਤਿਹਾਸਕ ਲਿਖਤਾਂ ਅਤੇ ਦਸਤਾਵੇਜ਼ਾਂ ਨੂੰ ਵੀ ਹਵਾਲਿਆਂ ਦੇ ਰੂਪ ਵਿਚ ਦਰਜ ਕੀਤਾ ਹੈ।

# ਬੇਹੋਸ਼ੀ ਦੀ ਹਾਲਤ ਵਿੱਚ ਲੱਗਾ ਟੀਕਾ ਜੋ ਇਨਸਾਨ ਨੂੰ ਸਾਰੀ ਉਮਰ ਸੁਰਤ ਨਹੀਂ ਆਉਣ ਦਿੰਦਾ

ਬੇਹੋਸ਼ ਉਸ ਵਿਅਕਤੀ ਨੂੰ ਕਿਹਾ ਜਾਂਦਾ ਹੈ ਜਿਸ ਨੂੰ ਆਪਣੀ ਹੋਸ਼ ਨਾ ਹੋਵੇ ਅਤੇ ਆਪਣੇ ਆਲੇ ਦੁਆਲੇ ਦੀ ਵੀ ਹੋਸ਼ ਨਾ ਹੋਵੇ। ਐਸੇ ਵਿਅਕਤੀ ਦੇ ਸਿਰਫ ਸਾਹ ਚੱਲਦੇ ਹੁੰਦੇ ਹਨ। ਐਸਾ ਵਿਅਕਤੀ ਆਪਣੇ ਚੰਗੇ ਮਾੜੇ ਦਾ ਫੈਸਲਾ ਕਰਨ ਦੇ ਯੋਗ ਨਹੀਂ ਹੁੰਦਾ ਹੈ। ਐਸੀ ਹਾਲਤ ਵਿੱਚ ਜੇ ਵਿਅਕਤੀ ਨਾਲ ਕੋਈ ਵਿਹਾਰ ਜਾਂ ਦੁਰਵਿਹਾਰ ਕੀਤਾ ਜਾਵੇ ਤਾਂ ਉਹ ਆਪਣਾ ਹੱਕ ਜਾਂ ਵਿਰੋਧ ਜ਼ਾਹਰ ਨਹੀਂ ਕਰ ਸਕਦਾ। ਇਸੇ ਤਰ੍ਹਾਂ ਦੀ ਹਾਲਤ ਨਵੇਂ ਜਨਮੇਂ ਬੱਚੇ ਦੀ ਹੁੰਦੀ ਹੈ। ਉਸ ਦੇ ਸਿਰਫ ਸਾਹ ਹੀ ਚੱਲਦੇ ਹੁੰਦੇ ਹਨ। ਉਹ ਆਪਣੇ ਆਪ ਨੂੰ ਵੀ ਸਾਂਭਣ ਦੇ ਯੋਗ ਨਹੀਂ ਹੁੰਦਾ। ਉਸ ਦੇ ਅੰਗ ਬਹੁਤ ਕੋਮਲ/ਨਾਜ਼ਕ ਹੁੰਦੇ ਹਨ। ਉਹ ਕਿਸੇ ਕਿਸਮ ਦਾ ਭਾਰ ਉਠਾਉਣ ਦੇ ਯੋਗ ਨਹੀਂ ਹੁੰਦਾ। ਇਥੋਂ ਤੱਕ ਕਿ ਆਪਣਾ ਸਿਰ ਚੁੱਕਣ ਦੇ ਵੀ ਯੋਗ ਨਹੀਂ ਹੁੰਦਾ। ਇਸ ਹਾਲਤ ਵਿੱਚ ਉਸ ਉੱਪਰ ਕਿਸੇ ਵੀ ਕਿਸਮ ਦਾ ਭਾਰ ਲੱਦਣਾ ਬਹੁਤ ਹੀ ਮਾੜਾ ਹੈ ਭਾਵੇਂ ਉਹ ਭਾਰ ਕਿਸੇ ਧਾਰਮਿਕ ਚਿੰਨ੍ਹ ਦਾ ਹੋਵੇ। ਬੱਚੇ ਦੀ ਇਸ ਹਾਲਤ ਦਾ ਧਰਮ ਫਾਇਦਾ ਚੁੱਕਦੇ ਹਨ। ਭਾਵ ਹਰ ਧਰਮ ਬੱਚੇ ਦੇ ਉਸ ਸਮੇਂ ਆਪੋ ਆਪਣਾ ਟੀਕਾ ਲਗਾਉਂਦਾ ਹੈ। ਉਸ ਨੂੰ ਛੋਟੇ ਹੁੰਦੇ ਹੀ ਬਾਕੀ ਰਸਮਾਂ ਸਿਖਾ ਦਿੱਤੀਆਂ ਜਾਂਦੀਆਂ ਹਨ ਜਿਸ ਤਰ੍ਹਾਂ ਮੱਥਾ ਟੇਕਣਾ, ਸੁੱਖਣਾ ਸੁੱਖਣੀਆਂ ਅਤੇ ਰੱਬ ਤੋਂ ਕੋਈ ਵੀ ਕੰਮ ਕਰਵਾਉਣ ਵਾਸਤੇ ਹਰ ਵਾਰ ਰਿਸ਼ਵਤ ਦੇਣੀ ਜਾਂ ਲੇਲ੍ਹੜੀਆਂ ਕੱਢਣੀਆਂ ਆਦਿ ਸਿਖਾ ਦਿੱਤੀਆਂ ਜਾਂਦੀਆਂ ਹਨ।

ਬੱਚੇ ਨੂੰ ਕਿਰਤ ਕਰਨਾ, ਸੰਘਰਸ਼ ਕਰਨਾ, ਹੌਂਸਲਾ ਰੱਖਣਾ, ਕੁੱਝ ਨਵਾਂ ਕਰਨਾ, ਆਪਣੇ ਆਪ ਨੂੰ ਬੇਹਤਰ ਬਣਾਉਣਾ, ਕਦੇ ਵੀ ਹਾਰ ਨਾ ਮੰਨਣਾ, ਸਵਾਲ ਕਰਨਾ, ਦੂਜਿਆਂ ਨੂੰ ਨਾਲ ਲੈ ਕੇ ਤੁਰਨਾ ਅਤੇ ਆਪਣੇ ਦਿਮਾਗ ਦੀ ਵਰਤੋਂ ਕਰਨਾ ਆਦਿ ਨਹੀਂ ਸਿਖਾਇਆ ਜਾਂਦਾ।

ਇਸ ਦੇ ਉਲਟ ਬੱਚੇ ਨੂੰ ਉਪਰਲੇ ਵਾਲੇ ਦੇ ਹੁਕਮ ਅਨੁਸਾਰ ਚੱਲਣਾ, ਭਾਣਾ ਮੰਨਣਾ ਅਤੇ ਰੱਬ ਗਰੀਬੀ ਦਾਵੇ ਮਿਲਦਾ ਹੈ ਆਦਿ ਸਿਖਾਇਆ ਜਾਂਦਾ ਹੈ।

ਇਸ ਦੇ ਨਾਲ ਨਾਲ ਬੱਚੇ ਦੇ ਮਾਪੇ ਬੱਚੇ ਨੂੰ ਧਰਮ ਦਾ ਗੁਲਾਮ ਬਣਾ ਕੇ ਸੁਰਖ਼ਰੂ ਹੋਇਆ ਮਹਿਸੂਸ ਕਰਦੇ ਹਨ।

ਬੱਚੇ ਦੇ ਮਾਪੇ ਬੱਚੇ ਨੂੰ ਦੱਸਣਾ ਸ਼ੁਰੂ ਕਰ ਦਿੰਦੇ ਹਨ ਕਿ ਤੇਰਾ ਧਰਮ ਕੀ ਹੈ, ਤੇਰੀ ਜਾਤ ਕੀ ਹੈ, ਤੇਰਾ ਗੋਤ ਕੀ ਹੈ, ਤੇਰੇ ਧਰਮ ਅਨੁਸਾਰ ਗਲਤ ਕੀ ਹੈ, ਠੀਕ ਕੀ ਹੈ, ਤੇਰੀ ਬੋਲੀ ਕੀ ਹੈ, ਤੇਰਾ ਕਲਚਰ ਕੀ ਹੈ, ਜ਼ਿੰਦਗੀ ਵਿੱਚ ਤੇਰੇ ਲਈ ਕੀ ਠੀਕ ਹੈ, ਕੀ ਗਲਤ ਹੈ, ਤੂੰ ਕਿੰਨਾ ਪੜ੍ਹਨਾ, ਕਿਵੇਂ ਨੌਕਰੀ ਕਰਨੀ ਜਾਂ ਵਿਦੇਸ਼ ਜਾਣਾ ਹੈ ਅਤੇ ਕਿਵੇਂ ਤੂੰ ਵੱਡਾ ਹੋ ਕੇ ਵਿਆਹ ਕਰਵਾ ਕੇ ਇਹੀ ਲਾਈਲੱਗਤਾ ਆਪਣੀ ਅਗਲੀ ਪੀੜ੍ਹੀ ਤੱਕ ਪਹੁੰਚਾਉਣੀ ਹੈ।




ਹੁਣ ਉਪਰੋਕਤ ਸਭ ਨੂੰ ਵਿਚਾਰ ਕੇ ਦੇਖੋ ਕਿ ਬੱਚੇ ਵਾਸਤੇ ਸਾਰੀ ਉਮਰ ਦਾ ਰੋਡ ਮੈਪ ਤਾਂ ਮਾਪਿਆਂ ਨੇ ਤਿਆਰ ਕੀਤਾ। ਉਸ ਵਿਚਾਰੇ ਬੱਚੇ ਨੂੰ ਇਹ ਸਾਰੀ ਉਮਰ ਪਤਾ ਹੀ ਨਹੀਂ ਲਗਦਾ ਕਿ ਜੋ ਉਸ ਦਾ ਆਪਣਾ ਦਿਮਾਗ ਹੈ ਉਸ ਨਾਲ ਕੀ ਕਰਨਾ ਹੈ? ਉਸ ਨੂੰ ਇਹ ਪਤਾ ਹੀ ਨਹੀਂ ਲਗਦਾ ਕਿ ਦਿਮਾਗ ਦਾ ਭਾਰ ਉਹ ਕਿਉਂ ਚੁੱਕੀ ਫਿਰਦਾ ਹੈ ਜੇ ਸਭ ਕੁੱਝ ਮਾਪਿਆਂ ਜਾਂ ਧਰਮ ਮੁਤਾਬਕ ਹੀ ਕਰਨਾ ਹੈ। ਉਹ ਸਾਰੀ ਉਮਰ ਦੁਚਿੱਤੀ ਵਿੱਚ ਹੀ ਜਿਉਂਦਾ ਹੈ। ਜਦੋਂ ਉਪਰੋਕਤ ਮਹੌਲ ਵਿੱਚ ਪਲਿਆ ਬੱਚਾ ਗੋਰਿਆਂ ਦੇ ਬੱਚਿਆਂ ਵਿੱਚ ਵਿਚਰਦਾ ਹੈ ਤਾਂ ਉਹ ਮਜ਼ਾਕ ਦਾ ਪਾਤਰ ਬਣਦਾ ਹੈ। ਉਸ ਬੱਚੇ ਦੇ ਮਾਪਿਆਂ ਵਲੋਂ ਸਿਖਾਈਆਂ ਲਾਈਲੱਗਤਾ ਵਾਲੀਆਂ ਗੱਲਾਂ ਕਰਨ ਤੇ ਗੋਰਿਆਂ ਦੇ ਬੱਚੇ ਉਸ ਦਾ ਮਜ਼ਾਕ ਉਡਾਉਂਦੇ ਹਨ। ਆਪਣੇ ਬੱਚਿਆਂ ਨੂੰ ਆਜ਼ਾਦ ਜ਼ਿੰਦਗੀ ਦੇਣੀ ਚਾਹੀਦੀ ਹੈ। ਉਨ੍ਹਾਂ ਨੂੰ ਖ਼ੁਦ ਫੈਸਲਾ ਕਰਨ ਦੇਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਕੀ ਕਰਨਾ ਹੈ। ਆਪਣੇ ਤਜ਼ਰਬੇ ਬੱਚਿਆਂ ਨਾਲ ਸਾਂਝੇ ਕਰਨੇ ਕਦੇ ਮਾੜੇ ਨਹੀਂ ਹੁੰਦੇ ਪਰ ਉਨ੍ਹਾਂ ਨੂੰ ਬੱਚਿਆਂ ਤੇ ਥੋਪਣਾ ਬਿਲਕੁਲ ਬੇਇਨਸਾਫੀ ਹੈ। ਇਹ ਕਦੇ ਵੀ ਭੁੱਲਣਾ ਨਹੀਂ ਚਾਹੀਦਾ ਕਿ ਮਨੁੱਖ ਦੀਆਂ ਖੋਜਾਂ ਹੁਣ ਜਿੱਥੇ ਤੱਕ ਪਹੁੰਚੀਆਂ ਹਨ ਉਹ ਉਸ ਦੇ ਆਪਣੇ ਦਿਮਾਗ ਦੀ ਖੋਜ ਹਨ। ਉਸ ਦੇ ਮਾਪਿਆਂ ਅਨੁਸਾਰ ਦੱਸਣ ਮੁਤਾਬਕ ਨਹੀਂ ਹਨ।

ਨੋਟ :- ਥੱਲੇ ਦਿੱਤੀ ਨਵੇਂ ਜਨਮੇਂ ਬੱਚੇ ਦੀ ਫੋਟੋ ਦੇਖੋ ਕਿ ਕਿਵੇਂ ਉਸ ਨੂੰ ਧਰਮ ਦਾ ਗੁਲਾਮ ਬਣਾਉਣ ਦੀ ਤਿਆਰੀ ਚੱਲ ਰਹੀ ਹੈ।

**-ਅਵਤਾਰ ਤਰਕਸ਼ੀਲ ਨਿਊਜ਼ੀਲੈਂਡ**
006421392147

# ਜੀਣ ਦਾ ਇੱਕ ਹੋਰ ਵੀ ਢੰਗ ਹੁੰਦਾ ਹੈ...



ਅਵਤਾਰ ਸਿੰਘ ਸੰਧੂ ਉਰਫ਼ ਪਾਸ਼ 9 ਸਤੰਬਰ 1950 ਨੂੰ ਰੋਜ਼ਾਨਾ ਜਨਮਦੇ ਬੱਚਿਆਂ ਵਾਂਗ ਹੀ ਤਲਵੰਡੀ ਸਲੇਮ ਵਿੱਚ ਜਨਮਿਆ ਸੀ। ਮੁੱਢਲੀ ਵਿੱਦਿਆ ਪਰਾਪਤ ਕਰਦਿਆਂ ਅਜੇ 19 ਕੁ ਸਾਲ ਦਾ ਅਲ੍ਹੂਆਂ ਜਿਹਾ ਮੁੰਡਾ ਸੀ ਜਦੋਂ ਉਸਦਾ ਮੇਲ-ਜੋਲ ਨਕਸਲੀਆਂ ਨਾਲ ਹੋਣਾ ਸ਼ੁਰੂ ਹੋ ਗਿਆ। ਅਗਲੇ ਸਾਲ ਹੀ 'ਲੋਹ ਕਥਾ' ਲਿਖਕੇ ਇਹ ਅਲ੍ਹੂਆਂ ਜਿਹਾ ਮੁੰਡਾ ਬੀ. ਐਸ.ਐਫ. ਦੀ ਨੌਕਰੀ ਛੱਡਣ ਵਾਲੇ ਅਵਤਾਰ ਸਿੰਘ ਤੋ ਲੋਹ ਪੁਰਸ਼ ਅਵਤਾਰ ਪਾਸ਼ ਬਣ ਗਿਆ। 1972 ਵਿੱਚ ਇਸ ਖੇਤਾਂ ਦੇ ਪੁੱਤ ਨੇ ਆਪਣੇ ਵਿਚਾਰਾਂ ਦਾ ਬੀਜ ਹੋਰਨਾਂ ਖੇਤਾਂ ਵਿੱਚ ਬੀਜਣ ਲਈ ਪਰਚਾ 'ਸਿਆੜ' ਕੱਢਿਆ। ਪਿੱਛੋਂ ਮੋਗਾ ਗੋਲੀ ਕਾਂਡ ਵਿੱਚ ਹੋਈ ਗਿਰਫਤਾਰੀ ਦੌਰਾਨ ਸਿਆੜ ਬੰਦ ਕਰਨਾ ਪਿਆ। ਅਗਲੇ ਸਾਲ 1973 ਵਿੱਚ ਉਹ 'ਉੱਡਦੇ ਬਾਜ਼ਾਂ ਮਗਰ' ਵੀ ਆਇਆ ਕਿਉਂਕਿ ਉਹ ਰੀਂਗਣ, ਤੁਰਨ ਅਤੇ ਦੌੜਨ ਤੋਂ ਕਿਤੇ ਜ਼ਿਆਦਾ ਮਹੱਤਵ ਉੱਡਣ ਨੂੰ ਦਿੰਦਾ ਸੀ । ਵਰਿਆਂ ਦੇ ਜੀ ਪਰਚਾਉਣ ਵਾਲੇ ਖਿਡੌਣੇ ਨੂੰ ਉਹ ਜ਼ਿੰਦਗੀ ਨਹੀਂ ਸਮਝਦਾ ਸੀ ।

ਪਾਸ਼ ਨੇ ਵੱਖ-ਵੱਖ ਸਮਿਆਂ ਵਿੱਚ 'ਹੇਮ ਜਯੋਤੀ' ਅਤੇ 'ਹਾਕ' ਪਰਚਿਆਂ ਦੀ ਕਮਾਨ ਵੀ ਸੰਭਾਲੀ। 1974 ਵਿੱਚ ਮਿਲਖਾ ਸਿੰਘ ਦੀ ਜੀਵਨੀ 'ਫਲਾਇੰਗ ਸਿੱਖ' ਲਿਖ ਕੇ ਦਿੱਤੀ। 1978 ਵਿੱਚ ਰਾਜਵਿੰਦਰ ਨਾਲ ਵਿਆਹ ਤੇ ਇੱਕ ਧੀ ਵਿੰਕਲ ਦਾ ਜਨਮ ਹੋਇਆ। ਇਸੇ ਸਾਲ ਉਹ 'ਸਾਡੇ ਸਮਿਆਂ ਵਿੱਚ' ਸੰਗ੍ਰਹਿ ਰਾਹੀਂ ਜ਼ੋਰਦਾਰ ਹਾਜ਼ਰੀ ਲਵਾਉਂਦਾ ਹੈ। 'ਖਿੱਲਰੇ ਹੋਏ ਵਰਕੇ' ਪਾਸ਼ ਦੀਆਂ ਖਿੰਡਰੀਆਂ-ਪੁੰਡਰੀਆਂ ਕਵਿਤਾਵਾਂ ਦਾ ਸੰਗ੍ਰਹਿ ਹੈ। 1986 ਵਿੱਚ ਉਹ ਇੰਗਲੈਂਡ ਹੁੰਦਾ ਹੋਇਆ ਕੈਲੇਫੋਰਨੀਆ ਪਹੁੰਚਿਆ ਅਤੇ 'ਐਂਟੀ ਫਰੰਟ' ਨਾਂਅ ਦਾ ਪਰਚਾ ਕੱਢਿਆ।

ਅਵਤਾਰ ਪਾਸ਼ ਜ਼ਿੰਦਗੀ ਨੂੰ ਪਿਆਰਨ ਤੇ ਪਰਚਾਰਨ ਵਾਲਾ ਕਵੀ ਸੀ। ਉਹ ਸਮਝਦਾ ਸੀ ਕਿ ਆਦਮੀ ਕੋਲ ਆਪਣੇ ਸਾਹਾਂ ਤੇ ਮੁੜਕੇ ਦੀ ਹਮਕ ਤੋਂ ਇਲਾਵਾ ਜ਼ਿੰਦਗੀ ਵਰਗਾ ਵੀ ਕੁਝ ਹੋਣਾ ਚਾਹੀਦਾ ਹੈ। ਇਸ ਲਈ ਉਹ ਐਂਵੇਂ-ਮੁੱਚੀਂ ਦਾ ਕੁਝ ਨਹੀਂ ਚਹੁੰਦਾ ਸੀ ਜੋ ਵਕਤ ਦੇ ਥਪੇੜਿਆਂ ਨਾਲ ਖਤਮ ਹੋ ਜਾਵੇ। ਇਸ ਲਈ ਉਹ ਬੁੱਢੇ ਮੋਚੀ ਦੀ ਗੁੰਮੀ ਅੱਖ ਦੀ ਲੋਅ ਅਤੇ ਟੁੰਡੇ ਹੌਲਦਾਰ ਦੇ ਸੱਜੇ ਹੱਥ ਦੀ ਯਾਦ ਬਣ ਕੇ ਜਿਉਣਾ ਚਹੁੰਦਾ ਸੀ। ਉਸ ਲਈ ਜ਼ਿੰਦਗੀ ਘਰ ਦੀ ਸ਼ਰਾਬ ਵਾਂਗ ਲੁਕ-ਲੁਕ ਪੀਣ ਦੀ ਕੋਈ ਸ਼ੈਅ ਨਹੀਂ ਸੀ। ਉਹ ਜ਼ਿੰਦਗੀ ਨੂੰ ਗਲ਼ੇ ਤੱਕ ਡੁੱਬ ਕੇ ਜਿਉਣਾ ਚਹੁੰਦਾ ਸੀ।

ਅਵਤਾਰ ਪਾਸ਼ ਮਨੁੱਖਤਾ ਦਾ ਸ਼ਾਇਰ ਸੀ। ਆਮ ਲੋਕਾਂ ਤੇ ਕਿਰਤੀ ਕਾਮਿਆਂ ਦੇ ਵਿਰੋਧ ਵਿੱਚ ਕੀਤੇ ਜਾਣ ਵਾਲੇ ਫੈਸਲਿਆਂ 'ਤੇ ਘਾਹ ਬਣ ਕੇ ਉੱਗਣ ਦੀ ਇੱਛਾ ਰੱਖਦਾ ਸੀ। ਉਸਦੀ ਕਵਿਤਾ ਸਥਾਪਤੀ ਦਾ ਵਿਰੋਧ ਕਰਦੀ ਸੀ। 23 ਮਾਰਚ 1988 ਨੂੰ ਮਨੁੱਖਤਾ ਨੂੰ ਚਾਨਣ ਵੰਡਣ ਵਾਲਾ ਇਹ ਦੀਪ ਹਨੇਰੇ ਦੇ ਖੁਦਾਵਾਂ ਦੁਆਰਾ ਬੁਝਾ ਦਿੱਤਾ ਗਿਆ । ਭਾਵੇਂ ਕਿ ਪਾਸ਼ ਦੀ ਕਵਿਤਾ ਆਪਣੇ ਪਿੰਡ ਦੇ ਯਾਰਾਂ ਦੋਸਤਾਂ ਦੇ ਮਸਲਿਆਂ ਦਾ ਹੱਲ ਨਹੀਂ ਕਰਦੀ ਸੀ, ਆਪਣੀ ਮਹਿਬੂਬ ਦੇ ਅੱਥਰੇ ਚਾਵਾਂ ਦੀ ਪੂਰਤੀ ਨਹੀਂ ਕਰਦੀ ਸੀ, ਪਤਨੀ ਤੇ ਬੱਚੀ ਦੀਆਂ ਖਾਹਿਸ਼ਾਂ ਪੂਰੀਆਂ ਕਰਨੋਂ ਵੀ ਅਸਮਰੱਥ ਸੀ ਪਰ ਉਹ ਕਿਰਤ ਦੀ ਲੁੱਟ ਨੂੰ ਸਭ ਤੋਂ ਖਤਰਨਾਕ ਕਹਿੰਦੀ ਹੈ, ਮਹਿਬੂਬਾ ਤੋਂ ਪਤਨੀ ਬਣੀ ਕੁੜੀ ਨੂੰ ਭੈਣ ਕਹਿਣ ਦੀ ਹਿੰਮਤ ਰੱਖਦੀ ਹੈ ਅਤੇ ਸ਼ਹੀਦ ਹੋਇਆਂ ਦੀ ਯਾਦ ਨੂੰ ਤਾਜ਼ਾ ਰੱਖਣ ਦਾ ਹੋਕਾ ਦਿੰਦੀ ਹੈ। ਭਵਿੱਖ ਵਿੱਚ ਵੀ ਇਹ ਕਵਿਤਾ ਸੰਘਰਸ਼ ਲਈ ਸਾਡਾ ਮਾਰਗ ਦਰਸ਼ਨ ਕਰਦੀ ਰਹੇਗੀ।

**ਜੀਣ ਦਾ ਇੱਕ ਹੋਰ ਵੀ ਢੰਗ ਹੁੰਦਾ ਹੈ**
**ਭਰੇ ਟਰੈਫਿਕ ਵਿੱਚ ਚੌਫਾਲ ਲਿਟ ਜਾਣ**
**ਤੇ ਸਲਿਪ ਕਰ ਦੇਣਾ**
**ਵਕਤ ਦਾ ਬੋਝਲ ਪਹੀਆ।**

**-ਹਰਿੰਦਰ ਬਰਾੜ**

## ਆਪਣੀ ਅਸੁਰ ਖਿੱਤਾ 'ਚੋਂ

ਜੇ ਦੇਸ਼ ਦੀ ਸੁਰੱਖਿਆ ਇਹੋ ਹੁੰਦੀ ਹੈ
ਕਿ ਬੇ-ਜ਼ਮੀਰੀ ਜ਼ਿੰਦਗੀ ਲਈ ਸ਼ਰਤ ਬਣ ਜਾਵੇ
ਅੱਖ ਦੀ ਪੁਤਲੀ 'ਚ ਹਾਂ ਤੋਂ ਬਿਨਾ ਕੋਈ ਵੀ ਸ਼ਬਦ
ਅਸ਼ਲੀਲ ਹੋਵੇ
ਤੇ ਮਨ ਬਦਕਾਰ ਘੜੀਆਂ ਸਾਹਮਣੇ ਡੰਡੌਤ 'ਚ ਝੁਕਿਆ ਰਹੇ
ਤਾਂ ਸਾਨੂੰ ਦੇਸ਼ ਦੀ ਸੁਰੱਖਿਆ ਤੋਂ ਖਤਰਾ ਹੈ

ਅਸੀਂ ਤਾਂ ਦੇਸ਼ ਨੂੰ ਸਮਝੇ ਸਾਂ ਘਰ ਵਰਗੀ ਪਵਿੱਤਰ ਸ਼ੈਅ
ਜਿਦ ?ਹੇ ਵਿਚ ਹੁੱਸੜ ਨਹੀਂ ਹੁੰਦਾ
ਮਨੁੱਖ ਵਰ੍ਹਦੇ ਮੀਹਾਂ ਦੀ ਗੂੰਜ ਵਾਂਗ ਗਲੀਆਂ 'ਚ ਵਹਿੰਦਾ ਹੈ
ਕਣਕ ਦੀਆਂ ਬੱਲੀਆਂ ਦੇ ਵਾਂਗ ਖੇਤੀਂ ਝੂਮਦਾ ਹੈ
ਅਤੇ ਅਸਮਾਨ ਦੀ ਵਿਸ਼ਾਲਤਾ ਨੂੰ ਅਰਥ ਦਿੰਦਾ ਹੈ

ਅਸੀਂ ਤਾਂ ਦੇਸ਼ ਨੂੰ ਸਮਝੇ ਸਾਂ ਜੱਫੀ ਵਰਗੇ ਇਕ ਅਹਿਸਾਸ ਦਾ ਨਾਂ
ਅਸੀਂ ਤਾਂ ਦੇਸ਼ ਨੂੰ ਸਮਝੇ ਸਾਂ ਕੰਮ ਵਰਗਾ ਨਸ਼ਾ ਕੋਈ
ਅਸੀਂ ਤਾਂ ਦੇਸ਼ ਨੂੰ ਸਮਝੇ ਸਾਂ ਕੁਰਬਾਨੀ ਜਹੀ ਵਫ਼ਾ
ਪਰ ਜੇ ਦੇਸ਼
ਰੂਹ ਦੀ ਵਗਾਰ ਦਾ ਕੋਈ ਕਾਰਖਾਨਾ ਹੈ
ਪਰ ਜੇ ਦੇਸ਼ ਉੱਲੂ ਬਣਨ ਦਾ ਪ੍ਰਯੋਗ ਘਰ ਹੈ
ਤਾਂ ਸਾਨੂੰ ਓਸ ਤੋਂ ਖਤਰਾ ਹੈ

ਜੇ ਦੇਸ਼ ਦਾ ਅਮਨ ਇਹ ਹੁੰਦੈ
ਕਿ ਕਰਜ਼ੇ ਦੇ ਪਹਾੜਾਂ ਤੋਂ ਰਿੜ੍ਹਦਿਆਂ ਪੱਥਰਾਂ ਵਾਂਗ ਟੁੱਟਦੀ ਰਹੇ ਹੋਂਦ ਸਾਡੀ
ਕਿ ਤਨਖ਼ਾਹਾਂ ਦੇ ਮੂੰਹ ਤੇ ਥੁੱਕਦਾ ਰਹੇ
ਕੀਮਤਾਂ ਦਾ ਬੇਸ਼ਰਮ ਹਾਸਾ
ਕਿ ਆਪਣੇ ਲਹੂ ਵਿਚ ਨਹਾਉਣਾ ਹੀ ਤੀਰਥ ਦਾ ਪੁੰਨ ਹੋਵੇ
ਤਾਂ ਸਾਨੂੰ ਅਮਨ ਤੋਂ ਖਤਰਾ ਹੈ

ਜੇ ਦੇਸ਼ ਦੀ ਸੁਰੱਖਿਅਤਾ ਇਹੋ ਹੁੰਦੀ ਹੈ
ਕਿ ਹਰ ਹੜਤਾਲ ਨੂੰ ਫੇਹ ਕੇ ਅਮਨ ਨੂੰ ਰੰਗ ਚੜ੍ਹਨਾ ਹੈ
ਕਿ ਸੂਰਮਗਤੀ ਬੱਸ ਹੱਦਾਂ ਤੇ ਮਰ ਪਰਵਾਨ ਚੜ੍ਹਨੀ ਹੈ
ਕਲਾ ਦਾ ਫੁੱਲ ਬੱਸ ਰਾਜੇ ਦੀ ਖਿੜਕੀ ਵਿਚ ਖਿੜਨਾ ਹੈ
ਅਕਲ ਨੇ ਹੁਕਮ ਦੇ ਖੂਹੇ 'ਤੇ ਗਿੜ ਕੇ ਧਰਤ ਸਿੰਜਣੀ ਹੈ
ਕਿਰਤ ਨੇ ਰਾਜ ਮਹਿਲਾਂ ਦੇ ਦਰੀਂ ਖਰਕਾ ਹੀ ਬਣਨਾ ਹੈ
ਤਾਂ ਸਾਨੂੰ ਦੇਸ਼ ਦੀ ਸੁਰੱਖਿਅਤਾ ਤੋਂ ਖਤਰਾ ਹੈ।

**-ਪਾਸ਼**

## ਪਾਸ਼

ਕਿਰਤੀ ਲੋਕਾਂ ਦਾ ਜੋ ਪੱਕਾ ਸੀ ਯਾਰ ਉਹ ਪਾਸ਼ ਹੁੰਦਾ ਸੀ।
ਯਾਰਾਂ ਲਈ ਫ਼ੁੱਲ,ਦੁਸ਼ਮਣ ਲਈ ਖ਼ਾਰ ਉਹ ਪਾਸ਼ ਹੁੰਦਾ ਸੀ।

ਜਦੋਂ ਗ਼ਰਮ ਖ਼ੂਨ ਦੀਆਂ ਗੱਲਾਂ ਚਲਦੀਆਂ ਸਨ ਕਦੇ,
ਜੋ ਹਰ ਅਖ਼ਬਾਰ ਦਾ ਸੀ ਸ਼ਿੰਗਾਰ ਉਹ ਪਾਸ਼ ਹੁੰਦਾ ਸੀ।

ਜਿਸ ਦਾ ਹਰ ਜ਼ਬਾਨ 'ਤੇ ਹੁੰਦਾ ਸੀ ਜ਼ਿਕਰੇ-ਖ਼ੈਰ,
ਉਹ ਬੰਦਾ ਨਹੀਂ ਸੀ ਆਮ, ਯਾਰ ਉਹ ਪਾਸ਼ ਹੁੰਦਾ ਸੀ।

ਜਦੋਂ ਭੁੱਖ਼ ਦੇ ਦੁੱਖ਼ੋਂ ਮਰ ਜਾਂਦਾ ਸੀ ਕੋਈ ਇਨਸਾਨ,
ਜੋ ਹੁੰਦਾ ਸੀ ਗ਼ਮਗੁਸਾਰ ਉਹ ਪਾਸ਼ ਹੁੰਦਾ ਸੀ।

ਆਪਣੇ ਹੱਕਾਂ ਦੀ ਰਾਖੀ ਲਈ ਚੁੱਕ ਲਓ ਹਥਿਆਰ,
ਜਿਹੜਾ ਮਾਰਦਾ ਸੀ ਇਹ ਲਲਕਾਰ ਉਹ ਪਾਸ਼ ਹੁੰਦਾ ਸੀ।

ਉਹ ਲਾਲੋ ਦਾ ਆੜੀ ਤੇ ਸੀ ਕੰਮੀਆਂ ਦਾ ਹਮਦਮ,
ਭਾਗੋ ਲਈ ਸੀ ਇਕ ਵੰਗਾਰ ਉਹ ਪਾਸ਼ ਹੁੰਦਾ ਸੀ।

ਉਹ ਉੱਡਦਿਆਂ ਬਾਜ਼ਾਂ ਮ਼ਗਰ ਗਿਆ ਤੇ ਪਰਤਿਆ ਨਾ,
ਦੁਮੇਲਾਂ ਤੋਂ ਵੀ ਗਿਆ ਜੋ ਪਾਰ ਉਹ ਪਾਸ਼ ਹੁੰਦਾ ਸੀ।

ਹੱਥਾਂ ਦਿਆਂ ਰੱਟਣਾ ਅਤੇ ਪੈਰਾਂ ਦੀਆਂ ਬਿਆਈਆਂ ਦਾ,
ਜਿਹਦੀ ਕਵਿਤਾ 'ਚ ਸੀ ਵਿਸਥਾਰ ਉਹ ਪਾਸ਼ ਹੁੰਦਾ ਸੀ।

ਜਿਸ ਨੇ ਲੋਹੇ ਦੀ ਕਥਾ ਅਤੇ ਖ਼ੇਤਾਂ ਦੀ ਕਵਿਤਾ ਲਿਖ਼ੀ,
ਜਿਹੜਾ ਸਮਰੱਥ ਸੀ ਕਲਮਕਾਰ ਉਹ ਪਾਸ਼ ਹੁੰਦਾ ਸੀ।

ਜੋ ਤੂਫ਼ਾਨਾਂ ਨਾਲ਼ ਸਿੱਝ ਸਕਿਆ ਇਕ ਯੋਧੇ ਦੀ ਤਰ੍ਹਾਂ,
ਜੀਹਦੇ ਕੋਲ਼ ਸੀ ਕਲਮ ਦਾ ਹਥਿਆਰ ਉਹ ਪਾਸ਼ ਹੁੰਦਾ ਸੀ।

ਉਹ ਇਕ ਪੁਰਖ਼ ਮਰਿਆ ਸੀ, ਮਰਿਆ ਨਾ ਸੀ ਖ਼ਿਆਲ,
ਜਿਹਨੂੰ ਗੋਲ਼ੀ ਵੀ ਨਾ ਸਕੀ ਹੈ ਮਾਰ ਉਹ ਪਾਸ਼ ਹੁੰਦਾ ਸੀ।

ਅਸੀਂ ਖ਼ਾਮੋਸ਼ ਨਹੀਂ ਰਹਿਣਾ, ਅਸੀਂ ਲੜਾਂਗੇ ਸਾਥੀ,
ਜੋ ਵੈਰੀ ਨਾਲ਼ ਹੋਇਆ ਦੋ ਚਾਰ ਉਹ ਪਾਸ਼ ਹੁੰਦਾ ਸੀ।

**-ਡਾ. ਸਾਥੀ ਲੁਧਿਆਣਵੀ**

# ਪਾਸ਼

ਮੈਂ ਤਾਂ ਕੀ ਤੈਨੂੰ ਤਾਂ ਰਾਹ, ਰਾਹਾਂ ਦੇ ਕੱਖ,
ਪੰਛੀ ਫੁੱਲ, ਤੇ ਰੁੱਖ ਵੀ ਨਹੀਂ ਭੁਲਾ ਸਕਦੇ-
ਇੰਜ ਹੋਇਆ ਤਾਂ ਹਵਾਵਾਂ ਨੂੰ ਇਨਸਾਨੀਅਤ ਭੁੱਲ ਜਾਣੀ ਹੈ-
ਯਾਦ ਨਹੀਂ ਰਹਿਣੀ-ਤੇਰੀਆਂ ਕਵਿਤਾਵਾਂ ਦੀ ਕੋਈ ਤਰਜ਼-
ਜਿਸ ਵਾਸਤੇ ਤੂੰ ਆਹਡਾ ਲਿਆ ਸੀ-ਮੇਰੇ ਵਾਂਗ

ਨਫ਼ਰਤ ਦੇ ਅਨਸਰ ਤੇਰੀ ਸੋਚ ਦੇ ਪੰਛੀਆਂ ਨੂੰ ਨਾ ਮਾਰ ਸਕੇ-
ਤੂੰ ਗਲੀਆਂ ਵਿੱਚ ਹਰਫ਼ਾਂ ਦੀਆਂ ਸਤਰਾਂ ਵਿਛਾਈਆਂ-
ਸੀਨਿਆਂ ਵਾਸਤੇ ਮੇਚਦੇ ਖੰਜ਼ਰ ਲੱਭੇ-

ਯਾਰ-ਤੇਰੇ ਦੋਸਤ ਤੇਰੇ ਨਾਲ ਖੇਡਣ ਨੂੰ 'ਵਾਜ਼ਾਂ ਮਾਰ ਰਹੇ ਹਨ-
ਆ ਯਾਰਾ ਕਿਤਿਓਂ! ਆ ਆਪਣੀ ਮੀਟੀ ਤਾਂ ਦੇ-

ਤੈਨੂੰ ਯਾਦ ਹੋਣਾ ਜਦੋਂ ਆਪਾਂ ਰਲ ਕੇ
ਨਿੱਕੀਆਂ 2 ਸਾਹਿਤਕ ਗੋਸ਼ਟੀਆਂ ਕਰਿਆ ਕਰਦੇ ਸਾਂ-
ਮਾਸਟਰ ਦਰਦ ਦੇ ਘਰ- ਕਦੇ ਕਹਾਣੀ ਤੇ ਕਦੇ ਕੋਈ ਨਾਵਲ ਲੈ ਕੇ
ਨਕੋਦਰ ਥਾਣੇ ਦੇ ਨੇੜੇ ਕਨਾਤਾਂ ਲਾ ਕੇ ਸਟੇਜ਼ ਤੇ ਚੜ੍ਹ ਕਵਿਤਾਵਾਂ ਪੜ੍ਹਿਆ ਕਰਦੇ ਸਾਂ-
ਗੋਬਿੰਦ ਦੇ ਤੀਰਾਂ ਵਰਗੀਆਂ-ਜਰਵਾਣਿਆਂ ਦੀਆਂ ਹਿੱਕਾਂ ਫੋਲਦੀਆਂ-
ਭਰਾਵਾਂ ਦੇ ਸਿਰ ਤੇ ਪੁਲਸ ਨੂੰ ਗਾਲ੍ਹਾਂ ਕੱਢਿਆ ਕਰਦੇ ਸਾਂ ਗਲੀ ਵਿਚ ਖੜ੍ਹਕੇ -
ਓਦੋਂ ਕਦੇ ਉਦਾਸੀ, ਵਰਿਆਮ ਸੰਧੂ, ਅਣਖੀ, ਪ੍ਰੇਮ ਪ੍ਰਕਾਸ਼ -
ਖਬਰੇ ਕਿਹੜਾ 2 ਆ ਜੁੜਦਾ ਸੀ -
ਢਾਣੀ ਚ-ਫਿਰ ਹਰਫ਼ਾਂ ਦਾ ਲੰਗਰ ਲੱਗਦਾ ਸੀ-
ਚਾਹ ਨਾਲ ਨਜ਼ਮਾਂ ਪਰੋਸਦੇ ਸਾਂ ਇੱਕ ਦੂਜੇ ਲਈ-

ਗਗਨ ਦੀ ਦੁਕਾਨ ਤੇ-ਰੋਜ਼ ਨਕੋਦਰ ਚ ਮਿਲ ਬੈਠਣਾ-
ਸੰਧੂ ਭਾਜੀ, ਹਰਭਜਨ ਵਕੀਲ ਤੇ ਅਮਰਜੀਤ ਚੰਦਨ ਨਾਲ ਗੁਫ਼ਤਗੂ ਕਰਨੀ-
ਸੂਹੇ ਸ਼ਬਦਾਂ ਨੂੰ ਜੋੜ 2 ਜਥੇਬੰਦੀ ਰਸਾਲਾ ਛਾਪਣਾ- ਸੰਧੂ ਦੀ ਪ੍ਰੈਸ ਗੇੜ੍ਹ 2 -
ਆਪਾਂ ਤਾਂ ਟੂਰਨਾਮੈਂਟ, ਮੇਲੇ ਤੇ ਲੁਧਿਆਣੇ ਦੇ ਚੱਕਰ ਵੀ ਮਾਰੇ-
ਤੈਨੂੰ ਫਿਕਰ ਹੁੰਦਾ ਸੀ ਕਿ ਸ਼ਾਇਦ ਮੈਂ ਕਿਤੇ ਫ਼ੜਿਆ ਨਾ ਜਾਵਾਂ-ਪੋਸਟਰ ਢੋਂਦਾ ?ਹ, ਵੰਡਦਾ-

ਪਾਸ਼ ਹੁਣ ਪਿੰਡ 2, ਸ਼ਹਿਰ 2 ਘਰ 2 ਤੈਨੂੰ ਯਾਦ ਕਰ ਰਿਹਾ ਹੈ-
ਤੇਰਾ ਬਚਪਨ ਤੇ ਜਵਾਨੀ ਟੁਰਿਆ ਫਿਰਦਾ ਹੈ-ਸਾਡੇ ਹਰ ਸੀਨੇ 'ਤੇ-ਸਾਹਾਂ ਚ
ਤੇਰੀ ਤਸਵੀਰ ਵਾਲਾ ਕੈਲੰਡਰ
ਅਸੀਂ ਸਾਰੇ ਦੋਸਤਾਂ ਹਿੱਕ ਦੀ ਕਿੱਲੀ ਤੇ ਟੰਗ ਲਿਆ ਹੈ-

ਪਾਸ਼ ਤੇਰੇ ਸੁਪਨੇ ਵੀ ਹੁਣ ਤਾਂ ਸਿਆਣੇ ਹੋ ਗਏ ਹਨ-
ਖੇਤਾਂ ਦੇ ਸਿਆੜ੍ਹਾਂ 'ਚ ਤੇਰੇ ਹਰਫ਼ ਗੱਭਰੂ ਹੋਏ ਫਿਰਦੇ ਨੇ-
ਇੱਕ ਮਾਂ ਨੇ ਪੁੱਤ ਤਲਵੰਡੀ ਨਨਕਾਣੇ ਜੰਮਿਆ ਸੀ ਤੇ ਇੱਕ ਤਲਵੰਡੀ ਸਲੇਮ-

ਰੋਜ਼ ਤੇਰੀਆਂ ਗੱਲਾਂ ਕਰਦੇ ਹਨ -ਕਣਕਾਂ ਤੇ ਕਮਾਦ:
ਖਾਲ ਦੇ ਪਾਣੀ 'ਚ ਕਿਰੇ ਤੇਰੀ ਕਵਿਤਾ ਦੇ ਬੋਲ ਹਰ ਕਿਆਰੇ 'ਚ ਜੰਮ ਰਹੇ ਹਨ-
ਤੇਰੇ ਖ਼ੂਨ ਦੇ ਗਵਾਹ-
ਅਸੀਂ ਓਸ ਟਿਊਬਵੈੱਲ ਤੇ ਨਾ ਹਣਾ ਹੈ ਤੇ ਤੇਰਾ ਇੱਕ 2 ਗੀਤ ਗਾਉਣਾ ਹੈ -
ਤੇ ਆਪਣੇ ਪੋਟਿਆਂ ਚੋਂ ਰਿਸਦੇ ਖ਼ੂਨ ਨਾਲ ਲਿਖਣਾ ਹੈ-
ਓਸ ਚਲ੍ਹੇ ਤੇ ਯੁੱਧ ਦਾ ਐਲਾਨ-
ਟਿਊਬਵੈੱਲ ਦੇ ਕਮਰੇ ਦੀ ਇੱਟ 2 ਤੇ ਤੇਰੇ ਹਰਫ਼ ਉੱਕਰਨੇ ਨੇ-
ਬਾਜਰੇ ਦੇ ਸਿੱਟਿਆਂ ਤੇ ਤੇਰੇ ਸੂਹੇ ਸ਼ਬਦ ਸਜਾਉਣੇ ਹਨ ਤੋਤਿਆਂ ਵਾਂਗ-
ਸਾਂਭ ਕੇ ਰੱਖਣੀ ਹੈ ਓਹਦੇ ਚੋਂ ਮੁੱਠ ਕੁ ਮਿੱਟੀ ਜਿਥੇ ਤੇਰਾ ਖ਼ੂਨ ਡੁੱਲਿਆ-
ਤੇ ਬਾਕੀ ਦੀ ਮਿੱਟੀ ਖੇਤਾਂ ਤੇ ਦਰਿਆਵਾਂ ਚ ਖਿਲਾਰਨੀ ਹੈ-
ਤਾਂ ਕਿ ਤੇਰੀ ਸੋਚ ਦੇ ਹਰਫ਼
ਧਰਤੀ ਦੀ ਕੁੱਖ ਚੋਂ ਘਾਹ, ਸੂਹੇ ਫੁੱਲ ਬਣ ਕੇ ਉੱਗਣ
ਤੇ ਰੰਗ ਬਿਰੰਗੇ ਪਰਿੰਦੇ ਬਣ ਕੇ ਉੱਡਣ-

ਪਾਸ਼ ਤੇਰੇ ਰੋਹਲੇ ਬਾਣ, ਲਾਲ ਦਰਿਆ ਬਣ ਵਗਣਗੇ-
ਉੱਚੇ ਪਰਬਤ ਖੋਰਨਗੇ-ਅਨਿਆਇ ਤੇ ਅਤਿਆਚਾਰ ਦੇ-

ਤੇਰੇ ਖ਼ੂੰਖਾਰ ਹਰਫ਼ਾਂ ਦੀ ਆਵਾਜ਼ -
ਮੈਂ ਹਵਾਵਾਂ ਚ ਘੋਲ ਦਿਤੀ ਹੈ-ਤਾਂ ਕਿ ਹਰ ਪਿੰਡ 2 ਜਾਵੇ-
ਦਰਿਆਵਾਂ ਦੀਆਂ ਲਹਿਰਾਂ ਤੇ ਵਿਛਾ ਦਿਤੀ ਹੈ ਹਰ ਤਰਜ਼-
ਤਾਂ ਕਿ ਹਰ ਕਣ ਤਰੰਗ ਬਣ ਜਾਵੇ-

ਸਾਰੇ ਸਿਤਾਰਿਆਂ ਚ ਜੜ੍ਹ ਦਿਤੀ ਹੈ ਮੈਂ ਓਹਨਾਂ ਦੀ ਲੋਅ-
ਤੇ ਚੰਦ ਤੇ ਡੱਠਾ ਮਾਈ ਦਾ ਚਰਖ਼ਾ ਚੁੱਕ
ਤੇਰੀਆਂ ਖਿਲਰੀਆਂ ਨਜ਼ਮਾਂ ਦਾ ਵਰਕਾ 2 ਰੱਖ ਦਿਤਾ ਹੈ-
ਤਾਂ ਕਿ ਹਰ ਕੋਈ ਰਾਤਾਂ ਨੂੰ ਸੌਣ ਤੋਂ ਪਹਿਲਾਂ ਪੜ੍ਹ ਸਕੇ-
ਜਿਵੇਂ ਤੂੰ ਕਹਿੰਦਾ ਹੁੰਦਾ ਸੀ ਕਿ-
ਸੱਭ ਤੋਂ ਖਤਰਨਾਕ ਹੁੰਦਾ ਹੈ ਸੁਪਨਿਆਂ ਦਾ ਮਰ ਜਾਣਾ।

**ਡਾ. ਅਮਰਜੀਤ ਟਾਂਡਾ**

ਉੱਪ-ਵਰਗੀਕਰਨ ਦਾ ਫ਼ੈਸਲਾ

# ਰਾਖਵਾਂਕਰਨ ਮਾਡਲ ਕਿਹੋ ਜਿਹਾ ਹੋਵੇ: ਜਾਤੀ ਦੀ ਸਮੱਸਿਆ ਨੂੰ ਹੱਲ ਕਰਨ ਵਾਲਾ ਜਾਂ ਇਸ ਨੂੰ ਕਾਇਮ ਰੱਖਣ ਵਾਲਾ ?




-ਡਾ. ਆਨੰਦ ਤੇਲਤੁੰਬੜੇ
ਅਨੁ.: ਬੂਟਾ ਸਿੰਘ ਮਹਿਮੂਦਪੁਰ

ਰਾਖਵੇਂਕਰਨ ਦੇ ਉਦੇਸ਼ ਨਾਲ ਅਨੁਸੂਚਿਤ ਜਾਤੀਆਂ (ਐੱਸਸੀ) ਅਤੇ ਅਨੁਸੂਚਿਤ ਕਬੀਲਿਆਂ (ਐੱਸਟੀ) ਦੇ ਉਪ-ਵਰਗੀਕਰਣ ਦੀ ਕਾਨੂੰਨੀ ਵਾਜਬੀਅਤ ਨੂੰ ਬਰਕਰਾਰ ਰੱਖਣ ਵਾਲੇ ਸੁਪਰੀਮ ਕੋਰਟ ਦੇ ਸੰਵਿਧਾਨਕ ਬੈਂਚ ਦੇ ਤਾਜ਼ਾ ਫ਼ੈਸਲੇ ਨੇ ਪਹਿਲਾਂ ਹੀ ਸਕਾਰਾਤਮਕ ਅਤੇ ਨਕਾਰਾਤਮਕ ਦੋਵਾਂ ਤਰ੍ਹਾਂ ਦੇ ਪ੍ਰਤੀਕਰਮਾਂ ਦਾ ਤੂਫ਼ਾਨ ਲਿਆ ਦਿੱਤਾ ਹੈ, ਜ਼ਿਆਦਾਤਰ ਹਾਥੀ ਦਾ ਕੱਦਕਾਠ ਦੱਸਣ ਦੀ ਕੋਸ਼ਿਸ਼ ਕਰ ਰਹੇ ਅੰਨ੍ਹਿਆਂ ਵਾਂਗ ਟੱਕਰਾਂ ਮਾਰ ਰਹੇ ਹਨ।

ਸਕਾਰਾਤਮਕ ਪ੍ਰਤੀਕਰਮ ਸਖ਼ਤ, ਸਵੈ-ਸਜੇ ਅਗਾਂਹਵਧੂ ਲੋਕਾਂ ਵੱਲੋਂ ਆ ਰਹੇ ਹਨ ਜੋ ਦੱਬੇ-ਕੁਚਲੇ ਲੋਕਾਂ ਦੇ ਪੱਖ ਵਿਚ ਜਾਪਦੇ ਕਿਸੇ ਵੀ ਵਾਕਾਂਸ਼ ਨਾਲ ਮੋਹਿਤ ਹੋ ਜਾਂਦੇ ਹਨ, ਚਾਹੇ ਉਸ ਵਾਕਾਂਸ਼ ਵਿਚ ਲਏ ਗਏ ਫ਼ੈਸਲਿਆਂ ਦਾ ਚਿਰਕਾਲੀ ਪ੍ਰਭਾਵ ਕੁਝ ਵੀ ਹੋਵੇ।

ਨਕਾਰਾਤਮਕ ਪ੍ਰਤੀਕਰਮ ਅਨੁਸੂਚਿਤ ਜਾਤੀਆਂ ਦੇ ਆਬਾਦੀ ਵਾਲੇ ਹਿੱਸਿਆਂ ਵੱਲੋਂ ਆ ਰਹੇ ਹਨ, ਜਿਨ੍ਹਾਂ ਉੱਤੇ ਰਾਖਵੇਂਕਰਨ ਦਾ ਅਣਉਚਿਤ ਹਿੱਸਾ ਹੜੱਪਣ ਦਾ ਦੋਸ਼ ਹੈ।

ਇਨ੍ਹਾਂ ਵਧੇਰੇ ਆਬਾਦੀ ਵਾਲੇ ਹਿੱਸਿਆਂ ਦੀ ਮੁੱਖ ਦਲੀਲ ਇਹ ਹੈ ਕਿ ਉੱਪ-ਵਰਗੀਕਰਣ ਦੀ ਸੰਵਿਧਾਨਕ ਤੌਰ 'ਤੇ ਇਜਾਜ਼ਤ ਨਹੀਂ ਹੈ। ਹਾਲਾਂਕਿ ਉਹ ਤਕਨੀਕੀ ਤੌਰ 'ਤੇ ਸਹੀ ਹਨ (ਸੁਪਰੀਮ ਕੋਰਟ ਦੀ ਉਲਟ ਰਾਏ ਦੇ ਬਾਵਜੂਦ), ਜਦੋਂਕਿ ਹੱਥਲੇ ਮੁੱਦੇ ਦੇ ਸੰਬੰਧ ਵਿਚ ਇਹ ਲੰਗੜੀ ਦਲੀਲ ਹੈ।

ਫ਼ੈਸਲੇ ਦੇ ਨਾਲ-ਨਾਲ ਵਿਚਾਰ-ਚਰਚਾਵਾਂ ਜਾਤੀ ਦੀ ਅਤੇ ਰਾਖਵੇਂਕਰਨ ਦੀ ਸਮਝ ਦੀ ਘਾਟ ਨੂੰ ਦਰਸਾਉਂਦੀਆਂ ਹਨ ਅਤੇ ਇਸ ਮੁੱਦੇ ਦੇ ਦੁਆਲੇ ਘੁੰਮਦੀਆਂ ਹਨ।

**ਰਾਜਨੀਤਕ ਗੱਠਜੋੜ** : ਰਾਖਵਾਂਕਰਨ, ਆਪਣੇ ਸ਼ੁਰੂਆਤੀ ਰੂਪ 'ਚ ਵੀ ਇਕ ਜ਼ਾਹਰਾ ਰਾਜਨੀਤਿਕ ਉਦੇਸ਼ ਸੀ ਜਦੋਂ ਕੋਲਹਾਪੁਰ ਦੇ ਸਾਹੂ ਮਹਾਰਾਜ ਨੇ 1902 ਵਿਚ ਇਸ ਨੂੰ ਲਿਆਂਦਾ ਸੀ।

ਉਨ੍ਹਾਂ ਮੰਨਿਆ ਕਿ ਬ੍ਰਾਹਮਣਾਂ ਦਾ ਨਾ ਸਿਰਫ਼ ਸਮਾਜਿਕ, ਧਾਰਮਿਕ ਅਤੇ ਆਰਥਕ ਖੇਤਰਾਂ ਉੱਪਰ ਦਬਦਬਾ ਸੀ ਬਲਕਿ ਉਹ ਆਪਣੇ ਮਜ਼ਬੂਤ ਗੰਢਚਿਤਰਾਵੇ ਰਾਹੀਂ ਰਾਜ ਪ੍ਰਸ਼ਾਸਨ ਨੂੰ ਵੀ ਮਜ਼ਬੂਤੀ ਨਾਲ ਕੰਟਰੋਲ ਕਰਦੇ ਸਨ।

ਸਾਹੂ ਮਹਾਰਾਜ ਨੇ ਸਮਝ ਲਿਆ ਸੀ ਕਿ ਜਦੋਂ ਤੱਕ ਉਹ ਇਸ ਬ੍ਰਾਹਮਣ ਦਬਦਬੇ ਨੂੰ ਖ਼ਤਮ ਕਰਨ ਲਈ ਕਦਮ ਨਹੀਂ ਚੁੱਕਦੇ, ਉਦੋਂ ਤੱਕ ਉਨ੍ਹਾਂ ਵੱਲੋਂ ਕਲਪਨਾ ਕੀਤੇ ਸੁਧਾਰਾਂ ਨੂੰ ਲਾਗੂ ਕਰਨਾ ਮੁਸ਼ਕਲ ਹੋਵੇਗਾ। ਇਸ ਅਹਿਸਾਸ ਨੇ ਉਨ੍ਹਾਂ ਨੂੰ ਆਪਣੇ ਰਾਜ ਵਿਚ ਗੈਰ-ਬ੍ਰਾਹਮਣਾਂ ਲਈ 50 ਪ੍ਰਤੀਸ਼ਤ ਰਾਖਵਾਂਕਰਨ ਸ਼ੁਰੂ ਕਰਨ ਲਈ ਪ੍ਰੇਰਿਤ ਕੀਤਾ। ਬਾਅਦ ਵਿਚ ਲਾਗੂ ਕੀਤੀਆਂ ਰਾਖਵਾਂਕਰਨ ਨੀਤੀਆਂ 'ਚ ਵੀ ਇਸੇ ਤਰ੍ਹਾਂ ਦੇ ਉਦੇਸ਼ ਦੇਖੇ ਜਾ ਸਕਦੇ ਹਨ।

ਰਾਖਵੇਂਕਰਨ ਦੇ ਮੌਜੂਦਾ ਰੂਪ ਦੀ ਉਤਪਤੀ ਦਲਿਤਾਂ (ਐੱਸਸੀ) ਵੱਲੋਂ ਅੰਗਰੇਜ਼ਾਂ ਦੀ ਅਗਵਾਈ ਹੇਠ ਸੁਧਾਰਾਂ ਦੌਰਾਨ ਬਸਤੀਵਾਦੀ ਸੱਤਾ ਢਾਂਚੇ ਵਿਚ ਢੁੱਕਵੀਂ ਨੁਮਾਇੰਦਗੀ ਦੀ ਮੰਗ ਵਿਚ ਨਿਹਿਤ ਹੈ ਜਿਸ ਦਾ ਉਦੇਸ਼ ਸਥਾਨਕ ਨਿਵਾਸੀਆਂ ਨੂੰ ਸੱਤਾ ਸੌਂਪਣਾ ਸੀ।

ਡਾ. ਬੀ.ਆਰ. ਅੰਬੇਡਕਰ, ਜੋ ਦਲਿਤ ਅਧਿਕਾਰਾਂ ਦੇ ਜ਼ੋਰਦਾਰ ਹਮਾਇਤੀ ਸਨ, ਨੇ ਗੋਲਮੇਜ ਕਾਨਫਰੰਸਾਂ ਦੌਰਾਨ ਇਸ ਮੰਗ ਨੂੰ ਅੱਗੇ ਵਧਾਇਆ ਅਤੇ ਰੈਮਸੇ ਮੈਕਡੋਨਲਡ ਦੇ ਕਮਿਊਨਲ ਅਵਾਰਡ ਰਾਹੀਂ ਇਹ ਹਾਸਲ ਕੀਤੀ।

ਇਸ ਅਵਾਰਡ ਨੇ ਅਛੂਤਾਂ ਦੀਆਂ ਖ਼ਾਸ ਸਥਿਤੀਆਂ ਅਤੇ ਵੱਖ-ਵੱਖ ਚੋਣ ਹਲਕਿਆਂ ਅਤੇ ਰਾਖਵੀਂਆਂ ਸੀਟਾਂ ਵਰਗੇ ਖ਼ਾਸ ਉਪਾਵਾਂ ਦੀ ਜ਼ਰੂਰਤ ਨੂੰ ਸਪੱਸ਼ਟ ਤੌਰ 'ਤੇ ਮਾਨਤਾ ਦਿੱਤੀ। ਇਸ ਨੇ ਸਰਕਾਰ ਦੁਆਰਾ ਕੀਤੇ ਗਏ ਇਕ ਭਰਵੇਂ ਸਰਵੇਖਣ ਦੇ ਅਧਾਰ 'ਤੇ ਛੂਆਛਾਤ ਤੋਂ ਪੀੜਤ ਲੋਕਾਂ ਨੂੰ ਲੈ ਕੇ 'ਅਨੁਸੂਚਿਤ ਜਾਤੀਆਂ' ਦੀ ਇਕ ਪ੍ਰਸ਼ਾਸਨਿਕ ਸ਼੍ਰੇਣੀ ਬਣਾਈ।

ਅੰਗਰੇਜ਼ਾਂ ਨੂੰ ਕੀ ਪਤਾ ਸੀ ਕਿ ਵਿਧਾਨਕ ਸੰਸਥਾਵਾਂ ਵਿਚ ਅਛੂਤ ਜਾਤੀਆਂ ਨੂੰ ਦਿੱਤੇ ਗਏ ਰਾਖਵੇਂਕਰਨ ਨੂੰ ਲਾਗੂ ਕਰਨ ਦੇ ਉਦੇਸ਼ ਨਾਲ ਬਣਾਈ ਗਈ 'ਅਨੁਸੂਚਿਤ ਜਾਤੀਆਂ' ਦੀ ਇਹ ਸ਼੍ਰੇਣੀ, ਧਾਰਮਿਕ ਸੰਸਕਾਰੀ ਪਛਾਣ ਵਾਲੀਆਂ ਸੈਂਕੜੇ ਜਾਤੀਆਂ ਨੂੰ ਮਿਲਾ ਕੇ ਇਕ ਪ੍ਰਸ਼ਾਸਨਿਕ ਜਾਤੀ ਬਣ ਸਕਦੀ ਸੀ।



ਇਸ ਨੇ ਧਰਮ-ਨਿਰਧਾਰਤ ਹਿੰਦੂ ਜਾਤੀ ਪ੍ਰਣਾਲੀ ਤੋਂ ਇਸਦਾ ਸਭ ਤੋਂ ਹੇਠਲਾ ਦਰਜਾ ਖੋਹ ਲਿਆ, ਜਿਸ ਨਾਲ ਇਸ ਦਾ ਢਾਂਚਾ ਬਣਿਆ ਹੋਇਆ ਸੀ ਅਤੇ ਇਸ ਤਰ੍ਹਾਂ ਸੰਭਾਵਤ ਤੌਰ 'ਤੇ ਜਾਤੀ ਪ੍ਰਣਾਲੀ ਨੂੰ ਢਾਹੁਣ ਦਾ ਰਾਹ ਪੱਧਰਾ ਕੀਤਾ।

ਜਦੋਂ ਸੰਵਿਧਾਨ ਸਭਾ ਨੇ ਸਰਬਸੰਮਤੀ ਨਾਲ ਛੂਆਛੂਤ ਨੂੰ ਖ਼ਤਮ ਕਰਨ ਦਾ ਸੰਕਲਪ ਲਿਆ, ਤਾਂ ਇਹ ਦਲਿਤਾਂ ਦੇ ਰਾਖਵੇਂਕਰਨ ਨੂੰ ਪ੍ਰਭਾਵਤ ਕੀਤੇ ਬਿਨਾਂ ਜਾਤੀਆਂ ਨੂੰ ਵੀ ਖ਼ਤਮ ਕਰ ਸਕਦੀ ਸੀ।

ਆਖ਼ਿਰਕਾਰ, ਜਾਤੀਆਂ ਦੇ ਖ਼ਾਤਮੇ ਤੋਂ ਬਿਨਾਂ ਛੂਆਛੂਤ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ ਸੀ। ਪਰ ਜਾਤੀਆਂ ਨੂੰ ਰਾਖਵੇਂਕਰਨ ਦੇ ਬਹਾਨੇ ਬਿਨਾਂ ਛੂਹੇ ਛੱਡ ਦਿੱਤਾ ਗਿਆ ਸੀ। ਅਸਲੀ ਇਰਾਦਾ ਜਨਤਾ ਨੂੰ ਠੱਗਣ ਲਈ ਜਾਤੀਆਂ ਨੂੰ ਸੰਭਾਵਿਤ ਸੰਦਾਂ ਵਜੋਂ ਸੁਰੱਖਿਅਤ ਰੱਖਣਾ ਸੀ।

ਗੁੱਝੇ ਇਰਾਦੇ ਵੱਲ ਕਿਸੇ ਦਾ ਧਿਆਨ ਨਹੀਂ ਗਿਆ ਅਤੇ ਅੱਜ ਵੀ ਅਜਿਹਾ ਹੀ ਹੈ। ਇਸ ਲਈ, ਆਜ਼ਾਦ ਭਾਰਤ ਵਿਚ 'ਅਨੁਸੂਚਿਤ ਜਾਤੀਆਂ' ਦੇ ਨਾਲ-ਨਾਲ ਰਾਖਵੇਂਕਰਨ ਵਿਚ ਆਈਆਂ ਤਬਦੀਲੀਆਂ ਵੱਲ ਵੀ ਕਿਸੇ ਦਾ ਧਿਆਨ ਨਹੀਂ ਗਿਆ।

ਇਨ੍ਹਾਂ ਬੁਨਿਆਦੀ ਚੀਜ਼ਾਂ ਨੂੰ ਸਮਝੇ ਬਿਨਾਂ ਇਹ ਸਮਝ ਨਹੀਂ ਆ ਸਕਦਾ ਕਿ ਅੱਜ ਜਾਤੀਆਂ ਜਾਂ ਰਾਖਵੇਂਕਰਨ ਨਾਲ ਕੀ ਵਾਪਰ ਰਿਹਾ ਹੈ।

**ਸਮਕਾਲੀ ਰਾਖਵਾਂਕਰਨ** : ਸ਼ੁਰੂ 'ਚ, ਵਿਧਾਨਕ ਸੰਸਥਾਵਾਂ ਵਿਚ ਰਾਜਨੀਤਿਕ ਨੁਮਾਇੰਦਗੀ ਲਈ ਰਾਖਵਾਂਕਰਨ ਦੀ ਮੰਗ ਕੀਤੀ ਗਈ ਸੀ ਅਤੇ ਇਹ ਮੰਨੀ ਗਈ ਸੀ ਅਤੇ ਬਾਅਦ ਵਿਚ ਨੁਮਾਇੰਦਗੀ ਦੇ ਉਸੇ ਤਰਕ ਦੀ ਵਰਤੋਂ ਕਰਦਿਆਂ ਇਸ ਨੂੰ ਨੌਕਰਸ਼ਾਹੀ ਤੱਕ ਵਧਾਇਆ ਗਿਆ ਸੀ।

ਡਾ. ਬੀ.ਆਰ.ਅੰਬੇਡਕਰ, ਜਿਸਨੇ ਸਾਬਕਾ ਅਛੂਤਾਂ ਲਈ ਰਾਖਵਾਂਕਰਨ ਹਾਸਲ ਕਰਨ ਵਿਚ ਅਹਿਮ ਭੂਮਿਕਾ ਨਿਭਾਈ, ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਦਲਿਤ ਜਨਤਾ ਦੇ ਹਿੱਤਾਂ ਦੀ ਰਾਖੀ ਲਈ ਉਨ੍ਹਾਂ ਦਾ ਨੌਕਰਸ਼ਾਹੀ ਵਿਚ ਮਹੱਤਵਪੂਰਨ ਅਹੁਦਿਆਂ 'ਤੇ ਹੋਣਾ ਜ਼ਰੂਰੀ ਹੈ।

ਇਸ ਲਈ ਅੰਬੇਡਕਰ ਨੇ ਉਨ੍ਹਾਂ ਨੂੰ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਕਿਹਾ ਤਾਂ ਜੋ ਉਹ ਸਰਕਾਰੀ ਸੇਵਾ ਵਿਚ ਆ ਸਕਣ। ਰਾਖਵਾਂਕਰਨ ਦਾ ਉਦੇਸ਼ ਨੌਕਰਸ਼ਾਹੀ ਅੰਦਰਲੇ ਮਜ਼ਬੂਤ ਵਰਗਾਂ (ਯਾਨੀ ਜਾਤੀਆਂ) ਵਿਚ ਦਲਿਤਾਂ ਵਿਰੁੱਧ ਪ੍ਰਚਲਤ ਸਮਾਜਿਕ ਪੱਖਪਾਤ ਦਾ ਮੁਕਾਬਲਾ ਕਰਨਾ ਸੀ, ਜੋ ਉਂਝ ਕਾਨੂੰਨੀ ਮਜਬੂਰੀ ਤੋਂ ਬਿਨਾਂ ਕਿਸੇ ਦਲਿਤ ਦੀ ਭਰਤੀ ਨਹੀਂ ਹੋਣ ਦੇਣਗੇ।

ਇਸ ਤਰ੍ਹਾਂ, ਰਾਖਵਾਂਕਰਨ ਦੀ ਕਲਪਨਾ ਰਾਜ ਦੁਆਰਾ ਸਮਾਜਿਕ ਪੱਖਪਾਤ ਦੇ ਵਿਰੁੱਧ ਇਕ ਵਿਰੋਧੀ ਸ਼ਕਤੀ ਵਜੋਂ ਕੀਤੀ ਗਈ ਸੀ।

ਸ਼ੁਰੂ 'ਚ, ਜਨਤਕ ਰੋਜ਼ਗਾਰ ਵਿਚ ਰਾਖਵਾਂਕਰਨ ਇਕ ਤਰਜ਼ੀਹੀ ਪ੍ਰਣਾਲੀ ਦੇ ਰੂਪ ਵਿਚ ਲਾਗੂ ਕੀਤਾ ਗਿਆ ਸੀ ਕਿਉਂਕਿ ਕੋਟੇ ਨੂੰ ਜਾਇਜ਼ ਠਹਿਰਾਉਣ ਲਈ ਪੜ੍ਹੇ-ਲਿਖੇ ਦਲਿਤ ਕਾਫ਼ੀ ਨਹੀਂ ਸਨ।

ਬਸਤੀਵਾਦੀ ਸਰਕਾਰ ਯੋਗ ਦਲਿਤਾਂ ਦੀ ਭਰਤੀ ਨੂੰ ਤਰਜ਼ੀਹ ਦੇਣਾ ਮੰਨ ਗਈ। ਹਾਲਾਂਕਿ, ਜਦੋਂ ਅੰਬੇਡਕਰ ਵਾਇਸਰਾਏ ਦੀ ਕਾਰਜਕਾਰੀ ਕੌਂਸਲ ਦੇ ਮੈਂਬਰ ਬਣੇ, ਤਾਂ ਉਨ੍ਹਾਂ ਨੇ ਐਡਹਾਕ ਤਰਜ਼ੀਹੀ ਪ੍ਰਣਾਲੀ ਨੂੰ ਬਦਲਣ ਲਈ ਕੋਟਾ ਪ੍ਰਣਾਲੀ 'ਤੇ ਜ਼ੋਰ ਦਿੱਤਾ, ਜਿਸ ਕਾਰਨ 1943 ਵਿਚ ਦਲਿਤਾਂ ਲਈ 8.33ਪ੍ਰਤੀਸ਼ਤ ਰਾਖਵਾਂਕਰਨ ਦੀ ਸ਼ੁਰੂਆਤ ਹੋਈ।

ਆਜ਼ਾਦੀ ਤੋਂ ਬਾਅਦ, ਬਸਤੀਵਾਦੀ ਰਾਖਵਾਂਕਰਨ ਪ੍ਰਣਾਲੀ ਅਪਣਾਈ ਗਈ ਅਤੇ ਇਸੇ ਤਰ੍ਹਾਂ ਦੀ ਅਨੁਸੂਚੀ ਬਣਾ ਕੇ ਅਨੁਸੂਚਿਤ ਜਨਜਾਤੀਆਂ/ਕਬੀਲਿਆਂ ਤੱਕ ਇਸ ਦਾ ਵਿਸਤਾਰ ਕੀਤਾ ਗਿਆ।

ਹਾਲਾਂਕਿ, ਬਸਤੀਵਾਦੀ ਕਾਲ ਦੌਰਾਨ ਅਨੁਸੂਚਿਤ ਜਾਤੀਆਂ ਲਈ ਸਥਿਰ ਅਨੁਸੂਚੀ ਦੇ ਉਲਟ, ਜਿਸ ਵਿਚ ਤਬਦੀਲੀ ਦੀ ਕੋਈ ਵਿਵਸਥਾ ਨਹੀਂ ਸੀ, ਨਵੀਂਆਂ ਅਨੁਸੂਚੀਆਂ ਨੇ ਰਾਸ਼ਟਰਪਤੀ ਨੂੰ ਉਨ੍ਹਾਂ ਦੀਆਂ ਸੰਬੰਧਤ ਸੂਚੀਆਂ ਵਿੱਚੋਂ ਜਾਤੀਆਂ ਅਤੇ ਕਬੀਲਿਆਂ ਨੂੰ ਜੋੜਨ ਜਾਂ ਹਟਾਉਣ ਦੀ ਆਗਿਆ ਦੇ ਦਿੱਤੀ। ਇਸ ਤਬਦੀਲੀ ਨੇ ਹੇਰਾਫੇਰੀ ਲਈ ਰਾਜਨੀਤਿਕ ਜਗ੍ਹਾ ਖੋਲ੍ਹ ਦਿੱਤੀ, ਇਹ ਸਮਾਜਿਕ ਨਿਆਂ ਦੀ ਆੜ ਵਿਚ ਜਾਤੀ ਅਤੇ ਕਬਾਇਲੀ ਪਛਾਣਾਂ ਨੂੰ ਸੁਰੱਖਿਅਤ ਰੱਖਣ ਵੱਲ ਇਕ ਤਬਦੀਲੀ ਨੂੰ ਦਰਸਾਉਂਦਾ ਹੈ।

ਅਨੁਸੂਚਿਤ ਜਨਜਾਤੀਆਂ ਲਈ ਰਾਖਵਾਂਕਰਨ ਦਾ ਵਿਸਤਾਰ ਚੁਣੌਤੀਆਂ ਭਰਿਆ ਸੀ ਕਿਉਂਕਿ ਅਨੁਸੂਚਿਤ ਜਨਜਾਤੀਆਂ ਲਈ ਛੂਆਛੂਤ ਦੇ ਸਪੱਸ਼ਟ ਮਾਪਦੰਡ ਦੇ ਉਲਟ, ਸੂਚੀ 'ਚ ਸ਼ਾਮਲ ਕਰਨ ਜਾਂ ਹਟਾਉਣ ਲਈ ਕਬੀਲਿਆਂ ਦੀ ਪਛਾਣ ਕਰਨ ਲਈ ਕੋਈ ਪੱਕਾ ਮਾਪਦੰਡ ਨਹੀਂ ਸੀ।

ਐੱਸਟੀ ਦੇ ਕਿਸੇ ਮੈਂਬਰ ਨੂੰ ਰਾਖਵੇਂਕਰਨ ਵਿਚ ਸ਼ਾਮਲ ਕਰਨ ਜਾਂ ਬਾਹਰ ਰੱਖਣ ਦੇ ਮਾਪਦੰਡਾਂ ਵਿਚ ਅਸਪੱਸ਼ਟਤਾ ਨੇ ਅਖ਼ੀਰ ਵਿਚ ਰਾਖਵੇਂਕਰਨ ਦੀ ਮੂਲ ਧਾਰਨਾ ਨੂੰ ਕਮਜ਼ੋਰ ਕਰ ਦਿੱਤਾ।

ਹਾਲਾਂਕਿ ਇਨ੍ਹਾਂ ਸਮਾਜਿਕ ਤੌਰ 'ਤੇ ਬਾਹਰ ਰੱਖੇ ਗਏ ਸਮੂਹਾਂ ਲਈ ਰਾਜ ਦੀ ਹਮਾਇਤ ਜ਼ਰੂਰੀ ਸੀ, ਪਰ ਰਾਖਵਾਂਕਰਨ ਇਸ ਨੂੰ ਮੁਹੱਈਆ ਕਰਨ ਦਾ ਇੱਕੋ ਇਕ ਸਾਧਨ ਨਹੀਂ ਸੀ। ਐੱਸਸੀ ਵਾਂਗ ਐੱਸਟੀ ਲਈ ਰਾਖਵੇਂਕਰਨ ਦੇ ਵਿਸਤਾਰ ਨੇ ਸੰਭਾਵਤ ਤੌਰ 'ਤੇ ਇਕ ਯੁੱਧਨੀਤਕ ਉਦੇਸ਼ ਦੀ ਪੂਰਤੀ ਕੀਤੀ – ਰਾਖਵੇਂਕਰਨ ਦੀ ਧਾਰਨਾ ਨੂੰ ਖ਼ਾਸ ਲੋਕਾਂ ਲਈ ਇਕ ਖ਼ਾਸ ਨੀਤੀ ਵਜੋਂ ਕਮਜ਼ੋਰ ਕਰਨਾ।

ਜੇ ਕਬਾਇਲੀ ਲੋਕਾਂ ਨੂੰ ਰਾਖਵਾਂਕਰਨ ਦੇਣ ਦਾ ਟੀਚਾ ਸਮਾਜਿਕ ਪੱਖਪਾਤ ਨੂੰ ਦੂਰ ਕਰਨਾ ਸੀ, ਤਾਂ ਉਨ੍ਹਾਂ ਨੂੰ ਰਾਖਵਾਂਕਰਨ ਵਿਚ ਇਸੇ ਅਨੁਸਾਰੀ ਵਾਧੇ ਨਾਲ ਅਨੁਸੂਚਿਤ ਜਾਤੀਆਂ ਦੇ ਰੂਪ ਵਿਚ ਉਸੇ ਅਨੁਸੂਚੀ ਵਿਚ ਏਕੀਕ੍ਰਿਤ ਕੀਤਾ ਜਾ ਸਕਦਾ ਸੀ। ਇਸ ਪਹੁੰਚ ਨੇ ਐੱਸਸੀ ਨਾਲ ਜੁੜੇ ਜਾਤੀ ਕਲੰਕ ਨੂੰ ਕਮਜ਼ੋਰ ਕਰ ਦੇਣਾ ਸੀ, ਕਿਉਂਕਿ ਐੱਸਟੀ ਅਛੂਤ ਨਹੀਂ ਸਨ।

ਆਖ਼ਿਰਕਾਰ, ਇਹ ਅਨੁਸੂਚੀਆਂ ਛੇਕੇ ਹੋਣ ਦੀ ਬੁਨਿਆਦੀ ਮਾਨਤਾ ਉੱਪਰ ਬਣਾਈਆਂ ਗਈਆਂ ਸਨ। ਐੱਸਸੀ ਅਤੇ ਐੱਸਟੀ ਦਰਮਿਆਨ ਵਿਦਿਅਕ ਅਤੇ ਸਮਾਜਿਕ ਰੁਤਬੇ ਵਿਚ ਅੰਤਰ ਦੇ ਅਧਾਰ 'ਤੇ ਇਕ ਏਕੀਕ੍ਰਿਤ ਅਨੁਸੂਚੀ ਦੇ ਵਿਰੁੱਧ ਦਲੀਲਾਂ ਦੋਹਾਂ ਸਮੂਹਾਂ ਉੱਪਰ ਬਰਾਬਰ ਲਾਗੂ ਹੁੰਦੀਆਂ ਹਨ। ਸਮਾਜਿਕ ਬੇਦਖ਼ਲੀ ਤੋਂ ਸਿਵਾਏ, ਕਿਸੇ ਵੀ ਲਿਹਾਜ਼ ਨਾਲ ਨਾ ਐੱਸਸੀ ਅਨੁਸੂਚੀ ਇਕੋ ਜਿਹੀ ਹੈਅਤੇ ਨਾ ਹੀ ਐੱਸਟੀ।

ਇਹ ਧਿਆਨ ਰੱਖਣਾ ਮਹੱਤਵਪੂਰਨ ਹੈ ਕਿ ਇਨ੍ਹਾਂ ਸ਼੍ਰੇਣੀਆਂ ਲਈ ਰਾਖਵਾਂਕਰਨ ਦਾ ਇੱਕੋ-ਇਕ ਮਾਪਦੰਡ ਸਾਬਕਾ ਅਛੂਤ ਜਾਂ ਕਬੀਲਿਆਂ ਵਜੋਂ ਉਨ੍ਹਾਂ ਦੀ ਸਮਾਜਿਕ ਪਛਾਣ ਸੀ, ਜਿਸ ਨੇ ਉਨ੍ਹਾਂ ਨੂੰ ਮੁੱਖ ਧਾਰਾ ਤੋਂ ਬਾਹਰ ਕਰ ਦਿੱਤਾ ਸੀ।

ਇਨ੍ਹਾਂ ਰਾਖਵੇਂਕਰਨ ਨੂੰ ਖ਼ਤਮ ਕਰਨ ਦੀ ਇੱਕੋ ਇਕ ਅੰਤਰਨਿਹਿਤ ਸ਼ਰਤ ਇਸ ਗੱਲ ਦਾ ਵਾਜਬ ਸਬੂਤ ਸੀ ਕਿ ਉਹ ਹੁਣ ਆਪਣੀ ਪਛਾਣ ਦੇ ਕਾਰਨ ਸਮਾਜਿਕ ਪੱਖਪਾਤ ਤੋਂ ਪੀੜਤ ਨਹੀਂ ਸਨ ਜਾਂ ਕਿ ਇਨ੍ਹਾਂ ਪਛਾਣਾਂ ਨੇ ਆਪਣੀ ਸਮਾਜਿਕ ਪ੍ਰਮੁੱਖਤਾ ਗੁਆ ਦਿੱਤੀ ਸੀ।

ਪਿਛੜੀਆਂ ਸ਼੍ਰੇਣੀਆਂ (ਡਾ. ਅੰਬੇਡਕਰ ਅਨੁਸਾਰ ਜਿਨ੍ਹਾਂ ਨੂੰ ਜਾਤੀਆਂ ਵਜੋਂ ਪੜ੍ਹਿਆ ਜਾਣਾ ਚਾਹੀਦਾ ਹੈ) ਤੱਕ ਰਾਖਵਾਂਕਰਨ ਦਾ ਹੋਰ ਵਿਸਤਾਰ, ਰਾਖਵਾਂਕਰਨ ਦੇ ਜਾਤੀਕਰਨ, ਰਾਜਨੀਤੀਕਰਨ ਅਤੇ ਇਸ ਨੂੰ ਹਥਿਆਰ ਬਣਾਏ ਜਾਣ ਵੱਲ ਸਿਰੇ ਦਾ ਕਦਮ ਸੀ।

ਇਨ੍ਹਾਂ ਜਾਤੀਆਂ ਦੀ ਪਛਾਣ ਕਰਨ ਲਈ 'ਸਮਾਜਿਕ ਅਤੇ ਵਿਦਿਅਕ ਪਿਛੜੇਪਣ' ਦਾ ਮਾਪਦੰਡ ਦਰਜੇਬੰਦੀ ਵਾਲੀ ਜਾਤੀ ਪ੍ਰਣਾਲੀ ਅਤੇ ਮੁਲਕ ਦੇ ਸਮੁੱਚੇ ਵਿਦਿਅਕ ਪਿਛੜੇਪਣ ਦੇ ਪ੍ਰਸੰਗ 'ਚ ਨੁਕਸਦਾਰ ਸੀ।

ਪਿਛੜੇਪਣ ਪ੍ਰਤੀ ਇਸ ਜਾਤੀ-ਕੇਂਦਰਿਤ ਪਹੁੰਚ ਦਾ ਨਤੀਜਾ ਲਾਜ਼ਮੀ ਤੌਰ 'ਤੇ ਸਾਰੇ ਭਾਈਚਾਰਿਆਂ ਦੁਆਰਾ ਮੁਕਾਬਲੇਬਾਜ਼ ਦਾਅਵਿਆਂ 'ਚ ਨਿੱਕਲਿਆ, ਜਿਸ ਦੇ ਨਤੀਜੇ ਵਜੋਂ ਸਮਾਜ ਦਾ ਜਾਤੀਕਰਨ ਹੋਇਆ – ਇਕ ਅਜਿਹੀ ਸਥਿਤੀ ਜਿਸ ਦਾ ਸਾਹਮਣਾ ਅਸੀਂ ਅੱਜ ਕਰ ਰਹੇ ਹਾਂ।

ਹਾਲਾਂਕਿ ਮੈਂ ਕਮਜ਼ੋਰ ਭਾਈਚਾਰਿਆਂ ਲਈ ਰਾਜ ਦੀ ਮੱਦਦ ਦੇ ਖ਼ਿਲਾਫ਼ ਨਹੀਂ ਹਾਂ ਜਾਂ ਇਸ ਤੋਂ ਇਨਕਾਰ ਨਹੀਂ ਕਰਦਾ ਕਿ ਪਿਛੜੀਆਂ ਸ਼੍ਰੇਣੀਆਂ ਸਹਾਇਤਾ ਦੀਆਂ ਹੱਕਦਾਰ ਹਨ, ਪਿਛੜਿਆਪਣ ਰਾਖਵੇਂਕਰਨ ਵਰਗੇ ਅਸਧਾਰਨ ਉਪਾਵਾਂ ਨੂੰ ਜਾਇਜ਼ ਨਹੀਂ ਠਹਿਰਾ ਸਕਦਾ।

ਰਾਖਵਾਂਕਰਨ ਇਕ ਗੁੰਝਲਦਾਰ, ਬਹੁ-ਧਾਰੀ ਸੰਦ ਹੈ ਜਿਸ ਨੂੰ ਲਾਗੂ ਕਰਨ ਵਿਚ ਬਹੁਤ ਜ਼ਿਆਦਾ ਸਾਵਧਾਨੀ ਦੀ ਲੋੜ ਹੈ। ਇਹ ਕਦੇ ਵੀ ਸਮਾਜਿਕ ਨਿਆਂ ਪ੍ਰਾਪਤ ਕਰਨ ਦਾ ਇੱਕੋ ਇਕ ਸਾਧਨ ਨਹੀਂ ਸੀ। ਹਾਂਪੱਖੀ ਸਮਾਜਿਕ ਨਿਆਂ ਸਿਰਫ਼ ਵਿਆਪਕ ਨਿਆਂ ਦੇ ਵਾਤਾਵਰਣ ਵਿਚ ਮੌਜੂਦ ਹੋ ਸਕਦਾ ਹੈ, ਜਿਸ ਨੂੰ ਸਸ਼ਕਤੀਕਰਨ ਦੇ ਮੁੱਖ ਤੱਤਾਂ ਸਿਹਤ ਸੰਭਾਲ, ਸਿੱਖਿਆ ਅਤੇ ਜ਼ਮੀਨੀਂ ਸੁਧਾਰਾਂ ਨੂੰ ਸਰਵਵਿਆਪਕ ਬਣਾ ਕੇ ਪੈਦਾ ਕੀਤਾ ਜਾ ਸਕਦਾ ਹੈ - ਉਹ ਖੇਤਰ ਜਿਨ੍ਹਾਂ ਨੂੰ ਸਰਕਾਰਾਂ ਇਨ੍ਹਾਂ ਸਾਰੇ ਸਾਲਾਂ ਵਿਚ ਲਗਾਤਾਰ ਨਜ਼ਰਅੰਦਾਜ਼ ਕਰਦੀਆਂ ਰਹੀਆਂ ਹਨ।

ਇਨ੍ਹਾਂ ਜ਼ਰੂਰੀ ਚੀਜਾਂ ਤੱਕ ਸਰਵਵਿਆਪਕ ਰਸਾਈ ਹਾਸਲ ਕਰਨ ਤੋਂ ਬਾਅਦ ਹੀ ਸਸ਼ਕਤੀਕਰਨ ਦੀਆਂ ਖ਼ਾਸ ਰੁਕਾਵਟਾਂ ਨੂੰ ਦੂਰ ਕਰਨ ਲਈ ਸਮਾਜਿਕ ਨਿਆਂ ਦੇ ਹੋਰ ਉਪਾਵਾਂ 'ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ।

ਜੇਕਰ ਸਰਕਾਰ ਨੇ ਈਮਾਨਦਾਰੀ ਨਾਲ ਇਨ੍ਹਾਂ ਬੁਨਿਆਦੀ ਜ਼ਰੂਰਤਾਂ ਨੂੰ ਸਰਬਵਿਆਪੀ ਬਣਾਉਣ ਦੀ ਕੋਸ਼ਿਸ਼ ਕੀਤੀ ਹੁੰਦੀ ਤਾਂ ਰਾਖਵਾਂਕਰਨ ਦੀ ਜ਼ਰੂਰਤ, ਇੱਥੋਂ ਤੱਕ ਕਿ ਅਨੁਸੂਚਿਤ ਜਾਤੀਆਂ ਲਈ ਵੀ, ਖ਼ਤਮ ਹੋ ਸਕਦੀ ਸੀ। ਸਾਰੇ ਉੱਨਤ ਮੁਲਕਾਂ ਨੇ ਜ਼ਮੀਨੀਂ ਸੁਧਾਰਾਂ, ਮਜ਼ਬੂਤ ਜਨਤਕ ਸਿਹਤ ਸੰਭਾਲ ਪ੍ਰਣਾਲੀਆਂ ਅਤੇ ਮੁਫ਼ਤ, ਉੱਚ-ਗੁਣਵੱਤਾ ਵਾਲੀ ਸਰਵਵਿਆਪਕ ਸਿੱਖਿਆ ਰਾਹੀਂ ਆਪਣੀ ਆਬਾਦੀ ਨੂੰ ਸਸ਼ਕਤ ਬਣਾ ਕੇ ਤਰੱਕੀ ਕੀਤੀ ਹੈ।

ਇਸ ਸਾਬਤ ਹੋ ਚੁੱਕੇ ਰਸਤੇ ਉੱਪਰ ਚੱਲਣ ਦੀ ਬਜਾਏ, ਸਰਕਾਰਾਂ ਨੇ ਜਾਣਬੁੱਝ ਕੇ ਅਜਿਹੇ ਤਰੀਕੇ ਚੁਣੇ ਹਨ ਜੋ ਜਾਤੀ ਅਤੇ ਫਿਰਕੂ ਪਛਾਣਾਂ ਨੂੰ ਬਣਾਈ ਰੱਖਦੇ ਹਨ, ਸਮਾਜਿਕ ਨਿਆਂ ਦੀ ਆੜ ਵਿਚ ਉਨ੍ਹਾਂ ਨੂੰ ਇਕ ਦੂਜੇ ਦੇ ਵਿਰੁੱਧ ਖੜ੍ਹਾ ਕਰਦੇ ਹਨ।

ਰਾਖਵਾਂਕਰਨ ਅਨੁਸੂਚਿਤ ਜਾਤੀਆਂ ਨੂੰ ਉਨ੍ਹਾਂ ਦਾ ਬਣਦਾ ਹੱਕ ਦੇਣ ਲਈ ਸਮਾਜ ਦੀ ਅਪੰਗਤਾ ਵਿਰੁੱਧ ਰਾਜ ਦੁਆਰਾ ਇਕ ਜਵਾਬੀ ਉਪਾਅ ਹੈ। ਇਕ ਵਾਰ ਜਦੋਂ ਸਮਾਜ ਆਪਣੀ ਅਪੰਗਤਾ ਉੱਪਰ ਕਾਬੂ ਪਾ ਲਵੇਗਾ ਤਾਂ ਇਹ ਉਪਾਅ ਨਹੀਂ ਰਹੇਗਾ।

ਇਸ ਤਰ੍ਹਾਂ ਦੇ ਸਪੱਸ਼ਟ ਅਧਾਰ ਨੇ ਅਨੁਸੂਚਿਤ ਜਾਤੀਆਂ ਦਾ ਧਿਆਨ ਸਮਾਜ ਦੀ ਅਪੰਗਤਾ ਵੱਲ ਕਰ ਦੇਣਾ ਸੀ, ਜਿਸ ਦੀਆਂ ਜੜ੍ਹਾਂ ਇਸ ਦੀ ਜਾਤੀ ਚੇਤਨਾ ਵਿਚ ਸਨ। ਇਸ ਪਹੁੰਚ ਨੇ ਜਾਤੀ ਅਧਾਰਤ ਵਿਤਕਰੇ ਨੂੰ ਖ਼ਤਮ ਕਰਨ ਦੀ ਜ਼ਿੰਮੇਵਾਰੀ ਸਹੀ ਢੰਗ ਨਾਲ ਸਮਾਜ ਉੱਪਰ ਪਾ ਦੇਣੀ ਸੀ, ਜਿਸ ਨਾਲ ਰਾਖਵਾਂਕਰਨ ਦੀ ਪ੍ਰਚਲਤ ਧਾਰਨਾ ਉਲਟ ਹੋ ਜਾਣੀ ਸੀ।

ਰਾਖਵੇਂਕਰਨ ਨੂੰ ਖ਼ਤਮ ਕਰਨ ਲਈ ਅਜਿਹੇ ਸਪੱਸ਼ਟ ਅਧਾਰ ਦੀ ਅਣਹੋਂਦ ਵਿਚ ਜਦੋਂ ਸਮਾਜ ਅਨੁਸੂਚਿਤ ਜਾਤੀਆਂ ਨੂੰ ਉਨ੍ਹਾਂ ਦਾ ਬਣਦਾ ਹੱਕ ਦਿੰਦਾ ਹੈ, ਤਾਂ ਅਨੁਸੂਚਿਤ

ਜਾਤੀਆਂ ਨੂੰ ਸਮਾਜ ਦੇ ਸਰੋਤਾਂ ਤੋਂ ਨਹੱਕ ਲਾਭ ਲੈਣ ਵਾਲੇ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਰਾਖਵੇਂਕਰਨ ਨੇ ਦਲਿਤਾਂ ਦੀਆਂ ਮੁਸ਼ਕਲਾਂ ਹੋਰ ਵਧਾ ਦਿੱਤੀਆਂ ਹਨ, ਜਿਨ੍ਹਾਂ ਨੂੰ ਜਾਤੀ ਵਿਤਕਰੇ ਦਾ ਸਾਹਮਣਾ ਕਰਨ ਤੋਂ ਇਲਾਵਾ ਸਮਾਜਿਕ ਨਾਰਾਜ਼ਗੀ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ।

ਜੇਕਰ ਨੀਤੀ ਨੂੰ ਸਹੀ ਢੰਗ ਨਾਲ ਤਿਆਰ ਕੀਤਾ ਜਾਂਦਾ ਅਤੇ ਅਸਰਦਾਰ ਢੰਗ ਨਾਲ ਇਸਦਾ ਸੰਚਾਰ ਕੀਤਾ ਜਾਂਦਾ, ਤਾਂ ਅਨੁਸੂਚਿਤ ਜਾਤੀਆਂ ਵਿਰੁੱਧ ਇਹ ਸਮਾਜਿਕ ਨਾਰਾਜ਼ਗੀ ਸਮਾਜਿਕ ਅਪੰਗਤਾ ਦੀ ਪ੍ਰਵਾਨਗੀ ਬਣ ਜਾਣੀ ਸੀ – ਸ਼ਿਕਾਇਤ ਦੀ ਬਜਾਏ ਸ਼ਰਮਿੰਦਗੀ ਦਾ ਸਰੋਤ।

ਇਸ ਦੇ ਉਲਟ, ਮੌਜੂਦਾ ਨੀਤੀ ਅਨੁਸੂਚਿਤ ਜਾਤੀਆਂ ਨੂੰ ਕਿਸੇ ਅਪੰਗਤਾ ਤੋਂ ਪੀੜਤ ਦੇ ਰੂਪ 'ਚ ਦਰਸਾਉਂਦੀ ਹੈ ਜਿਸ ਨੂੰ ਉਨ੍ਹਾਂ ਨੂੰ ਮੁੱਖ ਧਾਰਾ ਵਿਚ ਲਿਆਉਣ ਲਈ ਰਾਜ ਦੀ ਮੱਦਦ ਦੀ ਲੋੜ ਸੀ। ਇਹ ਉਨ੍ਹਾਂ ਵਿਚ ਹੀਣਤਾ ਦੀ ਭਾਵਨਾ ਪੈਦਾ ਕਰਦਾ ਹੈ, ਜਿਸ ਨਾਲ ਇਕ ਖ਼ੁਦ ਹੀ ਪੂਰੀ ਹੋ ਜਾਣ ਵਾਲੀ ਭਵਿੱਖਬਾਣੀ ਹੋ ਜਾਂਦੀ ਹੈ ਜਿੱਥੇ ਉਨ੍ਹਾਂ ਦੀ ਕਾਰਗੁਜ਼ਾਰੀ ਊਣੀ ਰਹਿੰਦੀ ਹੈ, ਇਸ ਤਰ੍ਹਾਂ ਰਾਖਵੇਂਕਰਨ ਦੀ ਜ਼ਰੂਰਤ ਬਣੀ ਰਹਿੰਦੀ ਹੈ।

ਵਧੇਰੇ ਸੋਚ-ਵਿਚਾਰ ਕੇ ਤਿਆਰ ਕੀਤੀ ਗਈ ਨੀਤੀ ਅਨੁਸੂਚਿਤ ਜਾਤੀਆਂ ਉੱਪਰ ਇਹ ਮਨੋਵਿਗਿਆਨਕ ਬੋਝ ਪਾਏ ਜਾਣ ਤੋਂ ਬਚ ਸਕਦੀ ਸੀ ਅਤੇ ਉਨ੍ਹਾਂ ਨੂੰ ਮੁੱਖ ਧਾਰਾ ਦਾ ਹਿੱਸਾ ਬਣ ਕੇ ਰਾਖਵੇਂਕਰਨ ਦੁਆਰਾ ਲਗਾਈਆਂ ਗਈਆਂ ਸੀਮਾਵਾਂ ਨੂੰ ਪਾਰ ਕਰਨ ਲਈ ਪ੍ਰੇਰਿਤ ਕਰ ਸਕਦੀ ਸੀ।

ਅਜਿਹੀ ਨੀਤੀ ਬਹੁਤ ਸੰਭਵ ਸੀ ਜੋ ਅਨੁਸੂਚਿਤ ਜਾਤੀਆਂ ਅਤੇ ਵਡੇਰੇ ਸਮਾਜ ਦਰਮਿਆਨ ਵਿਰੋਧੀ ਸੰਬੰਧਾਂ ਤੋਂ ਬਚ ਸਕਦੀ ਸੀ, ਅਤੇ ਉਨ੍ਹਾਂ ਨੂੰ, ਜੇ ਜਾਤੀਆਂ ਨੂੰ ਨਹੀਂ ਤਾਂ ਜਾਤੀ ਪੱਖਪਾਤ ਨੂੰ ਖ਼ਤਮ ਕਰਨ ਦੀ ਦਿਸ਼ਾ ਵਿਚ ਕੰਮ ਕਰਨ ਲਈ ਪ੍ਰੇਰਿਤ ਕਰ ਸਕਦੀ ਸੀ, ਅਤੇ ਇਸ ਦੁਆਰਾ ਰਾਖਵੇਂਕਰਨ ਦੀ ਜ਼ਰੂਰਤ ਨੂੰ ਜਲਦੀ ਤੋਂ ਜਲਦੀ ਖ਼ਤਮ ਕਰ ਸਕਦੀ ਸੀ।

ਅਨੁਸੂਚਿਤ ਜਾਤੀਆਂ ਨਾਲ ਸਮਾਜਿਕ ਅਨਿਆਂ ਨੂੰ ਦੂਰ ਕਰਨ ਵਾਲੀ ਰਾਖਵਾਂਕਰਨ ਨੀਤੀ ਦਾ ਖਰੜਾ ਤਿਆਰ ਕਰਨ 'ਚ ਉਕਾਈ ਅਚਾਨਕ ਨਹੀਂ ਸੀ, ਬਲਕਿ ਹਾਕਮ ਜਮਾਤਾਂ ਦੀ ਜਨਤਾ ਨੂੰ ਠੱਗਣ ਲਈ ਜਾਤੀ ਨੂੰ ਇਕ ਤਾਕਤਵਰ ਸੰਦ ਵਜੋਂ ਕਾਇਮ ਰੱਖਣ ਦੀ ਇਕ ਸੋਚੀ-ਸਮਝੀ ਨੀਤੀ ਸੀ।

**ਜਾਤੀ ਨੂੰ ਸਮਝਦਿਆਂ** : ਆਓ ਆਪਣਾ ਧਿਆਨ ਜਾਤੀਆਂ ਵੱਲ ਮੋੜੀਏ। ਜਾਤੀਆਂ ਇਕ ਲੰਬੇ ਅਰਸੇ ਵਿਚ ਵਿਕਸਤ ਹੋਈਆਂ ਹਨ, ਅਤੇ ਉਨ੍ਹਾਂ ਦੀ ਗਿਣਤੀ ਕਰਨ ਦੀਆਂ ਸਰਕਾਰੀ ਕੋਸ਼ਿਸ਼ਾਂ ਦੇ ਬਾਵਜੂਦ, ਉਨ੍ਹਾਂ ਨੂੰ ਇਕ ਨਿਸ਼ਚਿਤ ਗਿਣਤੀ 'ਚ ਨਹੀਂ ਬੰਨ੍ਹਿਆ ਜਾ ਸਕਿਆ। ਜਟਿਲਤਾ ਜਾਤੀਆਂ, ਉੱਪ-ਜਾਤੀਆਂ ਅਤੇ ਇੱਥੋਂ ਤੱਕ ਕਿ ਉੱਪ-ਉੱਪ-ਜਾਤੀਆਂ ਦੀ ਹੋਂਦ ਵਿਚ ਵੀ ਪਈ ਹੈ, ਜੋ ਸਾਰੀਆਂ ਸੰਦਰਭ 'ਤੇ ਨਿਰਭਰ ਕਰਦਿਆਂ ਗਤੀਸ਼ੀਲ ਰੂਪ ਵਿਚ ਸਾਹਮਣੇ ਆਉਂਦੀਆਂ ਹਨ।

ਐੱਸਸੀ ਦੇ ਸੰਬੰਧ ਵਿਚ, ਜੋ ਫ਼ੈਸਲੇ ਦਾ ਕੇਂਦਰ ਹਨ, ਇਸ ਦੀਆਂ ਘਟਕ ਜਾਤੀਆਂ ਦੀ ਨਿਸ਼ਚਿਤ ਤੌਰ 'ਤੇ ਗਿਣਤੀ ਤਾਂ ਕੀਤੀ ਗਈ ਹੈ, ਪਰ ਉਨ੍ਹਾਂ ਦੀ ਸੰਪੂਰਨਤਾ ਵਿਚ ਨਹੀਂ। ਮਿਸਾਲ ਲਈ, ਹਰੇਕ ਜਾਤੀ ਵਿਚ ਕਈ ਉੱਪ-ਜਾਤੀਆਂ ਹੁੰਦੀਆਂ ਹਨ, ਜੋ ਸਮਾਜਿਕ ਤੌਰ 'ਤੇ ਓਨੀਆਂ ਹੀ ਪ੍ਰਮੁੱਖ ਹਨ ਜਿੰਨੀਆਂ ਕਿ ਖ਼ੁਦ ਜਾਤੀਆਂ।

ਸੁਪਰੀਮ ਕੋਰਟ ਦਾ ਫ਼ੈਸਲਾ ਇਸ ਨਿਰਖ 'ਤੇ ਅਧਾਰਤ ਹੈ ਕਿ ਐੱਸਸੀ ਸ਼੍ਰੇਣੀ ਇੱਕੋ ਜਿਹੀ ਨਹੀਂ ਹੈ। ਸਵਾਲ ਇਹ ਹੈ ਕਿ ਇੱਕੋ ਜਹੀ ਕਿਸ ਲਿਹਾਜ਼ ਨਾਲ ਜਾਤੀਆਂ ਨੂੰ ਜਿਸ ਇੱਕੋ-ਇਕ ਮਾਪਦੰਡ ਦੇ ਅਧਾਰ 'ਤੇ ਐੱਸਸੀ ਸ਼੍ਰੇਣੀ ਦੇ ਤਹਿਤ ਇਕ ਸਮੂਹ 'ਚ ਇਕੱਠਾ ਕੀਤਾ ਗਿਆ ਸੀ ਉਹ ਸੀ ਛੂਆਛੂਤ।

ਜਾਪਦਾ ਹੈ ਕਿ ਅਦਾਲਤ ਦੀ ਨਿਰਖ ਵਿਦਿਅਕ ਅਤੇ ਆਰਥਕ ਵਿਕਾਸ ਵਰਗੇ ਬਾਹਰੀ ਕਾਰਕਾਂ ਨੂੰ ਪੇਸ਼ ਕਰਦੀ ਹੈ, ਕੁਝ ਜੱਜਾਂ ਨੇ ਤਾਂ ਰਾਖਵੇਂਕਰਨ 'ਤੇ ਵਿਚਾਰ ਕਰਨ ਲਈ 'ਕ੍ਰੀਮੀ ਲੇਅਰ' (ਰਾਖਵੇਂਕਰਨ ਦਾ ਲਾਭ ਲੈ ਕੇ ਤਰੱਕੀ ਕਰ ਚੁੱਕੇ ਦਲਿਤ) ਨੂੰ ਬਾਹਰ ਕੱਢਣ ਦਾ ਸੁਝਾਅ ਵੀ ਦਿੱਤਾ ਹੈ। ਇਹ ਪਹੁੰਚ ਤਰਕ ਦੇ ਤੌਰ 'ਤੇ ਨੁਕਸਦਾਰ ਹੈ ਕਿਉਂਕਿ ਇਹ ਉਹ ਮਾਪਦੰਡ ਥੋਪਦੀ ਹੈ ਜਿਨ੍ਹਾਂ ਦਾ ਉਦੇਸ਼ ਕਦੇ ਵੀ ਇਸ ਸ਼੍ਰੇਣੀ ਨੂੰ ਪਰਿਭਾਸ਼ਤ ਕਰਨਾ ਨਹੀਂ ਸੀ।

ਐੱਸਸੀ ਨੇ ਸਿਰਫ਼ ਛੂਆਛੂਤ ਦੇ ਮਾਪਦੰਡ ਉੱਪਰ ਇੱਕੋ ਜਿਹੇ ਹੋਣਾ ਸੀ। ਸ਼ੁਰੂਆਤੀ ਗਿਣਤੀ ਦੌਰਾਨ, ਸਰਵੇਖਣ ਕਰਨ ਵਾਲਿਆਂ ਨੂੰ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ, ਖ਼ਾਸ ਕਰਕੇ ਪੂਰਬ ਅਤੇ ਦੱਖਣ ਵਿਚ।

ਪੂਰਬ ਵਿਚ, ਛੂਆਛੂਤ ਦਾ ਪ੍ਰਗਟਾਵਾ ਉਸ ਰੂਪ ਵਿਚ ਨਹੀਂ ਹੋਇਆ ਜਿਵੇਂ ਮੁਲਕ ਵਿਚ ਹੋਰ ਥਾਵਾਂ 'ਤੇ ਹੋਇਆ। ਇਸ ਦੇ ਉਲਟ, ਦੱਖਣ ਵਿਚ 70ਪ੍ਰਤੀਸ਼ਤ ਤੋਂ ਵੱਧ ਆਬਾਦੀ ਨੂੰ ਅਛੂਤ ਮੰਨਿਆ ਜਾਂਦਾ ਸੀ, ਜਿਸ ਵਿਚ ਛੂਆਛੂਤ ਦੀ ਤੀਬਰਤਾ ਵੱਖ-ਵੱਖ ਸੀ।

ਹਰੇਕ ਖੇਤਰ ਵਿਚ ਅਨੁਸੂਚਿਤ ਜਾਤੀਆਂ ਦੀ ਆਬਾਦੀ ਨੂੰ ਆਮ ਬਣਾਉਣ ਲਈ ਵਧੀਕ ਮਾਪਦੰਡ ਲਾਗੂ ਕਰਕੇ ਇਨ੍ਹਾਂ ਮੁੱਦਿਆਂ ਨੂੰ ਹੱਲ ਕੀਤਾ ਗਿਆ ਸੀ। ਇਸ ਲਈ, ਇਕਰੂਪਤਾ ਦੇ ਸਵਾਲ ਨੂੰ ਸਿਰਫ਼ ਛੂਆਛੂਤ ਦੇ ਪ੍ਰਸੰਗ 'ਚ ਸੰਬੋਧਤ ਹੋਇਆ ਗਿਆ ਸੀ ਅਤੇ ਫ਼ੈਸਲੇ ਵਿਚ ਪ੍ਰਗਟਾਈਆਂ ਗਈਆਂ ਕੋਈ ਵੀ ਹੋਰ ਧਾਰਨਾਵਾਂ ਗੁੰਮਰਾਹਕੁੰਨ ਹਨ।

ਇਹ ਕਹਿਣਾ ਅਟੱਲ ਸੱਚ ਹੋ ਸਕਦਾ ਹੈ ਕਿ ਕੋਈ ਵੀ ਜਾਤੀ ਸਾਰੇ ਮਾਪਦੰਡਾਂ ਵਿਚ ਇੱਕੋ ਜਿਹੀ ਨਹੀਂ ਹੈ। ਜੇ ਅਜਿਹਾ ਹੈ, ਤਾਂ ਫਿਰ ਸਵਾਲ ਉੱਠਦਾ ਹੈ ਕਿ ਇਨ੍ਹਾਂ ਜਾਤੀਆਂ ਦਾ ਮੇਲ ਇਕਰੂਪਤਾ ਕਿਵੇਂ ਪ੍ਰਾਪਤ ਕਰ ਸਕਦਾ ਹੈ।

ਇਕਰੂਪਤਾ ਦੀ ਧਾਰਨਾ ਜਾਤੀ ਦੀ ਬਜਾਏ ਜਮਾਤ ਉੱਪਰ ਵਧੇਰੇ ਸਹੀ ਢੰਗ ਨਾਲ ਲਾਗੂ ਹੁੰਦੀ ਹੈ। ਜਦੋਂ ਸ਼ੁਰੂ 'ਚ ਅਛੂਤ ਜਾਤੀਆਂ ਲਈ ਅਨੁਸੂਚੀ ਤਿਆਰ ਕੀਤੀ ਗਈ ਸੀ, ਤਾਂ ਇਹ ਜਾਤੀਆਂ ਆਪਣੀ ਵਿਦਿਅਕ, ਸਮਾਜਿਕ ਅਤੇ ਆਰਥਕ ਸਥਿਤੀ ਦੇ ਲਿਹਾਜ਼ ਨਾਲ ਮੋਟੇ ਤੌਰ 'ਤੇ ਇੱਕੋ ਜਿਹੀਆਂ ਹੋ ਸਕਦੀਆਂ ਸਨ।

ਹਾਲਾਂਕਿ, ਸਾਲਾਂ ਦੌਰਾਨ, ਰਾਖਵਾਂਕਰਨ ਅਤੇ ਚੋਣ ਸਿਆਸਤ ਵਰਗੇ ਕਾਰਕਾਂ ਕਾਰਨ, ਹਰੇਕ ਜਾਤੀ ਦੇ ਅੰਦਰ ਵੱਖਰੀਆਂ ਜਮਾਤਾਂ ਉੱਭਰ ਆਈਆਂ ਹਨ। ਜਦੋਂ ਜਮਾਤ ਦੀ ਐਨਕ ਨਾਲ ਦੇਖਿਆ ਜਾਵੇ ਤਾਂ ਉੱਪ-ਵਰਗੀਕਰਣ ਦੀ ਕੋਈ ਤੁਕ ਹੋ ਸਕਦੀ ਹੈ, ਪਰ ਇੱਥੇ ਤਾਂ ਅਸੀਂ ਜਾਤੀ ਦੀ ਗੱਲ ਕਰ ਰਹੇ ਹਾਂ!

ਅਕਸਰ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਐੱਸਸੀ ਸ਼੍ਰੇਣੀ ਦੇ ਅੰਦਰ ਕੁਝ ਜਾਤੀਆਂ ਨੂੰ ਰਾਖਵੇਂਕਰਨ ਦਾ ਅਣਉਚਿਤ ਲਾਭ ਮਿਲਿਆ ਹੈ, ਜਿਸ ਨਾਲ ਦੂਜੇ ਬਾਹਰ ਹੋ ਗਏ ਹਨ। ਇਸ ਦਲੀਲ ਵਿਚ ਦਮ ਹੈ, ਕਿਉਂਕਿ ਜਿਨ੍ਹਾਂ ਨੇ ਵਧੇਰੇ ਤਰੱਕੀ ਕੀਤੀ ਹੈ, ਇਹ ਆਮ ਤੌਰ 'ਤੇ ਅਨੁਸੂਚਿਤ ਜਾਤੀ ਸ਼੍ਰੇਣੀ ਦੇ ਅੰਦਰ ਸਭ ਤੋਂ ਵੱਧ ਆਬਾਦੀ ਵਾਲੀਆਂ ਅਤੇ ਇਤਿਹਾਸਕ ਤੌਰ ਉੱਤੇ ਵਧੇਰੇ ਉੱਦਮੀ ਜਾਤੀਆਂ ਹਨ।

ਇਸੇ ਵਜ੍ਹਾ ਨਾਲ, ਜਾਤੀ-ਵਿਰੋਧੀ ਅੰਦੋਲਨ ਦੇ ਜ਼ਿਆਦਾਤਰ ਆਗੂ ਇਨ੍ਹਾਂ ਜਾਤੀਆਂ ਵਿੱਚੋਂ ਉੱਭਰੇ, ਜਿਨ੍ਹਾਂ ਨੇ ਆਪਣੇ ਭਾਈਚਾਰਿਆਂ ਨੂੰ ਤਰੱਕੀ ਲਈ ਪ੍ਰੇਰਿਤ ਕੀਤਾ। ਡਾ. ਅੰਬੇਡਕਰ, ਜੋ ਦਲਿਤਾਂ ਲਈ ਸਰਵ ਭਾਰਤੀ ਚਿੰਨ੍ਹ ਬਣ ਗਏ, ਨੇ ਉਨ੍ਹਾਂ ਨੂੰ ਸਿੱਖਿਆ ਪ੍ਰਾਪਤ ਕਰਨ ਲਈ ਉਤਸ਼ਾਹਿਤ ਕੀਤਾ ਸੀ। ਪਰ ਵਧੇਰੇ ਆਬਾਦੀ ਵਾਲੀਆਂ ਜਾਤੀਆਂ ਨੇ ਹੀ ਉਸ ਨਾਲ ਆਪਣੀ ਪਛਾਣ ਜੋੜੀ ਅਤੇ ਉਸ ਦੇ ਪਿੱਛੇ ਚੱਲੀਆਂ, ਜਿਸ ਨਾਲ ਸਰਕਾਰੀ ਸੇਵਾਵਾਂ ਅਤੇ ਹੋਰ ਖੇਤਰਾਂ ਵਿਚ ਉਨ੍ਹਾਂ ਦੀ ਵੁੱਕਤ ਵਧੀ।

ਹਾਲਾਂਕਿ ਜਾਤੀ ਪੱਧਰ 'ਤੇ ਇਹ ਅਕੱਟ ਤੱਥ ਹੈ, ਪਰ ਇਹ ਉੱਪ-ਜਾਤੀ ਜਾਂ ਪਰਿਵਾਰਕ ਪੱਧਰ 'ਤੇ ਸੱਚ ਨਹੀਂ ਹੋ ਸਕਦਾ। ਮੌਜੂਦਾ ਨੀਤੀ ਇਸ ਦੋਸ਼ ਨੂੰ ਨਜ਼ਰਅੰਦਾਜ਼ ਕਰਦੀ ਹੈ ਕਿ ਜਦੋਂ ਇਕ ਜਾਤੀ ਲਈ ਰਾਖਵੇਂਕਰਨ ਗਿਣੇ ਜਾਂਦੇ ਹਨ, ਉਹ ਅਸਲ ਵਿਚ ਵਿਅਕਤੀਆਂ ਨੂੰ ਦਿੱਤੇ ਜਾਂਦੇ ਹਨ।

ਜਾਤੀਆਂ ਦਾ ਕੋਈ ਵੀ ਜੋੜ ਕਿਸੇ ਜਾਤੀ ਦੇ ਅੰਦਰ ਰਾਖਵੇਂਕਰਨ ਦੇ ਲਾਭਾਂ ਦੀ ਅਸਾਵੀਂ ਵੰਡ ਨੂੰ ਪੂਰੀ ਤਰ੍ਹਾਂ ਮੁਖ਼ਾਤਬ ਨਹੀਂ ਹੋ ਸਕਦਾ। ਮਹੱਤਵਪੂਰਨ ਅੰਤਰ ਅਕਸਰ ਸ਼ੁਰੂਆਤੀ ਲਾਭ ਵਿਚ ਹੁੰਦਾ ਹੈ। ਇਹ ਇਕ ਦੌੜ ਦੇ ਸਮਾਨ ਹੈ ਜਿੱਥੇ ਇਕ ਹਿੱਸਾ ਲੈਣ ਵਾਲੇ ਨੂੰ ਸ਼ੁਰੂ ਕਰਨ ਦੀ ਆਗਿਆ ਦੇ ਦਿੱਤੀ ਜਾਂਦੀ ਹੈ; ਜੋ ਪਿੱਛੇ ਹੈ ਉਹ ਲਾਜ਼ਮੀ ਤੌਰ 'ਤੇ ਅਪਾਹਜ ਹੁੰਦਾ ਹੈ (ਉਸ ਨੂੰ ਇਹ ਮੌਕਾ ਨਹੀਂ




ਮਿਲਦਾ)।

ਵਧੇਰੇ ਆਬਾਦੀ ਵਾਲੀਆਂ ਜਾਤੀਆਂ ਨੂੰ ਰਾਖਵੇਂਕਰਨ ਤੋਂ ਬਹੁਤ ਜ਼ਿਆਦਾ ਲਾਭ ਹੋਇਆ ਜਾਪਦਾ ਹੈ ਕਿਉਂਕਿ ਉਹ ਪਹਿਲਾਂ ਹੀ ਕਸਬਿਆਂ ਅਤੇ ਸ਼ਹਿਰਾਂ ਵਿਚ ਕੇਂਦ੍ਰਿਤ ਸਨ, ਜਿੱਥੇ ਸਹੂਲਤਾਂ, ਜਾਗਰੂਕਤਾ ਅਤੇ ਪ੍ਰੇਰਣਾ ਦੀ ਬਿਹਤਰ ਪਹੁੰਚ ਸੀ।

ਮੌਜੂਦਾ ਰਾਖਵਾਂਕਰਨ ਨੀਤੀ ਇਸ ਤੱਥ ਪ੍ਰਤੀ ਅੰਨ੍ਹੀ ਹੈ ਕਿ ਰਾਖਵਾਂਕਰਨ ਦੇ ਲਾਭਪਾਤਰੀ ਦਾ ਪਰਿਵਾਰ ਗ਼ੈਰ-ਲਾਭਪਾਤਰੀ ਦੀ ਤੁਲਨਾ 'ਚ ਮੁਕਾਬਲੇਬਾਜ਼ੀ ਵਿਚ ਬਿਹਤਰ ਸਥਿਤੀ ਹਾਸਲ ਕਰ ਲੈਂਦਾ ਹੈ। ਇਹ ਦੂਜਿਆਂ ਲਈ ਦੋਹਰੇ ਜ਼ੋਖ਼ਮ ਦੀ ਸਥਿਤੀ ਪੈਦਾ ਕਰ ਦਿੰਦਾ ਹੈ।

ਜਦੋਂ ਮੁਕਾਬਲਾ ਸੀਮਤ ਸੀ ਤਾਂ ਜ਼ਿਆਦਾ ਆਬਾਦੀ ਵਾਲੀਆਂ ਅਨੁਸੂਚਿਤ ਜਾਤੀਆਂ ਨੂੰ ਸ਼ੁਰੂ 'ਚ ਰਾਖਵੇਂਕਰਨਾਂ ਤੱਕ ਪਹੁੰਚ ਕਰਨ ਦਾ ਲਾਭ ਸੀ। ਇਸ ਤੋਂ ਬਾਅਦ, ਉਨ੍ਹਾਂ ਦੇ ਬੱਚੇ ਬਿਹਤਰ ਸਹੂਲਤਾਂ, ਜਾਗਰੂਕਤਾ ਅਤੇ ਪ੍ਰੇਰਣਾ ਦੇ ਕਾਰਨ ਵਧੇਰੇ ਲਾਭਕਾਰੀ ਸਥਿਤੀ ਵਿਚ ਹੋ ਜਾਂਦੇ ਹਨ, ਜਿਸ ਨਾਲ ਉਹ ਦੂਜਿਆਂ ਤੋਂ ਬਿਹਤਰ ਕਾਰਗੁਜ਼ਾਰੀ ਦਿਖਾਉਂਦੇ ਰਹਿ ਸਕਦੇ ਹਨ ਅਤੇ ਰਾਖਵੇਂਕਰਨ ਦਾ ਵਧੇਰੇ ਹਿੱਸਾ ਹਥਿਆ ਸਕਦੇ ਹਨ।

ਇਹ ਪ੍ਰਕਿਰਿਆ ਦਾ ਮਤਲਬ ਇਹ ਹੈ ਕਿ ਇਹ ਸਮੁੱਚੀ ਜਾਤੀ ਨਹੀਂ ਬਲਕਿ ਸਿਰਫ਼ ਕੁਝ ਪਰਿਵਾਰ ਹਨ ਜੋ ਜਾਤੀ ਦੇ ਅੰਦਰ ਰਾਖਵੇਂਕਰਨ ਤੋਂ ਲਾਭ ਹਾਸਲ ਕਰਦੇ ਹਨ। ਇਸ ਤੋਂ ਇਲਾਵਾ, ਇਹ ਪ੍ਰਕਿਰਿਆ ਲਾਭਪਾਤਰੀਆਂ ਦੀ ਆਬਾਦੀ ਦਾ ਘੇਰਾ ਵਧਾਉਣ ਦੀ ਬਜਾਏ ਇਸ ਨੂੰ ਤੇਜ਼ੀ ਨਾਲ ਸੀਮਤ ਕਰਦੀ ਜਾਂਦੀ ਹੈ।

ਇਸ ਤਰ੍ਹਾਂ, ਜਾਤੀ ਦੇ ਪੱਧਰ 'ਤੇ ਲਾਭਾਂ ਬਾਰੇ ਚਰਚਾ ਕਰਨਾ ਗੁੰਮਰਾਹਕੁੰਨ ਹੈ ਕਿਉਂਕਿ ਇਹ ਜਾਤੀ ਦੇ ਅੰਦਰ ਲਾਭਾਂ ਦੇ ਅੰਕੜਿਆਂ ਦੇ ਅੰਤਰ ਨੂੰ ਨਜ਼ਰਅੰਦਾਜ਼ ਕਰਦਾ ਹੈ। ਇਕ ਅਣਉਚਿਤ ਲਾਭਪਾਤਰੀ ਜਾਤੀ ਦਾ ਇਹ ਮਤਲਬ ਨਹੀਂ ਹੈ ਕਿ ਇਸ ਦੇ ਅੰਦਰਲੇ ਸਾਰੇ ਵਿਅਕਤੀਆਂ ਜਾਂ ਪਰਿਵਾਰਾਂ ਨੂੰ ਬਰਾਬਰ ਲਾਭ ਹੋਇਆ ਹੈ।

ਜਾਤੀ ਦੇ ਪੱਧਰ ਉੱਤੇ, ਵੱਧ ਆਬਾਦੀ ਵਾਲੀ ਅਨੁਸੂਚਿਤ ਜਾਤੀ ਦੇ ਮਾਮਲੇ 'ਚ ਲਾਭ ਦਾ ਜ਼ਰੀਆ ਵਧੇਰੇ ਹੋ ਸਕਦਾ ਹੈ ਪਰ ਜੇ ਅੰਤਰ ਨੂੰ ਵਿਚਾਰਿਆ ਜਾਵੇ ਤਾਂ ਇਹ ਦੇਖਿਆ ਜਾ ਸਕਦਾ ਹੈ ਕਿ ਇਹ ਬਰਾਬਰ ਵੰਡਿਆ ਨਹੀਂ ਗਿਆ ਹੈ।

ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਹ ਅੰਤਰ ਗ਼ੈਰ-ਲਾਭਪਾਤਰੀ ਅਨੁਸੂਚਿਤ ਜਾਤੀਆਂ ਵਿਚ ਪਾਏ ਜਾਂਦੇ ਅੰਤਰ ਤੋਂ ਕਾਫ਼ੀ ਵੱਖਰਾ ਨਹੀਂ ਹੋ ਸਕਦਾ। ਇਹ ਕਲਪਨਾ ਤੋਂ ਬਾਹਰ ਨਹੀਂ ਹੈ ਕਿ ਜ਼ਿਆਦਾ ਆਬਾਦੀ ਵਾਲੀਆਂ ਅਨੁਸੂਚਿਤ ਜਾਤੀਆਂ ਦੇ ਅੰਦਰ, ਸ਼ਹਿਰੀ ਬਨਾਮ ਪੇਂਡੂ ਸਥਿਤੀ, ਜ਼ਮੀਨ ਦੀ ਮਲਕੀਅਤ ਅਤੇ ਖੇਤਰੀ ਅਸਮਾਨਤਾਵਾਂ ਵਰਗੇ ਕਾਰਕਾਂ ਦੇ ਅਧਾਰ 'ਤੇ ਮਹੱਤਵਪੂਰਨ ਅੰਤਰ ਹਨ, ਜੋ ਦੂਜਿਆਂ 'ਤੇ ਵੀ ਲਾਗੂ ਹੁੰਦੇ ਹਨ।

ਇਕ ਜਾਤੀ ਔਸਤਨ ਬਿਹਤਰ ਲੱਗ ਸਕਦੀ ਹੈ, ਪਰ ਇਹ ਅੰਦਰੂਨੀ ਨਬਰਾਬਰੀਆਂ ਲਈ ਜ਼ਿੰਮੇਵਾਰ ਨਹੀਂ ਹੈ।

ਮਿਸਾਲ ਵਜੋਂ, ਮਹਾਰਾਸ਼ਟਰ ਦੇ ਮਹਾਰਾਂ ਨੂੰ ਮਾਂਗਾਂ ਜਾਂ ਚੰਭਾਰਾਂ ਨਾਲੋਂ ਜ਼ਿਆਦਾ ਲਾਭ ਹੋਇਆ ਹੋਵੇਗਾ, ਪਰ ਇਸ ਦਾ ਇਹ ਮਤਲਬ ਨਹੀਂ ਹੈ ਕਿ ਰਿਜ਼ਰਵੇਸ਼ਨ ਦੇ ਲਾਭ ਸਾਰੇ ਮਹਾਰਾਂ ਵਿਚ ਬਰਾਬਰ ਵੰਡੇ ਗਏ ਹਨ।

ਜੇਕਰ ਉਦੇਸ਼ ਰਿਜ਼ਰਵੇਸ਼ਨ ਦੇ ਲਾਭਾਂ ਨੂੰ ਬਰਾਬਰ ਵੰਡਣਾ ਹੈ, ਤਾਂ ਸੁਪਰੀਮ ਕੋਰਟ ਦਾ ਫ਼ੈਸਲਾ ਅਤੇ ਇਸ ਮੁੱਦੇ 'ਤੇ ਜ਼ਿਆਦਾਤਰ ਟਿੱਪਣੀਆਂ ਘਚੋਲਾ ਪੈਦਾ ਕਰਨ ਵਾਲੀਆਂ ਹਨ। ਹਰ ਜਾਤੀ ਵਿਚ, ਥੋੜ੍ਹੀ ਗਿਣਤੀ ਪਰਿਵਾਰ ਅਕਸਰ ਦੂਜਿਆਂ ਨਾਲੋਂ ਲਾਹੇਵੰਦੀ ਸਥਿਤੀ 'ਚ ਹੁੰਦੇ ਹਨ, ਜਿਸ ਨਾਲ ਸੁਭਾਵਿਕ ਤੌਰ 'ਤੇ ਉਹ ਆਪਣੇ ਸਮੂਹ ਲਈ ਉਪਲਬਧ ਲਾਭਾਂ ਦਾ ਇਕ ਅਣਉਚਿਤ ਹਿੱਸਾ ਸੁਰੱਖਿਅਤ ਕਰ ਲੈਂਦੇ ਹਨ।

ਜੇ ਜਾਤੀਆਂ ਦੇ ਅੰਦਰ ਉੱਪ-ਵਰਗੀਕਰਣ ਲਾਗੂ ਕੀਤਾ ਜਾਂਦਾ ਹੈ, ਤਾਂ ਹਰੇਕ ਉੱਪ-ਸਮੂਹ ਦੇ ਅੰਦਰ ਅਸਾਵੀਂ ਲਾਭ ਵੰਡ ਦੀ ਉਹੀ ਸਮੱਸਿਆ ਪੈਦਾ ਹੋਵੇਗੀ, ਜੋ ਸੰਭਾਵਤ ਤੌਰ 'ਤੇ ਇਸ ਮੁੱਦੇ ਨੂੰ ਹੱਲ ਕਰਨ ਦੀ ਬਜਾਏ ਹੋਰ ਵਧਾ ਦੇਵੇਗੀ।

ਰਾਖਵੇਂਕਰਨ ਦੇ ਲਾਭਾਂ ਦੀ ਅਸਾਵੀਂ ਵੰਡ ਨੂੰ ਹੱਲ ਕਰਨ ਦੀ ਕੁੰਜੀ ਇਹ ਮੰਨਣ ਵਿਚ ਹੈ ਕਿ ਇਹ ਜਾਤੀ ਨਹੀਂ ਬਲਕਿ ਵਿਅਕਤੀਗਤ ਲਾਭਪਾਤਰੀ ਦਾ ਪਰਿਵਾਰ ਹੈ ਜੋ ਰਾਖਵੇਂਕਰਨ ਤੋਂ ਲਾਭ ਪ੍ਰਾਪਤ ਕਰਦਾ ਹੈ। ਇਸ ਲਈ, ਕਿਸੇ ਵੀ ਨੀਤੀ ਸੋਧ ਵਿਚ ਜਾਤੀਆਂ ਨਾਲ ਖਿਲਵਾੜ ਕਰਨ ਦੀ ਬਜਾਏ ਜਾਤੀ ਨੂੰ ਛੱਡਕੇ ਪਰਿਵਾਰ ਉੱਪਰ ਧਿਆਨ ਕੇਂਦ੍ਰਿਤ ਕੀਤਾ ਜਾਣਾ ਚਾਹੀਦਾ ਹੈ।

**ਇਸ ਦਾ ਹੱਲ** : ਉੱਪ-ਵਰਗੀਕਰਣ ਦੀ ਮੰਗ ਸਭ ਤੋਂ ਪਹਿਲਾਂ ਮਡਿਗਾ ਰਿਜ਼ਰਵੇਸ਼ਨ ਪੋਰਾਟਾ ਸਮਿਤੀ ਵਲੋਂ ਚੁੱਕੀ ਗਈ ਸੀ, ਜੋ 1990ਵਿਆਂ ਦੇ ਅੱਧ 'ਚ ਤਤਕਾਲੀ ਆਂਧਰਾ ਪ੍ਰਦੇਸ਼ ਵਿਚ ਮਡਿਗਾ ਡੰਡੋਰਾ ਅੰਦੋਲਨ ਵਜੋਂ ਜਾਣੀ ਜਾਂਦੀ ਸੀ।

ਮਡਿਗਾ ਲੋਕਾਂ ਨੇ ਆਂਧਰਾ ਪ੍ਰਦੇਸ਼ ਵਿਚ ਅਨੁਸੂਚਿਤ ਜਾਤੀਆਂ ਦੀ ਵੱਧ ਆਬਾਦੀ ਵਾਲੇ ਮਾਲਾ ਲੋਕਾਂ ਉੱਪਰ ਰਾਖਵੇਂਕਰਨ ਦੇ ਲਾਭ ਅਣਉਚਿਤ ਤੌਰ 'ਤੇ ਹੜੱਪਣ ਦਾ ਦੋਸ਼ ਲਾਇਆ ਸੀ।

ਮੈਂ ਇਸ ਦੇ ਹਮਾਇਤੀਆਂ ਨੂੰ ਇਕ ਸਧਾਰਨ ਜਿਹਾ ਉਲਟ ਸਵਾਲ ਪੁੱਛਿਆ ਸੀ ਜੇ ਉਨ੍ਹਾਂ ਨੂੰ ਰਾਖਵੇਂਕਰਨ ਦਾ ਉਨ੍ਹਾਂ ਦਾ ਹਿੱਸਾ ਦੇ ਦਿੱਤਾ ਜਾਂਦਾ ਹੈ, ਤਾਂ ਉਹ ਇਹ ਕਿਵੇਂ ਯਕੀਨੀ ਬਣਾਉਣਗੇ ਕਿ ਇਹ ਮਡਿਗਾ ਦੀਆਂ ਸਾਰੀਆਂ ਉੱਪ-ਜਾਤੀਆਂ ਵਿਚ ਬਰਾਬਰ ਵੰਡਿਆ ਗਿਆ ਹੈ। ਉਨ੍ਹਾਂ ਵਿੱਚੋਂ ਕੋਈ ਵੀ ਮੈਨੂੰ ਕੋਈ ਜਵਾਬ ਨਹੀਂ ਸੀ ਦੇ ਸਕਿਆ।

ਇਸੇ ਤਰ੍ਹਾਂ, ਉਨ੍ਹਾਂ ਕੋਲ ਮੇਰੇ ਅਗਲੇ ਸਵਾਲ ਦਾ ਜਵਾਬ ਵੀ ਨਹੀਂ ਸੀ, ਕੀ ਆਂਧਰਾ ਪ੍ਰਦੇਸ਼ ਦੇ ਸਾਰੇ ਖੇਤਰਾਂ ਵਿਚ ਸਾਰੀਆਂ ਮਾਲਾ ਉੱਪ-ਜਾਤੀਆਂ ਜਾਂ ਇੱਕੋ ਉੱਪ-ਜਾਤੀ ਨੂੰ ਰਾਖਵਾਂਕਰਨ ਦਾ ਬਰਾਬਰ ਲਾਭ ਮਿਲਿਆ ਸੀ। ਸਮੱਸਿਆ ਅਵਾਸਤਵਿਕ ਨਹੀਂ ਸੀ ਪਰ ਪ੍ਰਸਤਾਵਿਤ ਹੱਲ ਅਸਲੀਅਤ ਦੀ ਅਗਿਆਨਤਾ ਨੂੰ ਦਰਸਾਉਂਦਾ ਸੀ।

ਇਸ ਸਮੱਸਿਆ ਦਾ ਹੱਲ ਤਾਂ ਇਸ ਸੱਚਾਈ 'ਤੇ ਅਧਾਰਤ ਹੋਣਾ ਚਾਹੀਦਾ ਹੈ ਕਿ ਰਾਖਵੇਂਕਰਨ ਦਾ ਅਸਲ ਲਾਭਪਾਤਰੀ ਲਾਭਪਾਤਰੀ ਦਾ ਪਰਿਵਾਰ ਸੀ ਨਾ ਕਿ ਜਾਤੀ। ਜੇ ਨੀਤੀ ਬਣਾਉਣ ਵਾਲੇ ਲਗਨ ਨਾਲ ਕੰਮ ਕਰਦੇ ਤਾਂ ਉਨ੍ਹਾਂ ਨੂੰ ਇਹ ਹੱਲ ਜ਼ਰੂਰ ਅਹੁੜਦਾ।

ਅਤੇ ਇਹ ਯਕੀਨੀਂ ਬਣਾਉਣ ਲਈ ਕਿ ਰਾਖਵਾਂਕਰਨ ਦੇ ਲਾਭ ਸਾਰੇ ਲੋਕਾਂ ਨੂੰ ਹੱਕੀ ਰੂਪ ਵਿਚ ਮਿਲਣ, ਰਾਖਵਾਂਕਰਨ ਦਾ ਲਾਭ ਲੈਣ ਵਾਲੇ ਪਰਿਵਾਰਾਂ ਨੂੰ ਅਗਲੀ ਵਾਰ ਰਾਖਵਾਂਕਰਨ ਲੈਣ ਦੀ ਕੋਸ਼ਿਸ਼ ਕਰਨ 'ਤੇ ਆਪਣੀਆਂ ਸੰਭਾਵਨਾਵਾਂ ਨੂੰ ਅਨੁਪਾਤੀ ਰੂਪ 'ਚ ਦਬਾਏ ਜਾਣ (ਪ੍ਰਾਪਤ ਲਾਭ ਦੇ ਅਨੁਸਾਰ) ਦੀ ਪੀੜਾ ਝੱਲਣੀ ਚਾਹੀਦੀ ਹੈ।

ਅਜਿਹੇ ਫਾਰਮੂਲੇ ਨਾਲ ਹੀ ਇਹ ਯਕੀਨੀਂ ਬਣਾਇਆ ਜਾ ਸਕਦਾ ਹੈ ਕਿ ਰਿਜ਼ਰਵੇਸ਼ਨ ਦਾ ਲਾਭ ਸਾਰੇ ਲੋਕਾਂ ਨੂੰ ਮਿਲੇ। ਇਹ 'ਕ੍ਰੀਮੀ ਲੇਅਰ' ਸ਼ਬਦ ਦੁਆਰਾ ਸੁਝਾਈ ਗਈ ਬੇਦਖ਼ਲੀ ਅਤੇ ਸ਼ਮੂਲੀਅਤ ਦੇ ਸਰਲ ਜੋਟਾਨੁਮਾ ਹੱਲ ਤੋਂ ਬਚਾਉਂਦਾ ਹੈ, ਜੋ ਅਕਸਰ ਭਲੇ ਨਾਲੋਂ ਵਧੇਰੇ ਨੁਕਸਾਨ ਦਾ ਕਾਰਨ ਬਣਦਾ ਹੈ।

ਇਸ ਦੀ ਬਜਾਏ, ਇਹ ਫਾਰਮੂਲਾ ਅਨੁਪਾਤਕਾ 'ਤੇ ਜ਼ੋਰ ਦਿੰਦਾ ਹੈ। ਮੌਕਿਆਂ 'ਤੇ ਰੋਕ ਪਹਿਲਾਂ ਪ੍ਰਾਪਤ ਕੀਤੇ ਲਾਭਾਂ ਦੇ ਅਨੁਪਾਤ ਵਿਚ ਹੋਣੀ ਚਾਹੀਦੀ ਹੈ, ਜਿਸ ਨੂੰ ਵੱਖ-ਵੱਖ ਰਿਜ਼ਰਵੇਸਨਾਂ ਦਾ ਮੁੱਲ ਅੰਗ ਕੇ ਮਾਪਿਆ ਜਾ ਸਕਦਾ ਹੈ।

ਕਿਉਂਕਿ ਇਸ ਦਾ ਹੱਲ ਓਨਾ ਗੁੰਝਲਦਾਰ ਨਹੀਂ ਹੈ ਜਿੰਨਾ ਇਹ ਲੱਗਦਾ ਹੈ। ਪਰਿਵਾਰ, ਜੋ ਕਿ ਇਸ ਮਾਡਲ ਵਿਚ ਬੁਨਿਆਦੀ ਇਕਾਈ ਹੈ, ਨੂੰ ਸਿਰਫ਼ ਇਕ ਪਿਤਾ, ਮਾਂ ਅਤੇ ਬੱਚਿਆਂ ਦੇ ਰੂਪ ਵਿਚ ਪਰਿਭਾਸ਼ਿਤ ਕੀਤਾ ਗਿਆ ਹੈ ਜਦ ਤੱਕ ਬੱਚੇ ਵਿਆਹੇ ਨਹੀਂ ਜਾਂਦੇ ਅਤੇ ਆਪਣੇ ਪਰਿਵਾਰ ਨਹੀਂ ਬਣਾ ਲੈਂਦੇ।

ਰਾਖਵਾਂਕਰਨ ਚਾਹੁਣ ਵਾਲਾ ਵਿਅਕਤੀ ਸਿੱਧੇ ਤੌਰ 'ਤੇ ਆਪਣੀਆਂ ਅਤੇ ਆਪਣੇ ਮਾਪਿਆਂ ਦੀਆਂ ਪ੍ਰਾਪਤੀਆਂ ਤੋਂ ਲਾਭ ਪ੍ਰਾਪਤ ਕਰਦਾ ਹੈ, ਪਰ ਆਪਣੇ ਭੈਣ-ਭਰਾਵਾਂ ਦੀਆਂ ਪ੍ਰਾਪਤੀਆਂ ਤੋਂ ਕੁਝ ਹੱਦ ਤੀਕ।

ਮਾਡਲ ਵਿਚ, ਇਸ ਨੂੰ 100 ਪ੍ਰਤੀਸ਼ਤ ਅਤੇ 50 ਪ੍ਰਤੀਸ਼ਤ ਦੇ ਰੂਪ ਵਿਚ ਦਰਸਾਇਆ ਗਿਆ ਹੈ। ਜਾਣਕਾਰੀ ਸੌਖਿਆਂ ਹੀ ਬੇਨਤੀ-ਪੱਤਰ ਦੇ ਫਾਰਮ ਤੋਂ ਜੁਟਾਈ ਜਾ ਸਕਦੀ ਹੈ ਜਿਸ ਵਿਚ ਰਾਖਵਾਂਕਰਨ ਦਾ ਲਾਭ ਲੈਣ ਦਾ ਇਤਿਹਾਸ ਹੋਣਾ ਚਾਹੀਦਾ ਹੈ।

ਰਾਖਵਾਂਕਰਨ ਦੇ ਲਾਭਾਂ ਦੀ ਸਿੱਖਿਆ ਅਤੇ ਰੋਜ਼ਗਾਰ ਵਰਗੇ ਪ੍ਰਮੁੱਖ ਖੇਤਰਾਂ ਵਿਚ ਨਿਸ਼ਾਨਦੇਹੀ ਕੀਤੀ ਜਾਂਦੀ ਹੈ ਅਤੇ ਇਸ ਦਾ ਉਦੇਸ਼ ਇਕ ਲਾਭਪਾਤਰੀ ਦੁਆਰਾ ਦੂਜਿਆਂ ਦੀ ਕੀਮਤ 'ਤੇ ਕਈ ਲਾਭ ਪ੍ਰਾਪਤ ਕਰਨ ਦੀਆਂ ਸੰਭਾਵਨਾਵਾਂ ਨੂੰ ਘਟਾਉਣਾ ਹੈ।

ਮਿਸਾਲ ਲਈ, ਪ੍ਰਾਪਤ ਲਾਭਾਂ ਦੇ ਪੱਧਰ ਦੇ ਅਧਾਰ 'ਤੇ ਅੰਕਾਂ ਦੀ ਇਕ ਯੋਜਨਾ ਸਥਾਪਤ ਕੀਤੀ ਜਾ ਸਕਦੀ ਹੈ। ਮਿਸਾਲ ਲਈ, ਸਿੱਖਿਆ ਦੇ ਖੇਤਰ ਵਿਚ, ਗ੍ਰੈਜੂਏਸ਼ਨ ਅਤੇ ਪੋਸਟ ਗ੍ਰੈਜੂਏਸ਼ਨ ਪੱਧਰਾਂ 'ਤੇ ਪ੍ਰਾਪਤ ਰਾਖਵਾਂਕਰਨ ਲਾਭਾਂ ਨੂੰ ਵੱਖ-ਵੱਖ ਅੰਕ ਦਿੱਤੇ ਜਾ ਸਕਦੇ ਹਨ, ਜੋ ਇਨ੍ਹਾਂ ਪੱਧਰਾਂ ਦੇ ਲਾਭਪਾਤਰੀਆਂ ਨੂੰ ਪ੍ਰਦਾਨ ਕੀਤੇ ਜਾਣ ਵਾਲੇ ਵੱਖ-ਵੱਖ ਸੰਭਾਵਿਤ ਮੁੱਲਾਂ ਨੂੰ ਦਰਸਾਉਂਦੇ ਹਨ।

ਇਕ ਮਿਸਾਲ ਵਜੋਂ, ਮੈਂ ਸਿੱਖਿਆ ਵਿਚ ਰਾਖਵੇਂਕਰਨ ਲਈ ਹੇਠ ਲਿਖੀ ਕਾਰਜ ਯੋਜਨਾ ਤਜਵੀਜ਼ ਕਰਦਾ ਹਾਂ:

| | ਗ਼ੈਰ-ਪੇਸ਼ੇਵਰ | ਪੇਸ਼ੇਵਰ |
|---|---|---|
| ਗ੍ਰੈਜੂਏਟ ਪੱਧਰ ਦਾ ਰਾਖਵਾਂਕਰਨ | 25 | 40 |
| ਪੋਸਟ ਗ੍ਰੈਜੂਏਟ ਪੱਧਰ ਦਾ ਰਾਖਵਾਂਕਰਨ | 50 | 60 |

ਉਪਰੋਕਤ ਅੰਕ ਛੋਟ (ਡਿਸਕਾਊਂਟ) ਅੰਕਾਂ ਨੂੰ ਦਰਸਾਉਂਦੇ ਹਨ; ਜਿੰਨੇ ਜ਼ਿਆਦਾ

ਛੋਟ ਅੰਕ ਹੋਣਗੇ, ਰਾਖਵੇਂਕਰਨ ਦਾ ਲਾਭ ਲੈਣ ਦੀ ਸੰਭਾਵਨਾ ਓਨੀ ਹੀ ਘੱਟ ਹੁੰਦੀ ਹੈ।

ਇਸੇ ਤਰ੍ਹਾਂ, ਰੋਜ਼ਗਾਰ ਰਾਖਵੇਂਕਰਨਾਂ ਲਈ ਇਕ ਸਧਾਰਨ ਕਾਰਜ ਯੋਜਨਾ ਤਜਵੀਜ਼ ਕੀਤੀ ਗਈ ਹੈ:

| | |
|---|---|
| ਕਲਾਸ ਡੀ | 20 |
| ਕਲਾਸ ਸੀ | 30 |
| ਕਲਾਸ ਬੀ | 40 |
| ਕਲਾਸ ਏ | 80 |
| ਸੀਨੀਅਰ ਕਲਾਸ ਏ | 100 |

ਇਕ ਪਰਿਵਾਰ ਜਿਸ ਵਿਚ ਇਕ ਪਿਤਾ, ਮਾਤਾ, ਉਹ ਖ਼ੁਦ ਅਤੇ ਭੈਣ-ਭਰਾ ਸ਼ਾਮਲ ਹਨ, ਵਿਚ ਖ਼ਪਤ ਵਜ਼ਨ ਦੀ ਵੰਡ ਕ੍ਰਮਵਾਰ 100,100 ਅਤੇ 50 ਹੈ। ਮੰਨ ਲਓ ਕਿ ਦੋ ਭੈਣ-ਭਰਾ ਹਨ (ਗਿਣਤੀ ਦੀ ਕੋਈ ਸੀਮਾ ਨਹੀਂ ਹੈ) ਜਿਨ੍ਹਾਂ ਨੇ ਪੇਸ਼ੇਵਰ ਪੋਸਟ-ਗ੍ਰੈਜੂਏਟ ਕੋਰਸਾਂ ਲਈ ਰਾਖਵਾਂਕਰਨ ਦਾ ਲਾਭ ਲਿਆ ਹੈ, ਤਾਂ ਜੋੜਿਆ ਗਿਆ ਵਜ਼ਨ 40 ਹੋਵੇਗਾ।

**ਆਓ ਇਸ ਨੂੰ ਇਕ ਮਿਸਾਲ ਦੀ ਮੱਦਦ ਨਾਲ ਦੇਖੀਏ:** ਮੰਨ ਲਓ, ਪੰਜ ਉਮੀਦਵਾਰ ਆਪਣੇ ਬਾਇਓ-ਡੇਟਾ ਵਿਚ ਹੇਠ ਲਿਖੀ ਮਾਤਰਾ ਨਾਲ ਨੌਕਰੀ ਚਾਹ ਰਹੇ ਹਨ। ਬਰੈਕਟ (ਆਰ) ਰਿਜ਼ਰਵੇਸ਼ਨ ਲਾਭ ਪ੍ਰਾਪਤ ਕਰਨ ਵਾਲੇ ਨੂੰ ਦਰਸਾਉਂਦੀ ਹੈ।

1. ਪਿਤਾ: ਬੀ ਟੈੱਕ (ਆਰ), ਐੱਮ ਟੈੱਕ (ਆਰ), ਸੀਨੀਅਰ ਕਲਾਸ ਏ; ਮਾਤਾ: ਐੱਮਐੱਸਸੀ (ਆਰ), ਕਲਾਸ ਏ; ਖ਼ੁਦ: ਬੀ ਈ, ਐੱਮਬੀਏ (ਆਰ) ਭੈਣ/ਭਰਾ 1: ਬੀ ਟੈੱਕ (ਆਰ); ਭੈਣ/ਭਰਾ 2: ਐੱਮਏ

2. ਪਿਤਾ ਬੀਐੱਸਸੀ (ਆਰ) ਕਲਾਸ ਬੀ; ਮਾਤਾ ਐੱਮ ਏ, ਕਲਾਸ ਏ, ਖ਼ੁਦ: ਬੀ ਟੈੱਕ (ਆਰ), ਐਮ ਟੈੱਕ (ਆਰ) ਭੈਣ/ਭਰਾ 1: ਐੱਮਏ (ਆਰ), ਪੀਐੱਚਡੀ (ਆਰ); ਭੈਣ/ਭਰਾ 2: ਬੀ ਟੈੱਕ (ਆਰ)

3. ਪਿਤਾ: ਨਿੱਲ, ਮਾਤਾ ਕਲਾਸ ਸੀ (ਆਰ); ਖ਼ੁਦ: ਬੀ ਟੈੱਕ (ਆਰ), ਐੱਮ ਟੈੱਕ (ਆਰ), ਭੈਣ/ਭਰਾ 1: ਬੀ ਟੈੱਕ

4. ਪਿਤਾ: ਬੀਐੱਸਸੀ (ਆਰ), ਐੱਮਐੱਸਸੀ (ਆਰ), ਕਲਾਸ ਏ (ਆਰ); ਮਾਤਾ: ਐੱਮਐੱਸਸੀ (ਆਰ), ਕਲਾਸ ਬੀ (ਆਰ), ਖ਼ੁਦ: ਬੀਟੈੱਕ (ਆਰ), ਭੈਣ/ਭਰਾ 1: ਬੀਟੈੱਕ, ਐੱਮਬੀਏ (ਆਰ)

5. ਪਿਤਾ: ਨਿੱਲ, ਮਾਤਾ: ਨਿੱਲ; ਖ਼ੁਦ: ਬੀਈ (ਆਰ); ਭੈਣ/ਭਰਾ 1: ਨਿੱਲ

ਰਾਖਵਾਂਕਰਨ ਫੈਕਟਰ (ਆਰਐੱਫ) ਦਾ ਹਿਸਾਬ ਇਕ ਸਧਾਰਨ ਅੰਕਗਣਿਤ ਫਾਰਮੂਲੇ ਦੀ ਵਰਤੋਂ ਕਰਕੇ ਲਾਇਆ ਜਾ ਸਕਦਾ ਹੈ:

**ਫਾਰਮੂਲਾ**

RQ =1- [(Score $_{Father}$/200+Score $_{Mother}$/200+Score Self/200+ ∑ (Score $_{Siblings}$/200)*0.5)]
Hence,

RQ for the case 1 = 1[(40+60+100)/200+(50+60)/200+(60/200)+(40/200)*.5]

= - 0.95

ਇਸ ਤਰ੍ਹਾਂ ਸਾਰੇ ਪੰਜ ਉਮੀਦਵਾਰਾਂ ਲਈ ਆਰਐੱਫ ਦੀ ਗਣਨਾ ਹੇਠਾਂ ਸਾਰਣੀਬੱਧ ਕੀਤੀ ਗਈ ਹੈ:

| ਉਮੀਦਵਾਰ | ਆਰਐੱਫ |
|---|---|
| ਆਰਐੱਫ 1 | −0.950 |
| 2 | −0.428 |
| 3 | 0.350 |
| 4 | −0.575 |
| 5 | 0.800 |

ਉਮੀਦਵਾਰਾਂ ਨੂੰ ਇਸ ਤਰ੍ਹਾਂ ਦਰਜਾ ਦਿੱਤਾ ਜਾਵੇਗਾ: 5,3,2,4 ਅਤੇ 1। ਜੇ ਦੋ ਅਸਾਮੀਆਂ ਹਨ, ਤਾਂ 5 ਅਤੇ 3 ਨੰਬਰ ਉਮੀਦਵਾਰਾਂ ਦੀ ਚੋਣ ਕੀਤੀ ਜਾਵੇਗੀ। ਜੇ ਮੈਰਿਟ ਸਕੋਰ ਹਨ, ਤਾਂ ਉਨ੍ਹਾਂ ਦੇ ਪੋਸਟ-ਆਰਐੱਫ ਸਕੋਰਾਂ ਦੀ ਗਣਨਾ ਕਰਨ ਲਈ ਉਨ੍ਹਾਂ ਨੂੰ ਇਨ੍ਹਾਂ ਕਾਰਕਾਂ ਨਾਲ ਗੁਣਾ ਕੀਤਾ ਜਾ ਸਕਦਾ ਹੈ ਅਤੇ ਉਨ੍ਹਾਂ ਦਾ ਰੈਂਕ ਤੈਅ ਕੀਤਾ ਜਾ ਸਕਦਾ ਹੈ। ਇਹ ਹਮੇਸ਼ਾ ਉਨ੍ਹਾਂ ਦੇ ਪੱਖ 'ਚ ਜਾਵੇਗਾ ਜਿਨ੍ਹਾਂ ਨੂੰ ਰਾਖਵਾਂਕਰਨ ਨਹੀਂ ਮਿਲਿਆ, ਉਨ੍ਹਾਂ ਦੇ ਮੁਕਾਬਲੇ ਜਿਨ੍ਹਾਂ ਨੂੰ ਕਿਸੇ ਰੂਪ ਵਿਚ ਰਾਖਵਾਂਕਰਨ ਮਿਲ ਚੁੱਕਾ ਹੈ।

**ਇਸ ਪ੍ਰਣਾਲੀ ਦੀ ਯੋਗਤਾ ਹੇਠ ਲਿਖੇ ਅਨੁਸਾਰ ਹੋਵੇਗੀ:**

1. ਇਹ ਲਾਭਪਾਤਰੀਆਂ ਨੂੰ ਸਰਸਰੀ ਤੌਰ 'ਤੇ ਬਾਹਰ ਨਹੀਂ ਕਰਦਾ ਪਰ ਉਨ੍ਹਾਂ ਦੇ ਪਹਿਲਾਂ ਪ੍ਰਾਪਤ ਕੀਤੇ ਰਾਖਵੇਂਕਰਨ ਲਾਭਾਂ ਦੇ ਅਨੁਸਾਰ ਉਨ੍ਹਾਂ ਦੀਆਂ ਸੰਭਾਵਨਾਵਾਂ ਨੂੰ ਘਟਾਉਂਦਾ ਹੈ।

2. ਇਹ ਡਾਟਾ ਇਕੱਠਾ ਕਰਨ ਦੇ ਨਾਲ-ਨਾਲ ਕੰਪਿਊਟੇਸ਼ਨ ਲਈ ਵੀ ਕਾਫ਼ੀ ਸੌਖਾ ਹੈ।

3. ਚਾਹੇ ਜੋ ਵੀ ਜਾਤਾਂ ਅਤੇ ਬਰਾਦਰੀਆਂ ਹੋਣ, ਇਹ ਰਾਖਵੇਂਕਰਨ ਦੇ ਲਾਭਾਂ ਦੀ ਨਿਆਂਪੂਰਨ ਵੰਡ ਨੂੰ ਯਕੀਨੀਂ ਬਣਾਉਂਦਾ ਹੈ।

**ਪੋਸਟ ਸਕ੍ਰਿਪਟ :** ਮੈਂ ਇਹ ਹੱਲ 1990 ਦੇ ਦਹਾਕੇ ਤੋਂ ਪੇਸ਼ ਕਰ ਰਿਹਾ ਹਾਂ ਜਦੋਂ ਆਂਧਰਾ ਪ੍ਰਦੇਸ਼ ਵਿਚ ਉੱਪ-ਵਰਗੀਕਰਣ ਦੀ ਮੰਗ ਪਹਿਲੀ ਵਾਰ ਉੱਭਰੀ ਸੀ।

ਇਹ ਵਿਚਾਰ ਦੇ ਰੂਪ ਵਿਚ ਪੇਸ਼ ਕੀਤੀ ਗਈ ਸੀ ਪਰ ਇਹ ਸਮਝਣਾ ਮੁਸ਼ਕਲ ਨਹੀਂ ਸੀ ਕਿ ਕੀ ਇਸ ਮੁੱਦੇ ਨੂੰ ਹੱਲ ਕਰਨ ਦੀ ਕੋਈ ਸੱਚੀ ਇੱਛਾ ਸੀ। ਪਰ ਜ਼ਾਹਿਰ ਹੈ ਕਿ ਕੁਝ ਲੋਕ ਨਹੀਂ ਚਾਹੁੰਦੇ ਕਿ ਸਮੱਸਿਆਵਾਂ ਦਾ ਹੱਲ ਹੋਵੇ; ਇਨ੍ਹਾਂ ਨੂੰ ਵਧਾਉਣ ਅਤੇ ਕਾਇਮ ਰੱਖਣ ਵਿਚ ਹੀ ਉਨ੍ਹਾਂ ਦੇ ਸਵਾਰਥੀ ਹਿਤ ਹਨ, ਕੁਝ ਅਜਿਹਾ ਜਿਸਦਾ ਹਾਕਮ ਜਮਾਤਾਂ ਆਨੰਦ ਲੈਂਦੀਆਂ ਹਨ।

ਇਹ ਕਹਿਣ ਤੋਂ ਬਾਅਦ ਵੀ, ਮੁੱਖ ਮੁੱਦਾ ਬਾਕੀ ਹੈ: ਜਦੋਂ ਨਵਉਦਾਰਵਾਦੀ ਨੀਤੀਆਂ ਅਤੇ ਪਿਛਲੇ ਦਰਵਾਜ਼ਿਓਂ ਪ੍ਰਵੇਸ਼ (ਲੇਟਰਲ ਐਂਟਰੀ) ਵਰਗੀਆਂ ਪਹਿਲਕਦਮੀਆਂ ਦੇ ਹਮਲੇ ਕਾਰਨ ਰਾਖਵਾਂਕਰਨ ਦੀ ਜਗ੍ਹਾ ਘੱਟ ਹੁੰਦੀ ਜਾ ਰਹੀ ਹੈ, ਤਾਂ ਇਨ੍ਹਾਂ ਹੱਲਾਂ ਦਾ ਕੀ ਮਹੱਤਵ ਰਹਿ ਜਾਂਦਾ ਹੈ?

# ਆਰ ਐਸ ਐਸ ਦੀਆਂ ਸਰਗਰਮੀਆਂ 'ਚ ਸਰਕਾਰੀ ਕਰਮਚਾਰੀਆਂ ਦੀ ਸ਼ਮੂਲੀਅਤ ਦਾ ਸਵਾਲ ਹੈ ਕੀ?



ਡਾ. ਅਜੀਤਪਾਲ ਸਿੰਘ
ਬਠਿੰਡਾ
98156-29301



ਹਾਲ ਹੀ ਵਿੱਚ ਕੇਂਦਰ ਸਰਕਾਰ ਨੇ ਆਰਐਸਐਸ ਦੀਆਂ ਸਰਗਰਮੀਆਂ ਵਿੱਚ ਸਰਕਾਰੀ ਕਰਮਚਾਰੀਆਂ ਦੇ ਭਾਗ ਲੈਣ ਤੇ ਲੱਗੀ 58 ਸਾਲ ਪੁਰਾਣੀ ਬੰਦਸ਼ ਨੂੰ ਕਮਰਿਕ ਤੇ ਸਿਖਲਾਈ ਵਿਭਾਗ ਨੇ ਇਕ ਆਦੇਸ਼ ਦੀ ਮਾਰਫਤ ਹਟਾ ਦਿੱਤਾ ਹੈ। ਆਦੇਸ਼ ਆਉਣ ਤੇ ਕਈ ਦਹਾਕਿਆਂ ਬਾਅਦ ਇਹ ਜਨਤਕ ਵਿਚਾਰ ਵਟਾਂਦਰੇ ਦਾ ਮੁੱਦਾ ਬਣ ਗਿਆ ਹੈ ਤਾਂ ਅੱਡ-ਅੱਡ ਦਲੀਲਾਂ ਸਾਹਮਣੇ ਆ ਰਹੀਆਂ ਹਨ। ਇਹਨਾਂ ਸਾਰਿਆਂ ਵਿੱਚ ਫੈਸਲੇ ਦਾ ਫੌਰੀ ਪ੍ਰਸੰਗ ਸੰਘ ਤੇ ਭਾਰਤੀ ਜਨਤਾ ਪਾਰਟੀ ਦੇ ਵਿੱਚ ਉਪਜੇ ਤਾਜ਼ਾ ਤਨਾਆਵਾਂ ਤੇ ਬਿਆਨਬਾਜ਼ੀਆਂ ਨੂੰ ਦਿੱਤਾ ਜਾ ਰਿਹਾ ਹੈ। ਇੱਥੇ ਜ਼ਿਕਰ ਕਰਨ ਯੋਗ ਹੈ ਕਿ ਫੈਸਲੇ ਦੀ ਪਿੱਠਭੂਮੀ ਮੱਧ ਪ੍ਰਦੇਸ਼ ਹਾਈਕੋਰਟ ਦੇ ਇੱਕ ਸੇਵਾ ਮੁਕਤ ਸਰਕਾਰੀ ਕਰਮਚਾਰੀ ਦੀ ਪਟੀਸ਼ਨ ਹੈ ਜਿਸ ਵਿੱਚ ਪਾਬੰਦੀ ਹਟਾਉਣ ਦੀ ਮੰਗ ਕੀਤੀ ਗਈ ਸੀ। ਪਿਛਲੀ ਸੁਣਵਾਈ ਪਿਛਲੇ ਸਾਲ ਸਤੰਬਰ ਵਿੱਚ ਹੋਈ ਸੀ। ਛੇ ਸੁਣਵਾਈਆਂ ਪਿੱਛੋਂ 10 ਜੁਲਾਈ ਨੂੰ ਕੇਂਦਰ ਸਰਕਾਰ ਨੇ ਇੱਕ ਹਲਫਨਾਮਾ ਦਾਇਰ ਕਰਕੇ ਅਦਾਲਤ ਨੂੰ ਦੱਸਿਆ ਸੀ ਕਿ ਉਸ ਨੇ ਪਾਬੰਦੀਸ਼ੁਦਾ ਸੰਗਠਨਾਂ ਤੇ ਵਿੱਚੋਂ ਸੰਘ ਦਾ ਨਾਮ ਹਟਾਉਣ ਦਾ ਫੈਸਲਾ ਲੈ ਲਿਆ ਹੈ। 6 ਦਹਾਕੇ ਪੁਰਾਣੀ ਇਸ ਪਬੰਦੀ ਨੂੰ ਲੈ ਕੇ ਕਿੰਨੀ ਗਫਲਤ ਸੀ ਇਸ ਦਾ ਪਤਾ ਸਮੇਂ ਲੱਗਾ ਜਦੋਂ ਕੋਰਟ ਦੇ ਬਾਰ-ਬਾਰ ਆਦੇਸ਼ ਦੇ ਬਾਵਜੂਦ ਕੇਂਦਰ ਸਰਕਾਰ ਨੇ ਕੋਈ ਜਵਾਬ ਦਾਖਲ ਨਹੀਂ ਕੀਤਾ। ਘਟੋ ਘੱਟ ਪੰਜ ਤਰੀਕਾਂ ਇਹੋ ਜਿਹੀਆਂ ਹਨ ਜਦ ਅਦਾਲਤ ਨੇ ਕੇਂਦਰ ਸਰਕਾਰ ਦੇ ਕਰਮਚਾਰੀਆਂ ਦੇ ਆਰਐਸਐਸ ਨਾਲ ਜੁੜਨ ਤੇ ਲੱਗੀ ਪਾਬੰਦੀ ਨਾਲ ਸੰਬੰਧਿਤ ਸਰਕੁਲਰ ਦਾ ਆਧਾਰ ਜਾਨਣ ਦੀ ਕੋਸ਼ਿਸ਼ ਕੀਤੀ ਪਰ ਸਰਕਾਰ ਨੇ ਜਵਾਬ ਨਹੀਂ ਦਿੱਤਾ। ਤਦ ਅਦਾਲਤ ਨੇ ਉੱਚ ਅਧਿਕਾਰੀਆਂ ਨੂੰ ਤਲਬ ਕੀਤਾ। ਜਦ ਪਹਿਲੀ ਵਾਰ ਸੰਘ ਪ੍ਰਚਾਰਕ ਅਟਲ ਬਿਹਾਰੀ ਵਾਜਪਾਈ ਪ੍ਰਧਾਨ ਮੰਤਰੀ ਬਣੇ, ਉਦੋਂ ਵੀ ਇਹ ਪਾਬੰਦੀ ਜਾਰੀ ਰਹੀ। ਫਿਰ ਦੂਸਰੇ ਪ੍ਰਚਾਰਕ ਨਰਿੰਦਰ ਮੋਦੀ ਦੇ ਤੀਸਰੀ ਵਾਰੀ ਪ੍ਰਧਾਨ ਮੰਤਰੀ ਬਣਨ ਤੱਕ ਇਸ ਸਥਿਤੀ ਬਣੀ ਰਹੀ ਹੈ ਤੇ ਜਨਤਕ ਦਾਇਰੇ ਵਿੱਚ ਇਸ ਤੇ ਕੋਈ ਵੱਡੀ ਚਰਚਾ ਨਹੀਂ ਹੋਈ। ਇਸ ਦੇ ਬਾਵਜੂਦ ਕਥਿਤ ਤੌਰ 'ਤੇ 2023 ਦੇ ਅੰਤ ਤੱਕ ਸੰਘ ਦੀ ਕਰੀਬ ਇਕ ਲੱਖ ਸ਼ਾਖਾਵਾਂ ਦੇਸ਼ ਭਰ ਵਿੱਚ ਚੱਲਦੀਆਂ ਰਹੀਆਂ ਅਤੇ ਸਰਕਾਰੀ ਕਰਮਚਾਰੀ ਉਹਨਾਂ ਵਿੱਚ ਜਾਂਦੇ ਰਹੇ। ਇਹਨਾਂ ਹੀ ਨਹੀਂ ਮੰਤਰਾਲਿਆ ਤੋਂ ਲੈ ਕੇ ਵਿਭਾਗਾਂ ਅਤੇ ਉੱਚ ਸਿੱਖਿਆ ਸੰਸਥਾਵਾਂ ਵਿੱਚ ਨਿਯੁਕਤੀਆਂ ਦੇ ਪਿੱਛੇ ਸੰਘ ਦੀ ਭੂਮਿਕਾ ਦੀ ਚਰਚਾ ਹੁੰਦੀ ਰਹੀ। ਦਿਲਚਸਪ ਗੱਲ ਇਹ ਵੀ ਹੈ ਕਿ ਜਿਸ ਮੱਧ ਪ੍ਰਦੇਸ਼ ਤੋਂ ਇਸ ਪਬੰਦੀ ਨੂੰ ਚੁਣੌਤੀ ਦਿੱਤੀ ਗਈ ਉੱਥੇ ਭਾਜਪਾ ਸਰਕਾਰ ਆਉਣ ਤੇ 2003 ਵਿੱਚ ਪਾਬੰਦੀ ਹਟਾ ਲਈ ਗਈ ਸੀ। ਅਜਿਹਾ ਕਰਨ ਵਾਲਾ ਇਹ ਇਕਲੋਤਾ ਰਾਜ ਸੀ। ਇਸ ਪ੍ਰਸੰਗ ਵਿੱਚ ਰਾਜ ਸਰਕਾਰ ਦੇ ਕਰਮਚਾਰੀਆਂ ਲਈ ਦੋ ਸਰਕੁਲਰ 2006 ਵਿੱਚ ਜਾਰੀ ਕੀਤੇ ਗਏ ਸਨ। ਇੱਕ ਵਿੱਚ ਕਰਮਚਾਰੀਆਂ ਨੂੰ ਕਿਸੇ ਵੀ ਰਾਜਨੀਤਿਕ ਸੰਗਠਨ ਜਾਂ ਉਸ ਦੀਆਂ ਸਰਗਰਮੀਆਂ ਤੋਂ ਅਲੱਗ ਰਹਿਣ ਨੂੰ ਕਿਹਾ ਗਿਆ ਸੀ। ਦੂਜੇ ਵਿੱਚ ਰਾਜਸੀ ਸੰਗਠਨਾਂ ਦੀ ਸੂਚੀ 'ਚੋਂ ਆਰਐਸਐਸ ਨੂੰ ਅਲੱਗ ਕਰਨ ਦੀ ਗੱਲ ਕਹੀ ਗਈ ਸੀ। ਹਾਲਾਂ ਕਿ ਕੇਂਦਰੀ ਲੋਕ ਸੇਵਾ ਆਚਾਰ ਨਿਗਮ 1964 ਦੀ ਧਾਰਾ (ਪੰਜ) ਸਾਫ ਕਹਿੰਦੀ ਹੈ ਕਿ ਕੋਈ ਵੀ ਸਰਕਾਰੀ ਕਰਮਚਾਰੀ ਕਿਸੇ ਵੀ ਰਾਜਨੀਤਿਕ ਸੰਗਠਨ ਦਾ ਮੈਂਬਰ ਨਹੀਂ ਹੋ ਸਕਦਾ ਜਾਂ ਉਸ ਨਾਲ ਸਬੰਧਿਤ ਨਹੀਂ ਹੋ ਸਕਦਾ ਜੋ ਰਾਜਨੀਤੀ ਚ ਹਿੱਸਾ ਲੈਂਦਾ ਹੋਵੇ। ਨਾ ਹੀ ਉਹ ਕਿਸੇ ਵੀ ਰਾਜਸੀ ਅੰਦੋਲਨ ਜਾਂ ਸਰਗਰਮੀ ਵਿੱਚ ਭਾਗ ਲਏਗਾ, ਉਸ ਦੀ ਮਦਦ ਕਰੇਗਾ ਜਾਂ ਕਿਸੇ ਵੀ ਰੂਪ ਵਿੱਚ ਉਸ ਨਾਲ ਸਬੰਧ ਰੱਖੇਗਾ। ਜਾਹਿਰ ਹੈ ਕਿ ਸੰਘ ਨੂੰ ਦੀ ਰਾਜਸੀ ਸੰਗਠਨਾਂ ਦੀ ਸ਼੍ਰੇਣੀ ਚੋਂ ਬਾਹਰ ਕੱਢ ਦਿੱਤਾ ਗਿਆ ਹੈ ਅਤੇ ਉਸ ਤੇ 1996 ਚ ਲਾਈ ਪਾਬੰਦੀ ਨੂੰ ਹੁਣ ਹਟਾ ਲਿਆ ਗਿਆ ਹੈ। ਸੰਘ ਆਪ ਕਹਿੰਦਾ ਹੈ ਕਿ ਉਹ ਰਾਜਸੀ ਨਹੀਂ ਸੱਭਿਆਚਾਰਕ ਸੰਗਠਨ ਹੈ। ਜਦ ਸਰਕਾਰ ਨੇ ਮੱਧ ਪ੍ਰਦੇਸ਼ ਹਾਈਕੋਰਟ ਦੇ ਪੰਜ ਨੋਟਿਸਾਂ ਦਾ ਕੋਈ ਜਵਾਬ ਨਹੀਂ ਦਿੱਤਾ ਤਾਂ ਅਦਾਲਤ ਨੇ 10 ਜੁਲਾਈ ਨੂੰ ਮਤਲਬ ਇਹ ਕੱਢ ਲਿਆ ਕਿ ਸੰਘ ਦੇ ਫਿਰਕੂ ਜਾਂ ਧਰਮ ਨਿਰਪੱਖਤਾ ਵਿਰੋਧੀ ਹੋਣ ਤੇ ਨਾਮ ਤੇ ਸਰਕਾਰੀ ਕਰਮਚਾਰੀਆਂ ਦੇ ਉਸ ਵਿੱਚ ਜਾਣ ਤੇ ਲਈ ਗਈ ਪਾਬੰਦੀ ਦਾ ਕੋਈ ਆਧਾਰ ਨਹੀਂ ਸੀ। ਇਸ ਤੇ ਸਹਾਰੇ ਕੋਰਟ ਨੇ ਫੈਸਲਾ ਦੇ ਦਿੱਤਾ ਕਿ ਸੰਘ ਰਾਜਨੀਤਿਕ ਸੰਗਠਨ ਨਹੀਂ ਹੈ। ਸੰਘ ਰਾਜਨੀਤਿਕ ਸੰਗਠਨ ਹੈ ਜਾਂ ਸੱਭਿਆਚਾਰ ਕਿਸ ਤੇ ਬਹਿਸ ਕਰਨਾ ਦੇ ਕਈ ਸੰਦਰਭ ਹੋ ਸਕਦੇ ਹਨ। ਪਰ 1966 ਵਿੱਚ ਸਰਕਾਰੀ ਕਰਮਚਾਰੀਆਂ ਦੇ ਇਸ ਵਿੱਚ ਜਾਣ ਤੇ ਲਾਈ ਗਈ ਪਾਬੰਦੀ ਦਾ ਪਿੱਛੋਕੜ ਵਜੋਂ ਸਰਦਾਰ ਵੱਲਵਭਾਈ ਪਟੇਲ ਦੀ ਇੱਕ ਚਿੱਠੀ ਨੂੰ ਪੜ੍ਹਿਆ ਜਾਣਾ ਚਾਹੀਦਾ ਹੈ, ਜੋ ਉਹਨਾਂ ਨੇ ਸੰਘ ਦੇ ਗੁਰੂ ਗੋਵਾਲਕਰ ਨੂੰ ਲਿਖੀ ਸੀ। ਉਸ ਪੱਤਰ ਉਹਨਾਂ ਨੇ ਮਹਾਤਮਾ ਗਾਂਧੀ ਦੀ ਹੱਤਿਆ ਤੋਂ ਬਾਅਦ ਸੰਘ ਤੇ ਲੱਗੀ ਪਾਬੰਦੀ ਨੂੰ ਜਾਇਜ਼ ਠਹਿਰਾਉਂਦੀਆ ਸੰਘ ਮੁੱਖੀ ਨੂੰ 1948 ਵਿੱਚ ਲਿਖੀ ਸੀ। ਪਟੇਲ ਲਿਖਦੇ ਹਨ 'ਉਹਨਾਂ ਦੇ ਸਾਰੇ ਭਾਸ਼ਨ ਫਿਰਕੂ ਜਹਿਰ ਨਾਲ ਭਰੇ ਹੋਏ ਸਨ। ਇਸ ਦਾ ਅੰਤਿਮ ਸਿੱਟਾ ਇਹ ਸੀ ਕਿ ਦੇਸ਼ ਨੂੰ ਗਾਂਧੀ ਜੀ ਦੇ ਅਨਮੋਲ ਜੀਵਨ ਦਾ ਬਲਿਦਾਨ ਦੇਖਣਾ ਪਿਆ। ਇਸੇ ਲਈ ਨਾ ਤਾਂ ਲੋਕਾਂ ਦੀ ਤੇ ਨਾ ਹੀ ਸਰਕਾਰ ਦੀ ਲੋਕ ਵਿਖਾਵੇ ਵਜੋਂ ਹਮਦਰਦੀ ਸੰਘ ਦੇ ਲਈ ਰਹਿ ਗਈ ਹੈ। ਅਸਲ ਵਿੱਚ ਵਿਰੋਧ ਵੀ ਤੇਜ਼ ਹੋਇਆ। ਇਹ ਵਿਰੋਧ ਇਨਾ ਜ਼ਿਆਦਾ ਤੇਜ਼ ਹੋਇਆ ਜਦ ਸੰਘ ਦੇ ਲੋਕਾਂ ਨੇ ਗਾਂਧੀ ਜੀ ਦੇ ਦਿਹਾਂਤ ਪਿੱਛੋਂ ਜਸ਼ਨ ਮਨਾਇਆ ਤੇ ਮਿੱਠਾਈਆਂ ਵੱਡੀਆਂ। ਇਹਨਾਂ ਹਾਲਾਤਾਂ ਵਿੱਚ ਸਰਕਾਰ ਦੇ ਲਈ ਇਹ ਲਾਜ਼ਮੀ ਹੋ ਗਿਆ ਕਿ ਅਸੀਂ ਸਾਰੇ ਖਿਲਾਫ ਕਾਰਵਾਈ ਕਰੀਏ।' ਇਸ ਬਾਰੇ ਉੱਤਰ ਪ੍ਰਦੇਸ਼ ਦੇ ਨੇਤਾ ਸ਼ਹਿਨਵਾਜ ਆਲਮ ਯਾਦ ਦਵਾਉਂਦੇ ਹਨ, 'ਨਿਆਪਾਲਿਕਾ ਨੂੰ ਗਾਂਧੀ ਜੀ ਦੀ ਹੱਤਿਆ ਦੀ ਜਾਂਚ ਦੇ ਲਈ ਇੰਦਰਾ ਗਾਂਧੀ ਸਰਕਾਰ ਦੁਆਰਾ ਗਠਿਤ ਜੇ ਐਲ ਕਪੂਰ ਕਮਿਸ਼ਨ ਦੀ ਰਿਪੋਰਟ ਪੜ੍ਹਨੀ ਚਾਹੀਦੀ ਹੈ ਜਿਸ ਵਿੱਚ ਸਮਾਜਵਾਦੀ ਨੇਤਾ ਜੈ ਪ੍ਰਕਾਸ਼ ਨਰਾਇਣ, ਰਾਮਨੋਹਰ ਲੋਹੀਆ ਤੇ ਕਮਲਾ ਦੇਵੀ ਚਟੋਪਧਾਏ ਦੀ ਪ੍ਰੈਸ ਕਾਨਫਰਸ ਵਿੱਚ ਦਿੱਤੇ ਗਏ ਉਸ ਬਿਆਨ ਦਾ ਜ਼ਿਕਰ ਹੈ, ਜਿਸ ਵਿੱਚ ਉਹਨਾਂ ਨੇ ਕਿਹਾ ਸੀ ਕਿ ਗਾਂਧੀ ਜੀ ਦੇ ਹੱਤਿਆ ਦੇ ਲਈ ਕੋਈ ਇੱਕ ਵਿਅਕਤੀ ਜਿੰਮੇਵਾਰ ਨਹੀਂ ਹੈ ਬਲਕਿ ਇਸ ਦੇ ਪਿੱਛੇ ਇੱਕ ਵੱਡੀ ਸਾਜਿਸ਼ ਅਤੇ ਸੰਗਠਨ ਹੈ। ਇਸ ਸੰਗਠਨ ਵਿੱਚ ਉਹਨਾਂ ਨੇ ਆਰਐਸਐਸ ਤੇ ਹਿੰਦੂ ਮਹਾਂ ਸਭਾ ਦਾ ਨਾਂ ਲਿਆ ਲਿਆ ਸੀ।' ਅਜੇ ਤੱਕ ਤਾਂ ਭਾਜਪਾ ਵੱਲੋਂ 1966 ਦੀ ਪਾਬੰਦੀ ਨੂੰ ਅਸੰਵਿਧਾਨਕ ਦੱਸਿਆ ਜਾ ਰਿਹਾ ਹੈ। ਸੰਘ ਨਾਲ ਜੁੜੇ ਰਕੇਸ਼ ਸਿਨਹਾਂ ਇੱਕ ਅੰਗਰੇਜ਼ੀ ਦੈਨਿਕ ਵਿੱਚ ਲਿਖੇ ਲੇਖ ਚ ਕਹਿੰਦੇ ਹਨ ਕਿ 'ਸੰਸਕ੍ਰਿਤਕ ਕੀ ਹੁੰਦਾ ਹੈ ਇਸ ਦੇ ਲਈ ਉਹਨਾਂ ਨੇ 1968 ਵਿੱਚ ਰਾਜ ਵਿੱਚ ਕੱਛ ਅਵਾਰਡ ਤੇ ਹੋਈ ਬਹਿਸ ਦੇ ਪ੍ਰਸੰਗ ਵਿੱਚ ਸੰਘ ਦੇ ਸੰਕਲਪ ਦਾ ਹਵਾਲਾ ਦਿੱਤਾ ਹੈ ਅਤੇ ਸੰਘ ਦੇ ਨੇਤਾ ਦੱਤੋਪੰਤ ਠੇਂਗੜੀ ਨੂੰ ਉਦਤ ਕੀਤਾ ਹੈ। ਠੇਂਗੜੀ ਦੇ ਕਥਨ ਦੇ ਅਧਾਰ ਤੇ ਉਹ ਕਹਿੰਦੇ ਹਨ ਕਿ 'ਰਾਸ਼ਟਰੀ ਸੁਰੱਖਿਆ ਤੇ ਅਖੰਡਤਾ' ਦੇ ਸਵਾਲ ਰਾਜਨੀਤਿਕ ਨਹੀਂ ਸੰਸਕ੍ਰਿਤਕ ਵੀ ਹਨ ⇩ ਜੇ ਸੰਘ ਦਖਲਅੰਦਾਜੀ ਕਰਦਾ ਹੈ ਤਾਂ ਮੈਂ ਸਿਰਫ ਇਸ ਲਈ ਇਹ ਰਾਜਨੀਤਕ ਸੰਗਠਨ ਨਹੀਂ ਹੋ ਸਕਦਾ। ਸਿਨਹਾ ਤਤਕਲੀਨ ਗ੍ਰਹਿ ਮੰਤਰੀ ਵਾਈ ਬੀ ਜਵਾਣ ਦਾ ਬਿਆਨ ਵੀ ਉਦਤ ਕਰਦੇ ਹਨ ਕਿ 'ਇਹ ਇੱਕ ਦਰਸ਼ਨਿਕ ਸਵਾਲ ਹੈ।'

ਆਪਣੇ ਆਪਣੇ ਰਾਗ ਅਲਾਪੇ ਜਾ ਰਹੇ ਹਨ। ਤਾਜ਼ਾ ਫੈਸਲੇ ਦਾ ਫੌਰੀ ਕਾਰਣ ਸ਼ੁੱਧ ਵਿਹਾਰਕ ਦੱਸਿਆ ਜਾ ਰਿਹਾ ਹੈ। ਆਮ ਚੋਣਾਂ ਤੋਂ ਪਹਿਲਾਂ ਸਰਸੰਚਾਲਕ ਦਾ ਬਿਆਨ ਕਿ ਸੰਘ ਆਪਣਾ ਸ਼ਤਾਬਦੀ ਸਾਲ ਜਨਤਕ ਧੂਮਧਾਮ ਨਾਲ ਨਹੀਂ ਮਨਾਏਗਾ। ਉਸ ਪਿੱਛੋਂ ਉਹ ਭਾਜਪਾ ਮੁਖੀ ਜੇਪੀ ਨੱਢਾ ਦਾ ਬਿਆਨ ਕਿ ਭਾਜਪਾ ਨੂੰ ਹੁਣ ਸੰਘ ਦੀ ਜ਼ਰੂਰਤ ਨਹੀਂ ਰਹਿ ਗਈ ਹੈ। ਚੋਣਾਂ ਦੇ ਨਤੀਜੇ ਤੋਂ ਪਿੱਛੋਂ ਫਿਰ ਭਾਗਵਤ ਦਾ 'ਸੁਪਰਮੈਨ' ਵਾਲਾ ਬਿਆਨ ਅਤੇ ਇੰਦਰੇਸ਼ ਕੁਮਾਰ ਦਾ ਸਿੱਧਾ ਬਿਆਨ ਇਹ ਸਭ ਮਿਲ ਕੇ ਭਾਜਪਾ ਅਤੇ ਸੰਘ ਦੇ ਵਿੱਚ ਵਧਦੇ ਤਣਾਅ ਨੂੰ ਦਰਸਾਉਂਦੇ ਰਹੇ ਹਨ। ਚੋਣਾਂ ਤੋਂ ਪਿੱਛੋਂ ਫਿਰ ਭਗਵਤ ਦਾ ਦੋ ਵਾਰ ਗੋਰਖਪੁਰ ਜਾਣਾ ਅਤੇ ਉਸ ਵਿੱਚੋਂ ਯੋਗੀ ਅਦਿੱਤਾਨੰਦ ਦੇ ਖਿਲਾਫ ਕੇਸ਼ਵ ਮੋਰੀਆ ਦੇ ਸਹਾਰੇ ਕੇਂਦਰ ਦੀ ਲਾਮਬੰਦੀ ਦੀ ਖਬਰ ਹੁਣ ਸਾਹਮਣੇ ਹੈ। ਇਸੇ ਰੋਸ਼ਨੀ ਵਿੱਚ ਜਾਣ ਕੇ ਸਰਕਾਰ ਦੇ ਤਾਜ਼ਾ ਫੈਸਲੇ ਨੂੰ ਦੇਖ ਰਹੇ ਹਨ। ਇਸ ਦੌਰਾਨ ਯੂਪੀ ਕਾਂਗਰਸ ਦੇ ਘੱਟ ਗਿਣਤੀ ਸੈਲ ਦੇ ਪ੍ਰੈਸ ਨੋਟ ਨੇ ਇਸ ਫੈਸਲੇ ਨੂੰ ਸੰਵਿਧਾਨਿਕ ਅਧਿਕਾਰਾਂ ਤੇ ਹਮਲਾ ਦੱਸਿਆ ਤੇ ਕਿਹਾ ਹੈ ਕਿ ਸਰਕਾਰੀ ਕਰਮਚਾਰੀਆਂ ਨੂੰ ਸੰਘ ਵਿੱਚ ਜਾਣ ਲਈ ਛੋਟ ਦੇ ਕੇ ਸਰਕਾਰ ਦਲਿਤਾਂ, ਘੱਟ ਗਿਣਤੀਆਂ ਆਦਿਵਾਸੀਆਂ, ਪਛੜੀਆਂ ਤੇ ਔਰਤਾਂ ਦੇ ਖਿਲਾਫ ਭੇਦਭਾਵ ਨੂੰ ਸੰਸਥਾਗਤ ਰੂਪ ਦੇਣਾ ਚਾਹੁੰਦੀ ਹੈ। ਹੁਣ ਦੇਖੀਏ ਅਤੀਤ ਦੀ ਸੱਚਾਈ ਕੀ ਹੈ? ਸਰਕਾਰੀ ਕਰਮਚਾਰੀਆਂ ਲਈ ਪਾਬੰਦੀਸ਼ੁਦਾ ਸੰਗਠਨਾਂ ਦੀ ਸੂਚੀ ਵਿੱਚੋਂ ਸੰਘ ਨੂੰ ਬਾਹਰ ਕੱਢਣ ਦਾ ਅਤੇ ਉਸ ਵਿੱਚ ਜਮਾ-ਏ-ਇਸਲਾਮੀ ਨੂੰ ਬਣਾਈ ਰੱਖਣ ਦਾ ਇੱਕ ਹੋਰ ਅਸਰ ਹੈ। ਪਿਛਲੇ ਦਿਨੀ ਜਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਾਂਗਰਸ ਦੇ ਘੋਸ਼ਣਾ ਪੱਤਰ ਤੇ ਮੁਸਲਿਮ ਦੀ ਛਾਪ ਵਾਲਾ ਬਿਆਨ ਦਿੱਤਾ ਸੀ, ਤਦ ਹਿੰਦੂ ਮਹਾਸਭਾ, ਮੁਸਲਿਮ ਲੀਗ ਅਤੇ ਦੇਸ਼ ਦੀ ਵੰਡ ਦੇ ਰਿਸ਼ਤੇ ਦੀ ਯਾਦ ਕਾਂਗਰਸ ਪ੍ਰਧਾਨ ਮਲੂਕਾਰੰਜਨ ਖੜਗੇ ਨੇ ਦਵਾਈ ਸੀ। ਸੰਦਰਭ ਇਹ ਹੈ ਕਿ 1943 ਵਿੱਚ ਸਿੰਧ ਦੀ ਸੂਬਾਈ ਸਰਕਾਰ ਵਿੱਚ ਮੁਸਲਿਮ ਲੀਗ ਅਤੇ ਹਿੰਦੂ ਮਹਾਸਭਾ ਦੋਨੋਂ ਸ਼ਾਮਿਲ ਸਨ। ਭਾਰਤ ਦੀ ਵੰਡ ਕਰਕੇ ਪਾਕਿਸਤਾਨ ਬਣਾਉਣ ਦਾ ਪਹਿਲਾਂ ਪ੍ਰਸਤਾਵ ਮਾਰਚ 1943 ਵਿੱਚ ਸਿੰਧ ਦੀ ਅਸੈਂਬਲੀ ਵਿੱਚ ਪਾਸ ਹੋਇਆ ਸੀ। ਇਹ ਲਈ ਤਾਜ਼ਾ ਆਦੇਸ਼ ਇਸ ਅਤੀਤ ਨੂੰ ਗੈਰਭਰੋਸੇਮੰਦ ਬਣਾਉਣ ਦਾ ਵੀ ਹੈ, ਜਿਸ ਵਿੱਚ ਹਿੰਦੂ ਮਹਾਸਭਾ ਤੇ ਮੁਸਲਿਮ ਲੀਗ ਵੰਡ ਦੇ ਸਹਿਭਾਗੀ ਸਨ। ਇਸ ਆਦੇਸ਼ ਦੀ ਟਾਈਮਿੰਗ ਆਮ ਚੋਣਾਂ ਨਤੀਜਿਆਂ ਦੀ ਤਤਕਾਲਿਕ ਪਿੱਠ ਭੂਮੀ ਵਿੱਚ ਭਾਜਪਾ ਨੂੰ ਸੰਘ ਦੀ ਵਧੀ ਜਰੂਰਤ ਦਾ ਵੀ ਪਤਾ ਦਸਦੀ ਹੈ ⇩ ਸੰਘ ਦੇ ਕੁਝ ਪ੍ਰਚਾਰਕਾਂ ਨੂੰ ਗਵਰਨਰ ਬਣਾਇਆ ਜਾਣਾ ਤੇ 29 ਜੁਲਾਈ ਨੂੰ ਹੋਈ ਦੋਨਾਂ ਦੀ ਮੀਟਿੰਗ ਨੂੰ ਵੀ ਇਸੇ ਰੋਸ਼ਨੀ ਚ ਦੇਖਿਆ ਜਾ ਸਕਦਾ ਹੈ।

# ਔਰਤ ਮੁਕਤੀ ਦਾ ਚਿੰਨ੍ਹ ਸ਼ਹੀਦ ਕਿਰਨਜੀਤ ਕੌਰ ਦਾ 27ਵਾਂ ਯਾਦਗਾਰੀ ਸਮਾਗਮ

- *ਔਰਤਾਂ ਖ਼ਿਲਾਫ਼ ਵਧ ਰਿਹਾ ਜਬਰ ਮੋਦੀ ਹਕੂਮਤ ਦੀ ਔਰਤ ਵਿਰੋਧੀ ਮਨੂੰਵਾਦੀ ਸੋਚ ਦੀ ਪੈਦਾਵਾਰ : ਭਾਸ਼ਾ ਸਿੰਘ*
- *ਦਲਿਤ ਅਤੇ ਮੁਸਲਿਮ ਘੱਟ ਗਿਣਤੀਆਂ ਮੋਦੀ ਹਕੂਮਤ ਦੇ ਫਿਰਕੂ ਫਾਸ਼ੀ ਹੱਲੇ ਦੀ ਮਾਰ ਹੇਠ ਸਭ ਤੋਂ ਵੱਧ : ਸ਼ਰੈਆ ਘੋਸ਼*
- *ਮਹਿਲਕਲਾਂ ਲੋਕ ਘੋਲ ਜਬਰ ਖ਼ਿਲਾਫ਼ ਸੰਘਰਸ਼ ਰਾਹੀਂ ਟਾਕਰੇ ਦੀ ਮਿਸਾਲ : ਨਰਾਇਣ ਦੱਤ*



ਮਹਿਲਕਲਾਂ, (ਬਲਜਿੰਦਰ ਸਿੰਘ ਪਟਿਆਲਾ) ਔਰਤ ਮੁਕਤੀ ਦਾ ਇੱਕ ਚਿੰਨ੍ਹ ਸ਼ਹੀਦ ਕਿਰਨਜੀਤ ਕੌਰ ਦਾ 27ਵਾਂ ਯਾਦਗਾਰੀ ਸਮਾਗਮ ਦਾਣਾ ਮੰਡੀ ਮਹਿਲਕਲਾਂ ਵਿੱਚ ਪੂਰੇ ਇਨਕਲਾਬੀ ਜੋਸ਼ ਨਾਲ ਮਨਾਇਆ ਗਿਆ। ਹਜ਼ਾਰਾਂ ਦੀ ਤਾਦਾਦ ਵਿੱਚ ਜੁਝਾਰੂ ਮਰਦ-ਔਰਤਾਂ ਅਤੇ ਨੌਜਵਾਨਾਂ ਦੇ ਕਾਫਲੇ ਪੂਰੇ ਜੋਸ਼-ਓ-ਖਰੋਸ਼ ਨਾਲ ਸ਼ਾਮਿਲ ਹੋਏ।

ਸਮਾਗਮ ਦੀ ਸ਼ੁਰੂਆਤ ਲਖਵਿੰਦਰ ਠੀਕਰੀਵਾਲ ਦੇ ਸ਼ਰਧਾਂਜਲੀ ਗੀਤ 'ਚੜ੍ਹਨ ਵਾਲਿਓ ਹੱਕਾਂ ਦੀ ਭੇਂਟ ਉੱਤੇ...' ਨਾਲ ਹੋਈ। ਮੁੱਖ ਬੁਲਾਰੇ ਵਜੋਂ ਔਰਤ ਹੱਕਾਂ ਅਤੇ ਸਮਾਜਿਕ ਸਰੋਕਾਰਾਂ ਉੱਪਰ ਖੋਜ ਭਰਪੂਰ ਕੰਮ ਕਰਨ ਵਾਲੀ ਨਿਊਜ਼ ਕਲਿੱਕ ਦੀ ਸੀਨੀਅਰ ਜਰਨਲਿਸਟ ਭਾਸ਼ਾ ਸਿੰਘ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਮੋਦੀ ਹਕੂਮਤ ਨੇ ਜਾਬਰ ਫਿਰਕੂ ਫਾਸ਼ੀ ਅਜੰਡੇ ਤਹਿਤ ਹਰ ਤਬਕੇ ਨੂੰ ਆਪਣੀ ਮਾਰ ਹੇਠ ਲਿਆਂਦਾ ਹੋਇਆ ਹੈ। ਇਸ ਹਮਲੇ ਦੀ ਮਾਰ ਹੇਠ ਆਏ ਸਮਾਜਿਕ ਕਾਰਕੁਨ, ਬੁੱਧੀਜੀਵੀ, ਪੱਤਰਕਾਰ ਅਤੇ ਵਕੀਲ, ਸਾਲਾਂ ਤੋਂ ਜੇਲ੍ਹਾਂ ਪਿੱਛੇ ਕੈਦ ਹਨ। ਭਾਸ਼ਾ ਸਿੰਘ ਨੇ ਇੱਕ ਨਾਬਾਲਗ ਬੱਚੀ ਦੇ ਸਮੂਹਿਕ ਜਬਰ ਜਿਨਾਹ ਅਤੇ ਕਤਲ ਤੋਂ ਸ਼ੁਰੂ ਹੋਏ ਸਾਂਝੇ ਸੰਘਰਸ਼ ਦੇ ਮੈਦਾਨ ਵਿੱਚ ਕੁੱਦੀਆਂ ਔਰਤਾਂ ਨੂੰ ਸੰਗਰਾਮੀ ਮੁਬਾਰਕ ਦਿੱਤੀ। ਉਨ੍ਹਾਂ ਕਿਹਾ ਕਿ ਔਰਤਾਂ ਦੀ ਸਰਗਰਮ ਸ਼ਮੂਲੀਅਤ ਤੋਂ ਬਿਨ੍ਹਾਂ ਦੋਸ਼ੀਆਂ ਨੂੰ ਮਿਸਾਲੀ ਸਜ਼ਾਵਾਂ ਦਿਵਾਉਣੀ ਅਤੇ ਮਹਿਲਕਲਾਂ ਐਕਸ਼ਨ ਕਮੇਟੀ ਦੇ ਇੱਕ ਅਹਿਮ ਆਗੂ ਦੀ ਸਜ਼ਾ ਰੱਦ ਕਰਾਉਣੀ ਸੰਭਵ ਹੀ ਨਹੀਂ ਸੀ।

ਸ਼ਰਧਾਂਜਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਯਾਦਗਾਰ ਕਮੇਟੀ ਮਹਿਲਕਲਾਂ ਦੇ ਕਨਵੀਨਰ ਨਰਾਇਣ ਦੱਤ ਨੇ 27 ਸਾਲ ਤੋਂ ਔਰਤ ਮੁਕਤੀ ਦੇ ਇਸ ਘੋਲ ਵਿੱਚ ਡਟੇ ਹੋਏ ਜੁਝਾਰੂ ਕਾਫ਼ਲਿਆਂ ਦੀ ਜੈ ਜੈ ਕਾਰ ਕਰਦਿਆਂ ਉਹਨਾਂ ਨੂੰ ਇਨਕਲਾਬੀ ਸਲਾਮ ਭੇਂਟ ਕੀਤੀ ਅਤੇ ਕਿਹਾ ਕਿ ਮਹਿਲਕਲਾਂ - ਬਰਨਾਲਾ ਸਮੇਤ ਸਮੁੱਚੇ ਪੰਜਾਬ ਦੀ ਧਰਤੀ ਦੇ ਜੁਝਾਰੂ ਵਾਰਸ ਐਕਸ਼ਨ ਕਮੇਟੀ ਹੁਣ ਯਾਦਗਾਰ ਕਮੇਟੀ ਦੀ ਢਾਲ ਤੇ ਤਲਵਾਰ ਬਣੇ ਹੋਏ ਹਨ। ਉਨ੍ਹਾਂ ਕਿਹਾ ਕਿ ਇਸ 'ਜਬਰ ਖ਼ਿਲਾਫ਼ ਸੰਘਰਸ਼ ਰਾਹੀਂ ਟਾਕਰੇ' ਦੇ ਵਿਗਿਆਨ ਨੇ ਇਤਿਹਾਸਕ ਜਿੱਤਾਂ ਜਿੱਤਣ ਰਾਹੀਂ ਨਵੀਂ ਮਿਸਾਲ ਕਾਇਮ ਕੀਤੀ ਹੈ।

ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੀ ਸਾਬਕਾ ਵਿਦਿਆਰਥੀ ਆਗੂ ਅਤੇ ਹੁਣ ਮਜ਼ਦੂਰ ਆਗੂ ਸ਼ਰੈਆ ਘੋਸ਼ ਨੇ ਕਿਹਾ ਕਿ ਮੋਦੀ ਹਕੂਮਤ ਦੇ ਫਿਰਕੂ ਫਾਸ਼ੀ ਹੱਲੇ ਦੀ ਮਾਰ ਦਲਿਤ ਮਜ਼ਦੂਰ ਅਤੇ ਘੱਟ ਗਿਣਤੀ ਔਰਤਾਂ ਨੂੰ ਸਭ ਤੋਂ ਵੱਧ ਸਹਿਣੀ ਪੈ ਰਹੀ ਹੈ। ਔਰਤਾਂ ਉੱਤੇ ਜ਼ਬਰ ਦਾ ਜ਼ਿੰਮੇਵਾਰ ਲੁਟੇਰਾ ਅਤੇ ਜ਼ਾਬਰ ਰਾਜ ਪ੍ਰਬੰਧ ਹੈ। ਇਸ ਪ੍ਰਬੰਧ ਅਧੀਨ ਔਰਤਾਂ ਦੀ ਮੁਕਤੀ ਸੰਭਵ ਨਹੀਂ ਹੈ। ਇਸ ਲਈ ਔਰਤਾਂ ਨੂੰ ਚੇਤੰਨ ਅਗਵਾਈ ਅਧੀਨ ਨਵਾਂ ਸਮਾਜ ਸਿਰਜਣ ਲਈ ਅੱਗੇ ਆਉਣਾ ਹੋਵੇਗਾ।

ਇਨਕਲਾਬੀ ਕੇਂਦਰ, ਪੰਜਾਬ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਕਿਹਾ ਕਿ ਭਾਵੇਂ ਅਸੀਂ ਗੁੰਡਾ-ਪੁਲਿਸ-ਸਿਆਸੀ ਗੱਠਜੋੜ ਖਿਲਾਫ਼ ਵੱਡੀ ਲੜਾਈ ਜਿੱਤ ਲਈ ਹੈ ਪਰ ਇਹ ਅੰਤਿਮ ਜਿੱਤ ਨਹੀਂ ਹੈ। ਪਾਰਲੀਮੈਂਟ ਅਤੇ ਵਿਧਾਨ ਸਭਾਵਾਂ ਦੇ 40% ਨੁਮਾਇੰਦਿਆਂ ਦਾ ਅਪਰਾਧਿਕ (ਅਗਵਾ, ਬਲਾਤਕਾਰ, ਕਤਲ ਆਦਿ) ਪਿਛੋਕੜ ਹੈ। ਇਸੇ ਕਰਕੇ ਔਰਤਾਂ ਉੱਪਰ ਜ਼ਬਰ ਲਗਾਤਾਰ ਵਧ ਰਿਹਾ ਹੈ। ਅਜਿਹੀ ਹਾਲਤ ਵਿੱਚ ਅਸੀਂ ਆਸ ਨਹੀਂ ਕਰ ਸਕਦੇ ਕਿ ਇਹ ਲੋਕ ਔਰਤਾਂ ਉੱਤੇ ਜ਼ਬਰ ਨੂੰ ਰੋਕਣਗੇ। ਇਸ ਲਈ 'ਮਹਿਲਕਲਾਂ ਲੋਕ ਘੋਲ ਦਾ ਪੈਗਾਮ-ਜਾਰੀ ਰੱਖਣਾ ਹੈ ਸੰਗਰਾਮ' ਦੇ ਬੁਨਿਆਦੀ ਨਾਹਰੇ ਤਹਿਤ ਔਰਤ ਮੁਕਤੀ ਦੇ ਸੰਘਰਸ਼ ਵਿੱਚ ਔਰਤਾਂ ਨੂੰ ਆਗੂ ਭੂਮਿਕਾ ਨਿਭਾਉਣ ਲਈ ਅੱਗੇ ਆਉਣਾ ਹੋਵੇਗਾ।



ਭਾਰਤੀ ਮਾਰਕਸਵਾਦੀ ਇਨਕਲਾਬੀ ਪਾਰਟੀ ਦੇ ਜਨਰਲ ਸਕੱਤਰ ਸਾਥੀ ਮੰਗਤ ਰਾਮ ਪਾਸਲਾ ਨੇ ਕਿਹਾ ਕਿ ਮਹਿਲਕਲਾਂ ਦੀ ਧਰਤੀ ਦੇ ਵਾਰਸਾਂ ਵੱਲੋਂ ਸ਼ੁਰੂ ਕੀਤੀ ਸਾਂਝੇ ਸੰਘਰਸ਼ਾਂ ਦੀ ਵਿਰਾਸਤ ਦੀ ਗੂੰਜ ਸੰਯੁਕਤ ਕਿਸਾਨ ਮੋਰਚੇ ਦੀ ਸਟੇਜ ਤੋਂ ਵੀ ਗੂੰਜਦੀ ਰਹੀ ਹੈ। ਮੋਦੀ ਸਰਕਾਰ ਵੱਲੋਂ ਲਾਗੂ ਕੀਤੀ ਜਾ ਰਹੀ ਲੋਕ ਵਿਰੋਧੀ ਨੀਤੀ ਦੀ ਚੀਰਫਾੜ ਕਰਦਿਆਂ ਕਿਹਾ ਕਿ ਰਾਜ ਗੱਦੀ ਉੱਪਰ ਕਾਬਜ਼ ਹਾਕਮ ਮੁਲਕ ਦੇ ਜਲ, ਜੰਗਲ, ਜਮੀਨ ਸਮੇਤ ਮੁਲਕ ਦੇ ਕੁਦਰਤੀ ਸ੍ਰੋਤ ਦੇਸੀ ਬਦੇਸ਼ੀ ਕਾਰਪੋਰੇਟ ਘਰਾਣਿਆਂ ਨੂੰ ਕੌਡੀਆਂ ਦੇ ਭਾਅ ਵੇਚ ਰਹੇ ਹਨ। ਮੋਦੀ ਹਕੂਮਤ ਦੀ ਇਸ ਲੋਕ ਵਿਰੋਧੀ ਨੀਤੀ ਨੂੰ ਪੁੱਠਾ ਗੇੜਾ ਦੇਣ ਲਈ ਮਹਿਲਕਲਾਂ ਵਰਗੇ ਸਾਂਝੇ ਲੋਕ ਸੰਘਰਸ਼ਾਂ ਦੀ ਵਿਰਾਸਤ ਤੋਂ ਪ੍ਰੇਰਨਾ ਲੈਣ ਦੀ ਲੋੜ ਹੈ।

ਭਾਰਤੀ ਕਿਸਾਨ ਯੂਨੀਅਨ ਏਕਤਾ-ਡਕੌਂਦਾ ਦੇ ਸੂਬਾ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ, ਅੰਮ੍ਰਿਤਪਾਲ ਕੌਰ, ਸੁਖਜੀਤ ਕੌਰ ਨੇ ਕੇਂਦਰੀ ਅਤੇ ਸੂਬਾਈ ਸਰਕਾਰਾਂ ਵੱਲੋਂ ਲਾਗੂ ਕੀਤੀ ਜਾ ਰਹੀ ਕਿਸਾਨ ਅਤੇ ਲੋਕ ਵਿਰੋਧੀ ਨੀਤੀ ਖਿਲਾਫ ਮਹਿਲਕਲਾਂ ਦੀ ਲੋਕ ਸ਼ਕਤੀ ਤੋਂ ਪ੍ਰੇਰਨਾ ਹਾਸਲ ਕਰਕੇ ਸਾਂਝੇ ਇੱਕਜੁੱਟ ਸੰਘਰਸ਼ ਦੀ ਲੋੜ 'ਤੇ ਜੋਰ ਦਿੱਤਾ। ਮੋਦੀ ਹਕੂਮਤ ਦੇਸ਼ ਦੇ ਖੇਤੀ ਸੈਕਟਰ ਨੂੰ ਦੇਸੀ-ਬਦੇਸ਼ੀ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰ ਰਹੀ ਹੈ। ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਵਾਅਦਿਆਂ ਦੀ ਝੜੀ ਲਗਾਕੇ ਸੱਤਾ ਉੱਪਰ ਕਾਬਜ਼ ਹੋਈ ਸੀ। ਪਰ ਅੱਜ ਤੱਕ ਖੇਤੀ ਨੀਤੀ ਤਾਂ ਕੀ ਲਾਗੂ ਕਰਨੀ ਸੀ। ਉਲਟਾ ਬਹੁਕੌਮੀ ਬੋਸਟਨ ਕੰਸਲਟਿੰਗ ਗਰੁੱਪ ਨੂੰ 5.65 ਕਰੋੜ ਰੁ. ਵਿੱਚ ਠੇਕਾ ਦੇ ਦਿੱਤਾ ਹੈ। ਪਰ ਅੱਜ ਵੀ ਮਨੀਪੁਰ ਅੰਦਰ ਵਾਪਰੀਆਂ ਸ਼ਰਮਨਾਕ ਘਟਨਾਵਾਂ ਨੇ ਵੱਡੇ ਸਵਾਲ ਖੜੇ ਕੀਤੇ ਹਨ।

ਇਨਕਲਾਬੀ ਕੇਂਦਰ, ਪੰਜਾਬ ਦੇ ਨੌਜਵਾਨ ਆਗੂ ਹਰਪ੍ਰੀਤ ਨੇ ਕਿਹਾ ਕਿ ਮਨੂੰਵਾਦੀ ਮੋਦੀ ਹਕੂਮਤ ਵੱਲੋਂ ਮਨੀਪੁਰ ਸਮੇਤ ਮੁਲਕ ਦੇ ਵੱਖ-ਵੱਖ ਹਿੱਸਿਆਂ ਅੰਦਰ ਔਰਤਾਂ ਨੂੰ ਜ਼ਬਰ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਸੰਸਾਰ ਪੱਧਰ 'ਤੇ ਵੀ ਅਜਿਹਾ ਹੀ ਦ੍ਰਿਸ਼ ਫਲਸਤੀਨ ਸਮੇਤ ਹਰ ਥਾਂ ਵੇਖਿਆ ਜਾ ਸਕਦਾ ਹੈ। ਔਰਤਾਂ ਨੂੰ ਆਪਣੇ ਸੰਗਰਾਮੀ ਵਿਰਸੇ ਉੱਪਰ ਮਾਣ ਮਹਿਸੂਸ ਕਰਕੇ ਲੋਕ ਘੋਲਾਂ ਦੇ ਵਿਗਿਆਨ ਨੂੰ ਸਮਝਣਾ ਹੋਵੇਗਾ। ਔਰਤਾਂ ਦੀ ਮੁਕਤੀ ਹਰ ਕਿਸਮ ਦੀ ਗੈਰਬਰਾਬਰਤਾ ਖ਼ਤਮ ਕਰਕੇ ਨਵਾਂ ਸਮਾਜ ਸਿਰਜਣ ਨਾਲ ਹੀ ਸੰਭਵ ਹੋਵੇਗੀ। ਐਕਸ਼ਨ ਕਮੇਟੀ ਮਹਿਲਕਲਾਂ ਦੇ ਮਰਹੂਮ ਕਨਵੀਨਰ ਭਗਵੰਤ ਸਿੰਘ ਮਹਿਲਕਲਾਂ ਦੀ ਜੀਵਨ ਸਾਥਣ ਪ੍ਰੇਮਪਾਲ ਕੌਰ ਨੇ ਸ਼ਹੀਦ ਕਿਰਨਜੀਤ ਕੌਰ ਦੀ ਜੂਝ ਮਰਨ ਦੀ ਭਾਵਨਾ ਨੂੰ ਅਮਰ ਕਰਾਰ ਦਿੱਤਾ। ਹਾਸ਼ੀਏ 'ਤੇ ਧੱਕੀਆਂ ਔਰਤਾਂ ਨੂੰ ਮਹਿਲਕਲਾਂ ਦੀ ਧਰਤੀ ਨੇ ਜਥੇਬੰਦ ਹੋਣ, ਸੰਘਰਸ਼ ਕਰਨ ਤੋਂ ਅੱਗੇ ਔਰਤ ਦੀ ਮੁਕੰਮਲ ਮੁਕਤੀ ਵਾਲਾ ਨਵਾਂ ਸਮਾਜ ਸਿਰਜਣ ਲਈ ਅੱਗੇ ਆਉਣ ਦੀ ਲੋੜ 'ਤੇ ਜੋਰ ਦਿੱਤਾ। ਡੀਟੀਐੱਫ ਦੇ ਸੂਬਾ ਮੀਤ ਪ੍ਰਧਾਨ ਰਾਜੀਵ ਕੁਮਾਰ ਅਤੇ ਟੀਐਸਯੂ ਦੇ ਆਗੂ ਦਰਸ਼ਨ ਸਿੰਘ ਦਸੌਂਦਾ ਸਿੰਘ ਵਾਲਾ ਨੇ ਸੰਸਾਰੀਕਰਨ, ਉਦਾਰੀਕਰਨ, ਨਿੱਜੀਕਰਨ ਦੀ ਨੀਤੀ ਤਹਿਤ ਸਿੱਖਿਆ, ਸਿਹਤ, ਰੇਲਵੇ, ਬਿਜਲੀਬੋਰਡ, ਕੋਇਲਾ ਖਾਣਾਂ, ਬੀਮਾ, ਬੈਂਕਾਂ ਆਦਿ ਨੂੰ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ, ਚਾਰ ਨਵੇਂ ਕਿਰਤ ਕਾਨੂੰਨਾਂ ਰਾਹੀਂ ਕਿਰਤੀਆਂ ਦੀ ਤਿੱਖੀ ਰੱਤ ਨਿਚੋੜਨ ਦੀ ਨੀਤੀ ਖ਼ਿਲਾਫ਼ ਚੱਲ ਰਹੇ ਸੰਘਰਸ਼ਾਂ ਵਿੱਚ ਵਧ ਚੜ੍ਹਕੇ ਹਿੱਸਾ ਲੈਣ ਦੀ ਅਪੀਲ ਕੀਤੀ। ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਦੇ ਸੂਬਾ ਆਗੂ ਧੰਨਾ ਮੱਲ ਗੋਇਲ, ਇਨਕਲਾਬੀ ਮਜ਼ਦੂਰ ਕੇਂਦਰ ਦੇ ਆਗੂ ਕਾ: ਸੁਰਿੰਦਰ ਨੇ ਵਿਚਾਰ ਪੇਸ਼ ਕਰਦਿਆਂ ਜਾਬਰਾਂ ਖ਼ਿਲਾਫ਼ ਨਾਬਰੀ ਦਾ ਇਤਿਹਾਸ ਰਚਣ ਵਾਲੇ ਜੁਝਾਰੂ ਕਾਫ਼ਲਿਆਂ ਨੂੰ ਇਸ ਲੋਕ ਸੰਗਰਾਮ ਦੀ ਗਾਥਾ ਜਾਰੀ ਰੱਖਣ ਦੀ ਲੋੜ'ਤੇ ਜੋਰ ਦਿੱਤਾ।

ਭਾਸ਼ਾ ਸਿੰਘ ਅਤੇ ਸ਼ਰੈਆ ਘੋਸ਼ ਨੂੰ ਸ਼ਾਲ ਅਤੇ ਸਨਮਾਨ ਪੱਤਰ ਦੇਕੇ ਸਨਮਾਨਿਤ ਕੀਤਾ ਗਿਆ। ਕਲਮ , ਕਲਾ, ਸੰਗਰਾਮਾਂ ਦੀ ਜੋਟੀ ਨੂੰ ਹੋਰ ਵੱਧ ਮਜ਼ਬੂਤ ਕਰਨ ਲਈ ਪੱਤਰਕਾਰ ਭਾਈਚਾਰੇ ਡਾਇਰੀ ਅਤੇ ਪੈੱਨ ਨਾਲ ਸਨਮਾਨਿਤ ਕੀਤਾ ਗਿਆ। ਬਰਨਾਲਾ-ਇਲਾਕੇ ਦੀ ਵਿਉਂਤਬੱਧ ਪ੍ਰਚਾਰ ਮੁਹਿੰਮ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਜਗਰਾਜ ਸਿੰਘ ਹਰਦਾਸਪੁਰਾ ਨੇ ਕਿਹਾ ਕਿ ਹਰ ਪਿੰਡ, ਹਰ ਗਲੀ, ਹਰ ਮੁਹੱਲੇ, ਹਰ ਵਿੱਦਿਆਕ ਅਦਾਰੇ ਸਕੂਲਾਂ/ਕਾਲਜਾਂ ਵਿੱਚੋਂ ਮਹਿਲਕਲਾਂ ਲੋਕ ਘੋਲ ਦੇ 27ਵੇਂ ਯਾਦਗਾਰੀ ਸਮਾਗਮ ਨੂੰ ਭਰਪੂਰ ਸਮਰਥਨ ਦੇਣ ਲਈ ਧੰਨਵਾਦ ਕੀਤਾ। ਸਮੁੱਚੇ ਜੁਝਾਰੂ ਕਾਫਲਿਆਂ ਲਈ ਲੰਗਰ ਦਾ ਪ੍ਰਬੰਧ ਭਾਕਿਯੂ ਏਕਤਾ ਡਕੌਂਦਾ ਦੇ ਆਗੂਆਂ ਗੁਰਦੇਵ ਸਿੰਘ ਮਾਂਗੇਵਾਲ, ਜਗਰਾਜ ਸਿੰਘ ਹਰਦਾਸਪੁਰਾ, ਨਾਨਕ ਸਿੰਘ ਅਮਲਾ ਸਿੰਘ ਵਾਲਾ ਅਤੇ ਬਾਬੂ ਸਿੰਘ ਖੁੱਡੀਕਲਾਂ ਵੱਲੋਂ ਚਲਾਇਆ ਗਿਆ। ਵਲੰਟੀਅਰਾਂ ਦੀ ਜਿੰਮੇਵਾਰੀ ਦਰਸ਼ਨ ਸਿੰਘ ਦਸੌਂਦਾ ਸਿੰਘ ਵਾਲਾ, ਕੁਲਵੀਰ ਔਲਖ ਦੀ ਅਗਵਾਈ ਵਿੱਚ ਟੀ.ਐੱਸ.ਯੂ ਅਤੇ ਮੈਡੀਕਲ ਪ੍ਰੈਕਟੀਸ਼ਨਰਾਂ ਦੇ ਸਾਥੀਆਂ ਨੇ ਬਾਖੂਬੀ ਨਿਭਾਈ। ਜਗਰਾਜ ਹਰਦਾਸਪੁਰਾ ਨੇ 27 ਸਾਲ ਦੀ ਸਾਂਝੇ ਸੰਘਰਸ਼ਾਂ ਦੀ ਲਟ-ਲਟ ਕਰਕੇ ਬਲ ਰਹੀ ਮਸ਼ਾਲ ਨੂੰ ਹੋਰ ਵੱਧ ਚੇਤੰਨ ਸਰਗਰਮੀ ਰਾਹੀਂ ਲਗਾਤਾਰ ਜਾਰੀ ਰੱਖਣ ਦੀ ਲੋੜ 'ਤੇ ਜੋਰ ਦਿੱਤਾ।

ਲੋਕ ਪੱਖੀ ਸਾਹਿਤ ਦੀਆਂ ਸਟਾਲਾਂ ਖਾਸ ਕਰ 27 ਸਾਲ ਦੇ ਮਹਿਲਕਲਾਂ ਲੋਕ ਘੋਲ ਦਾ ਸੰਗਰਾਮੀ ਸਫ਼ਰ 'ਲਾਲ ਪਰਚਮ' ਦਾ ਵਿਸ਼ੇਸ਼ ਅੰਕ ਵਿਸ਼ੇਸ਼ ਖਿੱਚ ਦਾ ਕੇਂਦਰ ਰਿਹਾ। ਸਟੇਜ ਦੇ ਫਰਜ਼ ਯਾਦਗਾਰ ਕਮੇਟੀ ਦੇ ਆਗੂਆਂ ਮਨਜੀਤ ਸਿੰਘ ਧਨੇਰ, ਮਲਕੀਤ ਦਸੰਘ ਵਜੀਦਕੇ ਅਤੇ ਪ੍ਰੇਮ ਕੁਮਾਰ ਨੇ ਬਾਖੂਬੀ ਨਿਭਾਏ। ਲੋਕ ਪੱਖੀ ਗੀਤ ਕਾਰਾਂ ਨੇ ਹਾਜਰੀਨ ਵਿੱਚ ਇਨਕਲਾਬੀ ਜੋਸ਼ ਭਰਿਆ। ਲੁਧਿਆਣਾ ਦੀਆਂ ਪ੍ਰਵਾਸੀ ਮਜ਼ਦੂਰ ਨੌਜਵਾਨ ਧੀਆਂ ਨੇ ਇਨਕਲਾਬੀ ਮਜ਼ਦੂਰ ਕੇਂਦਰ ਦੀ ਅਗਵਾਈ ਹੇਠ ਔਰਤਾਂ ਨਾਲ ਢੁੱਕਵੇਂ ਵਿਸ਼ੇ "ਔਰਤ ਦੀ ਵੰਗਾਰ" ਪੇਸ਼ ਕਰਕੇ ਨਵਾਂ ਜੋਸ਼ ਭਰ ਦਿੱਤਾ ਅਤੇ ਸਾਰਥਿਕ ਸੁਨੇਹਾ ਦਿੱਤਾ। ਇਸ ਸਮੇਂ ਅਮਰਜੀਤ ਕੌਰ, ਕੁਲਵੰਤ ਭਦੌੜ, ਗੁਰਮੇਲ ਠੁੱਲੀਵਾਲ, ਨਿਰਮਲ ਚੁਹਾਣਕੇ, ਪਿਸ਼ੌਰਾ ਸਿੰਘ, ਪਰਮਜੀਤ ਕੌਰ ਜੋਧਪੁਰ, ਹਰਪ੍ਰੀਤ ਸਿੰਘ, ਜੱਗਾ ਸਿੰਘ ਮਹਿਲਕਲਾਂ, ਰਜਿੰਦਰਪਾਲ, ਸੁਖਵਿੰਦਰ ਸਿੰਘ, ਖੁਸ਼ਮੰਦਰਪਾਲ, ਯਾਦਵਿੰਦਰ ਠੀਕਰੀਵਾਲ, ਸਿੰਦਰ ਧੌਲ਼ਾ, ਜਗਮੀਤ ਬੱਲਮਗੜ੍ਹ, ਸੰਦੀਪ ਕੌਰ, ਤਮੰਨਾ, ਕੇਵਲਜੀਤ ਕੌਰ ,ਪਰਮਜੀਤ ਕੌਰ ਮਹਿਲਕਲਾਂ, ਹਰਜਿੰਦਰ ਕੌਰ, ਮਨਜੀਤ ਕੌਰ ਸੰਧੂਕਲਾਂ, ਜੱਗਾ ਸਿੰਘ, ਸਮਸ਼ੇਰ ਸਿੰਘ ਮਹਿਲਕਲਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਆਗੂ ਹਾਜ਼ਰ ਸਨ।





## ਪਾਸ ਕੀਤੇ ਮਤੇ

ਔਰਤਾਂ ਉੱਤੇ ਵਧ ਰਹੇ ਜ਼ਬਰ ਨੂੰ ਗੰਭੀਰਤਾ ਨਾਲ ਲੈਂਦਿਆਂ, ਇਸ ਜ਼ਬਰ ਤੋਂ ਮੁਕੰਮਲ ਮੁਕਤੀ ਲਈ ਨਵਾਂ ਸਮਾਜ ਸਿਰਜਣ ਲਈ ਸੰਘਰਸ਼ ਜਾਰੀ ਰੱਖਣ, ਆਰ.ਐੱਸ.ਐੱਸ ਦੀ ਅਗਵਾਈ ਵਾਲੀ ਮੋਦੀ ਹਕੂਮਤ ਵੱਲੋਂ ਬੋਲੇ ਫਿਰਕੂ ਫਾਸ਼ੀ ਹੱਲੇ, ਭਗਵਾਧਾਰੀ ਆਰ.ਐੱਸ.ਐੱਸ ਵੱਲੋਂ ਘੱਟ ਗਿਣਤੀਆਂ (ਮੁਸਲਿਮ, ਸਿੱਖ, ਇਸਾਈ ਅਤੇ ਹੋਰ)ਅਤੇ ਦਲਿਤਾਂ ਨੂੰ ਦਬਾਉਣ ਕੁਚਲਣ, ਬੁਲਡੋਜਰੀ ਮੁਹਿੰਮ ਰਾਹੀਂ ਘਰ ਘਾਟ ਢਾਹ ਢਾਹੁਣ, ਕੌਮਾਂਤਰੀ ਮੁਕਾਬਲਿਆਂ ਵਿੱਚ ਅੱਵਲ ਨੰਬਰ ਦੀ ਖਿਡਾਰਨ ਅਤੇ ਪਹਿਲਵਾਨ ਖਿਡਾਰਨਾਂ ਦੇ ਸੰਘਰਸ਼ ਵਿੱਚ ਮੋਹਰੀ ਭੂਮਿਕਾ ਨਿਭਾਉਣ ਵਾਲੀ ਵਿਨੇਸ਼ ਫੋਗਾਟ ਨੂੰ ਓਲੰਪਿਕ ਮੁਕਾਬਲੇ ਵਿੱਚੋਂ ਸਾਜਿਸ਼ ਤਹਿਤ ਬਾਹਰ ਕਰਨ, ਮੋਦੀ ਹਕੂਮਤ ਵੱਲੋਂ ਆਰਥਿਕ ਸੁਧਾਰਾਂ ਦੇ ਨਾਂ ਹੇਠ ਜਨਤਕ ਖੇਤਰ ਦੇ ਅਦਾਰਿਆਂ ਨੂੰ ਕੌਡੀਆਂ ਦੇ ਭਾਅ ਵੱਡੇ ਦੇਸੀ ਬਦੇਸ਼ੀ ਕਾਰਪੋਰੇਟ ਘਰਾਣਿਆਂ ਨੂੰ ਵੇਚਣ, ਨਿੱਜੀਕਰਨ, ਉਦਾਰੀਕਰਨ, ਸੰਸਾਰੀਨ ਦੀ ਲੋਕ ਵਿਰੋਧੀ ਨੀਤੀ ਵਾਪਸ ਲੈਣ, ਮੋਦੀ ਹਕੂਮਤ ਵੱਲੋਂ ਫਿਰਕੂ ਫਾਸ਼ੀ ਹੱਲਾ ਤੇਜ਼ ਕਰਦਿਆਂ ਸਰਕਾਰ ਵਿਰੁੱਧ ਲਿਖਣ ਬੋਲਣ ਵਾਲੇ ਬੁੱਧੀਜੀਵੀਆਂ, ਸਮਾਜਿਕ ਕਾਰਕੁਨਾਂ, ਵਕੀਲ਼ਾਂ, ਲੇਖਕਾਂ, ਕਲਾਕਾਰਾਂ, ਪੱਤਰਕਾਰਾਂ ਨੂੰ ਸਾਲਾਂ ਬੱਧੀ ਸਮੇਂ ਦੇਸ਼ ਧ੍ਰੋਹ ਜਿਹੇ ਸੰਗੀਨ ਮੁਕੱਦਮਿਆਂ ਵਿੱਚ ਜੇਲ੍ਹੀਂ ਡੱਕਣ ਦੀ ਸਖ਼ਤ ਨਿਖੇਧੀ, ਸਜ਼ਾ ਪੂਰੀ ਕਰ ਚੁੱਕੇ ਸਾਰੇ ਸਿੱਖ ਕੈਦੀਆਂ ਅਤੇ ਸਿਆਸੀ ਕੈਦੀਆਂ ਨੂੰ ਬਿਨ੍ਹਾਂ ਸ਼ਰਤ ਰਿਹਾਅ ਕਰਨ, ਵਧ ਰਹੀ ਮਹਿੰਗਾਈ ਨੂੰ ਨੱਥ ਪਾਉਣ, ਕੇਂਦਰੀ ਅਤੇ ਸੂਬਾਈ ਸਰਕਾਰਾਂ ਦੀਆਂ ਰੁਜਗਾਰ ਰਹਿਤ ਸਨਅਤੀਕਰਨ ਕਰਕੇ 45 ਸਾਲਾਂ ਦੇ ਸਭ ਤੋਂ ਉੱਚੀ ਦਰ ਰਾਹੀਂ ਬੇਰੁਜਗਾਰੀ ਦੀ ਚੱਕੀ ਵਿੱਚ ਪਿਸ ਰਹੇ ਬੇਰੁਜਗਾਰਾਂ ਨੂੰ ਰੁਜਗਾਰ ਦੇਣ, ਦਸ-ਦਸ ਸਾਲ ਤੋਂ ਵੀ ਵੱਧ ਸਮੇਂ ਤੋਂ ਵੱਖ-ਵੱਖ ਅਦਾਰਿਆਂ ਵਿੱਚ ਨਿਗੂਣੀਆਂ ਉਜਰਤਾਂ ਉੱਤੇ ਕੰਮ ਕਰਦੇ ਠੇਕੇਦਾਰੀ/ਆਊਟਸੋਰਸ ਕਾਮਿਆਂ ਨੂੰ ਬਿਨ੍ਹਾਂ ਸ਼ਰਤ ਤੁਰੰਤ ਰੈਗੂਲਰ ਕਰਨ, ਕੇਂਦਰੀ ਅਤੇ ਸੂਬਾਈ ਸਰਕਾ ?ਰਾਂ ਵੱਲੋਂ ਲਾਗੂ ਕੀਤੀਆਂ ਜਾ ਰਹੀਆਂ ਲੋਕ ਵਿਰੋਧੀ ਨੀਤੀਆਂ ਵਾਪਿਸ ਲੈਣ, ਪਿੰਡ ਕੁੱਲਰੀਆਂ(ਮਾਨਸਾ) ਦੇ 60 ਸਾਲ ਤੋਂ ਵੀ ਵੱਧ ਸਮੇਂ ਤੋਂ ਕਾਬਜ ਅਬਾਦਕਾਰ ਕਿਸਾਨਾਂ ਦੇ ਮਾਲਕੀ ਹੱਕ ਬਹਾਲ ਕਰਨ ਲਈ ਚੱਲ ਰਹੇ ਅਬਾਦਕਾਰ ਕਿਸਾਨਾਂ ਦੇ ਸੰਘਰਸ਼ ਨਾਲ ਇੱਕਮੁੱਠਤਾ, ਫਸਲਾਂ ਤੋਂ ਬਾਅਦ ਨਸਲਾਂ ਬਚਾਉਣ ਲਈ ਨਸ਼ਿਆਂ ਖਿਲ਼ਾਫ ਲੜ੍ਹਾਈ ਜਾਰੀ ਰੱਖਣ ਦਾ ਐਲਾਨ ਕਰਨ , ਨਵਾਂ ਜੰਗਲ ਕਾਨੂੰਨ ਰੱਦ ਕਰਨ, ਪੰਜਾਬ ਵਿੱਚ ਕਿਸਾਨ, ਕੁਦਰਤ, ਸਮਾਜ ਪੱਖੀ ਖੇਤੀ ਨੀਤੀ ਜਲਦ ਤਿਆਰ ਆਦਿ ਮਤੇ ਅਕਾਸ਼ ਗੁੰਜਾਊ ਨਾਹਰਿਆਂ ਨਾਲ ਪਾਸ ਕੀਤੇ ਗਏ।

# ਦਰਿੰਦਗੀ ਦਾ ਕਰੂਰ ਚਿਹਰਾ...ਜਿਥੇ ਡਾਕਟਰ ਵੀ ਸੁਰੱਖਿਅਤ ਨਹੀਂ

ਡਾ. ਗੁਰਤੇਜ ਸਿੰਘ
95173-96001




ਬੀਤੀ 9 ਅਗਸਤ 2024 ਨੂੰ ਕੋਲਕਾਤਾ ਦੇ ਇੱਕ ਸਰਕਾਰੀ ਮੈਡੀਕਲ ਕਾਲਜ ਆਰ.ਜੀ. ਕਰ ਵਿੱਚ ਆਪਣੀ ਪੋਸਟ ਗ੍ਰੈਜੂਏਸ਼ਨ ਕਰ ਰਹੀ ਇੱਕ ਮਹਿਲਾ ਡਾਕਟਰ ਨਾਲ ਹੋਈ ਦਰਿੰਦਗੀ ਦੀ ਮੰਦਭਾਗੀ ਘਟਨਾ ਨੇ ਮੈਡੀਕਲ ਖੇਤਰ ਦੇ ਨਾਲ ਪੂਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਹੈ ਜਿਸ ਨੇ ਔਰਤਾਂ ਦੀ ਸੁਰੱਖਿਆ ਦੇ ਪ੍ਰਬੰਧਾਂ ਨੂੰ ਹਾਸ਼ੀਏ ’ਤੇ ਪਹੁੰਚੇ ਹੋਣ ਦੀ ਗਵਾਹੀ ਭਰੀ ਹੈ। ਇਹ ਰੈਜੀਡੈਂਟ ਡਾਕਟਰ ਲਗਤਾਰ ਡਿਊਟੀਆਂ ਕਰਦੇ ਰਹਿਣ ਕਾਰਨ ਮਾਨਸਿਕ ਸੰਤਾਪ ਭੋਗਦੇ ਹਨ ਤੇ ਅਕਸਰ ਅਜਿਹੀਆਂ ਦਿਲ ਕੰਬਾਊ ਘਟਨਾਵਾਂ ਦਾ ਸਿਕਾਰ ਹੋ ਜਾਂਦੇ ਹਨ। ਇਹ ਰੈਜੀਡੈਂਟ ਡਾਕਟਰ ਵੀ 36 ਘੰਟਿਆਂ ਤੋਂ ਵੀ ਜਿਆਦਾ ਲੰਮੇ ਸਮੇਂ ਤੋਂ ਆਪਣੀ ਡਿਉਟੀ ’ਤੇ ਤਾਇਨਾਤ ਸੀ। ਆਪਣੇ ਜੂਨੀਅਰ ਡਾਕਟਰਾਂ ਨਾਲ ਉਸ ਨੇ ਰਾਤ ਦਾ ਖਾਣਾ ਖਾਧਾ ਤੇ ਆਪਣੇ ਮਰੀਜ਼ਾਂ ਤੋਂ ਵਿਹਲੇ ਹੋ ਕੇ ਉਹ ਕੁਝ ਸਮਾ ਸੈਮੀਨਾਰ ਹਾਲ ਵਿੱਚ ਅਰਾਮ ਕਰਨ ਲਈ ਗਈ ਸੀ ਜਿੱਥੇ ਉਸ ਨਾਲ ਇਸ ਪੱਧਰ ਦੀ ਵਧੀਕੀ ਹੋਈ ਕਿ ਅਗਲੇ ਦਿਨ ਉਸ ਦੀ ਅਰਧ ਨਗਨ ਮ੍ਰਿਤਕ ਦੇਹ ਦੇਖਣ ਵਾਲਿਆਂ ਦਾ ਕਲੇਜਾ ਫਟ ਗਿਆ ਸੀ। ਪੋਸਟਮਾਰਟਮ ਦੀ ਰਿਪੋਰਟ ਆਈ, ਉਸ ਨੂੰ ਪੜ੍ਹ ਸੁਣ ਕੇ ਲੂ ਕੰਡੇ ਖੜੇ ਹੁੰਦੇ ਹਨ ਤੇ ਉਨ੍ਹਾਂ ਹੈਵਾਨਾਂ ਦੀ ਹੈਵਾਨੀਅਤ ਅੱਖਾਂ ਸਾਹਮਣੇ ਕਿਸੇ ਰੀਲ ਵਾਂਗ ਘੁੰਮ ਜਾਂਦੀ ਹੈ। ਇਸ ਦੇ ਵਿਰੋਧ ਵਿੱਚ ਦੇਸ਼ ਦੇ ਸਾਰੇ ਡਾਕਟਰ ਰੋਸ ਪ੍ਰਦਰਸ਼ਨ ਕਰਨ ਲਈ ਮਜਬੂਰ ਹਨ। ਐਮਰਜੈਂਸੀ ਸੇਵਾਵਾਂ ਤੋਂ ਬਿਨਾਂ ਬਾਕੀ ਸੇਵਾਵਾਂ ਠੱਪ ਹੋ ਗਈਆਂ ਸਨ। ਹੁਣ ਇਹ ਵੱਡਾ ਸਵਾਲ ਹੈ ਕਿ ਲੋਕਾਂ ਦੀ ਜਾਨ ਬਚਾਉਣ ਵਾਲੇ ਇਨ੍ਹਾਂ ਡਾਕਟਰਾਂ ਦੇ ਜਾਨ ਮਾਲ ਦੀ ਰਾਖੀ ਲਈ ਕੌਣ ਜ਼ਿੰਮੇਵਾਰ ਹੈ।

ਰੈਜੀਡੈਂਟ ਡਾਕਟਰ ਹਸਪਤਾਲਾਂ ਦੀ ਰੀੜ ਦੀ ਹੱਡੀ ਹੁੰਦੇ ਹਨ ਇਨ੍ਹਾਂ ਤੋਂ ਬਗੈਰ ਮਰੀਜ਼ਾਂ ਦੀ ਸੁਚੱਜੀ ਦੇਖਭਾਲ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਸੀਨੀਅਰ ਡਾਕਟਰ ਓ.ਪੀ.ਡੀ. ਸੇਵਾਵਾਂ ਦੇਣ ਨਾਲ ਪ੍ਰਬੰਧਕੀ ਕੰਮ ਦੇਖਦੇ ਹਨ ਜਿਸ ਕਾਰਨ ਉਹ ਹਰ ਵੇਲੇ ਹਾਜ਼ਰ ਨਹੀਂ ਹੋ ਸਕਦੇ ਜਿਸ ਕਰਕੇ ਇਹ ਰੈਜੀਡੈਂਟ ਹਰ ਸਮੇਂ ਆਪਣੀ ਡਿਊਟੀ ’ਤੇ ਤਾਇਨਾਤ ਮਿਲਦੇ ਹਨ। ਮਰੀਜ਼ਾਂ ਦੇ ਰਿਸ਼ਤੇਦਾਰ ਅਕਸਰ ਇਨ੍ਹਾਂ ਨਾਲ ਖਹਿਬੜਦੇ ਹਨ। ਮਰਨ ਦੀ ਕਗਾਰ ’ਤੇ ਪਏ ਮਰੀਜ਼ ਨੂੰ ਨਾ ਬਚਾ ਸਕਣ ਕਰਕੇ ਆਮ ਤੌਰ ’ਤੇ ਲੋਕ ਇਨ੍ਹਾਂ ਨਾਲ ਗਾਲੀ-ਗਲੌਚ ਕਰਦੇ ਹਨ, ਮਾਰ ਕੁਟਾਈ ਤੱਕ ਕਰਦੇ ਹਨ। ਮਈ 2023 ਵਿੱਚ ਕੇਰਲ ਦੇ ਇਕ ਹਸਪਤਾਲ ਵਿੱਚ ਇਲਾਜ਼ ਲਈ ਲਿਆਂਦੇ ਮਰੀਜ਼ ਨੇ ਉੱਥੇ ਤਾਇਨਾਤ ਮਹਿਲਾ ਡਾਕਟਰ ਵੰਦਨਾ ਦਾਸ ’ਤੇ ਨਸ਼ੇ ਦੀ ਹਾਲਤ ਵਿੱਚ ਜਾਨ ਲੇਵਾ ਹਮਲਾ ਕੀਤਾ ਸੀ, ਸਾਰੇ ਉਸ ਡਾਕਟਰ ਨੂੰ ਇਕੱਲਾ ਛੱਡ ਕੇ ਦੌੜ ਗਏ ਸਨ ਜਿਸ ਕਾਰਨ ਡਾਕਟਰ ਗ਼ੰਭੀਰ ਰੂਪ ’ਚ ਜ਼ਖਮੀ ਹੋ ਗਈ ਸੀ ਤੇ ਕੁਝ ਸਮੇ ਬਾਅਦ ਉਸ ਦੀ ਮੌਤ ਹੋ ਗਈ ਸੀ। ਸਾਲ 2019 ਵਿੱਚ ਕੋਲਕਾਤਾ (ਕਲਕੱਤਾ) ਦੇ ਇੱਕ ਹਸਪਤਾਲ ਵਿੱਚ ਇੱਕ ਬਜ਼ੁਰਗ ਦੀ ਮੌਤ ਤੋਂ ਭੜਕੇ ਲੋਕਾਂ ਨੇ ਉੱਥੇ ਤਾਇਨਾਤ ਸਿਹਤ ਕਰਮਚਾਰੀਆਂ ਨਾਲ ਕੁੱਟਮਾਰ ਕੀਤੀ ਸੀ ਜਿਸ ਕਾਰਨ ਇੱਕ ਡਾਕਟਰ ਦੇ ਸਿਰ ’ਚ ਗੰਭੀਰ ਸੱਟ ਲੱਗਣ ਕਾਰਨ ਮੌਤ ਹੋ ਗਈ ਸੀ ਤੇ ਦੂਜੇ ਗੰਭੀਰ ਰੂਪ ’ਚ ਜ਼ਖਮੀ ਹੋਏ ਸਨ। ਉਸ ਵਕਤ ਇਸ ਹੌਲਨਾਕ ਘਟਨਾ ਦੇ ਵਿਰੋਧ ’ਚ ਸਮੂਹ ਡਾਕਟਰ ਭਾਈਚਾਰੇ ਨੇ ਦੇਸ਼ ਵਿਆਪੀ ਹੜਤਾਲ ਕਰਕੇ ਰੋਸ ਪ੍ਰਗਟਾਇਆ ਸੀ।

ਮੈਡੀਕਲ ਵਿਦਿਆਰਥੀਆਂ ਖਾਸ ਕਰਕੇ ਰੈਜੀਡੈਂਟ ਡਾਕਟਰਾਂ ਨਾਲ ਹੁੰਦੀਆਂ ਵਧੀਕੀਆਂ ਬਾਰੇ ਸਮਾਜ ਅਨਜਾਣ ਹੈ। ਇਨ੍ਹਾਂ ਦੁਆਰਾ ਭੋਗੇ ਜਾ ਰਹੇ ਮਾਨਸਿਕ ਸੰਤਾਪ ਨੂੰ ਕੋਈ ਸਮਝਣ ਲਈ ਤਿਆਰ ਨਹੀਂ ਹੈ। ਇਨ੍ਹਾਂ ਦੇ ਸੀਨੀਅਰ ਡਾਕਟਰ, ਵਿਭਾਗ ਮੁਖੀ ਇਨ੍ਹਾਂ ਨੂੰ ਮਨੁੱਖ ਨਾ ਸਮਝ ਕੇ ਪਸ਼ੂਆਂ ਦੀ ਤਰ੍ਹਾਂ ਨਿਰੰਤਰ ਕੰਮ ਲੈਂਦੇ ਹਨ, ਉਨ੍ਹਾਂ ਦੀਆਂ ਮਜਬੂਰੀਆਂ ਦਾ ਲਾਹਾ ਲੈਣ ਤੋਂ ਗੁਰੇਜ਼ ਨਹੀਂ ਕੀਤਾ ਜਾਂਦਾ। ਮਹਿਲਾ ਵਿਦਿਆਰਥੀਆਂ ਦਾ ਵਿਭਾਗ ਮੁਖੀ ਜਾਂ ਕਾਲਜ ਪ੍ਰਬੰਧਕ ਜਿਨਸੀ ਸ਼ੋਸ਼ਣ ਤੱਕ ਕਰਦੇ ਹਨ, ਮਨ੍ਹਾ ਕਰਨ ’ਤੇ ਜ਼ਬਰੀ ਫੇਲ ਕਰਨ ਜਾਂ ਹੋਰ ਮਾਨਸਿਕ ਸੰਤਾਪ ਦੇਣ ਵਾਲੀਆਂ ਗਤੀਵਿਧੀਆਂ ਉਨ੍ਹਾਂ ਅਖੌਤੀ ਸੀਨੀਅਰਾਂ ਵੱਲੋਂ ਇਨ੍ਹਾਂ ਨਾਲ ਕੀਤੀਆਂ ਜਾਂਦੀਆਂ ਹਨ। ਮੈਡੀਕਲ ਖੇਤਰ ਵਿੱਚ ਇਹ ਮੰਦਭਾਗਾ ਰੁਝਾਨ ਲੰਮੇ ਸਮੇਂ ਤੋਂ ਚੱਲ ਰਿਹਾ ਕਿ ਸੀਨੀਅਰ ਡਾਕਟਰਾਂ ਦੁਆਰਾ ਆਪਣੇ ਜੂਨੀਅਰ (ਰੈਜੀਡੈਂਟ) ਡਾਕਟਰਾਂ ਨੂੰ ਮਰੀਜ਼ਾਂ ਸਾਹਮਣੇ ਹੀ ਜਲੀਲ ਕਰਨਾ ਜਿਸ ਕਾਰਨ ਕਈ ਵਾਰ ਉਹ ਇਹ ਸਭ ਕੁਝ ਨਾਂ ਸਹਿੰਦੇ ਹੋਏ ਆਪਣੀ ਜੀਵਨ ਲੀਲਾ ਸਮਾਪਤ ਤੱਕ ਕਰ ਲੈਂਦੇ ਹਨ। ਸਰਕਾਰੀ ਹਸਪਤਾਲਾਂ ਅਤੇ ਮੈਡੀਕਲ ਕਾਲਜਾਂ ਵਿੱਚ ਇਨ੍ਹਾਂ ਦੁਆਰਾ 36-48 ਘੰਟੇ ਦੀ ਲਗਾਤਾਰ ਡਿਉਟੀ ਕਰਨਾ, ਅਰਾਮ ਕਰਨ ਜਾਂ ਕੁਝ ਸਮਾਂ ਬੈਠਣ ਲਈ ਕਮਰੇ ਤੱਕ ਦਾ ਪ੍ਰਬੰਧ ਨਾ ਹੋਣਾ, ਗਰਮੀਆਂ ਵਿੱਚ ਏਸੀ ਤਾਂ ਦੂਰ ਦੀ ਗੱਲ ਪੱਖੇ ਵੀ ਤਸੱਲੀਬਖਸ਼ ਹਾਲਤ ਵਿੱਚ ਨਹੀਂ ਹੁੰਦੇ। ਖਾਣ ਦਾ ਕੋਈ ਸਮਾਂ ਨਹੀਂ ਹੁੰਦਾ, ਕਈ ਵਾਰ ਤਾਂ ਕੰਮ ਦੀ ਬਹੁਤਾਤ ਕਰਕੇ ਇਹ ਵੀ ਨਸੀਬ ਨਹੀਂ ਹੁੰਦਾ। ਬਹੁਤ ਵਾਰ ਤਾਂ ਜੂਨੀਅਰ ਡਾਕਟਰਾਂ ਕੋਲ ਪਿਸ਼ਾਬ ਕਰਨ ਦਾ ਸਮਾ ਵੀ ਨਹੀਂ ਹੁੰਦਾ, ਅਗਰ ਕੋਈ ਜੂਨੀਅਰ ਡਾਕਟਰ ਆਪਣੇ ਸੀਨੀਅਰ ਤੋਂ ਇਸ ਸਬੰਧੀ ਪੰਜ ਮਿੰਟ ਦੀ ਇਜ਼ਾਜਤ ਮੰਗਦਾ ਹੈ ਤਾਂ ਸੀਨੀਅਰ ਦਾ ਵਿਵਹਾਰ ਪਾਕਿਸਤਾਨ ਵਰਗਾ ਹੁੰਦਾ ਹੈ ਜਿਵੇਂ ਭਾਰਤ ਨੇ ਉਸ ਤੋਂ ਮਕਬੂਜ਼ਾ ਕਸਮੀਰ ਮੰਗ ਲਿਆ ਹੋਵੇ। ਉਹ ਵਿਚਾਰਾ ਰੈਜੀਡੈਂਟ ਡਾਕਟਰ ਆਪਣੇ ਸੀਨੀਅਰ/ਵਿਭਾਗ ਮੁਖੀ ਦੇ ਜਾਣ ਦੀ ਉਡੀਕ ਕਰਦਾ ਹੈ ਤਾਂ ਜੋ ਘੱਟੋ-ਘੱਟ ਰਫਾ ਹਾਜਤ ਲਈ ਜਾ ਸਕੇ। ਇਸ ਤੋਂ ਮਾੜੀ ਹਾਲਤ ਮਹਿਲਾ ਰੈਜੀਡੈਂਟ ਡਾਕਟਰਾਂ ਦੀ ਹੁੰਦੀ ਹੈ, ਮਾਹਵਾਰੀ ਦੇ ਦਿਨਾਂ ਦੌਰਾਨ ਉਨ੍ਹਾਂ ਨੂੰ ਸੈਨੇਟਰੀ ਪੈਡ ਤੱਕ ਬਦਲਣ ਲਈ ਸਖਤ ਮੁਸ਼ੱਕਤ ਦਾ ਸਾਹਮਣਾ ਕਰਨਾ ਪੈਂਦਾ ਹੈ ਕਿਉਂਕਿ ਤਸੱਲੀਬਖਸ਼ ਹਾਲਤ ਵਾਲੇ ਗੁਸਲਖਾਨੇ ਉੱਥੇ ਮੌਜੂਦ ਹੀ ਨਹੀਂ ਹੁੰਦੇ। ਇਥੇ ਇਹ ਵੱਡਾ ਸਵਾਲ ਹੈ ਕਿ ਲੱਖਾਂ ਰੁਪਏ ਖਰਚ ਕੇ, ਦਿਨ ਰਾਤ ਪੜ੍ਹ ਕੇ, ਫਿਰ ਵੀ ਅਜਿਹੇ ਹਾਲਾਤਾਂ ਵਿੱਚ ਡਾਕਟਰ ਬਣਨ ਵਾਲੇ ਬੱਚੇ ਕਿਵੇਂ ਇੱਥੇ ਟਿਕਣਗੇ, ਉਹ ਵਿਦੇਸ਼ਾਂ ਵੱਲ ਉਡਾਰੀ ਕਿਉਂ ਨਹੀਂ ਮਾਰਨਗੇ।

‘ਨਵਭਾਰਤ ਟਾਈਮਜ’ ਵਿੱਚ ਛਪੀ ਰਿਪੋਰਟ ਅਨੁਸਾਰ ਪਿਛਲੇ ਦਿਨੀਂ ਨੈਸ਼ਨਲ ਮੈਡੀਕਲ ਕਮਿਸ਼ਨ ਦੁਆਰਾ ਬਣਾਈ 15 ਮੈਂਬਰੀ ਟਾਸਕ ਫੋਰਸ ਨੇ ਦੇਸ਼ ਦੇ 38 ਹਜ਼ਾਰ ਮੈਡੀਕਲ ਵਿਦਿਆਰਥੀਆਂ, ਅਧਿਆਪਕਾਂ ਤੋਂ ਆਨਲਾਈਨ ਸਰਵੇ ਤਹਿਤ ਜਾਣਕਾਰੀ ਇਕੱਠੀ ਕੀਤੀ ਅਤੇ 150 ਸਫਿਆਂ ਦੀ ਆਪਣੀ ਵਿਸਤ੍ਰਿਤ ਰਿਪੋਰਟ ਨੈਸ਼ਨਲ ਮੈਡੀਕਲ ਕਮਿਸ਼ਨ ਨੂੰ ਸੌਂਪੀ ਹੈ। ਇਸ ਤਰ੍ਹਾਂ ਇਸ ਸਮੱਸਿਆ ਦੀ ਜੜ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ ਗਈ ਅਤੇ ਪੰਦਰਾਂ ਸੁਝਾਅ ਵੀ ਦਿੱਤੇ ਹਨ। ਉਕਤ ਰਿਪੋਰਟ ਵਿੱਚ ਸਾਡੇ ਦੇਸ਼ ਦੇ ਮੈਡੀਕਲ ਵਿਦਿਆਰਥੀਆਂ ਦਾ ਤਣਾਅ, ਡਿਪਰੈਸ਼ਨ, ਕੰਮ ਦਾ ਬੋਝ, ਸਮਾਜਿਕ ਜੀਵਨ ਦਾ ਪ੍ਰਭਾਵਿਤ ਹੋਣਾ ਅਤੇ ਆਤਮ ਹੱਤਿਆ ਕਰਨ ਬਾਰੇ ਸੋਚਣਾ ਜਾਂ ਕਰਨਾ ਆਦਿ ਬਾਰੇ ਪ੍ਰਭਾਵਸ਼ਾਲੀ ਤਰੀਕੇ ਨਾਲ ਕੰਮ ਕੀਤਾ ਗਿਆ ਹੈ। ਸਮੱਸਿਆ ਇੰਨੀ ਗੰਭੀਰ ਹੈ ਕਿ ਉਕਤ ਵਿਦਿਆਰਥੀ ਆਤਮ ਹੱਤਿਆ ਕਰਨ ਦੀ ਹੱਦ ਤੱਕ ਪਹੁੰਚ ਰਹੇ ਹਨ। ਟਾਸਕ ਫੋਰਸ ਦੇ ਕਮੇਟੀ ਮੈਂਬਰ ਡਾ. ਯੋਗੇਂਦਰ ਮਲਿਕ ਦਾ ਮੰਨਣਾ ਹੈ ਕਿ ‘ਇਹ ਆਮ ਦੇਖਣ ਨੂੰ ਮਿਲ ਰਿਹਾ ਹੈ ਕਿ ਦੇਸ਼ ਦੇ ਮੈਡੀਕਲ ਵਿਦਿਆਰਥੀਆਂ ’ਤੇ ਤਣਾਅ, ਡਿਪਰੈਸ਼ਨ, ਅਨਜਾਇਟੀ (ਚਿੰਤਾ) ਆਦਿ ਉਨ੍ਹਾ ’ਤੇ ਭਾਰੀ ਪੈ ਰਹੀ ਹੈ ਜਿਸ ਕਾਰਨ ਮਾਨਸਿਕ ਰੂਪ ’ਚ ਅਗਰ ਬੀਮਾਰ ਵਿਦਿਆਰਥੀ ਡਾਕਟਰ ਬਣਨਗੇ ਜਿਸ ਦਾ ਅਸਰ ਮਰੀਜ਼ਾਂ ਦੀ ਸਿਹਤ ’ਤੇ ਵੀ ਪਵੇਗਾ’। ਇਸ ਅਧਿਐਨ ਵਿੱਚ ਇਹ ਗੱਲ ਨਿਕਲ ਕੇ ਸਾਹਮਣੇ ਆਈ ਹੈ ਕਿ ਸਾਡੇ ਦੇਸ਼ ਦੇ ਪੰਜਾਹ ਫ਼ੀਸਦੀ ਤੋਂ ਜਿਆਦਾ ਮੈਡੀਕਲ ਵਿਦਿਆਰਥੀ ਤਣਾਅ ਦੇ ਸ਼ਿਕਾਰ ਪਾਏ ਗਏ ਹਨ। ਦੱਖਣ ਭਾਰਤ ਵਿੱਚ ਕੀਤੇ ਅਧਿਐਨ ਅਨੁਸਾਰ 37 ਫ਼ੀਸਦੀ ਮੈਡੀਕਲ ਵਿਦਿਆਰਥੀ ਡਿਪਰੈਸ਼ਨ, 51 ਫ਼ੀਸਦੀ ਤਣਾਅ ਆਦਿ ਨਾਲ ਜੂਝ ਰਹੇ ਹਨ। ਉੱਤਰੀ ਭਾਰਤ ਵਿੱਚ 3882 ਮੈਡੀਕਲ ਵਿਦਿਆਰਥੀਆਂ ’ਤੇ ਹੋਏ ਅਧਿਐਨ ਅਨੁਸਾਰ 39 ਫ਼ੀਸਦੀ ਮਾਨਸਿਕ ਸਮੱਸਿਆਵਾਂ ਤੋਂ ਗ੍ਰਸਿਤ ਹਨ, 21.5 ਫ਼ੀਸਦੀ ਡਿਪਰੈਸ਼ਨ ਅਤੇ 7.6 ਫ਼ੀਸਦੀ ਵੱਡੇ ਮਾਨਸਿਕ ਰੋਗਾਂ ਤੋਂ ਪੀੜਿਤ ਹਨ। ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਦੇ ਅੰਕੜਿਆਂ ਅਨੁਸਾਰ ਪਿਛਲੇ ਪੰਜ ਸਾਲਾਂ ਦੌਰਾਨ ਦੇਸ਼ ਦੇ 122 ਮੈਡੀਕਲ ਵਿਦਿਆਰਥੀਆਂ ਨੇ ਆਤਮ ਹੱਤਿਆ ਕੀਤੀ ਹੈ, ਇਨ੍ਹਾਂ ’ਚੋਂ 64 ਵਿ ?ਦਆਰਥੀ ਅੰਡਰ ਗ੍ਰੈਜੂਏਟ ਅਤੇ 58 ਪੋਸਟ ਗ੍ਰੈਜੂਏਟ ਸਨ। ਇੱਕ ਅੰਦਾਜ਼ੇ ਮੁਤਾਬਕ ਹਰ ਸਾਲ ਦੇਸ਼ ਅੰਦਰ 25-26 ਮੈਡੀਕਲ ਵਿਦਿਆਰਥੀ/ ਰੈਜੀਡੈਂਟ ਡਾਕਟਰ ਆਤਮ ਹੱਤਿਆ ਕਰਦੇ ਹਨ।

ਇਸੇ ਰਿਪੋਰਟ ਵਿੱਚ ਇੱਕ ਸੰਸਥਾ ਦਾ ਹਵਾਲਾ ਦਿੰਦੇ ਹੋਏ ਨੈਸ਼ਨਲ ਮੈਡੀਕਲ ਕਮਿਸ਼ਨ ਨੇ ਦੱਸਿਆ ਹੈ ਕਿ ਉਕਤ ਸੰਸਥਾ ਦੁਆਰਾ ਸਾਲ 2022 ਵਿੱਚ ਕੀਤੇ ਅਧਿਐਨ ਅਨੁਸਾਰ ਜਨਵਰੀ 2010 ਤੋਂ ਦਸੰਬਰ 2019 ਤੱਕ ਦੇਸ਼ ਦੇ ਮੈਡੀਕਲ ਪ੍ਰਬੰਧ ਵਿੱਚ ਕੁੱਲ 358 ਆਤਮ ਹੱਤਿਆ ਦੀਆਂ ਘਟਨਾਵਾਂ ਦਰਜ ਹੋਈਆਂ। ਇਸ ਵਿੱਚ 125 ਮੈਡੀਕਲ ਵਿਦਿਆਰਥੀ, 105 ਰੈਜੀਡੈਂਟ ਡਾਕਟਰ ਅਤੇ 128 ਫਿਜੀਸ਼ੀਅਨ ਸਨ। ਹਾਲ ’ਚ ਹੀ 787 ਮੈਡੀਕਲ ਵਿਦਿਆਰਥੀਆਂ ’ਤੇ ਕੀਤੀ ਸਟੱਡੀ ਅਨੁਸਾਰ ਇਨ੍ਹਾਂ ’ਚੋਂ 37 ਫ਼ੀਸਦੀ ਦੇ ਮਨ ਵਿੱਚ ਕਦੇ ਨਾ ਕਦੇ ਆਤਮ ਹੱਤਿਆ ਕਰਨ ਦਾ ਵਿਚਾਰ ਆਇਆ ਹੈ। 11 ਫ਼ੀਸਦੀ ਨੇ ਆਤਮ ਹੱਤਿਆ ਦੀ ਯੋਜਨਾ ਤੱਕ ਬਣਾਈ ਹੈ, 03 ਫ਼ੀਸਦੀ ਨੇ ਕੋਸ਼ਿਸ਼ ਕੀਤੀ ਹੈ ਅਤੇ 07 ਫ਼ੀਸਦੀ ਨੇ ਮਾੜੇ ਹਾਲਾਤਾਂ ਦੇ ਚਲਦਿਆਂ ਭਵਿੱਖ ’ਚ ਕਦੇ ਅਜਿਹਾ ਕਦਮ ਉਠਾਉਣ ਬਾਰੇ ਦੱਸਿਆ ਹੈ।

ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਨੈਸ਼ਨਲ ਮੈਡੀਕਲ ਕਮਿਸ਼ਨ ਟਾਸਕ ਫੋਰਸ ਨੇ ਕੁਝ ਸੁਝਾਅ ਦਿੱਤੇ ਹਨ ਜੋ ਦੇਸ਼ ਦੇ ਸਾਰੇ ਮੈਡੀਕਲ ਕਾਲਜਾਂ/ ਹਸਪਤਾਲਾਂ ਨੂੰ ਮੰਨਣੇ ਪੈਣਗੇ ਤਾਂ ਜੋ ਮੈਡੀਕਲ ਵਿਦਿਆਰਥੀਆਂ ਅਤੇ ਰੈਜੀਡੈਂਟ ਡਾਕਟਰਾਂ ਦੇ ਮਾਨਸਿਕ ਸੰਤਾਪ ਨੂੰ ਘਟਾਇਆ ਜਾ ਸਕੇ। ਸਭ ਤੋਂ ਪਹਿਲਾਂ ਰੈਜੀਡੈਂਟ ਡਾਕਟਰਾਂ ਦੀ ਡਿਊਟੀ ਹਫਤੇ ਵਿੱਚ 74 ਘੰਟੇ ਤੋਂ ਜਿਆਦਾ ਨਹੀਂ ਹੋਣੀ ਚਾਹੀਦੀ ਅਤੇ ਹਫਤਾਵਾਰੀ ਛੁੱਟੀ ਹੋਵੇ। ਸਾਲ ਵਿੱਚ ਇੱਕ ਵਾਰ ਦਸ ਦਿਨਾਂ ਦੀ ਇਕੱਠੀ ਛੁੱਟੀ ਦਿੱਤੀ ਜਾਵੇ ਤਾਂ ਜੋ ਉਹ ਆਪਣੇ ਪਰਿਵਾਰ ਨਾਲ ਸਮਾਂ ਬਿਤਾ ਸਕੇ। ਈ-ਸ਼ਿਕਾਇਤ ਪੋਰਟਲ, ਪ੍ਰੀਖਿਆ ਦਾ ਨਤੀਜਾ ਰੋਲ ਨੰਬਰ ਅਨੁਸਾਰ ਹੋਵੇ ਨਾ ਕਿ ਪੂਰੀ ਜਮਾਤ ਦਾ ਇਕੱਠਾ ਨਤੀਜਾ ਨੋਟਿਸ ਬੋਰਡ ’ਤੇ ਲਗਾਇਆ ਜਾਵੇ, ਸਪਲੀਮੈਂਟਰੀ ਇਮਤਿਹਾਨ ਦੀ ਸ਼ੁਰੂਆਤ ਹੋਵੇ, ਜਾਣ ਬੁੱਝ ਕੇ ਫੇਲ ਕਰਕੇ ਪੈਸੇ ਕਮਾਉਣ ਵਾਲੇ ਕਾਲਜਾਂ ਨੂੰ ਮੋਟਾ ਜੁਰਮਾਨਾ ਲਗਾਇਆ ਜਾਵੇ ਆਦਿ।

ਉਪਰੋਕਤ ਸੁਝਾਵਾਂ ਤੋਂ ਬਿਨਾਂ ਕਾਲਜ ਪ੍ਰਬੰਧਕ, ਸੀਨੀਅਰ ਡਾਕਟਰ ਅਤੇ ਵਿਭਾਗ ਮੁਖੀ ਅਨੁਸ਼ਾਸ਼ਨ ਦੇ ਨਾਮ ’ਤੇ ਇਨ੍ਹਾਂ ਜੂਨੀਅਰ ਡਾਕਟਰਾਂ ਦਾ ਮਾਨਸਿਕ ਜਾਂ ਸਰੀਰਕ ਸ਼ੋਸ਼ਣ ਨਾ ਕਰਨ। ਇਨ੍ਹਾਂ ਨੂੰ ਆਪਣੇ ਬੱਚਿਆਂ ਵਾਂਗ ਸਮਝਣ ਤੇ ਵਿਵਹਾਰ ਕਰਨ। ਸਗੋਂ ਇਨ੍ਹਾਂ ਦੀਆਂ ਸਮੱਸਿਆਵਾਂ ਨੂੰ ਸਮਝ ਕੇ ਆਪ ਅੱਗੇ ਆ ਕੇ ਹੱਲ ਕਰਨ ਨੂੰ ਤਰਜ਼ੀਹ ਦੇਣ। ਗਲਤੀ ਹੋਣ ’ਤੇ ਮਰੀਜ਼ਾਂ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਸਾਹਮਣੇ ਜਲੀਲ ਨਾ ਕੀਤਾ ਜਾਵੇ, ਸੀਨੀਅਰ ਤਾਂ ਬੋਲ ਕੇ ਚਲੇ ਜਾਂਦੇ ਹਨ ਪਰ ਉਸ ਰੈਜੀਡੈਂਟ ਡਾਕਟਰ ਨੇ ਤਾਂ ਲਗਾਤਾਰ ਉੱਥੇ ਡਿਉਟੀ ਕਰਨੀ ਹੁੰਦੀ ਹੈ। ਇਸ ਦਾ ਮਾੜਾ ਨਤੀਜਾ ਇਹ ਨਿਕਲਦਾ ਹੈ ਕਿ ਮੌਤ ਦੀ ਕਗਾਰ ’ਤੇ ਪਹੁੰਚੇ ਅਗਰ ਕਿਸੇ ਮਰੀਜ਼ ਦੀ ਮੌਤ ਹੋ ਜਾਂਦੀ ਹੈ ਤਾਂ ਲੋਕ ਸਮਝਦੇ ਹਨ ਕਿ ਇਸ ਨਲਾਇਕ ਡਾਕਟਰ ਦੀ ਨਲਾਇਕੀ ਕਾਰਨ ਸਾਡੇ ਮਰੀਜ਼ ਦੀ ਮੌਤ ਹੋਈ ਹੈ। ਸਭ ਤੋਂ ਵੱਡੀ ਗੱਲ ਸਾਰੇ ਰੈਜੀਡੈਂਟ ਡਾਕਟਰ ਆਪਣੀ ਏਕਤਾ ਕਾਇਮ ਕਰਨ, ਹੁਣ ਵੀ ਤਾਂ ਸਾਰੇ ਇਕੱਠੇ ਹੋਏ ਹੀ ਹੋ। ਜੇਕਰ ਕਿਸੇ ਇੱਕ ਨਾਲ ਵੀ ਬੇਇਨਸਾਫੀ ਹੁੰਦੀ ਹੈ ਤਾਂ ਸਾਰੇ ਉਸ ਦਾ ਡਟ ਕੇ ਸਾਥ ਦੇਣ ਅਤੇ ਮੂੰਹ ਤੋੜ ਜਵਾਬ ਦੇਣ ਫਿਰ ਹੀ ਇਹ ਵਧੀਕੀਆਂ ਖਤਮ ਹੋ ਸਕਦੀਆਂ ਹਨ, ਨਹੀਂ ਤਾਂ ਕਿਸੇ ਦੀ ਆਬਰੂ, ਮਾਣ ਸਨਮਾਨ ਇਸੇ ਤਰ੍ਹਾਂ ਰੁਲਦਾ ਰਹੇਗਾ। ਹੋਰਨਾਂ ਵਿਭਾਗਾਂ ਦੇ ਮੁਕਾਬਲੇ ਮੈਡੀਕਲ ਖੇਤਰ ਵਿੱਚ ਲੋਕ ਆਪਣੇ ਲੋਕਾਂ ਦੀ ਹਰ ਸੰਭਵ ਮਦਦ ਕਰਨ ਤੋਂ ਕਤਰਾਉਂਦੇ ਹਨ ਜੋ ਮੰਦਭਾਗਾ ਹੈ।ਅਗਰ ਇਹ ਰੈਜੀਡੈਂਟ ਡਾਕਟਰ ਆਪ ਹੀ ਮਾਨਸਿਕ ਰੂਪ ਵਿੱਚ ਤੰਦਰੁਸਤ ਨਹੀਂ ਹੋਣਗੇ ਤਾਂ ਮਰੀਜ਼ਾਂ ਨੂੰ ਤੰਦਰੁਸਤੀ ਦਾ ਵਰਦਾਨ ਕਿਸ ਤਰ੍ਹਾਂ ਦੇਣਗੇ।

GALAXY
Freightline Inc.
Logistics Ltd Calgary Alberta
Warehousing / Distribution
Manpreet Singh
Manager
780-604-0593
Office : 416-644-8881
7270 106 Ave SE Calgary, AB T2C 4Y5

# 'ਸੰਦੂਕੜੀ ਖੋਲ੍ਹ ਨਰੈਣਿਆ' ਨਾਟਕ ਦਾ ਪੋਸਟਰ ਰਿਲੀਜ਼ !

**'ਸੰਦੂਕੜੀ ਖੋਲ੍ਹ ਨਰੈਣਿਆ' ਅਤੇ 'ਐਲਐਮਆਈਏ' ਨਾਟਕ 21 ਸਤੰਬਰ ਦਿਨ ਸ਼ਨੀਵਾਰ ਨੂੰ ਰੈਡ ਸਟੋਨ ਨਾਰਥ ਈਸਟ ਥੀਏਟਰ ਕੈਲਗਰੀ ਵਿਖੇ 5 ਤੋਂ 8 ਤੋਂ ਵਜੇ ਤੱਕ ਹੋਵੇਗਾ।**



ਕੈਲਗਰੀ (ਹਰਚਰਨ ਸਿੰਘ ਪ੍ਰਹਾਰ): ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ, ਸਿੱਖ ਵਿਰਸਾ ਇੰਟਰਨੈਸ਼ਨਲ, ਅਦਾਰਾ ਸਰੋਕਾਰਾਂ ਦੀ ਅਵਾਜ਼ ਵਲੋਂ ਉਘੇ ਲੇਖਕ, ਐਕਟਰ, ਥੀਏਟਰ ਕਲਾਕਾਰ ਤੇ ਨਿਰਦੇਸ਼ਕ ਡਾ. ਸਾਹਿਬ ਸਿੰਘ ਦਾ ਲਿਖਿਆ ਤੇ ਨਿਰਦੇਸ਼ਤ ਸੋਲੋ ਨਾਟਕ 'ਸੰਦੂਕੜੀ ਖੋਲ੍ਹ ਨਰੈਣਿਆ' ਕੈਲਗਰੀ ਵਿੱਚ ਸ਼ਨੀਵਾਰ 21 ਸਤੰਬਰ, 2024 ਨੂੰ ਰੈਡ ਸਟੋਨ ਨਾਰਥ ਈਸਟ ਦੇ ਥੀਏਟਰ ਵਿੱਚ ਖੇਡਿਆ ਜਾਵੇਗਾ। ਇਹ ਸੋਲੋ ਨਾਟਕ ਡਾ ਸਾਹਿਬ ਸਿੰਘ ਵਲੋਂ ਆਪ ਹੀ ਖੇਡਿਆ ਜਾਵੇਗਾ, ਜਿਸ ਵਿੱਚ ਸਾਰੇ ਕਿਰਦਾਰ ਉਹ ਆਪ ਹੀ ਨਿਭਾਉਣਗੇ। ਇਸ ਨਾਟਕ ਸਮਾਗਮ ਦਾ ਪੋਸਟਰ ਐਤਵਾਰ 25 ਅਗਸਤ ਨੂੰ ਜੈਨੇਸਿਸ ਸੈਂਟਰ ਵਿੱਚ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੇ ਮੈਂਬਰਾਂ, ਪ੍ਰੋਗਰੈਸਿਵ ਕਲਾ ਮੰਚ ਦੇ ਕਲਾਕਾਰਾਂ, ਹੋਰ ਪਤਵੰਤੇ ਸੱਜਣਾਂ ਅਤੇ ਮੀਡੀਆ ਦੀ ਭਰਵੀਂ ਹਾਜ਼ਰੀ ਵਿੱਚ ਰਿਲੀਜ ਕੀਤਾ ਗਿਆ।

ਮਾਸਟਰ ਭਜਨ ਸਿੰਘ ਹੋਰਾਂ ਨੇ ਨਾਟਕ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਸਮਾਗਮ ਵਿੱਚ 'ਸੰਦੂਕੜੀ ਖੋਲ੍ਹ ਨਰੈਣਿਆ' ਤੋਂ ਇਲਾਵਾ ਡਾ. ਸਾਹਿਬ ਸਿੰਘ ਦੀ ਨਿਰਦੇਸ਼ਨਾ ਹੇਠ ਪ੍ਰੋਗਰੈਸਿਵ ਕਲਾ ਮੰਚ ਕੈਲਗਰੀ ਦੀ ਟੀਮ ਵਲੋਂ ਇੱਕ ਹੋਰ ਨਾਟਕ ਐਲ ਐਮ ਆਈ ਏ (LMIA) ਵੀ ਖੇਡਿਆ ਜਾਵੇਗਾ। ਜੋ ਕਿ ਕਨੇਡਾ ਵਿੱਚ LMIA ਨਾਲ਼ ਸਬੰਧਤ ਸਮੱਸਿਆਵਾਂ ਨਾਲ਼ ਜੂਝ ਰਹੇ ਲੋਕਾਂ ਦੀ ਦਾਸਤਾਨ ਹੈ। ਇਸ ਨਾਟਕ ਦੀ ਟਿਕਟ $20 ਹੋਵੇਗੀ। ਦਰਸ਼ਕ ਨਾਟਕ ਦੀਆਂ ਟਿਕਟਾਂ ਮਾਸਟਰ ਭਜਨ ਸਿੰਘ (403-455-4220), ਹਰਚਰਨ ਪ੍ਰਹਾਰ (403-681-8689) ਜਾਂ ਕਮਲ ਪੰਧੇਰ (403-479-4220) ਨਾਲ਼ ਸੰਪਰਕ ਕਰਕੇ ਲਈ ਜਾ ਸਕਦੀਆਂ ਹਨ। ਪਿਛਲੇ ਨਾਟਕ ਸਮਾਗਮਾਂ ਵਿੱਚ ਟਿਕਟਾਂ ਪਹਿਲਾਂ ਹੀ ਵਿਕ ਜਾਂਦੀਆਂ ਹਨ, ਜਿਹੜੇ ਦਰਸ਼ਕ ਦੋਨੋਂ ਨਾਟਕ ਦੇਖਣਾ ਚਾਹੁੰਦੇ ਹਨ, ਉਹ ਆਪਣੀਆਂ ਟਿਕਟਾਂ ਪਹਿਲਾਂ ਹੀ ਲੈਣ। ਪ੍ਰਬੰਧਕਾਂ ਵਲੋਂ ਸਾਰੇ ਪੰਜਾਬੀ ਮੀਡੀਆ ਦਾ ਹਮੇਸ਼ਾਂ ਸਹਿਯੋਗ ਕਰਨ ਲਈ ਵਿਸ਼ੇਸ਼ ਧੰਨਵਾਦ ਕੀਤਾ ਡਾ. ਸਾਹਿਬ ਸਿੰਘ ਕੈਲਗਰੀ ਵਿੱਚ ਨਾਟਕਾਂ ਤੋਂ ਦੋ ਹਫਤੇ ਪਹਿਲਾਂ ਨਾਕਟ ਵਰਕਸ਼ਾਪ ਲਗਾਉਣਗੇ।

# 24 ਅਗਸਤ : ਜੋ ਲੋਕ ਸਿਰਫ ਆਪਣੇ ਬਾਰੇ ਹੀ ਸੋਚਦੇ ਰਹਿੰਦੇ ਹਨ ਉਹ ਮਰਨ ਤੋਂ ਪਹਿਲਾ ਹੀ ਮੁਰਦੇ ਹੋ ਜਾਂਦੇ ਹਨ



- 24-8-1690 ਕਲਕੱਤਾ ਸ਼ਹਿਰ ਦੀ ਨੀਂਹ ਰੱਖੀ ਗਈ। ਸ਼ਹਿਰ ਦਾ ਜਾਬ ਚਾਰਮੌਕ ਨੇ ਮੁੱਢ ਬੰਨਿਆ।
- 1888 ਕ੍ਰਾਂਤੀਕਾਰੀ ਰਾਮ ਸ਼ਰਨ ਦਾਸ ਤਲਵਾੜ (ਕਪੂਰਥਲਾ ਨਾਲ ਸਬੰਧਤ) ਦਾ ਜਨਮ।
- 1891 ਥਾਮਸ ਅਲਵਾ ਐਡੀਸਨ ਨੇ ਇਕ ਕੈਮਰਾ ਪੇਟੈਂਟ ਕਰਵਾਇਆ ਜੋ ਬਾਅਦ ਵਿੱਚ ਮੂਵੀ ਕੈਮਰੇ ਦੇ ਰੂਪ ਵਿੱਚ ਆਇਆ।
- 1908 ਕ੍ਰਾਂਤੀਕਾਰੀ ਸ਼ਹੀਦ ਰਾਜ ਗੁਰੂ ਦਾ ਜਨਮ।
- 1933 ਦੇਸ਼ ਭਗਤ ਸੇਵਾ ਸਿੰਘ ਠੀਕਰੀਵਾਲੇ ਨੂੰ ਆਖਰੀ ਵਾਰ ਗਿਰਫਤਾਰ ਕੀਤਾ ਗਿਆ।
- 1949 ਅਮਰੀਕੀ ਦੇਸ਼ਾਂ ਦੇ ਗੁਟ ਨੈਟੋ (NATO)ਦੀ ਸਥਾਪਨਾ।
- 1954 ਅਮਰੀਕਾ ਨੇ ਦੇਸ਼ ਵਿੱਚ ਕਮਿਉਨਿਸਟ ਪਾਰਟੀ ਬਣਾਉਣ ਨੂੰ ਗੈਰ ਕਾਨੂੰਨੀ ਕਰਾਰ ਦੇਣ ਲਈ ਕੰਟਰੋਲ ਐਕਟ ਪਾਸ ਕੀਤਾ।
- 1969 ਵਿੱਚ ਵੀ ਵੀ ਗਿਰੀ, 1974 ਫਖਰੂਦੀਨ ਅਲੀ ਅਹਿਮਦ ਰਾਸ਼ਟਰਪਤੀ ਬਣੇ।
- 1991 ਮਿਖਾਈਲ ਗੋਰਬਾਚੇਵ ਨੇ ਸੋਵੀਅਤ ਯੂਨੀਅਨ ਦੇ ਮੁਖੀ ਦੇ ਆਹੁਦੇ ਤੋਂ ਅਸਤੀਫਾ ਦਿੱਤਾ।
- 1995 ਮਾਈਕਰੋਸੋਫਟ ਵਿੰਡੋ 95 ਰਿਲੀਜ਼ ਕੀਤੀ।

ਕ੍ਰਾਂਤੀਕਾਰੀ ਸ਼ਹੀਦ ਰਾਜ ਗੁਰੂ ਦਾ ਪੂਰਾ ਨਾਮ ਸ਼ਿਵ ਰਾਮ ਰਾਜਗੁਰੂ ਸੀ। ਉਸਦੇ ਪਿਤਾ ਹਰੀ ਨਰਾਇਣ ਕੰਮ ਦੀ ਭਾਲ ਵਿੱਚ ਆਪਣੇ ਪਿੰਡ ਚਾਕਣ ਤੋਂ ਜਾ ਕੇ ਪਿੰਡ ਖੇੜਾ (ਪੂਣੇ ਲਾਗੇ) ਜਾ ਵੱਸਿਆ, ਇਥੇ ਹੀ ਰਾਜਗੁਰੂ ਦਾ ਜਨਮ 24-8- 1908 ਨੂੰ ਹੋਇਆ। ਉਹ ਅਜੇ ਛੇ ਸਾਲ ਦੇ ਸਨ ਜਦ ਉਨਾਂ ਦੇ ਪਿਤਾ ਦਾ ਦਿਹਾਂਤ ਹੋ ਗਿਆ। ਉਸਦੀ ਦੇਖ ਭਾਲ ਵੱਡੇ ਭਰਾ ਨੇ ਕੀਤੀ। ਉਸਨੂੰ ਸਕੂਲ ਦਾਖਲ ਕਰਾਇਆ ਪਰ ਉਨਾਂ ਦਾ ਮਨ ਪੜਾਈ ਵਿੱਚ ਨਾ ਹੋਣ ਕਰਕੇ ਉਹ ਘਰੋਂ ਭੱਜ ਕੇ ਬਨਾਰਸ ਵਿੱਚ ਇਕ ਅਧਿਆਪਕ ਕੋਲ ਚਲੇ ਗਏ। ਅਧਿਆਪਕ ਪੜਾਉਂਦਾ ਘੱਟ ਤੇ ਜਿਆਦਾ ਨੌਕਰਾਂ ਵਾਲਾ ਕੰਮ ਲੈਂਦਾਂ ਸੀ। ਪੜ੍ਹਾਈ ਤੋਂ ਬਾਅਦ ਬਨਾਰਸ ਦੇ ਸਕੂਲ ਵਿੱਚ ਹੀ ਪੀ ਟੀ ਆਈ ਅਧਿਆਪਕ ਲੱਗ ਗਿਆ। ਇਸੇ ਦੌਰਾਨ ਕ੍ਰਾਂਤੀਕਾਰੀ ਸ਼ਿਵ ਵਰਮਾ ਨਾਲ ਸੰਪਰਕ ਹੋਣ ਤੇ ਕ੍ਰਾਂਤੀਕਾਰੀ ਦਲ ਵਿੱਚ ਸ਼ਾਮਲ ਹੋ ਕੇ ਲਾਹੌਰ ਚੱਲਿਆ ਗਿਆ। ਉਹ ਭਗਤ ਸਿੰਘ ਦਾ ਪ੍ਰਸੰਸਕ ਤੇ ਦੋਸਤ ਬਣ ਗਿਆ। ਦੋਵੇਂ ਨਿਸ਼ਾਨਬਾਜ਼ ਪੱਕੇ ਸਨ। ਸਾਂਡਰਸ ਦੇ ਕਤਲ ਤੋਂ ਬਾਅਦ ਸਾਰੇ ਰਾਜਗੁਰੂ ਦੇ ਨਿਸ਼ਾਨੇ ਦੀ ਤਾਰੀਫ ਕਰ ਰਹੇ ਸਨ ਕਿ ਉਸਨੇ ਢਿੱਡ ਵਿੱਚ ਗੋਲੀ ਮਾਰੀ। 'ਨਹੀਂ, ਮੈਂ ਪੁੜਪੜੀ ਵਿੱਚ ਗੋਲੀ ਮਾਰੀ ਸੀ ਪਰ ਪਿਸਤੌਲ ਹੀ ਨਿੰਕਮਾ ਸੀ ਜੋ ਹਿਲ ਗਿਆ।' ਉਹ ਬਹੁਤ ਹੀ ਸਿੱਧੇ ਸੁਭਾਅ ਦਾ ਪਰ ਮੱਘਦੇ ਜ਼ਜਬੇ ਵਾਲਾ ਕ੍ਰਾਂਤੀਕਾਰੀ ਸੀ। ਰਾਜਗੁਰੂ ਤੇ ਭਗਤ ਸਿੰਘ ਦੁਰਗਾ ਭਾਬੀ ਨਾਲ ਆਗਰਾ ਪੁੱਜ ਗਏ। ਜਦੋਂ ਭਗਤ ਸਿੰਘ ਨੂੰ ਦਿੱਲੀ ਅਸੈਂਬਲੀ ਵਿੱਚ ਬੰਬ ਸੁੱਟਣ ਲਈ ਨਾਮਜ਼ਦ ਕੀਤਾ ਤਾਂ ਰਾਜਗੁਰੂ ਨੇ ਮੀਟਿੰਗ ਵਿੱਚ ਬਹੁਤ ਜ਼ੋਰ ਲਾਇਆ ਕਿ ਭਗਤ ਸਿੰਘ ਦੀ ਥਾਂ ਮੇਰਾ ਨਾਮ ਸ਼ਾਮਲ ਕੀਤਾ ਜਾਵੇ ਜਾਂ ਉਸਨੂੰ ਭਗਤ ਸਿੰਘ ਦਾ ਸਾਥੀ ਬਣਾ ਕੇ ਨਾਲ ਭੇਜਿਆ ਜਾਵੇ। ਉਸਦੇ ਸਾਥੀਆਂ ਨੇ ਕਿਹਾ ਕਿ ਉਸਨੂੰ ਅੰਗਰੇਜ਼ੀ ਘੱਟ ਆਉਦੀ ਇਸ ਲਈ ਉਹ ਪਾਰਟੀ ਦਾ ਪੱਖ ਉਥੇ ਚੰਗੀ ਤਰਾਂ ਨਹੀਂ ਰੱਖ ਸਕਦਾ।ਚੰਦਰ ਸ਼ੇਖਰ ਨੂੰ ਕਹਿਣ ਲੱਗਾ, 'ਮੈਨੂੰ ਅੰਗਰੇਜ਼ੀ ਵਿੱਚ ਬਿਆਨ ਤਿਆਰ ਕਰ ਦਿਉ ਮੈਂ ਉਸਨੂੰ ਰਟ ਕੇ ਬੋਲ ਦੇਵਾਂਗਾ, ਆਖਰ ਮੈਂ ਸੰਸਕਿਰਤੀ ਕੌਮਿਟੀ ਨੂੰ ਵੀ ਰਟਾ ਲਾਇਆ ਸੀ।' ਪਰ ਉਸਦੀ ਮੰਗ ਪ੍ਰਵਾਨ ਨਾ ਹੋਈ। ਬੰਬ ਸੁੱਟਣ ਦੇ ਨਾਲ ਨਾਲ ਲਾਹੌਰ ਸ਼ਾਜਿਸ ਕੇਸ ਵੀ ਕ੍ਰਾਂਤੀਕਾਰੀਆਂ ਖਿਲਾਫ ਚੱਲਿਆ। ਉਹਨਾਂ ਵਿੱਚੋਂ ਚੰਦਰ ਸ਼ੇਖਰ ਫਰਾਰ ਸਨ। ਅਕਤੂਬਰ 1930 ਨੂੰ ਹੋਏ ਫੈਸਲੇ ਵਿੱਚ ਭਗਤ ਸਿੰਘ, ਸੁਖਦੇਵ ਦੇ ਨਾਲ ਰਾਜਗੁਰੂ ਨੂੰ ਵੀ ਫਾਂਸੀ ਦੀ ਸਜ਼ਾ ਸੁਣਾਈ ਗਈ। ਰਾਜਗੁਰੂ ਖੁਸ਼ ਸੀ ਕਿਉਕਿ ਉਸਦੀ ਭਗਤ ਸਿੰਘ ਨਾਲ ਸ਼ਹੀਦ ਹੋਣ ਦੀ ਸਧਰ ਪੂਰੀ ਹੋਣ ਵਾਲੀ ਸੀ। 23 ਮਾਰਚ1931ਸ਼ਾਮ ਨੂੰ ਤਿੰਨੇ 'ਇਨਕਲਾਬ-ਜਿੰਦਾਬਾਦ' ਦੇ ਨਾਹਰੇ ਲਾਉਂਦੇ ਹੋਏ ਫਾਂਸੀ ਦੇ ਤਖਤੇ ਤੇ ਝੂਲ ਗਏ।

**ਸਮਾਜਵਾਦ ਤੇ ਔਰਤਾਂ**

- ਸਮਾਜਵਾਦੀ ਸੋਵੀਅਤ ਯੂਨੀਅਨ ਨੇ ਔਰਤਾਂ ਨੂੰ 1917 ਵਿੱਚ ਹੀ ਉਸ ਵੇਲੇ ਵੋਟ ਦਾ ਹੱਕ ਦੇ ਦਿੱਤਾ ਸੀ ਜਦੋਂ ਇਟਲੀ, ਫ਼ਰਾਂਸ, ਇੰਗਲੈਂਡ, ਬੈਲਜੀਅਮ ਜਿਹੇ ਪੱਛਮ ਦੇ ਬਹੁਤ ਸਾਰੇ ਮੁਲਕਾਂ ਵਿੱਚ ਇਹ ਇੱਕ ਸੁਪਨਾ ਹੀ ਸੀ ।
- 1922 ਵਿੱਚ ਸੋਵੀਅਤ ਯੂਨੀਅਨ ਨੇ ਵਿਆਹੁਤਾ ਬਲਾਤਕਾਰ ਨੂੰ ਜੁਰਮ ਐਲਾਨਿਆ ਜਦਕਿ ਭਾਰਤ ਵਿੱਚ ਬਲਾਤਕਾਰ ਦਾ ਇਹ ਘਿਣਾਉਣਾ ਰੂਪ ਅੱਜ ਵੀ ਆਮ ਹੈ ਸਗੋਂ ਸਮਾਜ ਦੇ ਪਿਛਾਖੜੀ ਹਿੱਸਿਆਂ ਵਿੱਚ ਪ੍ਰਵਾਨਿਤ ਹੈ।
- 1920 ਵਿੱਚ ਔਰਤਾਂ ਲਈ ਅਣਚਾਹੇ ਗਰਭ ਤੋਂ ਛੁਟਕਾਰੇ ਖ਼ਾਤਰ ਗਰਭਪਾਤ ਨੂੰ ਕਾਨੂੰਨੀ ਮਾਨਤਾ ਦਿੱਤੀ ਗਈ ਤੇ ਤਨਖ਼ਾਹ ਸਮੇਤ ਜਣੇਪਾ ਛੁੱਟੀ ਲਾਜ਼ਮੀ ਕੀਤੀ ਗਈ ਤੇ ਕੌਮੀ ਪੱਧਰ 'ਤੇ ਬੱਚਿਆਂ ਦੀ ਦੇਖਭਾਲ ਲਈ ਕੇਂਦਰ ਬਣਾਏ ਗਏ। ਜਦਕਿ ਅਮਰੀਕਾ ਦੇ ਸ਼ਹਿਰ ਨਿਊਯਾਰਕ ਵਿੱਚ 1970 ਤੱਕ ਇਕੱਲੀ ਔਰਤ ਉਦੋਂ ਤੱਕ ਮਕਾਨ ਕਿਰਾਏ 'ਤੇ ਨਹੀਂ ਸੀ ਲੈ ਸਕਦੀ ਜਦੋਂ ਤੱਕ ਇੱਕ ਮਰਦ ਦੀ ਗਵਾਹੀ ਨਾ ਪਵੇ ਤੇ ਅਮਰੀਕਾ ਵਿੱਚ ਗਰਭਪਾਤ ਦਾ ਹੱਕ 1973 ਵਿੱਚ ਜਾ ਕੇ ਮਿਲਿਆ।

**- ਮੁਖਵਿੰਦਰ ਚੋਹਲਾ ਮਰਹੂਮ**

**-ਚਲੰਤ ਕੁਲਵੰਤ ਸਿੰਘ ਤਰਨਤਾਰਨ**










*1 ਸਤੰਬਰ ਨੂੰ 106 ਵੀਂ ਬਰਸੀ ਤੇ ਵਿਸ਼ੇਸ਼*

# ਮਹਾਨ ਗ਼ਦਰੀ ਸ਼ਹੀਦ-ਰੁਲੀਆ ਸਿੰਘ ਸਰਾਭਾ (ਕਾਲੇ ਪਾਣੀ)



ਜਸਦੇਵ ਸਿੰਘ ਲਲਤੋਂ
96464-02470

ਮਨੁੱਖੀ ਸਮਾਜ ਦੇ ਤਰਥੱਲੀਆਂ ਭਰੇ ਦੌਰ ਅੰਦਰ ਇਤਿਹਾਸ ਦੀ ਧਾਰਾ ਨੂੰ ਅਗਾਂਹਵਧੂ ਦਿਸ਼ਾ 'ਚ ਤੋਰਨ, ਮਨੁੱਖੀ ਸਮਾਜ 'ਚ ਛਾਈਆਂ ਪੱਤਝੜਾਂ ਨੂੰ ਬਦਲ ਕੇ ਨਵੀਆਂ ਸੁਰਖ ਬਹਾਰਾਂ ਦੀ ਸਿਰਜਣਾ ਕਰਨ ਲਈ ਜੂਝ ਰਹੀਆਂ ਲੋਕ ਲਹਿਰਾਂ ਦੇ ਤੂਫਾਨਾਂ ਅੰਦਰ ਅਜੇਹੇ ਮਹਾਨ ਯੋਧੇ ਉਭਰ ਕੇ ਦ੍ਰਿਸ਼ 'ਤੇ ਆਉਂਦੇ ਹਨ, ਜੋ ਕਹਿਣੀ ਤੇ ਕਰਨੀ ਦੇ ਪੂਰੇ ਹੁੰਦੇ ਹਨ ਤੇ ਜਾਨਾਂ ਤੱਕ ਵਾਰਨ ਲਈ ਤਿਆਰ ਹੋ ਜਾਂਦੇ ਹਨ ਤੇ ਦੂਜਿਆਂ ਲਈ ਉਤਸ਼ਾਹ ਤੇ ਪ੍ਰੇਰਨਾ ਦਾ ਸਰੋਤ ਬਣਦੇ ਹਨ। ਕਰਤਾਰ ਸਿੰਘ ਸਰਾਭਾ ਨੂੰ ਅੱਗੇ ਤੋਰਨ ਵਾਲਾ ਅਜੇਹਾ ਮਹਾਨ ਨਾਇਕ ਸੀ ਰੁਲੀਆ ਸਿੰਘ ਸਰਾਭਾ।

ਰੁਲੀਆ ਸਿੰਘ ਸਰਾਭਾ ਦਾ ਜਨਮ ਪਿਤਾ ਜੀ ਸ. ਜਗਤ ਸਿੰਘ ਦੇ ਘਰੇ ਲੁਧਿਆਣਾ ਜਿਲ੍ਹੇ ਦੇ ਪਿੰਡ ਸਰਾਭਾ ਵਿਖੇ 19ਵੀਂ ਸਦੀ ਦੇ 9ਵੇਂ ਦਹਾਕੇ ਦੌਰਾਨ ਹੋਇਆ। ਪਿਤਾ ਜੀ ਬਚਪਨ ਵਿੱਚ ਹੀ ਵਿਛੋੜਾ ਦੇ ਗਏ । ਵਿਧਵਾ ਮਾਤਾ ਜੀ ਨੇ ਬੇਅੰਤ ਮੁਸ਼ਕਿਲਾਂ ਝੱਲਦਿਆਂ, ਅਣਥੱਕ ਘਾਲਣਾ ਘਾਲਦਿਆਂ ਰੁਲੀਆ ਸਿੰਘ ਦਾ ਪਾਲਣ ਪੋਸ਼ਣ ਕੀਤਾ ਤੇ ਪੜ੍ਹਾਇਆ। ਬੜੇ ਚਾਵਾਂ, ਮਲਾਰਾਂ ਨਾਲ ਆਪ ਜੀ ਦਾ ਵਿਆਹ ਕੀਤਾ, ਪਰੰਤੂ ਥੋੜੇ ਮਹੀਨਿਆਂ ਬਾਅਦ ਹੀ ਆਪ ਦੀ ਪਤਨੀ ਦੀ ਮੌਤ ਹੋ ਗਈ। ਬੇਰੁਜਗਾਰੀ ਅਤੇ ਗੁਰਬਤ ਵਿੱਚੋਂ ਕੱਢਣ ਲਈ ਬਿਰਧ ਮਾਤਾ ਜੀ ਨੇ ਆਪ ਨੂੰ ਕਮਾਈ ਲਈ ਅਮਰੀਕਾ ਭੇਜਿਆ।

ਉਨ੍ਹੀਂ ਦਿਨੀਂ ਅਮਰੀਕਨ ਨਸਲ ਪ੍ਰਸਤਾਂ ਵੱਲੋਂ ਹਿੰਦੀ ਮਜ਼ਦੂਰਾਂ ਤੇ ਕਈ ਹਮਲੇ ਕੀਤੇ ਗਏ। ਕਈ ਵਾਰੀ ਭਾਰਤੀਆਂ ਨੂੰ ਜ਼ਬਰੀ ਗੱਡੀਆਂ 'ਚ ਚੜ੍ਹਾ ਕੇ ਦੂਰ-ਦੁਰਾਡੇ ਅਮਰੀਕੀ ਜੰਗਲਾਂ 'ਚ ਛੱਡੇ ਜਾਣ ਦੀਆਂ ਮੰਦ ਘਟਨਾਵਾਂ ਵੀ ਵਾਪਰੀਆਂ। ਬੱਸ ਅੱਡਿਆਂ, ਰੇਲਵੇ ਸਟੇਸ਼ਨਾਂ, ਹੋਟਲਾਂ, ਬਜਾਰਾਂ ਤੇ ਘਰਾਂ 'ਚ ਭਾਰਤੀਆਂ ਨੂੰ 'ਕੁੱਤੇ', 'ਹਿੰਦੀ ਸਲੇਵ' ਆਦਿ ਕਹਿ ਕੇ ਪੁਕਾਰਨਾ ਆਮ ਗੱਲ ਬਣੀ ਹੋਈ ਸੀ। ਇਨ੍ਹਾਂ ਹਲਾਤਾਂ ਨੇ ਅਣਖੀ ਤੇ ਗੈਰਤਮੰਦ ਰੁਲੀਆ ਸਿੰਘ ਦੇ ਨਾਜ਼ੁਕ ਮੰਨ 'ਚ ਗੁਲਾਮੀ ਪ੍ਰਤੀ ਨਫਰਤ ਤੇ ਗੁੱਸਾ ਪ੍ਰਚੰਡ ਕਰ ਦਿੱਤਾ ਤੇ ਅਜਾਦੀ ਦੀ ਤੜਪ ਤੇ ਤਾਂਘ ਦੀ ਚੰਗਿਆੜੀ ਬਾਲ ਦਿੱਤੀ ।

ਰੁਲੀਆ ਸਿੰਘ 1912 ਵਿੱਚ ਅਸਟੋਰੀਆ ਸ਼ਹਿਰ ਦੀ ਇਕ ਮਿੱਲ ਵਿੱਚ ਕੰਮ ਤੇ ਲੱਗਾ ਹੋਇਆ ਸੀ। ਅੰਗਰੇਜ਼ ਸਾਮਰਾਜਵਾਦ ਤੋਂ ਹਿੰਦ ਦੀ ਮੁਕਤੀ ਤੇ ਬਰਾਬਰੀ ਵਾਲੇ ਨਵੇਂ ਨਰੋਏ ਦੇਸ ਰਾਜ ਦੀ ਸਥਾਪਨਾ ਲਈ ਹੋਣ ਵਾਲੀਆਂ ਹਿੰਦੀਆਂ ਦੀਆਂ ਮੀਟਿੰਗਾਂ 'ਚ ਸਰਗਰਮੀ ਨਾਲ ਭਾਗ ਲੈਣ ਲੱਗਿਆ। ਕਰਤਾਰ ਸਿੰਘ ਸਰਾਭਾ ਬਰਕਲੇ ਯੂਨੀਵਰਸਿਟੀ 'ਚ ਕੁੱਝ ਛੁੱਟੀਆਂ ਹੋਣ ਕਾਰਨ, ਰੁਲੀਆ ਸਿੰਘ ਪਾਸ ਆਇਆ ਹੋਇਆ ਸੀ। ਉਹ ਵੀ ਇਕ ਮੀਟਿੰਗ 'ਚ ਨਾਲ ਚਲਾ ਗਿਆ। ਰੁਲੀਆ ਸਿੰਘ ਨੇ ਕਰਤਾਰ ਸਿੰਘ ਨੂੰ ਕਿਹਾ, 'ਤੂੰ ਹਾਲੇ ਕੱਲ ਦਾ ਮੁੰਡਾ ਏਂ। ਤੇਰੀ ਉਮਰ ਅਜਿਹੇ ਕੰਮ ਕਰਨ ਦੀ ਨਹੀਂ। ਨਾਲੇ ਤੈਨੂੰ ਪਤਾ ਤੇਰੇ ਮਾਤਾ-ਪਿਤਾ ਤੇਰੇ ਨਿੱਕੇ ਹੁੰਦਿਆਂ ਹੀ ਤੁਰ ਗਏ ਸਨ। ਤੇਰੇ ਦਾਦਾ ਜੀ ਦੀਆਂ ਤੇਰੇ 'ਤੇ ਕਿੰਨੀਆਂ ਉਮੀਦਾਂ ਨੇ। ਤੈਨੂੰ ਅਮਰੀਕਾ ਪੜ੍ਹਨ ਭੇਜਿਆ। ਪੜ੍ਹਨ ਲਈ ਸਾਰਾ ਖਰਚ ਦੇਸ਼ ਤੋਂ ਭੇਜ ਰਹੇ ਹਨ।" ਕਰਤਾਰ ਸਿੰਘ ਤੇ ਇਨ੍ਹਾਂ ਗੱਲਾਂ ਦਾ ਕੁੱਝ ਅਸਰ ਹੋਇਆ। ਰੁਲੀਆ ਸਿੰਘ ਨੇ ਉਸਨੂੰ ਵਾਪਸ ਬਰਕਲੇ ਯੂਨੀ: ਭੇਜ ਦਿੱਤਾ। ਪ੍ਰੰਤੂ ਥੋੜੇ ਮਹੀਨਿਆਂ ਪਿੱਛੋਂ ਇਕ ਹੋਟਲ ਵਿਖੇ, ਜਿਸਦੇ ਬਾਹਰ ਲਿਖਿਆ ਹੋਇਆ ਸੀ, "ਭਾਰਤੀ ਤੇ ਕੁੱਤੇ ਅੰਦਰ ਨਹੀਂ ਆ ਸਕਦੇ" ਵਾਪਰੀ ਟੱਕਰ ਨੇ ਕਰਤਾਰ ਸਿੰਘ ਨੂੰ ਮੁੜ ਰੁਲੀਆ ਸਿੰਘ ਪਾਸ ਲੈ ਆਂਦਾ। ਕਰਤਾਰ ਸਿੰਘ ਨੇ ਸਾਰੀ ਵਾਰਤਾ ਉਪਰੰਤ ਕਿਹਾ, "ਹੁਣ ਮੈਨੂੰ ਬਿਲਕੁੱਲ ਨਾ ਰੋਕਣਾ।" ਰੁਲੀਆ ਸਿੰਘ ਨੇ ਕਿਹਾ, "ਚੰਗਾ ਹੁਣ ਮੁੰਡਿਆਂ ਵਾਲੀ ਗੱਲ ਨਾ ਕਰੀਂ, ਕੁੱਝ ਕਰਕੇ ਵਿਖਾਈਂ।" ਕਰਤਾਰ ਸਿੰਘ ਨੇ ਜਵਾਬ ਦਿੱਤਾ, "ਤੁਹਾਨੂੰ ਆਪੇ ਪਤਾ ਲੱਗਾ ਜਾਵੇਗਾ, ਤੁਸੀਂ ਮੇਰੇ ਤੇ ਭਰੋਸਾ ਰੱਖੋ।"



ਰੁਲੀਆ ਸਿੰਘ ਗ਼ਦਰ ਪਾਰਟੀ ਦੇ ਫੈਸਲੇ ਅਨੁਸਾਰ, "ਤੋਸ਼ਾਮਾਰੂ" ਜਹਾਜ਼ ਰਾਹੀਂ ਕਲੱਕਤੇ ਪੁੱਜੇ। ਗੋਰੀ ਸਰਕਾਰ ਨੇ ਗ਼ਦਰੀਆਂ ਤੇ ਪਹਿਲਾਂ ਹੀ ਵੱਡਾ ਹਮਲਾ ਵਿੱਢਿਆ ਹੋਇਆ ਸੀ। ਰੁਲੀਆ ਸਿੰਘ ਤੇ ਅਰਜਨ ਸਿੰਘ ਸਰਾਭਾ ਸੈਂਕੜੇ ਗ਼ਦਰੀਆਂ ਨੂੰ ਵਿਸ਼ੇਸ਼ ਰੇਲ ਗੱਡੀਆਂ ਰਾਹੀਂ ਪੁਲਿਸ ਦੀ ਨਿਗਰਾਨੀ ਵਿੱਚ ਪੰਜਾਬ ਲਿਆ ਰਹੇ ਸਨ ਕਿ ਗੱਡੀ ਰਾਏਵਿੰਡ ਜੰਕਸ਼ਨ ਤੋਂ ਹੌਲੀ ਹੋਈ। ਇਕ ਖੁਫੀਆ ਅਫਸਰ ਨਜ਼ਰਬੰਦੀ ਵਾਰੰਟ ਲੈ ਕੇ ਆਇਆ, ਤਾਂ ਰੁਲੀਆ ਸਿੰਘ ਫੁਰਤੀ ਨਾਲ ਹੌਲੀ ਹੋਈ ਗੱਡੀ 'ਚੋਂ ਛਾਲ ਮਾਰ ਕੇ ਫਰਾਰ ਹੋ ਗਿਆ ਤੇ ਸਿੱਧਾ ਪੰਜਾਬ ਆ ਪੁੱਜਿਆ।

ਰੁਲੀਆ ਸਿੰਘ, ਕਰਤਾਰ ਸਿੰਘ ਨੂੰ ਢੁਡੀਕੇ ਦੀ ਇਤਿਹਾਸਿਕ ਮੀਟਿੰਗ ਵਿੱਚ ਮਿਲਿਆ; ਜਿਸ ਵਿੱਚ 50-60 ਗ਼ਦਰ ਯੋਧੇ ਸ਼ਾਮਲ ਹੋਏ। ਰੁਲੀਆ ਸਿੰਘ ਗ਼ਦਰ ਪਾਰਟੀ ਵੱਲੋਂ ਮਾਰੇ ਸਾਰੇ ਡਾਕਿਆਂ 'ਚ ਕਰਤਾਰ ਸਿੰਘ ਨਾਲ ਸ਼ਾਮਲ ਹੁੰਦਾ। ਫੌਜੀ ਛਾਉਣੀਆਂ ਵਿਚ ਜਾ ਕੇ ਫੌਜੀਆਂ ਨੂੰ ਗ਼ਦਰ ਲਈ ਤਿਆਰ ਕਰਨ 'ਚ ਮੋਹਰੀ ਰੋਲ ਨਿਭਾਉਂਦਾ।

ਇਕ ਵੇਰ ਬੀਮਾਰ ਹੋਣ ਕਰਕੇ, ਰੁਲੀਆ ਸਿੰਘ ਪਿੰਡ ਸਿੱਧਵਾਂ ਵਿਖੇ, ਜੀਵਾ ਸਿੰਘ ਦੇ ਘਰ ਠਹਿਰੇ ਹੋਏ ਸਨ। ਅੰਗਰੇਜੀ ਪੁਲਿਸ ਤੇ ਸੀ.ਆਈ.ਡੀ. ਗ਼ਦਰੀਆਂ ਦੀ ਫੜੋ ਫੜੀ ਲਈ ਪਿੰਡ-ਪਿੰਡ ਕੁੱਤਿਆਂ ਵਾਂਗ ਹਰਲ-ਹਰਲ ਕਰਦੀ ਫਿਰਦੀ ਸੀ। ਸੀ.ਆਈ.ਡੀ. ਵਾਲੇ ਇਕ ਬਦਨਾਮ ਟਾਊਟ ਨੂੰ ਲੈ ਕੇ ਜੀਵਾ ਸਿੰਘ ਦੇ ਘਰੇ ਪੁੱਜ ਗਏ, ਮੱਝਾਂ ਦੇ ਵਪਾਰੀ ਬਣ ਕੇ। ਸ਼ੱਕ ਪੈਣ ਤੇ ਜੀਵਾ ਸਿੰਘ ਨੇ ਰੁਲੀਆ ਸਿੰਘ ਨੂੰ ਕਿਹਾ ਕਿ ਉਹ ਪਿਛਲੀ ਪੌੜੀ ਚੜ ਕੇ ਨਿਕਲ ਜਾਵੇ। ਰੁਲੀਆ ਸਿੰਘ ਨੇ ਸੋਚਿਆ ਕਿ ਮੇਰੇ ਭੱਜਣ ਪਿੱਛੋਂ ਜੀਵਾ ਸਿੰਘ ਫੜਿਆ ਜਾਵੇਗਾ (ਜੋ ਕਿ ਸਰਾਭੇ ਪਿੰਡ ਜਵਾਈ ਹੈ)। ਉਨ੍ਹਾਂ ਨੇ ਪੰਜਾਬੀ ਸੱਭਿਆਚਾਰ ਦੀਆਂ ਉਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਮੁਤਾਬਿਕ ਆਪ ਦੀ ਥਾਂ ਤੇ ਜਵਾਈ ਨੂੰ ਫੜਾਉਣਾ ਗਲਤ ਸਮਝਿਆ। ਸੋ ਆਪ ਫੜੇ ਜਾਣ ਦਾ ਫੈਸਲਾ ਕਰ ਲਿਆ। ਇੰਨੇ ਨੂੰ ਪੁਲਿਸ ਨੇ ਘਰ ਨੂੰ ਘੇਰਾ ਪਾ ਕੇ ਰੁਲੀਆ ਸਿੰਘ ਨੂੰ ਗ੍ਰਿਫਤਾਰ ਕਰ ਲਿਆ।

ਲਾਹੌਰ ਵਿਖੇ "ਪਹਿਲਾ ਲਾਹੌਰ ਸਾਜਿਸ਼ ਕੇਸ" ਚੱਲ ਕੇ ਰੁਲੀਆ ਸਿੰਘ ਸਮੇਤ 24 ਗ਼ਦਰੀਆਂ ਨੂੰ ਫਾਂਸੀ ਦੀ ਸਜਾ ਹੋਈ। ਜਿਸ ਵਿੱਚੋਂ ਰੁਲੀਆ ਸਿੰਘ ਸਮੇਤ 17 ਦੀ ਸਜ਼ਾ ਵਾਇਸਰਾਏ ਨੇ ਬਦਲ ਕੇ ਕਾਲੇ ਪਾਣੀ ਦੀ ਉਮਰ ਕੈਦ ਵਿੱਚ ਪਲਟ ਦਿੱਤੀ। ਆਪ ਅੰਡੇਮਾਨ/ਨਿਕੋਬਾਰ ਦੇ ਕਾਲੇ ਪਾਣੀਆਂ ਵਿੱਚ ਅੰਗਰੇਜ ਹਕੂਮਤ ਦੇ ਵਹਿਸ਼ੀਆਨਾ ਜਬਰ ਦੇ ਖਿਲਾਫ ਹਰ ਭੁੱਖ ਹੜਤਾਲੀ ਐਕਸ਼ਨ ਵਿੱਚ ਡੱਟ ਕੇ ਭਾਗ ਲੈਂਦੇ ਰਹੇ। ਅਖੀਰ ਗੋਰੀ ਸਰਕਾਰ ਦੇ ਅਸਿਹ ਤੇ ਅਕਿਹ ਤਸੀਹੇ ਝੱਲਦੇ ਹੋਏ 1 ਸਤੰਬਰ 1918 ਨੂੰ ਅੰਡੇਮਾਨ ਦੀ ਸੈਲੂਲਰ ਜੇਲ੍ਹ 'ਚ ਸ਼ਹੀਦੀ ਪਾ ਗਏ। ਗ਼ਦਰੀ ਸ਼ਹੀਦਾਂ ਸਮੇਤ ਸਮੁੱਚੇ ਦੇਸ਼ ਭਗਤ ਯੋਧਿਆਂ ਦੀਆਂ ਬੇਮਿਸਾਲ ਕੁਰਬਾਨੀਆਂ ਸਦਕਾ ਜਿੱਥੇ ਬਰਤਾਨਵੀ ਸਾਮਰਾਜ ਨੂੰ ਹਿੰਦ 'ਚੋਂ ਨਿਕਲਣਾ ਪਿਆ, ਉਥੇ ਉਨ੍ਹਾਂ ਦਾ ਬਰਾਬਰੀ ਖੁਸ਼ਹਾਲੀ ਤੇ ਨਿਆਂ ਵਾਲਾ ਸੱਚਾ-ਸੁੱਚਾ ਤੇ ਖਰਾ ਸਮਾਜਵਾਦੀ ਲੋਕ ਜਮਹੂਰੀ ਰਾਜ ਪ੍ਰਬੰਧ ਕਾਇਮ ਕਰਨ ਦਾ ਸੁਪਨਾ ਅੱਜ ਵੀ ਅਧੂਰਾ ਹੈ। ਇਸ ਅਧੂਰੇ ਸੁਪਨੇ ਨੂੰ ਸਾਕਾਰ ਕਰਨ ਲਈ ਜੂਝ ਰਹੀਆਂ ਦੇਸ਼ ਪ੍ਰੇਮੀ, ਅਗਾਂਹਵਧੂ, ਜਮਹੂਰੀ ਤੇ ਕ੍ਰਾਂਤੀਕਾਰੀ ਤਾਕਤਾਂ ਲਈ ਰੁਲੀਆ ਸਿੰਘ ਸਰਾਭਾ ਇਕ ਰੌਸ਼ਨ ਸੂਹੇ ਸਿਤਾਰੇ ਦੀ ਤਰ੍ਹਾਂ ਸਦਾ-ਸਦਾ ਲਈ ਪ੍ਰੇਰਨਾ, ਉਤਸ਼ਾਹ ਤੇ ਸਿੱਖਿਆ ਦਾ ਸੋਮਾ ਬਣ ਕੇ ਅਮਰ ਰਹਿਣਗੇ। ਉਹਨਾਂ ਦੇ ਵਾਰਸ ਅੱਜ ਉਹਨਾਂ ਨੂੰ 106ਵੀਂ ਬਰਸੀ ਮੌਕੇ ਦੇਸ਼-ਵਿਦੇਸ਼ 'ਚ ਭਰਪੂਰ ਸ਼ਰਧਾਂਜਲੀਆਂ ਭੇਟ ਕਰਨਗੇ।

WEST COAST HOME & TRUSS LTD.
Manufacturers of Quality Pre-Engineered Metal Plate Connected Wood Trusses
CUSTOM PRODUCTS AND SERVICES OFFERED :
- Pre-Engineered Roof and Floor Trusses
- Metal Web Floor Trusses
- Custom Heavy Timber Trusses and Timber Framing Kits
- Curved Roof and Ceiling Trusses
- Curved Timber and Laminated Joists
- Curved Fascias and Trims
- Pre-Fab Barreled and Double Barreled Vaulted Ceilings
- Pre-Fab Dome and Elliptical Ceilings
- Structural Engineering and Inspection Services (BC, Alberta & Saskatchewan)

10230-120 Street Surrey, BC, V3V 4G1 (604) 580-3275
www.westcoasttruss.ca | info@westcoasttruss.ca (778) 896-7194

SimpleX MECHANICAL LTD
We make customers not sales
HVAC • REFRIGERATION
SERVICES
- AC
- HEAT PUMP
- FURNACE
- HRV - CRV
- SHEET METAL
- WALK IN COOLER & FREEZER
Townhouse Project Residential Commercial
10 Year Labor Warranty
We Finance Too
York Authorized Dealer
YORK

WE DO INSTALL & SERVICE
ALL MAJOR BRANDS
Ritesh Vashisht
604.657.9420
Email: simplexmechanical@hotmail.com
www.hvacsurreybc.ca

A Class Granite Ltd.
A CLASS GRANITE
PRICED RIGHT AND DONE RIGHT

CALL FOR A FREE ESTIMATE
MALKIT
WWW.ACLASSGRANITE.ORG
- KITCHEN COUNTERS
- VANITIES
- FIRE PLACES
- STAIRCASES
- INSTALLATIONS
- REPAIRS
778 889 9526
#48,49 13315 115 Ave Surrey
Office: 604.496.6746
m.swaich@aclassgranite.org
www.aclassgraniteltd.com

MAROK LAW OFFICE
Always Taking You Forward

• Corporate Law • Real Estate
Wills • Affidavits • Power of Attorney
VIPANDEEP SINGH MAROK
Barrister, Solicitor & Notary Public M.A., LLB
80 Maritime Ontario Blvd, Unit# 60,
Brampton, Ontario L6S 0E7
Ph. 905 790 8100, Fax : 905 790 8150
Email : vipanmarok@gmail.com
www.maroklaw.com

# ਸੁਪਰੀਮ ਕੋਰਟ ਨੇ ਕਰੋੜਪਤੀਆਂ ਲਈ ਬੇਘਰ ਹੋਣ ਨੂੰ ਦਿੱਤਾ ਅਪਰਾਧ ਕਰਾਰ

ਸੁਪਰੀਮ ਕੋਰਟ ਨੇ ਕਰੋੜਪਤੀਆਂ ਲਈ ਬੇਘਰ ਹੋਣ ਨੂੰ ਅਪਰਾਧ ਕਰਾਰ ਦਿੱਤਾ ਹੈ 28 ਜੂਨ ਨੂੰ, ਗੈਰ-ਚੁਣੇ ਹੋਏ ਯੂ.ਐਸ. ਸੁਪਰੀਮ ਕੋਰਟ ਨੇ ਗ੍ਰਾਂਟਸ ਪਾਸ, ਓਰੇਗਨ ਬਨਾਮ ਜੌਹਨਸਨ ਦੇ ਕੇਸ ਵਿੱਚ ਫੈਸਲਾ ਸੁਣਾਇਆ ਕਿ ਯੂ.ਐਸ. ਸੰਵਿਧਾਨ ਲੋਕਾਂ ਨੂੰ ਬਾਹਰ ਸੌਣ ਲਈ ਬੇਰਹਿਮ ਅਤੇ ਅਸਾਧਾਰਨ ਸਜ਼ਾ ਤੋਂ ਨਹੀਂ ਬਚਾਉਂਦਾ ਹੈ, ਭਾਵੇਂ ਉਹਨਾਂ ਕੋਲ ਹੋਰ ਕਿਤੇ ਨਹੀਂ ਹੈ। ਬੇਘਰਿਆਂ ਨੂੰ ਅਪਰਾਧਿਕ ਬਣਾਉਣ ਲਈ ਵੋਟ ਪਾਉਣ ਵਾਲੇ ਛੇ ਜੱਜਾਂ ਦੀ ਸੰਯੁਕਤ ਜਾਇਦਾਦ $54 ਮਿਲੀਅਨ ਹੈ। ਕੈਲੀਫੋਰਨੀਆ ਦੇ ਗਵਰਨਰ ਗੇਵਿਨ ਨਿਊਜ਼ਮ, ਡੈਮੋਕ੍ਰੇਟਿਕ ਪਾਰਟੀ ਦੇ ਪਿਆਰੇ ਅਤੇ ਅਮਰੀਕੀ ਰਾਜਨੀਤੀ ਵਿੱਚ ਇੱਕ ਉੱਭਰਦੇ ਸਿਤਾਰੇ ਨੇ ਤੁਰੰਤ ਇੱਕ ਕਾਰਜਕਾਰੀ ਆਦੇਸ਼ ਜਾਰੀ ਕੀਤਾ ਜਿਸ ਵਿੱਚ ਕੈਲੀਫੋਰਨੀਆ ਦੀਆਂ ਸਾਰੀਆਂ ਰਾਜ ਏਜੰਸੀਆਂ ਨੂੰ ਬੇਘਰੇ ਕੈਂਪਾਂ ਨੂੰ ਖਾਲੀ ਕਰਨ ਦਾ ਨਿਰਦੇਸ਼ ਦਿੱਤਾ ਗਿਆ। ਜਦੋਂ ਕਿ ਮਿਉਂਸਪੈਲਟੀਆਂ ਨੂੰ ਪਾਲਣਾ ਕਰਨ ਦੀ ਲੋੜ ਨਹੀਂ ਹੈ, ਨਿਉਜ਼ਮ ਨੇ ਧਮਕੀ ਦਿੱਤੀ ਹੈ ਕਿ ਉਹ ਰਾਜ ਦੇ ਫੰਡਾਂ ਨੂੰ ਉਹਨਾਂ ਤੋਂ ਦੂਰ ਮੋੜ ਦੇਣਗੇ ਜੋ ਪਾਲਣਾ ਨਹੀਂ ਕਰਦੇ ਹਨ। ਲਾਸ ਏਂਜਲਸ ਅਤੇ ਹੋਰ ਸ਼ਹਿਰਾਂ ਦੇ ਮੇਅਰ ਬਾਸ ਇਸ ਦੀ ਪਾਲਣਾ ਕਰਨ ਤੋਂ ਇਨਕਾਰ ਕਰ ਰਹੇ ਹਨ। ਬਾਸ ਨੇ ਲਾਸ ਏਂਜਲਸ ਦੇ ਵੱਡੇ ਬੇਘਰੇ ਸੰਕਟ ਨੂੰ ਹੱਲ ਕਰਨ ਲਈ ਮੁਹਿਮ ਚਲਾਈ ਅਤੇ 'ਇਨਸਾਈਡ ਸੇਫ' ਨਾਮਕ ਇੱਕ ਮੁਹਿੰਮ ਸ਼ੁਰੂ ਕੀਤੀ, ਜਿਸ ਵਿੱਚ ਐਮਰਜੈਂਸੀ ਦੀ ਮਿਉਂਸਪਲ ਸਥਿਤੀ ਵੀ ਸ਼ਾਮਲ ਹੈ। ਅਪ੍ਰੈਲ ਵਿੱਚ ਉਸਨੇ ਕਾਰੋਬਾਰਾਂ ਨੂੰ LADLA ਨਾਮਕ ਇੱਕ ਨਵੇਂ ਫੰਡ ਵਿੱਚ ਯੋਗਦਾਨ ਪਾਉਣ ਲਈ ਕਿਹਾ। ਬਾਸ ਪ੍ਰਸ਼ਾਸਨ ਦਾ ਦਾਅਵਾ ਹੈ ਕਿ ਇਸ ਨੇ ਤਰੱਕੀ ਕੀਤੀ ਹੈ ਜੋ ਕਿ ਅੰਕੜਿਆਂ ਅਨੁਸਾਰ ਸੱਚ ਹੋ ਸਕਦਾ ਹੈ, ਪਰ ਲਾਸ ਏਂਜਲਸ ਦੀਆਂ ਸੜਕਾਂ ਅਜੇ ਵੀ ਛੋਟੇ ਅਤੇ ਵੱਡੇ ਟੈਂਟ ਸ਼ਹਿਰਾਂ ਨਾਲ ਭਰੀਆਂ ਹੋਈਆਂ ਹਨ ਜੋ ਸਮੇਂ-ਸਮੇਂ 'ਤੇ ਬਾਹਰ ਧੱਕੀਆਂ ਜਾਂਦੀਆਂ ਹਨ ਅਤੇ ਫਿਰ ਕੁਝ ਹਫ਼ਤਿਆਂ ਬਾਅਦ ਦੁਬਾਰਾ ਉਭਰਦੀਆਂ ਹਨ। ਇੱਕ ਸਾਲ ਪਹਿਲਾਂ ਮੇਅਰ ਅਤੇ ਸਿਟੀ ਕਾਉਂਸਿਲ ਨੇ ਲਾਸ ਏਂਜਲਸ ਪੁਲਿਸ ਵਿਭਾਗ ਲਈ 12% ਦੇ ਵਾਧੇ ਨੂੰ ਮਨਜ਼ੂਰੀ ਦਿੱਤੀ, ਜੋ ਕਿ ਇਸਦੀ ਨਸਲਵਾਦ ਅਤੇ ਬੇਰਹਿਮੀ ਲਈ ਬਦਨਾਮ ਹੈ, ਬਿਨਾਂ ਕਿਸੇ ਫੰਡ ਦੀ ਭੀਖ ਮੰਗੇ, ਪਰ ਅਜੇ ਵੀ ਕਾਫ਼ੀ ਆਸਰਾ ਬਿਸਤਰੇ ਨਹੀਂ ਹਨ। ਵਧੇਰੇ ਆਸਰਾ ਬਿਸਤਰੇ ਜੋੜਨਾ ਘੱਟੋ-ਘੱਟ ਹੈ ਜੋ ਲੋਕਾਂ ਨੂੰ ਠਹਿਰਾਉਣ ਲਈ ਕੀਤੇ ਜਾਣ ਦੀ ਲੋੜ ਹੈ। ਅਸਲ ਵਿੱਚ ਸਭ ਲਈ ਮਕਾਨ ਅਤੇ ਨੌਕਰੀਆਂ ਜਾਂ ਆਮਦਨ ਦੀ ਲੋੜ ਹੈ। ਬੇਘਰ ਹੋਣ 'ਤੇ ਯੂ.ਐਸ ਸੈਨੇਟ ਦੀ ਤੱਥ ਸ਼ੀਟ ਦੇ ਅਨੁਸਾਰ, ਯੂ.ਐਸ. ਅਮਰੀਕਾ ਵਿੱਚ 653,100 ਬੇਘਰ ਲੋਕਾਂ ਵਿੱਚੋਂ ਲਗਭਗ 28%, ਜਾਂ 181,399, ਕੈਲੀਫੋਰਨੀਆ ਵਿੱਚ ਹਨ। ਇਸ ਤੋਂ ਵੀ ਮਾੜੀ ਗੱਲ ਇਹ ਹੈ ਕਿ ਕੈਲੀਫੋਰਨੀਆ ਬੇਘਰਿਆਂ ਦੀ ਪ੍ਰਤੀਸ਼ਤਤਾ ਵਿੱਚ ਅਮਰੀਕਾ ਤੋਂ ਅੱਗੇ ਹੈ। ਬੇਘਰ ਆਬਾਦੀ ਦਾ 68%, ਜਾਂ 123,423 ਲੋਕ। ਬੇਘਰੇ ਲੋਕਾਂ ਦੀ ਗਿਣਤੀ ਵਿੱਚ ਵਾਧਾ ਅਤੇ ਗਿਰਾਵਟ ਨੂੰ



ਵੱਡੇ ਪੱਧਰ 'ਤੇ ਪੂੰਜੀਵਾਦ ਦੇ ਉਛਾਲ ਅਤੇ ਉਛਾਲ ਦੇ ਚੱਕਰ ਨਾਲ ਜੋੜਿਆ ਜਾ ਸਕਦਾ ਹੈ। ਇਹ ਯਕੀਨੀ ਤੌਰ 'ਤੇ 1929 ਦੀ ਮਹਾਨ ਮੰਦੀ ਤੋਂ ਬਾਅਦ ਦਾ ਮਾਮਲਾ ਸੀ ਜਦੋਂ ਬੇਘਰ ਲੋਕਾਂ ਦੀ ਗਿਣਤੀ 2 ਮਿਲੀਅਨ ਤੋਂ ਵੱਧ ਗਈ ਸੀ। ਵਰਤਮਾਨ ਵਿੱਚ 653,100 ਲੋਕ ਹਨ ਜੋ ਰਾਸ਼ਟਰੀ ਪੱਧਰ 'ਤੇ ਬੇਘਰ ਹਨ, ਅਤੇ ਲਗਭਗ 40% ਬੇਘਰ ਹਨ। ਦੱਖਣੀ ਗਰੀਬੀ ਕਾਨੂੰਨ ਕੇਂਦਰ ਦੇ ਅਨੁਸਾਰ, ਕਾਲੇ, ਸਵਦੇਸ਼ੀ, ਭੂਰੇ ਅਤੇ ਰੰਗ ਦੇ ਹੋਰ ਲੋਕ ਬੇਘਰੇ ਆਬਾਦੀ ਵਿੱਚ ਜ਼ਿਆਦਾ ਨੁਮਾਇੰਦਗੀ ਕਰਦੇ ਹਨ, ਨਾਲ ਹੀ ਘਰੇਲੂ ਹਿੰਸਾ ਤੋਂ ਬਚੇ ਹੋਏ, LGBTQ+ ਭਾਈਚਾਰੇ ਦੇ ਮੈਂਬਰ, ਅਤੇ ਅਪਾਹਜ ਲੋਕ। ਬੇਘਰ ਹੋਣ ਦੀ ਇਸ ਮੌਜੂਦਾ ਲਹਿਰ ਨੂੰ 1970 ਦੇ ਦਹਾਕੇ ਤੋਂ ਦੇਖਿਆ ਜਾ ਸਕਦਾ ਹੈ ਜਦੋਂ ਅਮਰੀਕੀ ਅਰਥਚਾਰੇ ਨੇ ਉੱਚ-ਤਕਨੀਕੀ, ਸੇਵਾ ਅਰਥਚਾਰੇ ਅਤੇ ਕਾਰਪੋਰੇਟ ਸ਼ਾਸਕ ਵਰਗ ਵੱਲ ਵਧਣਾ ਸ਼ੁਰੂ ਕੀਤਾ ਅਤੇ ਪੂੰਜੀਵਾਦੀ ਸਰਕਾਰ ਦੀਆਂ ਤਿੰਨੋਂ ਸ਼ਾਖਾਵਾਂ ਨੇ ਦਹਾਕਿਆਂ ਤੱਕ ਮਜ਼ਦੂਰਾਂ ਦੇ ਜੀਵਨ ਪੱਧਰ 'ਤੇ ਹਮਲਾ ਕਰਨਾ ਸ਼ੁਰੂ ਕਰ ਦਿੱਤਾ। ਪਿਛਲੇ ਪੰਜ ਦਹਾਕਿਆਂ ਦੌਰਾਨ ਲੱਖਾਂ ਨੌਕਰੀਆਂ ਗਾਇਬ ਹੋ ਗਈਆਂ ਹਨ। ਇਸੇ ਮਿਆਦ ਦੇ ਦੌਰਾਨ, ਹਾਊਸਿੰਗ ਮਾਰਕੀਟ, ਮੁੱਖ ਤੌਰ 'ਤੇ ਵਿਅਕਤੀਗਤ ਮਕਾਨ ਮਾਲਕਾਂ ਦੁਆਰਾ ਨਿਯੰਤਰਿਤ, ਵਿਸ਼ਾਲ ਨਿਵੇਸ਼ ਸਮੂਹਾਂ ਲਈ ਸੁਪਰ ਮੁਨਾਫ਼ੇ ਦਾ ਇੱਕ ਸਰੋਤ ਬਣ ਗਿਆ। ਇਸ ਨਾਲ ਦੇਸ਼ ਭਰ ਵਿੱਚ ਨਰਮੀ ਵਧੀ ਹੈ ਅਤੇ ਕਿਰਾਏ ਦੀਆਂ ਕੀਮਤਾਂ ਅਸਮਾਨ ਨੂੰ ਛੂਹ ਗਈਆਂ ਹਨ। ਇੱਥੋਂ ਤੱਕ ਕਿ ਮੋਬਾਈਲ ਹੋਮ ਪਾਰਕ, ਜੋ ਗਰੀਬ ਕਾਮਿਆਂ ਲਈ ਆਖਰੀ ਸਹਾਰਾ ਹੈ, ਨੂੰ ਵਿਸ਼ਾਲ ਹੇਜ ਫੰਡਾਂ ਦੁਆਰਾ ਖਰੀਦਿਆ ਜਾ ਰਿਹਾ ਹੈ ਜੋ ਕਿਰਾਇਆ ਵਧਾਉਂਦੇ ਹਨ ਅਤੇ ਉਹਨਾਂ ਨੂੰ ਨਕਦ ਗਾਵਾਂ ਵਜੋਂ ਵਰਤਦੇ ਹਨ। ਲੋਕਾਂ ਨੂੰ ਬੇਘਰ ਕਰਨ ਤੋਂ ਬਾਅਦ, ਪੂੰਜੀਵਾਦੀ ਸਿਆਸਤਦਾਨ ਪੀੜਤਾਂ ਨੂੰ ਸਜ਼ਾ ਦਿੰਦੇ ਹਨ। ਨੈਸ਼ਨਲ ਬੇਘਰ ਕਾਨੂੰਨ ਕੇਂਦਰ ਦੁਆਰਾ ਜਾਰੀ ਕੀਤੀ ਗਈ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ: ਪੂਰਵ-ਉਦਯੋਗਿਕ ਇੰਗਲੈਂਡ ਦੇ ਵੈਗਰੈਂਸੀ ਕਾਨੂੰਨਾਂ ਅਤੇ ਵਰਕਹਾਊਸਾਂ ਤੋਂ ਲੈ ਕੇ ਕਾਨੂੰਨੀ ਵੱਖ-ਵੱਖ, ਸਨਡਾਊਨ ਟਾਊਨ, ਅਤੇ ਅਮਰੀਕਾ ਵਿੱਚ ਓਕੀ ਵਿਰੋਧੀ ਕਾਨੂੰਨਾਂ ਤੱਕ, ਜਨਤਕ ਥਾਂ ਦੀ ਵਰਤੋਂ ਨੂੰ ਨਿਯੰਤ੍ਰਿਤ ਕਰਨ ਵਾਲੇ ਆਰਡੀਨੈਂਸ ਲੰਬੇ ਸਮੇਂ ਤੋਂ ਨਸਲ, ਰਾਸ਼ਟਰੀ ਮੂਲ, ਜਾਂ ਆਰਥਿਕ ਵਰਗ ਦੇ ਆਧਾਰ 'ਤੇ ਹਾਸ਼ੀਏ 'ਤੇ ਹੋਣ ਦਾ ਮੁਕਾਬਲਾ ਕਰਨ ਲਈ ਵਰਤੇ ਜਾਂਦੇ ਰਹੇ ਹਨ। ਇਹ ਝੂਠ ਬੋਲਣ ਵਾਲਿਆਂ ਨੂੰ ਬਾਹਰ ਕੱਢਣ ਲਈ ਕੀਤਾ ਗਿਆ ਹੈ। ਰਿਪੋਰਟ ਵਿੱਚ ਸੰਕੇਤ ਦਿੱਤਾ ਗਿਆ ਹੈ ਕਿ 2006 ਤੋਂ 2019 ਤੱਕ, ਇਸਨੇ 187 ਸ਼ਹਿਰਾਂ ਵਿੱਚ ਬੇਘਰਿਆਂ ਦੇ ਵਿਰੁੱਧ ਕਾਨੂੰਨਾਂ ਨੂੰ ਟਰੈਕ ਕੀਤਾ ਅਤੇ ਪਾਇਆ ਕਿ ਸ਼ਹਿਰ ਭਰ ਵਿੱਚ ਕੈਂਪਿੰਗ 'ਤੇ ਪਾਬੰਦੀਆਂ 92%, ਬੈਠਣ ਜਾਂ ਲੇਟਣ 'ਤੇ 78%, 103% ਲੁਟੇਰੇ, ਭੀਖ ਮੰਗਣ 'ਤੇ 103% ਦਾ ਵਾਧਾ ਹੋਇਆ ਹੈ। ਅਤੇ ਵਾਹਨਾਂ ਵਿੱਚ ਰਹਿਣ 'ਤੇ 213%। ਇਸ ਦੌਰਾਨ, ਸਾਰੇ 50 ਰਾਜਾਂ ਵਿੱਚ ਬੇਘਰ ਕੈਂਪਾਂ ਵਿੱਚ 1,300% ਦਾ ਵਾਧਾ ਹੋਇਆ ਹੈ।

ਗ੍ਰਾਂਟ ਪਾਸ ਦਾ ਫੈਸਲਾ ਹੁਣ ਪੂਰੇ ਅਮਰੀਕਾ ਦੇ ਸ਼ਹਿਰਾਂ, ਕਾਉਂਟੀਆਂ ਅਤੇ ਰਾਜਾਂ ਨੂੰ ਬਿਨਾਂ ਕਿਸੇ ਕਾਨੂੰਨੀ ਨਤੀਜੇ ਦੇ ਨਸਲਵਾਦੀ ਅਤੇ ਜਮਾਤੀ ਕਾਨੂੰਨ ਬਣਾਉਣ ਦੀ ਇਜਾਜ਼ਤ ਦਿੰਦਾ ਹੈ। ਗੈਰ-ਚੁਣੇ ਬਹੁ-ਕਰੋੜਪਤੀ ਸੁਪਰੀਮ ਕੋਰਟ ਦੇ ਜੱਜਾਂ ਦੇ ਅਨੁਸਾਰ, ਯੂਐਸ ਦਾ ਸੰਵਿਧਾਨ ਬੇਘਰੇ ਲੋਕਾਂ ਨੂੰ ਵਿਤਕਰੇ ਭਰੇ ਜ਼ੁਲਮ ਤੋਂ ਨਹੀਂ ਬਚਾਉਂਦਾ ਹੈ।

ਦੂਜੇ ਸ਼ਬਦਾਂ ਵਿੱਚ, ਕੈਂਪ ਕਰਨ ਵਾਲੇ ਕਿਸੇ ਵਿਅਕਤੀ ਨੂੰ ਉਦੋਂ ਤੱਕ ਗ੍ਰਿਫਤਾਰ ਨਹੀਂ ਕੀਤਾ ਜਾਂਦਾ ਜਦੋਂ ਤੱਕ ਉਹ ਇਹ ਨਹੀਂ ਦਿਖਾ ਸਕਦਾ ਕਿ ਉਨ੍ਹਾਂ ਕੋਲ ਇੱਕ ਘਰ ਹੈ। ਹਾਲਾਂਕਿ, ਇੱਕ ਬੇਘਰ ਵਿਅਕਤੀ ਨੂੰ ਗੁਜ਼ਾਰਾ ਗਤੀਵਿਧੀ ਲਈ ਗ੍ਰਿਫਤਾਰ ਕੀਤਾ ਜਾ ਸਕਦਾ ਹੈ, ਜਿਵੇਂ ਕਿ ਕਿਤੇ ਵੀ ਲੇਟਣਾ ਜਾਂ ਸੌਣਾ।

ਗ੍ਰੇਟ ਡਿਪ੍ਰੈਸ਼ਨ ਦੇ ਦੌਰ ਵਿੱਚ ਸਥਿਤੀ ਹੋਰ ਵੀ ਮਾੜੀ ਹੈ। ਇਸ ਧਾਰਨਾ ਦੀ ਕੁਝ ਪ੍ਰਮਾਣਿਕਤਾ ਹੈ ਕਿਉਂਕਿ ਯੂਨੀਅਨਾਂ ਅਤੇ ਮਜ਼ਦੂਰ ਵਰਗ ਆਮ ਤੌਰ 'ਤੇ 50 ਸਾਲਾਂ ਦੇ ਕਾਰਪੋਰੇਟ ਜ਼ੁਲਮ ਦੇ ਕਾਰਨ ਬਚਾਅ ਦੇ ਮੋਡ ਤੋਂ ਅੱਗੇ ਨਹੀਂ ਵਧੇ ਹਨ। ਹਾਲਾਂਕਿ, 1930 ਦੇ ਦਹਾਕੇ ਵਿੱਚ ਸ਼ਕਤੀਸ਼ਾਲੀ ਅੰਦੋਲਨ ਗਰੀਬੀ ਅਤੇ ਜ਼ੁਲਮ ਦਾ ਜਵਾਬ ਵੀ ਸੀ, ਅਤੇ ਇਸ ਨੇ ਖਾੜਕੂ ਯੂਨੀਅਨ ਅਤੇ ਕਮਿਊਨਿਟੀ ਸਰਗਰਮੀ ਨੂੰ ਵਧਾਇਆ ਅਤੇ ਉਤਸ਼ਾਹਿਤ ਕੀਤਾ। ਲੋਕ ਲਹਿਰ ਇੰਨੀ ਮਜ਼ਬੂਤ ਹੋ ਗਈ ਕਿ ਇਸਨੇ ਫਰੈਂਕਲਿਨ ਰੂਜ਼ਵੈਲਟ ਦੇ ਨਵੇਂ ਪ੍ਰਸ਼ਾਸਨ ਨੂੰ ਪੂੰਜੀਵਾਦੀ ਸਰਕਾਰ ਦੇ ਸੰਚਾਲਨ ਦੇ ਤਰੀਕੇ ਵਿੱਚ ਵੱਡੀਆਂ ਤਬਦੀਲੀਆਂ ਕਰਨ ਲਈ ਮਜਬੂਰ ਕਰ ਦਿੱਤਾ। ਸਮਾਜਿਕ ਸੁਰੱਖਿਆ ਅਤੇ ਬੇਰੋਜ਼ਗਾਰੀ ਬੀਮਾ ਵਰਗੇ ਪ੍ਰੋਗਰਾਮਾਂ ਨੇ ਲੱਖਾਂ ਬੇਰੁਜ਼ਗਾਰ ਅਤੇ ਬਜ਼ੁਰਗ ਕਾਮਿਆਂ ਨੂੰ ਕੁਝ ਰਾਹਤ ਪ੍ਰਦਾਨ ਕਰਨੀ ਸ਼ੁਰੂ ਕਰ ਦਿੱਤੀ। ਪ੍ਰਸ਼ਾਸਨ ਨੂੰ ਨੌਕਰੀਆਂ, ਆਮਦਨ ਅਤੇ ਕਿਫਾਇਤੀ ਰਿਹਾਇਸ਼ ਪ੍ਰਦਾਨ ਕਰਨ ਦੇ ਤਰੀਕੇ ਲੱਭਣ ਲਈ ਵੀ ਸੰਘਰਸ਼ ਕਰਨਾ ਪਿਆ। ਬੇਘਰਿਆਂ ਦੇ ਅਪਰਾਧੀਕਰਨ ਦੇ ਮੁੱਦੇ 'ਤੇ ਅੱਜ ਸਭ ਤੋਂ ਢੁਕਵਾਂ 'ਬੇਰੁਜ਼ਗਾਰ ਕੌਂਸਲ' ਦੇ ਮੈਂਬਰਾਂ ਦੀ ਜ਼ਬਰਦਸਤ ਲਹਿਰ ਦਾ ਇਤਿਹਾਸ ਹੈ ਜਿਨ੍ਹਾਂ ਨੇ ਲੋਕਾਂ ਦੇ ਫਰਨੀਚਰ ਨੂੰ ਉਨ੍ਹਾਂ ਦੇ ਘਰਾਂ ਦੇ ਅੰਦਰ ਵਾਪਸ ਲਿਜਾ ਕੇ ਸਰੀਰਕ ਤੌਰ 'ਤੇ ਬੇਦਖਲੀ ਦਾ ਵਿਰੋਧ ਕੀਤਾ ਜਦੋਂ ਸ਼ੈਰਿਫ ਇਸ ਨੂੰ ਬਾਹਰ ਚਲੇ ਗਏ। ਉਹ ਪਾਵਰ ਜਾਂ ਗੈਸ ਲਾਈਨਾਂ ਨੂੰ ਦੁਬਾਰਾ ਜੋੜਨ ਦੇ ਮਾਹਰ ਵੀ ਬਣ ਗਏ – 'ਮੀਟਰ ਜੰਪਿੰਗ'। ਇਹਨਾਂ ਆਦਮੀਆਂ ਦੀਆਂ ਕਾਰਵਾਈਆਂ ਦੇਸ਼ ਭਰ ਦੇ ਕਈ ਸ਼ਹਿਰਾਂ ਅਤੇ ਕਸਬਿਆਂ ਵਿੱਚ ਹੋਈਆਂ ਅਤੇ ਇਸ ਬਾਰੇ ਰਾਲਫ਼ ਐਲੀਸਨ ਦੇ ਮਸ਼ਹੂਰ ਨਾਵਲ, 'ਦਿ ਇਨਵਿਜ਼ੀਬਲ ਮੈਨ' ਵਿੱਚ ਲਿਖਿਆ ਗਿਆ ਸੀ। ਬੇਰੁਜ਼ਗਾਰ ਕੌਂਸਲ ਅੰਦੋਲਨ ਕਮਿਊਨਿਸਟ ਪਾਰਟੀ ਦੀ ਅਗਵਾਈ ਅਤੇ ਅਗਵਾਈ ਵਿੱਚ ਕੀਤਾ ਗਿਆ ਸੀ ਅਤੇ ਹਰ ਪਾਸੇ ਵਰਕਰਾਂ ਅਤੇ ਕਾਰਕੁਨਾਂ ਦੀ ਸ਼ਮੂਲੀਅਤ ਨੂੰ ਆਕਰਸ਼ਿਤ ਕੀਤਾ ਗਿਆ ਸੀ। ਲੋਕਾਂ ਨੂੰ ਰਿਹਾਇਸ਼ ਪ੍ਰਦਾਨ ਕਰਨ ਅਤੇ ਬੇਦਖਲੀ ਰੋਕਣ ਲਈ ਇੱਕ ਆਧੁਨਿਕ ਅੰਦੋਲਨ ਹੋ ਸਕਦਾ ਹੈ। ਫਲਸਤੀਨੀ ਲੋਕਾਂ ਦੇ ਵਿਰੁੱਧ ਨਸਲਕੁਸ਼ੀ ਦੇ ਅਮਰੀਕੀ ਫੰਡਾਂ ਨੂੰ ਲੈ ਕੇ ਉੱਭਰ ਰਹੀ ਜਮਾਤੀ ਜਾਗਰੂਕਤਾ ਦੇ ਨਾਲ, ਹੁਣ ਇੱਕ ਖਾੜਕੂ, ਇਨਕਲਾਬੀ ਲਹਿਰ ਲਈ ਸਹੀ ਸਮਾਂ ਹੈ ਜੋ ਸਾਮਰਾਜਵਾਦੀ ਯੁੱਧ ਅਤੇ ਨਸਲਕੁਸ਼ੀ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰਦਾ ਹੈ, ਨਾਲ ਹੀ ਪਹੁੰਚ ਰਿਹਾਇਸ਼, ਡਾਕਟਰੀ ਦੇਖਭਾਲ ਅਤੇ ਸਿੱਖਿਆ ਨੂੰ ਯਕੀਨੀ ਬਣਾਉਂਦਾ ਹੈ। ਪੂੰਜੀਵਾਦ ਨੂੰ ਇਤਿਹਾਸ ਦੇ ਕੂੜੇਦਾਨ ਵਿੱਚ ਜਾਣਾ ਚਾਹੀਦਾ ਹੈ। ਇਹ ਇਸ ਦੇ ਰਾਹ 'ਤੇ ਹੈ।

Contact :
Nav Gill RN BscN
587.971.0052
BEAUTY BLISS
Mediaesthetics
For
Wrinkle treatment,
Laser Hair Removal,
Skin tightening,
Double chin reduction,
Lip Enhancement, Lip filler
INSTAGRAM: BOTOXINJECTORYYC_NAV
EMAIL: NAV.BEAUTYBLISS@GMAIL.COM



Buying | Selling | Investing
HOMELIFE HIGHER STANDARDS
Homelife/Miracle Realty Ltd. Brokerage
Each Office Independently Owned & Operated
Bill (Baljinder) Bath
Realtor
Dir: 416.567.0008
Email: Bill5670008@gmail.com
821 Bovaird Drive Unit #31, Brampton L6X 0T9





SHAHEED BHAGAT SINGH BOOK CENTRE
Calgary Canada
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ
A Non-Profit, Volunteer Service to Promote New Readership & Encourage New Writers!
ਵਾਜਿਬ ਕੀਮਤ 'ਤੇ ਕਿਤਾਬਾਂ ਪ੍ਰਿੰਟ ਕਰਵਾਉਣ ਲਈ ਸੰਪਰਕ ਕਰੋ :
Book Exhibition & Sale!
Contact: Master Bhajan Singh at 403-455-4220

# ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ) ਪੰਜਾਬ, ਔਰਤ ਵਿੰਗ ਦੀ ਆਗੂ ਬੀਬੀ ਸੁਰਿੰਦਰ ਕੌਰ ਢੁੱਡੀਕੇ ਨੇ ਤੀਜੇ ਪੁਸਤਕ ਮੇਲੇ ਦਾ ਕੀਤਾ ਉਦਘਾਟਨ























ਕੈਲਗਰੀ (ਹਰਚਰਨ ਸਿੰਘ ਪ੍ਰਹਾਰ): ਮਾਸਟਰ ਭਜਨ ਸਿੰਘ ਤੇ ਸਾਥੀਆਂ ਵਲੋਂ 'ਸ਼ਹੀਦ ਭਗਤ ਸਿੰਘ ਬੁੱਕ ਸੈਂਟਰ' ਦੇ ਬੈਨਰ ਹੇਠ ਇਸ ਸਾਲ ਦਾ ਤੀਜਾ ਇੱਕ ਰੋਜ਼ਾ ਪੁਸਤਕ ਮੇਲਾ ਗਰੀਨ ਪਲਾਜ਼ਾ ਵਿਖੇ ਲਗਾਇਆ ਗਿਆ। ਪੁਸਤਕ ਮੇਲੇ ਦੀ ਸ਼ੁਰੂਆਤ ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ) ਪੰਜਾਬ, ਔਰਤ ਵਿੰਗ ਦੀ ਆਗੂ ਬੀਬੀ ਸੁਰਿੰਦਰ ਕੌਰ ਢੁੱਡੀਕੇ ਵਲੋਂ ਰੀਬਨ ਕੱਟ ਕੇ ਕੀਤੀ ਗਈ। ਉਨ੍ਹਾਂ ਨੇ ਸਰੋਤਿਆਂ ਨੂੰ ਸੰਬੋਧਨ ਕਰਦੇ ਹੋਏ 'ਸ਼ਹੀਦ ਭਗਤ ਸਿੰਘ ਬੁੱਕ ਸੈਂਟਰ', 'ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ', 'ਸਿੱਖ ਵਿਰਸਾ ਇੰਟਰਨੈਸ਼ਨਲ', 'ਅਦਾਰਾ ਸਰੋਕਾਰਾਂ ਦੀ ਆਵਾਜ਼' ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ, ਜੋ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਅਜਿਹੇ ਪੁਸਤਕ ਮੇਲੇ ਲਗਾ ਕੇ ਵਿਦੇਸ਼ਾਂ ਵਿੱਚ ਕਿਤਾਬਾਂ ਪੜ੍ਹਨ ਦਾ ਰੁਝਾਨ ਪੈਦਾ ਕਰਨ ਦੇ ਨਾਲ਼-ਨਾਲ਼ ਪੰਜਾਬੀ ਸਾਹਿਤ ਨੂੰ ਪ੍ਰਫੁੱਲਤ ਕਰ ਰਹੇ ਹਨ।

ਇਸ ਮੌਕੇ 'ਤੇ ਸੈਂਟਰ ਦੇ ਸੰਚਾਲਕ ਮਾਸਟਰ ਭਜਨ ਸਿੰਘ ਹੋਰਾਂ ਨੇ ਇਸ ਪੱਤਰਕਾਰ ਨਾਲ਼ ਖੁਸ਼ੀ ਦਾ ਇਜ਼ਹਾਰ ਕਰਦਿਆਂ ਦੱਸਿਆ ਕਿ ਇਸ ਪੁਸਤਕ ਮੇਲੇ ਵਿੱਚ ਜਿੱਥੇ ਅਨੇਕਾਂ ਨਵੇਂ ਪੁਸਤਕ ਪ੍ਰੇਮੀ ਪਹੁੰਚੇ, ਉਥੇ ਨੌਜਵਾਨ ਪੀੜ੍ਹੀ ਵੱਡੀ ਗਿਣਤੀ ਵਿੱਚ ਪਹਿਲੀ ਵਾਰ ਪੁਸਤਕਾਂ ਖਰੀਦਣ ਆਈ। ਉਨ੍ਹਾਂ ਇਸ ਗੱਲ 'ਤੇ ਤਸੱਲੀ ਪ੍ਰਗਟ ਕੀਤੀ ਕਿ ਸਾਡੇ ਸਾਂਝੇ ਯਤਨ ਨੌਜਵਾਨ ਪੀੜ੍ਹੀ ਵਿੱਚ ਪੜ੍ਹਨ ਦੀ ਚੇਤਨਾ ਪੈਦਾ ਕਰ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਕਿਤਾਬਾਂ ਸਿਰਫ ਵਿਅਕਤੀ ਹੀ ਨਹੀਂ, ਸਮਾਜ ਦੇ ਬੌਧਿਕ ਵਿਕਾਸ ਵਿੱਚ ਵੱਡਾ ਰੋਲ ਅਦਾ ਕਰਦੀਆਂ ਹਨ। ਉਨ੍ਹਾਂ ਇਸ ਗੱਲ 'ਤੇ ਤਸੱਲੀ ਪ੍ਰਗਟ ਕੀਤੀ ਕਿ ਕੈਲਗਰੀ ਵਿੱਚ ਹੁਣ ਪੰਜਾਬੀ ਪਾਠਕਾਂ ਦਾ ਦਾਇਰਾ ਦਿਨੋਂ ਦਿਨ ਵਧ ਰਿਹਾ ਹੈ। ਉਨ੍ਹਾਂ ਸਮੁੱਚੇ ਮੀਡੀਏ ਦਾ ਹਮੇਸ਼ਾਂ ਸਹਿਯੋਗ ਕਰਨ ਲਈ ਧੰਨਵਾਦ ਕੀਤਾ।

ਉਨ੍ਹਾਂ ਅੱਗੇ ਦੱਸਿਆ ਕਿ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ, ਸਿੱਖ ਵਿਰਸਾ ਇੰਟਰਨੈਸ਼ਨਲ ਅਤੇ ਅਦਾਰਾ ਸਰੋਕਾਰਾਂ ਦੀ ਅਵਾਜ਼ ਵਲੋਂ ਸਾਂਝੇ ਤੌਰ 'ਤੇ ਡਾ. ਸਾਹਿਬ ਸਿੰਘ ਦਾ ਬਹੁ-ਚਰਚਿਤ ਨਾਟਕ 'ਸੰਦੂਕੜੀ ਖੋਲ੍ਹ ਨਰੈਣਿਆ' ਸ਼ਨੀਵਾਰ 21 ਸਤੰਬਰ, 2024 ਨੂੰ ਰੈਡ ਸਟੋਨ ਨਾਰਥ ਈਸਟ ਥੀਏਟਰ ਵਿੱਚ ਸ਼ਾਮ 5 ਵਜੇ ਤੋਂ 8 ਵਜੇ ਤੱਕ ਕਰਵਾਇਆ ਜਾਵੇਗਾ। ਇਸੇ ਮੌਕੇ 'ਤੇ 'ਪ੍ਰੌਗਰੈਸਿਵ ਕਲਾ ਮੰਚ ਕੈਲਗਰੀ' ਦੀ ਟੀਮ ਵਲੋਂ ਵੀ ਡਾ. ਸਾਹਿਬ ਸਿੰਘ ਦੀ ਨਿਰਦੇਸ਼ਨਾ ਹੇਠ ਇੱਕ ਨਾਟਕ ਦੀ ਪੇਸ਼ਕਾਰੀ ਕੀਤੀ ਜਾਵੇਗੀ। ਜਿਸ ਬਾਰੇ ਵਧੇਰੇ ਜਾਣਕਾਰੀ ਜਲਦੀ ਦਰਸ਼ਕਾਂ ਨਾਲ਼ ਮੀਡੀਆ ਰਾਹੀਂ ਅਗਲੇ ਦਿਨਾਂ ਵਿੱਚ ਸਾਂਝੀ ਕੀਤੀ ਜਾਵੇਗੀ।

ਇਸ ਮੌਕੇ 'ਤੇ ਬੀਬੀ ਸੁਰਿੰਦਰ ਕੌਰ ਢੁੱਡੀਕੇ ਨੂੰ ਪੱਤਰਕਾਰ ਤੇ ਲੇਖਕ ਸ. ਜਸਪਾਲ ਸਿੰਘ ਸਿੱਧੂ, ਸਿੱਖ ਵਿਰਸਾ ਸੰਪਾਦਕ ਹਰਚਰਨ ਸਿੰਘ ਪ੍ਰਹਾਰ, ਪ੍ਰੋਫੈਸਰ ਤੇਗਿੰਦਰ ਕੁਮਾਰ (ਪੱਪੂ), ਬਨਦੀਪ ਗਿੱਲ ਨੇ ਪੁਸਤਕਾਂ ਦਾ ਸੈਟ ਭੇਟ ਕੀਤਾ।



ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਪੁਸਤਕ ਮੇਲੇ ਵਿੱਚ ਪੰਜਾਬੀ, ਹਿੰਦੀ, ਅੰਗਰੇਜ਼ੀ ਦੀਆਂ ਸਾਹਿਤਕ, ਰਾਜਨੀਤਕ, ਸਮਾਜਿਕ, ਸਿਹਤ ਆਦਿ ਵਿਸ਼ਿਆਂ ਨਾਲ਼ ਸਬੰਧਤ ਕਿਤਾਬਾਂ ਦੇ ਨਾਲ਼-ਨਾਲ਼ ਹੋਰ ਭਾਸ਼ਾਵਾਂ ਵਿਚੋਂ ਪੰਜਾਬੀ ਵਿੱਚ ਅਨੁਵਾਦਤ ਵਿਸ਼ਵ ਪ੍ਰਸਿੱਧ ਪੁਸਤਕਾਂ ਵੀ ਰੱਖੀਆਂ ਗਈਆਂ ਸਨ। ਪਾਠਕਾਂ ਵਲੋਂ ਦਿਖਾਏ ਉਤਸ਼ਾਹ ਨਾਲ ਪ੍ਰਬੰਧਕਾਂ ਦੇ ਹੌਸਲੇ ਵੀ ਬੁਲੰਦ ਹੋਏ ਹਨ ਤੇ ਉਨ੍ਹਾਂ ਵਲੋਂ ਵਾਅਦਾ ਕੀਤਾ ਗਿਆ ਕਿ ਹਰ ਸੰਭਵ ਯਤਨ ਕਰਕੇ ਅੱਗੇ ਤੋਂ ਸਮਾਜਿਕ ਸਰੋਕਾਰਾਂ ਨੂੰ ਸਮਰਪਿਤ ਵਿਗਿਆਨਕ ਤੇ ਅਗਾਂਹਵਧੂ ਸੋਚ ਵਾਲੀਆਂ ਹੋਰ ਕਿਤਾਬਾਂ ਵੀ ਰੱਖੀਆਂ ਜਾਣਗੀਆਂ। ਪਾਠਕ ਮਾਸਟਰ ਭਜਨ ਸਿੰਘ ਹੋਰਾਂ ਨਾਲ਼ 403-455-4220 ਤੇ ਸੰਪਰਕ ਕਰਕੇ ਆਪਣੇ ਮਨਪਸੰਦ ਦੀਆਂ ਕਿਤਾਬਾਂ, ਜਦੋਂ ਮਰਜ਼ੀ ਉਨ੍ਹਾਂ ਦੇ ਘਰੋਂ ਜਾ ਕੇ ਖਰੀਦ ਸਕਦੇ ਹਨ ਅਤੇ ਜੇ ਕੋਈ ਕਿਤਾਬ ਸਟਾਕ ਵਿੱਚ ਨਾ ਹੋਵੇ ਤਾਂ ਆਰਡਰ ਵੀ ਕਰ ਸਕਦੇ ਹਨ।

# Eminent Punjabi poet Harbhajan Hundal Remembered

**Dr. P. R. Kalia**






Edmonton, Canada: Commemorating the first death anniversary of revolutionary Punjabi poet Harbhajan Singh Hundal, 'Progressive Peoples Foundation of Edmonton'(PPFE) held 'Harbhajan Hundal Yadgari Kavi Darbar' and a seminar on Sunday, 28 July 2024.

Harbhajan Hundal (1934-2023), who was born in Lyallpur (Pakistan) in 1934, passed away on July 9, 2023, at Fattu Chakk village in Kapurthala district of Punjab. Till his last days, he was steadfast in his ideals. Harbhajan Hundal's collections of poems (20 books) are a testimony to his commitment to social justice and a more equitable socio-economic order. He was a committed poet dedicated to radical transformation of society. As such, the world for Harbhajan Hundal, was a "war zone" of sorts where he fights his battle, armed with the arsenal of words, symbols and metaphors. Bold, repeated words, and clear, vivid images served his purpose to convey his pounding heart and to communicate the realities he was experiencing in a way that could be understood immediately by a wide audience.

Besides other three collections of poems (Dostinama, Mere Bol, Meri Ghazal), his complete poetry has been published as 'Kavita Di Talash' in 2003. In addition to this, he has also written travelogues and autobiographical accounts. Some Punjabi poems of Hundal were introduced to the English readers. And being an ardent literary translator, he has translated selections from Pablo Neruda, Garcia Lorca, Bertolt Brecht, Vladimir Mayakovsky, Mahmoud Darwish, and others into Punjabi. Altogether, he wrote about sixty books.

Sharing his memories of Harbhajan Hundal, keynote speaker Prof. Raghbir Singh 'Sirjana', who had come all the way from Vancouver, remarked that "Hundal was the one who had made an imposing impression on me. I was associated with him since 1965, when we both along with Surinder Gill started Punjabi magazine 'Sirjana'.

"Imbued with 'Punjabiat', Hundal was a talented poet of revolutionary fervour, hope and memory. Hundal glorifies his native land, its farmers and its pre-imperial culture of collectivity and harmony. Although he wrote prolifically on the topics of justice, resistance, and revolution, Hundal rarely allowed political rhetoric to overpower his poetry. Through poetry, he constantly strengthened the socio-political consciousness in the masses. Everyone can find their share in his writings. The tone of rebellion and change in his poems was so strong that his every word challenged the system."

Further, recalling the old days, Prof. Singh opined that "At the back of the sectarian division of Indian sub-continent in 1947, unleashing bloodshed, his poetry spans more than half a century of turbulent recent history—facing Naxalbari movement, and confronting Emergency imposed in 1975. Hundal strongly opposed the dictatorial decision and was jailed for opposing the emergency. He vehemently opposed Khalistani movement in Punjab.

"Hundal's poetry provides succour and strength, sustenance and hope to carry forth and guide the next generation to carve its own path. Such a powerful and progressive poetry should be recognized, celebrated, and lived by. More than political and ideological commitment, it was social and cultural alignment that impelled him to write his profoundly innovative poetry. He always kept aloof from literary circles and their politics. Astonishingly enough, his poems didn't find place in the university-syllabuses. Though he is no more with us, but he lives in our thoughts through his poems," believed Prof. Raghbir Singh. Spellbound audience listened to him with utmost attention.

Another speaker on the subject, Prof. Surjit Brar impressed upon Harbhajan Hundal as an institution. As a political activist, Harbhajan Hundal remained committed to peoples cause and struggles. Both in his poems and in his prose, there is much to prove that Hundal continued throughout his life to write progressive poems and articles to engage in and to support progressive activism and causes. He disclosed that perhaps Hundal didn't write any romantic poem.

In the beginning, introducing the subject of the seminar, Dr. P. R. Kalia, President of PPFE, said that "Hundal used his lyric as a powerful tool in the articulation of anger, inequality, and peace. For him, the idea of socialism was to create both more political democracy and more economic justice. His relationship to readers and to his own writing was shaped during the periods of acute political crisis and authoritarianism. In his poems, we experience the voice of a young generation challenging the country's controlling aristocracy.

"Facing our own era of rising Imperialism and injustices, I hope Hundal illuminate poetry's poignant nature. He has shown us how poetry can emotionally be potent ingredient in the greater transformative efforts of resistance. As his poems energize, inform, and inspire, we can read Hundal's poetry as a tool to galvanize, to awaken, to sustain," ascertained Dr. Kalia.

While expressing his impressions about his illustrious father, Harinder Hundal who lives in Edmonton, told the media: "it goes without saying that I am proud to be the son of this progressive and daring poet. He lives on and inspires peoples hearts and ignites discussions. My father's poems have guided me in some of my most difficult life decisions and I will be forever grateful to him." Members of Hundal's family, and all their near and dears in the city were in presence.

Apparently, Hundal glorifies his native land, its farmers and its pre-imperial culture of collectivity and harmony. Although he wrote prolifically on the topics of justice, resistance, and revolution, Hundal rarely allowed political rhetoric to overpower his poetry. He had the magical power to make us feel something akin to what he felt. During the second session of the event, a gathering of Punjabi and Hindi poets celebrated the diversity of lyrical outpourings of various hues and tones. The organizers put together a show by some extremely delightful recitations of poems.

Approximately, a gathering of around 100 people, were continuously delighted by the poets. To start with, two popular ghazals of Harbhajan Hundal ('Tangian kyi Tursian' and 'Talwaran Di Churcha'), were recited melodiously by Joginder Randhawa and Laddi Sooch. Similarly, Bakhash Sangha and Jasbir Deol, MLA EdmontonMeadows, presented two very meaningful poems of Hundal Sahib, namely 'Sach Appo Aapna' and 'Virsa' respectively. Besides them, Sahil Sooch sung two songs of Shiv Batalvi ('Peedan da Pragha' and 'Birhon"), fully expressed in precision and depth.

With these presentations, the poetic symposium progressed with poets namely:

Gurtej Brar, Sevak Singh, Jarnail Kaur Dhaliwal, Pavittar Dhaliwal, Dr. Surjit Brar, Sukhvinder Sidhu, Surinder Sangha, and Dr. P. R. Kalia. In totality, poems of pure feelings, intuition, imagination, romance and of progressive temperament, for a moment, took the audience far from the madding crowd. In some of the poems, devices such as repetition, symbolism, imagery, metaphor and rhythm were frequently used. On the other hand, poems recited by some of the poets confronted with the day-to-day socio-cultural global issues of the day, revealing the predicament of critical human situation. Some women poets also reflected agonies and ecstasies of day-to-day relationships.

On this occasion two books namely 'Jangnama Punjab' by Harbhajan Hundal, and a novel 'Gulabi Sundi' by Prof. Surjit Brar, along with a latest issue of Punjabi magazine 'Lohmani' were also released. Kirtmeet Kohar, General Secretary of the PPFE, artfully moderated the Seminar and Kavi Darbar, by commenting upon the poems recited by the poets. He thanked the media in attendance, namely: Gurcharan Butter, Kulmit Sangha and Gurpreet Bajwa. He also expressed his gratitude to the authorities of Senior's Centre for allowing us to hold the event in their hall, along with sumptuous tea.



# ਆਦਿਵਾਸੀ ਇਲਾਕਿਆਂ 'ਚ ਰਾਜਕੀ ਦਹਿਸ਼ਤਵਾਦ: ਇਕ ਤੱਥ-ਖੋਜ ਰਿਪੋਰਟ



ਬੂਟਾ ਸਿੰਘ
ਮਹਿਮੂਦਪੁਰ
94634-74342



ਪਿਛਲੇ ਦਿਨੀਂ ਮਨੁੱਖੀ ਹੱਕਾਂ ਦੀ ਰਾਖੀ ਲਈ ਸਰਗਰਮ ਉੱਘੇ ਕਾਰਕੁਨਾਂ ਤੇ ਲੋਕਪੱਖੀ ਬੁੱਧੀਜੀਵੀਆਂ ਨੇ ਇਕ ਮਹੱਤਵਪੂਰਨ ਤੱਥ-ਖੋਜ ਰਿਪੋਰਟ ਜਾਰੀ ਕੀਤੀ ਹੈ। ਟੀਮ ਵਿਚ ਉੱਘੀ ਕਾਰਕੁਨ ਬੇਲਾ ਭਾਟੀਆ, ਸੀਨੀਅਰ ਪੱਤਰਕਾਰ ਮਾਲਿਨੀ ਸੁਬਰਾਮਨੀਅਮ, ਪ੍ਰਸਿੱਧ ਸਮਾਜ ਸ਼ਾਸਤਰੀ ਨੰਦਿਨੀ ਸੁੰਦਰ, ਆਦਿਵਾਸੀ ਪੱਤਰਕਾਰ ਲਿੰਗਾਰਾਮ ਆਜ਼ਾਦ ਦੇ ਨਾਲ ਹੋਰ ਵੀ ਕਈ ਸ਼ਖ਼ਸੀਅਤਾਂ ਸ਼ਾਮਿਲ ਸਨ। ਰਿਪੋਰਟ ਵਿਚ ਬਸਤਰ ਦੇ ਆਦਿਵਾਸੀ ਇਲਾਕਿਆਂ ਵਿਚ ਲਗਾਤਾਰ ਜਾਰੀ ਰਾਜਕੀ ਦਹਿਸ਼ਤਵਾਦ ਦੇ ਘਿਣਾਉਣੇ ਚਿਹਰੇ ਨੂੰ ਤੱਥਾਂ ਸਹਿਤ ਨੰਗਾ ਕੀਤਾ ਗਿਆ ਹੈ। ਇਹ ਰਿਪੋਰਟ ਇਨ੍ਹਾਂ ਇਲਾਕਿਆਂ ਦੇ ਹੌਲਨਾਕ ਹਾਲਾਤਾਂ ਬਾਰੇ ਛਾਈ ਚੁੱਪ ਨੂੰ ਤੋੜਨ ਦੀ ਦਿਸ਼ਾ 'ਚ ਬਹੁਤ ਸਾਰਥਕ ਉਪਰਾਲਾ ਹੈ। ਇਹ ਇਕ ਅਜਿਹਾ ਮੁੱਦਾ ਹੈ ਜਿਸ ਉੱਪਰ ਹੋਰ ਵੀ ਗਹਿਰਾਈ ਅਤੇ ਵਿਆਪਕਤਾ 'ਚ ਕੰਮ ਕਰਨ ਦੀ ਜ਼ਰੂਰਤ ਹੈ।

ਸਲਵਾ ਜੁਡਮ ਦੇ ਨਾਂ ਹੇਠ ਕਈ ਸਾਲ ਲਗਾਤਾਰ ਸਾੜਸਤੀ, ਕਤਲੇਆਮ, ਉਜਾੜੇ ਅਤੇ ਔਰਤਾਂ ਦੇ ਸਮੂਹਿਕ ਬਲਾਤਕਾਰਾਂ ਨਾਲ ਵੀ ਜਦੋਂ ਕਾਰਪੋਰੇਟ ਵਿਕਾਸ ਮਾਡਲ ਦੇ ਪੈਰੋਕਾਰ ਹਾਕਮਾਂ ਦੀ ਤਸੱਲੀ ਨਾ ਹੋਈ ਤਾਂ ਇਸ ਰਾਜਕੀ ਦਹਿਸ਼ਤਵਾਦ ਨੂੰ ਜ਼ਰਬਾਂ ਦੇਣ ਲਈ ਕਾਂਗਰਸ ਦੀ ਗੱਠਜੋੜ ਸਰਕਾਰ ਵੱਲੋਂ ਸਤੰਬਰ 2009 'ਚ ਨਕਸਲਵਾਦ ਨੂੰ 'ਮੁਲਕ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ' ਐਲਾਨ ਕੇ 'ਉਪਰੇਸ਼ਨ ਗ੍ਰੀਨ ਹੰਟ' ਵਿੱਢ ਦਿੱਤਾ ਗਿਆ। ਕੇਂਦਰ ਵਿਚ ਮਨਮੋਹਣ-ਚਿਦੰਬਰਮ ਦੀ ਅਗਵਾਈ ਹੇਠ ਯੂਪੀਏ ਸਰਕਾਰ ਸੀ ਅਤੇ ਛੱਤੀਸਗੜ੍ਹ ਵਿਚ ਭਾਜਪਾ ਸਰਕਾਰ। ਪਰ ਮਾਓਵਾਦੀ ਅਗਵਾਈ ਹੇਠ ਆਦਿਵਾਸੀ ਟਾਕਰੇ ਨੂੰ ਕੁਚਲਣ ਅਤੇ ਕਾਰਪੋਰੇਟ ਪ੍ਰੋਜੈਕਟ ਥੋਪਣ ਲਈ ਭਾਜਪਾ ਸਮੇਤ ਸਾਰੀਆਂ ਹੀ ਰਾਜ ਸਰਕਾਰਾਂ ਕੇਂਦਰ ਸਰਕਾਰ ਨਾਲ ਇਕਮੱਤ ਸਨ। ਆਪਣੇ ਹੀ ਮੁਲਕ ਦੇ ਸਭ ਤੋਂ ਵੱਧ ਹਾਸ਼ੀਏ 'ਤੇ ਧੱਕੇ ਆਦਿਵਾਸੀਆਂ ਵਿਰੁੱਧ ਭਾਰਤੀ ਰਾਜ ਵੱਲੋਂ ਛੇੜੀ ਇਸ ਜੰਗ ਦਾ ਉਦੋਂ ਦੇਸ਼-ਬਦੇਸ਼ ਵਿਚ ਐਨਾ ਤਿੱਖਾ ਵਿਰੋਧ ਹੋਇਆ ਕਿ ਸਮੇਂ ਦੀ ਹਕੂਮਤ ਨੂੰ ਅਜਿਹੇ ਕਿਸੇ ਅਪਰੇਸ਼ਨ ਤੋਂ ਸਰੇਆਮ ਮੁੱਕਰਨ ਦਾ ਰਾਹ ਅਖ਼ਤਿਆਰ ਕਰਨਾ ਪਿਆ ਸੀ, ਹਾਲਾਂਕਿ ਅਣਐਲਾਨੇ ਰੂਪ 'ਚ ਜੰਗੀ ਪੈਮਾਨੇ 'ਤੇ ਆਦਿਵਾਸੀਆਂ ਅਤੇ ਮਾਓਵਾਦੀ ਇਨਕਲਾਬੀਆਂ ਦਾ ਕਤਲੇਆਮ ਉਸੇ ਤਰ੍ਹਾਂ ਜਾਰੀ ਰੱਖਿਆ ਗਿਆ। ਉਦੋਂ ਤੋਂ ਲੈ ਕੇ ਲੋਕਾਂ ਵਿਰੁੱਧ ਸਟੇਟ ਦੀ ਇਹ ਜੰਗ ਹੋਰ ਵੀ ਲਹੂ-ਤਿਹਾਈ ਅਤੇ ਜ਼ਿਆਦਾ ਤੋਂ ਜ਼ਿਆਦਾ ਕਰੂਰ ਹੁੰਦੀ ਗਈ ਹੈ।

ਮਈ 2014 'ਚ ਕੇਂਦਰ ਵਿਚ ਸਰਕਾਰ ਬਣਾ ਕੇ ਆਰਐੱਸਐੱਸ-ਭਾਜਪਾ ਨੇ ਜੋ ਵੱਡੇ ਟੀਚੇ ਮਿੱਥੇ, ਉਨ੍ਹਾਂ ਵਿੱਚੋਂ ਇਕ ਸੀ ਜੰਗਲਾਂ-ਪਹਾੜਾਂ ਹੇਠਲੇ ਬੇਹੱਦ ਕੀਮਤੀ ਕੁਦਰਤੀ ਵਸੀਲਿਆਂ ਉੱਪਰ ਕਾਰਪੋਰੇਟ ਕਬਜ਼ਾ ਯਕੀਨੀ ਬਣਾਉਣ ਲਈ ਆਦਿਵਾਸੀਆਂ ਨੂੰ ਹੋਰ ਵੀ ਬੇਕਿਰਕੀ ਨਾਲ ਕੁਚਲਣਾ ਕਿਉਂਕਿ ਮਾਓਵਾਦੀ ਅਗਵਾਈ ਹੇਠ ਆਦਿਵਾਸੀਆਂ ਦਾ ਜੁਝਾਰੂ ਟਾਕਰਾ ਇਸ ਕਥਿਤ ਵਿਕਾਸ ਮਾਡਲ ਦੇ ਰਾਹ 'ਚ ਵੱਡਾ ਅੜਿੱਕਾ ਬਣਿਆ ਹੋਇਆ ਹੈ। ਆਰਐੱਸਐੱਸ-ਭਾਜਪਾ ਦਾ ਇਸ ਲਹਿਰ ਨੂੰ ਕੁਚਲਣ ਪਿੱਛੇ ਫਾਸ਼ੀਵਾਦੀ ਵਿਚਾਰਧਾਰਕ ਨਿਸ਼ਾਨਾ ਵੀ ਹੈ ਕਿਉਂਕਿ ਇਸਨੇ ਸ਼ੁਰੂ ਤੋਂ ਹੀ ਆਪਣੇ ਮੁੱਖ ਦੁਸ਼ਮਣਾਂ ਦੀ ਸੂਚੀ ਵਿਚ ਮੁਸਲਮਾਨਾਂ ਅਤੇ ਈਸਾਈਆਂ ਦੇ ਨਾਲ ਕਮਿਊਨਿਸਟਾਂ ਨੂੰ ਵੀ ਨਿਸ਼ਾਨੇ 'ਤੇ ਰੱਖਿਆ ਹੋਇਆ ਹੈ। ਇਨ੍ਹਾਂ ਟੀਚਿਆਂ ਦੀ ਪੂਰਤੀ ਲਈ ਭਗਵਾ ਹਕੂਮਤ ਵੱਲੋਂ ਹੋਰ ਵੀ ਵੱਡੀ ਤਾਦਾਦ 'ਚ ਨੀਮ-ਫ਼ੌਜੀ ਤਾਕਤਾਂ ਝੋਕੀਆਂ ਗਈਆਂ ਹਨ। ਸਟੇਟ ਦੇ ਅਣਐਲਾਨੇ ਯੁੱਧ ਨੂੰ ਭਰਾਮਾਰ ਖ਼ਾਨਾਜੰਗੀ ਬਣਾਉਣ ਦੀ ਮਨਸ਼ਾ ਨਾਲ ਆਦਿਵਾਸੀ ਸਮਾਜ ਵਿੱਚੋਂ ਵੱਡੇ ਪੈਮਾਨੇ 'ਤੇ ਡਿਸਟ੍ਰਿਕਟ ਰਿਜ਼ਰਵ ਗਾਰਡਾਂ, ਬਸਤਰੀਆ ਬਟਾਲੀਅਨ, ਖ਼ੁਫੀਆ ਮੁਖ਼ਬਰਾਂ ਦੇ ਰੂਪ 'ਚ ਤਰ੍ਹਾਂ-ਤਰ੍ਹਾਂ ਦੀ ਭਰਤੀ ਕੀਤੀ ਗਈ ਹੈ। ਦਹਿਸ਼ਤ, ਦਬਾਅ ਅਤੇ ਲਾਲਚ ਸਮੇਤ ਹਰ ਹਰਬਾ ਵਰਤਕੇ ਸਾਬਕਾ 'ਨਕਸਲੀਆਂ' ਨੂੰ ਆਦਿਵਾਸੀ ਸਮਾਜ ਦਾ ਘਾਣ ਕਰਨ ਲਈ ਵਿਸ਼ੇਸ਼ ਤਾਕਤ ਦੇ ਰੂਪ 'ਚ ਲਾਮਬੰਦ ਕੀਤਾ ਗਿਆ ਹੈ। ਇਹ ਸਲਵਾ ਜੁਡਮ ਨੂੰ ਗ਼ੈਰਕਾਨੂੰਨੀ ਕਰਾਰ ਦੇ ਕੇ ਤੁਰੰਤ ਖ਼ਤਮ ਕਰਨ ਦੇ ਸੁਪਰੀਮ ਕੋਰਟ ਦੇ ਆਦੇਸ਼ (ਜੁਲਾਈ 2011) ਦੀਆਂ ਧੱਜੀਆਂ ਉਡਾ ਕੇ ਕੀਤਾ ਜਾ ਰਿਹਾ ਹੈ। ਦਹਿ-ਹਜ਼ਾਰਾਂ ਕਰੋੜ ਰੁਪਏ ਦੀਆਂ 'ਵਿਕਾਸ ਯੋਜਨਾਵਾਂ' ਉਲੀਕੀਆਂ ਗਈਆਂ ਹਨ ਜਿਨ੍ਹਾਂ ਦਾ ਮੁੱਖ ਉਦੇਸ਼ ਮਾਓਵਾਦੀ ਲਹਿਰ ਨੂੰ ਕੁਚਲਣਾ ਅਤੇ ਉਨ੍ਹਾਂ ਦੇ ਮਜ਼ਬੂਤ ਆਦਿਵਾਸੀ ਆਧਾਰ ਦੀ ਨਸਲਕੁਸ਼ੀ ਅਤੇ ਤਬਾਹੀ ਹੈ। 'ਮੁੱਖਧਾਰਾ ਮੀਡੀਆ' ਲਈ ਇਸ ਵਿਆਪਕ ਕਤਲੇਆਮ ਅਤੇ ਤਬਾਹੀ ਦੀਆਂ ਰਿਪੋਰਟਾਂ ਕੋਈ ਮੁੱਦਾ ਨਹੀਂ ਹਨ ਕਿਉਂਕਿ ਇਨ੍ਹਾਂ 'ਵਿਕਾਸ' ਪ੍ਰੋਜੈਕਟਾਂ 'ਚ ਮੀਡੀਆ ਨਾਲ ਸੰਬੰਧਤ ਕਾਰਪੋਰੇਟਾਂ ਦੇ ਆਪਣੇ ਕਾਰੋਬਾਰੀ ਹਿਤ ਹਨ।

ਮਾਓਵਾਦੀਆਂ ਤੇ ਸਾਧਾਰਨ ਆਦਿਵਾਸੀਆਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹਾਂ 'ਚ ਡੱਕਣ ਅਤੇ ਝੂਠੇ ਮੁਕਾਬਲਿਆਂ 'ਚ ਮਾਰਨ ਦਾ ਜੋ ਸਿਲਸਿਲਾ ਦਹਾਕਿਆਂ ਤੋਂ ਚੱਲ ਰਿਹਾ ਸੀ, ਉਸ ਦੇ ਨਾਲ-ਨਾਲ ਜਦੋਂ ਪਿਛਲੇ ਕੁਝ ਸਾਲਾਂ 'ਚ ਪਿੰਡਾਂ ਤੇ ਜੰਗਲਾਂ-ਖੇਤਾਂ 'ਚ ਆਪਣੇ ਰੋਜ਼ਮਰਾ ਕੰਮਕਾਰ ਕਰਦੇ ਆਦਿਵਾਸੀਆਂ ਉੱਪਰ ਡਰੋਨ ਹਮਲਿਆਂ ਦੀਆਂ ਰਿਪੋਰਟਾਂ ਆਉਣੀਆਂ ਸ਼ੁਰੂ ਹੋਈਆਂ ਤਾਂ ਇਸ ਵਿਰੁੱਧ 'ਮੁੱਖਧਾਰਾ' ਭਾਰਤ ਵਿੱਚੋਂ ਕੋਈ ਖ਼ਾਸ ਆਵਾਜ਼ ਨਹੀਂ ਉੱਠੀ। ਬਸਤਰ ਦੇ ਉੱਚ ਪੁਲਿਸ/ਸੁਰੱਖਿਆ ਬਲਾਂ ਦੇ ਅਧਿਕਾਰੀ ਇਨ੍ਹਾਂ ਰਿਪੋਰਟਾਂ ਨੂੰ 'ਮਾਓਵਾਦੀ ਪ੍ਰਾਪੇਗੰਡਾ' ਕਹਿਕੇ ਰੱਦ ਕਰ ਦਿੰਦੇ ਹਨ ਅਤੇ 'ਮੁੱਖਧਾਰਾ' ਮੀਡੀਆ ਇਸ ਨੂੰ ਸੱਤ ਬਚਨ ਕਹਿ ਕੇ ਪ੍ਰਚਾਰਦਾ ਹੈ। ਉਹ ਸ਼ਹਿਰੀ ਆਜ਼ਾਦੀਆਂ/ਮਨੁੱਖੀ ਹੱਕਾਂ ਦੀਆਂ ਜਥੇਬੰਦੀਆਂ ਨੂੰ ਇਨ੍ਹਾਂ ਇਲਾਕਿਆਂ ਵਿਚ ਜਾ ਕੇ ਆਜ਼ਾਦਾਨਾ ਜਾਂਚ ਕਰਨ ਦੀ ਇਜਾਜ਼ਤ ਨਹੀਂ ਦਿੰਦੇ। 'ਮੁੱਖਧਾਰਾ'/ਗੋਦੀ ਮੀਡੀਆ ਦਾ ਤਾਂ ਪੂਰਾ ਦਾਰੋਮਦਾਰ ਹੀ ਸਰਕਾਰੀ ਪ੍ਰੈੱਸ ਨੋਟਾਂ ਅਤੇ ਸੱਤਾ ਦੇ ਬਿਰਤਾਂਤ ਉੱਪਰ ਹੈ। ਬਾਕੀ ਮੀਡੀਆ ਹਿੱਸਿਆਂ ਨੇ ਸਵੈ-ਸੈਂਸਰਸ਼ਿੱਪ ਦਾ ਰਾਹ ਅਖ਼ਤਿਆਰ ਕੀਤਾ ਹੋਇਆ ਹੈ। ਇਸ ਵਿਚ ਭਗਵਾ ਹਕੂਮਤ ਦੀ 'ਸ਼ਹਿਰੀ ਨਕਸਲੀ' ਦੀ ਨੀਤੀ ਨਾਲ ਬਣੇ ਖ਼ੌਫ਼ ਦੇ ਮਾਹੌਲ ਦੀ ਵੀ ਕੁਝ ਨਾ ਕੁਝ ਭੂਮਿਕਾ ਹੈ। ਸਿਤਮ ਜ਼ਰੀਫ਼ੀ ਤਾਂ ਇਹ ਹੈ ਕਿ ਕਹਿੰਦੇ ਕਹਾਉਂਦੇ ਪੱਤਰਕਾਰਾਂ ਦਾ ਇਕ ਹਿੱਸਾ ਵੀ ਬਿਨਾਂ ਕੋਈ ਜਾਂਚ-ਪੜਤਾਲ ਕੀਤੇ ਡਰੋਨ ਹਮਲਿਆਂ ਦੀਆਂ ਰਿਪੋਰਟਾਂ ਨੂੰ 'ਮਾਓਵਾਦੀ ਪ੍ਰਾਪੇਗੰਡਾ' ਕਹਿ ਕੇ ਰੱਦ ਕਰਨ 'ਚ ਸ਼ਰਮ ਮਹਿਸੂਸ ਨਹੀਂ ਕਰਦਾ। ਇਸ ਕਰਕੇ, ਕੁਝ ਬੁੱਧੀਜੀਵੀਆਂ ਤੇ ਸੁਤੰਤਰ ਪੱਤਰਕਾਰਾਂ ਵੱਲੋਂ ਹਕੂਮਤੀ ਚਕਰਵਿਊ ਨੂੰ ਤੋੜਨ ਦੀਆਂ ਵਾਰ-ਵਾਰ ਕੋਸ਼ਿਸ਼ਾਂ ਕਰਕੇ ਜ਼ਮੀਨੀ ਹਕੀਕਤ ਦੇ ਤੱਥ ਸਾਹਮਣੇ ਲਿਆਉਣਾ ਉਨ੍ਹਾਂ ਦਾ ਪੇਸ਼ੇਵਾਰਾਨਾ ਫਰਜ਼ ਤਾਂ ਹੈ ਹੀ, ਉਪਰੋਕਤ ਭਿਆਨਕ ਖ਼ੌਫ਼ ਦੇ ਮਾਹੌਲ ਵਿਚ ਇਹ ਬਹੁਤ ਦਲੇਰਾਨਾ ਕਾਰਜ ਵੀ ਹੈ। ਇਸ ਪ੍ਰਸੰਗ 'ਚ ਹੀ ਰਿਪੋਰਟ ਦੇ ਮਹੱਤਵ ਨੂੰ ਸਹੀ ਤਰੀਕੇ ਨਾਲ ਸਮਝਿਆ ਜਾ ਸਕਦਾ ਹੈ।



ਰਿਪੋਰਟ ਨੇ ਬਹੁਤ ਸਾਰੇ ਤੱਥਪੂਰਨ ਖ਼ੁਲਾਸੇ ਕੀਤੇ ਹਨ। ਜਿਵੇਂ:

✶ ਆਦਿਵਾਸੀਆਂ ਇਲਾਕਿਆਂ ਵਿਚ 'ਵਿਕਾਸ' ਪ੍ਰੋਜੈਕਟਾਂ ਦਾ ਰਾਹ ਪੱਧਰਾ ਕਰਨ ਦਾ ਮੁੱਖ ਤਰੀਕਾ ਸੁਰੱਖਿਆ ਕੈਂਪਾਂ ਦਾ ਤੇਜ਼ੀ ਨਾਲ ਵਧਾਰਾ-ਪਸਾਰਾ ਹੈ। ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ ਦੇ ਅਨੁਸਾਰ 2019 ਤੋਂ ਲੈ ਕੇ ਬਸਤਰ ਵਿਚ 250 ਕੈਂਪ ਹੋਰ ਬਣਾਏ ਗਏ ਹਨ। ਫਰਵਰੀ 2024 'ਚ ਆਈਜੀ ਬਸਤਰ ਵੱਲੋਂ 50 ਹੋਰ ਕੈਂਪ ਬਣਾਏ ਜਾਣ ਅਤੇ ਸਰਕਾਰ ਵੱਲੋਂ 3000 ਹੋਰ ਸੁਰੱਖਿਆ ਬਲ ਤਾਇਨਾਤ ਕਰਨ ਦਾ ਐਲਾਨ ਕੀਤਾ ਗਿਆ। (ਇਹ ਸਿਰਫ਼ ਐਲਾਨੀ ਗਿਣਤੀ ਹੈ, ਅਣਐਲਾਨੀ ਤਾਇਨਾਤੀ ਇਸ ਤੋਂ ਵੱਖਰੀ ਹੈ।)

✶ ਬਸਤਰ, ਮੁਲਕ ਦੇ ਸਭ ਤੋਂ ਵੱਧ ਫ਼ੌਜੀ ਤਾਇਨਾਤੀ ਵਾਲੇ ਖੇਤਰਾਂ ਵਿੱਚੋਂ ਇਕ ਹੈ ਜਿੱਥੇ ਹਰ ਨੌਂ ਆਮ ਨਾਗਰਿਕਾਂ ਪਿੱਛੇ ਇਕ ਸੁਰੱਖਿਆ ਸੈਨਿਕ ਤਾਇਨਾਤ ਹੈ। ਮਿਸਾਲ ਵਜੋਂ, ਦੋਰਨਾਪਾਲ ਅਤੇ ਜਗਰਗੁੰਡਾ ਦਰਮਿਆਨ ਦੀ 56 ਕਿਲੋਮੀਟਰ ਪੱਟੀ ਵਿਚ ਪੰਜ ਪੁਲਿਸ ਥਾਣੇ ਅਤੇ 15 ਸੀਆਰਪੀਐੱਫ ਦੇ ਕੈਂਪ ਹਨ। ਔਸਤਨ ਹਰ ਸੁਰੱਖਿਆ ਕੈਂਪ ਵਿਚ 400 ਸੁਰੱਖਿਆ ਬਲ ਰੱਖੇ ਗਏ ਹਨ ਅਤੇ ਇੰਝ ਪੰਦਰਾਂ ਕੈਂਪਾਂ 'ਚ ਸੁਰੱਖਿਆ ਬਲਾਂ ਦੀ ਨਫ਼ਰੀ 6000 ਹੈ। ਜੰਗਲਾਂ 'ਚ ਆਦਿਵਾਸੀ ਵਸੋਂ ਅਸਾਧਾਰਨ ਤੌਰ 'ਤੇ ਵਿਰਲੀ ਹੋਣ ਕਾਰਨ ਪ੍ਰਤੀ ਪਿੰਡ ਔਸਤ 500 ਵਸੋਂ ਹੈ ਅਤੇ ਮੋਟੇ ਅੰਦਾਜ਼ੇ ਅਨੁਸਾਰ ਇਸ ਪੱਟੀ ਵਿਚ ਕੁਲ 51500 ਵਸੋਂ ਬਣਦੀ ਹੈ। ਹਰ ਦੋ-ਚਾਰ ਕਿਲੋਮੀਟਰ ਉੱਪਰ ਕੈਂਪ ਹੋਣ ਕਾਰਨ ਪੂਰਾ ਬਸਤਰ ਹੀ ਇਕ ਤਰ੍ਹਾਂ ਨਾਲ ਵਿਆਪਕ ਛਾਉਣੀ ਬਣ ਚੁੱਕਾ ਹੈ। ਇਕ ਨਮੂਨੇ ਦੀ ਮਿਸਾਲ ਬੇਦਰੇ ਕੈਂਪ ਹੈ ਜੋ ਫਰਵਰੀ 2023 'ਚ ਬਣਾਇਆ ਗਿਆ ਸੀ। ਇੱਥੇ 80 ਡੀਆਰਜੀ ਸਮੇਤ 600-700 ਦੀ ਗਿਣਤੀ 'ਚ ਪੂਰੀ ਬਟਾਲੀਅਨ ਤਾਇਨਾਤ ਹੈ ਜਿਸ ਵਿਚ ਐੱਸਟੀਐੱਫ ਅਤੇ ਸੀਆਰਪੀਐੱਫ ਦੇ ਜਵਾਨ ਹਨ। ਅਜਿਹੇ ਕੈਂਪ ਨੇ ਆਮ ਤੌਰ 'ਤੇ 5-6 ਏਕੜ ਜਗ੍ਹਾ ਘੇਰੀ ਹੁੰਦੀ ਹੈ।

✶ ਇਕ ਪਾਸੇ ਸਰਕਾਰ ਅਤੇ ਪੁਲਿਸ-ਨੀਮ-ਫ਼ੌਜੀ ਅਧਿਕਾਰੀ ਦਾਅਵਾ ਕਰ ਰਹੇ ਹਨ ਕਿ ਮਾਓਵਾਦੀ ਲਹਿਰ ਦਾ ਆਧਾਰ ਸੁੰਗੜ ਰਿਹਾ ਹੈ। ਜੇ ਆਧਾਰ ਸੁੰਗੜ ਰਿਹਾ ਹੈ ਤਾਂ ਪੁਲਿਸ-ਨੀਮ-ਫ਼ੌਜੀ ਤਾਇਨਾਤੀ ਅਤੇ ਕੈਂਪਾਂ ਦੀ ਗਿਣਤੀ ਘਟਣੀ ਚਾਹੀਦੀ ਹੈ ਪਰ ਤਾਇਨਾਤੀ ਤਾਂ ਉਲਟਾ ਬਹੁਤ ਤੇਜ਼ੀ ਨਾਲ ਵਧਾਈ ਜਾ ਰਹੀ ਹੈ। ਬਸਤਰ ਰੇਂਜ ਦਾ ਆਈਜੀ ਸੁੰਦਰਰਾਜ ਇਸਨੂੰ ਵਾਜਬ ਠਹਿਰਾਉਣ ਲਈ ਦਲੀਲ ਦਿੰਦਾ ਹੈ: "ਉਨ੍ਹਾਂ ਕੋਲ ਅਜੇ ਵੀ ਨੁਕਸਾਨ ਪਹੁੰਚਾਉਣ ਦੀ ਫ਼ੌਜੀ ਸਮਰੱਥਾ ਹੈ। 2023 'ਚ, ਮੀਡੀਆ ਰਿਪੋਰਟਾਂ ਤੋਂ ਬਾਦ ਕਿ ਉਨ੍ਹਾਂ ਦੀ ਗਿਣਤੀ ਘਟ ਰਹੀ ਹੈ, ਉਨ੍ਹਾਂ ਨੇ ਭਾਜਪਾ ਆਗੂਆਂ ਉੱਪਰ ਹਮਲਿਆਂ ਨਾਲ ਪਲਟਕੇ ਵਾਰ ਕੀਤਾ। 2022 'ਚ 234 ਘਟਨਾਵਾਂ ਹੋਈਆਂ। 2007-2008 ਤੋਂ ਬਾਦ 65% ਗਿਰਾਵਟ ਆਈ ਹੈ। ਪਰ ਗਿਣਤੀ ਅਨੁਸਾਰ ਨਹੀਂ ਚੱਲਿਆ ਜਾ ਸਕਦਾ।"

ਆਈਜੀ ਸੁੰਦਰਰਾਜ ਨੇ ਅੰਦਾਜ਼ਾ ਪੇਸ਼ ਕੀਤਾ ਹੈ ਕਿ ਮਾਓਵਾਦੀ ਹਥਿਆਰਬੰਦ ਕਾਡਰਾਂ ਦੀ ਗਿਣਤੀ 1200 ਦੇ ਕਰੀਬ ਹੈ। ਹਮਾਇਤੀ ਕਾਡਰ (ਸੀਐੱਨਐੱਮ [ਚੇਤਨਾ ਨਾਟਿਯਾ ਮੰਚ] ਤੇ ਡੀਕੇਐੱਮਐੱਸ [ਦੰਡਕਾਰਣੀਆ ਆਦਿਵਾਸੀ ਕਿਸਾਨ ਮਜ਼ਦੂਰ ਸੰਗਠਨ]) ਦੀ ਗਿਣਤੀ 15000 ਦੇ ਕਰੀਬ ਹੈ। ਉਸ ਦਾ ਦਾਅਵਾ ਹੈ ਕਿ ਸਿਰਫ਼ ਸੀਐੱਨਐੱਮ ਨੂੰ ਹੀ ਲਹਿਰ ਵਿਚ ਆਪਣੀ ਭੂਮਿਕਾ ਬਾਰੇ ਸਪਸ਼ਟਤਾ ਹੈ। ਡੀਕੇਐੱਮਐੱਸ ਦੇ ਕਾਡਰਾਂ ਨੂੰ ਹੁਣ ਆਪਣੀ ਭੂਮਿਕਾ ਬਾਰੇ ਸਪਸ਼ਟਤਾ ਨਹੀਂ ਹੈ ਕਿਉਂਕਿ ਮਾਓਵਾਦੀ ਉਨ੍ਹਾਂ ਦੀਆਂ ਬਾਕਾਇਦਾ ਮੀਟਿੰਗਾਂ ਕਰਵਾਉਣ 'ਚ ਕਾਮਯਾਬ ਨਹੀਂ ਹੋ ਰਹੇ। ਛੱਤੀਸਗੜ੍ਹ ਰਾਜ ਦੇ ਅੰਕੜਿਆਂ (ਆਈਜੀ ਆਫਿਸ ਤੋਂ ਪ੍ਰਾਪਤ) ਅਤੇ ਗ੍ਰਿਹ ਮੰਤਰਾਲੇ ਦੇ ਅੰਕੜਿਆਂ ਨੂੰ ਮਿਲਾ ਕੇ ਦੇਖਿਆ ਜਾਵੇ ਤਾਂ 2011 ਤੋਂ ਲੈ ਕੇ 2022 ਤੱਕ ਬਸਤਰ ਵਿਚ 6804 ਗ੍ਰਿਫ਼ਤਾਰੀਆਂ ਕੀਤੀਆਂ ਗਈਆਂ। ਪਿਛਲੇ ਸਾਲ ਡੀਏਕੇਐੱਮਐੱਸ ਦੇ 250 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਜੇ ਇਹ ਵਿਸ਼ਵਾਸ ਕੀਤਾ ਜਾਵੇ ਕਿ ਇਹ ਸਾਰੇ ਮਾਓਵਾਦੀ ਪਾਰਟੀ ਦੇ ਮੈਂਬਰ ਸਨ ਤਾਂ ਅੱਧਾ ਹਮਾਇਤੀ ਆਧਾਰ ਤਾਂ ਪਹਿਲਾਂ ਹੀ ਸੀਖ਼ਾਂ ਪਿੱਛੇ ਡੱਕਿਆ ਹੋਇਆ ਹੈ। ਫਿਰ ਵੀ, ਆਈਜੀ ਇਹ ਦਾਅਵਾ ਕਰਦਾ ਹੈ ਕਿ ਪੁਲਿਸ ਹੁਣ ਪਹਿਲਾਂ ਵਾਂਗ 'ਅੰਧਾਧੁੰਦ' ਗ੍ਰਿਫ਼ਤਾਰੀਆਂ ਨਹੀਂ ਕਰਦੀ। ਪਰ ਤੱਥ ਖੋਜ ਟੀਮ ਵੱਲੋਂ ਪ੍ਰਦਰਸ਼ਨਕਾਰੀਆਂ ਨਾਲ ਗੱਲਬਾਤ 'ਚ ਸਾਹਮਣੇ ਆਇਆ ਕਿ ਵੱਡੀ ਗਿਣਤੀ 'ਚ ਉਨ੍ਹਾਂ ਆਮ ਲੋਕਾਂ ਨੂੰ ਦੋ ਤੋਂ ਲੈ ਕੇ ਤਿੰਨ ਸਾਲ ਜੇਲ੍ਹ 'ਚ ਗੁਜ਼ਾਰਨੇ ਪਏ ਜਿਨ੍ਹਾਂ ਉੱਪਰ ਨਕਸਲੀ ਸਰਗਰਮੀਆਂ 'ਚ ਸ਼ਾਮਲ ਹੋਣ ਦੇ ਝੂਠੇ ਦੋਸ਼ ਲਗਾਏ ਗਏ ਸਨ।

✶ ਰਿਪੋਰਟ ਵਿਚ ਪੰਜ ਡਰੋਨ ਹਮਲਿਆਂ ਦਾ ਜ਼ਿਕਰ ਕੀਤਾ ਗਿਆ ਹੈ: ਅਪ੍ਰੈਲ 2021, 14/15 ਅਪ੍ਰੈਲ 2022, 11 ਜਨਵਰੀ 2023, 7 ਅਪ੍ਰੈਲ 2023 ਅਤੇ 7 ਅਪ੍ਰੈਲ 2024। ਇਨ੍ਹਾਂ ਨਾਲ 20 ਪਿੰਡਾਂ ਨੂੰ ਨਿਸ਼ਾਨਾ ਬਣਾਇਆ ਗਿਆ। ਸੰਬੰਧਤ ਪਿੰਡਾਂ ਦੇ ਆਦਿਵਾਸੀ ਇਨ੍ਹਾਂ ਹਮਲਿਆਂ ਦੇ ਸਬੂਤ ਵੀ ਮੀਡੀਆ ਅੱਗੇ ਪੇਸ਼ ਕਰ ਚੁੱਕੇ ਹਨ। ਪੁਲਿਸ ਵੱਲੋਂ ਅਪਣਾਏ ਅਜਿਹੇ ਸੂਖ਼ਮ ਤਰੀਕਿਆਂ ਦਾ ਮੁਕਾਬਲਾ ਕਰਨ ਲਈ ਮਾਓਵਾਦੀ ਵੀ ਯੁੱਧਨੀਤੀ ਘੜਨ 'ਚ ਜੁੱਟੇ ਹੋਏ ਹਨ। ਪੁਲਿਸ/ਨੀਮ-ਫ਼ੌਜੀ ਅਧਿਕਾਰੀਆਂ ਕੋਲ ਆਦਿਵਾਸੀਆਂ ਦੇ ਪੱਖ ਨੂੰ ਰੱਦ ਕਰਨ ਲਈ ਘੜੀ-ਘੜਾਈ ਦਲੀਲ ਹੈ: ਇਹ 'ਝੂਠ' ਹੈ, 'ਮਾਓਵਾਦੀ ਪ੍ਰਾਪੇਗੰਡਾ', ਹੈ, 'ਇਹੋ ਜਿਹਾ ਕੁਝ ਨਹੀਂ ਹੋਇਆ'। ਪਰ ਆਦਿਵਾਸੀਆਂ ਵੱਲੋਂ ਪੇਸ਼ ਕੀਤੇ ਸਬੂਤਾਂ ਦਾ ਉਹ ਕੋਈ ਸਪਸ਼ਟੀਕਰਨ ਨਹੀਂ ਦੇ ਰਹੇ। ਆਈਜੀ ਸੁੰਦਰਰਾਜ ਦਾ ਇਹ ਦਾਅਵਾ ਕਿਸੇ ਨੂੰ ਕਾਇਲ ਨਹੀਂ ਕਰ ਸਕਦਾ ਕਿ "ਬਾਕੀ ਮੁਲਕ ਵਾਂਗ ਬਸਤਰ ਵਿਚ ਵੀ ਸੁਰੱਖਿਆ ਤਾਕਤਾਂ ਜਾਨ-ਮਾਲ ਦੀ ਰਾਖੀ 'ਚ ਲੱਗੀਆਂ ਹੋਈਆਂ ਹਨ। ਮਾਓਵਾਦੀਆਂ ਦਾ ਆਧਾਰ ਖੁਸ ਰਿਹਾ ਹੋਣ ਕਰਕੇ ਉਹ ਮਾਯੂਸੀ 'ਚੋਂ ਸਾਡਾ ਅਕਸ ਵਿਗਾੜਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਦੇ ਆਗੂ, ਜੋ ਸਾਰੇ ਬਾਹਰਲੇ ਹਨ, ਆਦਿਵਾਸੀ ਲੋਕਾਂ ਦੀ ਦੁਰਵਰਤੋਂ ਕਰ ਰਹੇ ਹਨ। ਹੁਣ ਸਮਾਂ ਹੈ ਕਿ ਲੋਕ ਉਨ੍ਹਾਂ ਦੇ ਅਸਲੀ, ਹਿੰਸਕ ਚਿਹਰਿਆਂ ਨੂੰ ਦੇਖਣ।"

ਕੀ ਭਾਰਤੀ ਹੁਕਮਰਾਨ, ਪੁਲਿਸ/ਸੁਰੱਖਿਆ ਦਸਤੇ ਅਤੇ ਕਾਰਪੋਰੇਟ ਬਾਹਰਲੇ ਨਹੀਂ ਹਨ? ਸਟੇਟ ਦੇ ਕਰੂਰ ਹਿੰਸਕ ਸੁਭਾਅ ਨੂੰ ਕੌਣ ਭੁੱਲਿਆ ਹੈ!

ਇਨ੍ਹਾਂ ਸਰਕਾਰੀ ਦਾਅਵਿਆਂ ਦਾ ਮੂੰਹ ਚਿੜਾਉਣ ਵਾਲੀਆਂ ਘਟਨਾਵਾਂ ਲਗਾਤਾਰ ਵਾਪਰ ਰਹੀਆਂ ਹਨ। ਰਿਪੋਰਟ ਦੱਸਦੀ ਹੈ ਕਿ ਵਧ ਰਹੀ ਫ਼ੌਜੀ ਤਾਇਨਾਤੀ, ਬੇਲਗਾਮ ਜਾਸੂਸੀਤੰਤਰ ਅਤੇ ਅਣਟਰੇਂਡ ਡੀਆਰਜੀ ਤਾਕਤਾਂ ਸਮੇਤ ਸੁਰੱਖਿਆ ਬਲਾਂ ਦੇ

ਹਮਲਿਆਂ ਦਾ ਆਮ ਨਾਗਰਿਕਾਂ, ਖ਼ਾਸ ਕਰਕੇ ਬੱਚਿਆਂ ਨੂੰ ਵੱਡਾ ਮੁੱਲ ਚੁਕਾਉਣਾ ਪੈ ਰਿਹਾ ਹੈ। 13 ਮਈ ਨੂੰ ਬੀਜਾਪੁਰ ਜ਼ਿਲ੍ਹੇ ਦੇ ਪਿੰਡ ਬੋਦਗਾ ਵਿਚ ਅਣਚੱਲੇ ਗਰਨੇਡ ਨੂੰ ਉਤਸੁਕਤਾ ਨਾਲ ਛੂਹਣ ਦੀ ਕੋਸ਼ਿਸ਼ ਕਰਦਿਆਂ ਦੋ ਬੱਚੇ ਮਾਰੇ ਗਾਏ। ਇਹ ਗਰਨੇਡ ਸੁਰੱਖਿਆ ਦਸਤੇ ਉੱਥੇ ਬੇਪ੍ਰਵਾਹੀ ਨਾਲ ਸੁੱਟ ਕੇ ਚਲੇ ਗਏ ਸਨ। ਪੁਲਿਸ ਨੇ ਪ੍ਰੈੱਸ ਬਿਆਨ ਜਾਰੀ ਕਰਕੇ ਇਸ ਘਿਣਾਉਣੇ ਕਾਰੇ ਨੂੰ ਮਾਓਵਾਦੀਆਂ ਦਾ ਆਈਈਡੀ ਹਮਲਾ ਸਾਬਤ ਕਰਨ ਦੀ ਅਸਫ਼ਲ ਕੋਸ਼ਿਸ਼ ਕੀਤੀ। ਪਰ ਗੋਦੀ ਮੀਡੀਆ ਸਮੇਤ ਸਾਰਿਆਂ ਨੂੰ ਪਤਾ ਹੈ ਕਿ ਇਹ ਸੁਰੱਖਿਆ ਦਸਤਿਆਂ ਦੇ ਕਾਰਨ ਵਾਪਰਿਆ।

ਰਿਪੋਰਟ ਇਸ ਸਰਕਾਰੀ ਬਿਰਤਾਂਤ ਨੂੰ ਝੂਠ ਸਾਬਤ ਕਰਦੀ ਹੈ ਕਿ ਕੈਂਪ ਲੋਕਾਂ ਨੂੰ ਸੁਰੱਖਿਆ ਦੇਣ ਲਈ ਹਨ। ਸਥਾਨਕ ਭਾਈਚਾਰਿਆਂ ਅਨੁਸਾਰ ਇਹ ਕਥਿਤ ਸੁਰੱਖਿਆਤੰਤਰ ਅਤੇ ਸੁਰੱਖਿਆ ਦਸਤਿਆਂ ਦੇ ਕੈਂਪ ਉਨ੍ਹਾਂ ਦੀ ਹੋਂਦ ਲਈ ਹੀ ਖ਼ਤਰਾ ਬਣੇ ਹੋਏ ਹਨ ਅਤੇ ਇਨ੍ਹਾਂ ਦੀ ਨਫ਼ਰੀ ਵਧਣ ਨਾਲ ਉਨ੍ਹਾਂ ਦੀ ਜ਼ਿੰਦਗੀ ਦਿਨੋ-ਦਿਨ ਹੋਰ ਜ਼ਿਆਦਾ ਅਸੁਰੱਖਿਅਤ ਹੁੰਦੀ ਜਾ ਰਹੀ ਹੈ। ਸਰਕਾਰ ਚਾਹੇ ਕਾਂਗਰਸ ਦੀ ਹੋਵੇ ਜਾਂ ਭਾਜਪਾ ਦੀ, ਦਾਅਵਾ ਕਰਦੀ ਹੈ ਕਿ 'ਇਲਾਕੇ ਉੱਪਰ ਗਲਬਾ ਅਤੇ ਮਾਓਵਾਦੀ ਲਹਿਰ ਦੇ ਫੈਲਾਅ ਨੂੰ ਰੋਕਣਾ' ਯਕੀਨੀ ਬਣਾਉਣ ਲਈ ਕੈਂਪ ਜ਼ਰੂਰੀ ਹਨ। ਸਰਕਾਰ ਕਹਿੰਦੀ ਹੈ ਕਿ "ਇਹ ਕੈਂਪ ਬਣਾਏ ਜਾਣ ਨਾਲ ਪਿੰਡਾਂ ਦੇ ਲੋਕਾਂ ਨੂੰ ਪੰਜ ਤੱਤਾਂ, ਵਿਸ਼ਵਾਸ (ਟਰੱਸਟ), ਵਿਕਾਸ (ਡਿਵੈਲਪਮੈਂਟ), ਸੁਰੱਕਸ਼ਾ (ਸੁਰੱਖਿਆ), ਨਿਆਏ (ਨਿਆਂ) ਅਤੇ ਸੇਵਾ (ਸਰਕਾਰੀ ਸੇਵਾਵਾਂ) ਦੁਆਰਾ ਨਕਸਲੀ ਦਹਿਸ਼ਤ ਤੋਂ ਮੁਕਤ ਕਰਵਾ ਦਿੱਤਾ ਜਾਵੇਗਾ।" ਕਿ "ਸਰਕਾਰੀ ਸੇਵਾਵਾਂ ਦੇਣ ਲਈ ਲੋੜੀਂਦੀਆਂ ਸੜਕਾਂ ਵਿਛਾਉਣ, ਸਕੂਲ, ਸਿਹਤ ਕੇਂਦਰ ਅਤੇ ਵੋਟਿੰਗ ਬੂਥ ਬਣਾਉਣ ਲਈ" ਕੈਂਪ ਜ਼ਰੂਰੀ ਹਨ। ਕੈਂਪਾਂ ਵਿਰੁੱਧ ਆਦਿਵਾਸੀ ਰੋਹ ਬਾਰੇ ਸਰਕਾਰ ਤੇ ਅਧਿਕਾਰੀ ਝੂਠੇ ਦਾਅਵੇ ਕਰਦੇ ਹਨ ਕਿ ਕੈਂਪਾਂ ਦਾ ਵਿਰੋਧ ਆਦਿਵਾਸੀ 'ਮਾਓਵਾਦੀਆਂ ਵੱਲੋਂ ਉਕਸਾਉਣ' ਕਰਦੇ ਹਨ ਕਿਉਂਕਿ ਉਹ ਸੁਰੱਖਿਆ ਦਸਤਿਆਂ ਦੀ ਆਮਦ ਤੋਂ ਬੌਖਲਾਏ ਹੋਏ ਹਨ। ਜਦਕਿ ਹਕੀਕਤ ਇਹ ਹੈ ਕਿ ਆਦਿਵਾਸੀ ਆਪਣੀ ਜ਼ਿੰਦਗੀ ਵਿਚ ਸਟੇਟ/ਕੈਂਪਾਂ ਦਾ ਦਖ਼ਲ ਬਿਲਕੁਲ ਨਹੀਂ ਚਾਹੁੰਦੇ। ਮਾਓਵਾਦੀ ਇਨਕਲਾਬੀਆਂ ਦਾ ਆਦਿਵਾਸੀਆਂ ਨਾਲ ਮੱਛੀ ਤੇ ਪਾਣੀ ਵਾਲਾ ਰਿਸ਼ਤਾ ਹੈ ਅਤੇ ਉਹ ਉਨ੍ਹਾਂ ਦੀ ਅਗਵਾਈ ਹੇਠ ਆਪਣੇ ਜਲ-ਜੰਗਲ-ਜ਼ਮੀਨ ਨੂੰ ਬਚਾਉਣ ਅਤੇ ਲਹਿਰ ਦੀਆਂ ਪ੍ਰਾਪਤੀਆਂ ਦੀ ਰਾਖੀ ਦੀ ਲੜਾਈ ਦੇ ਹਿੱਸੇ ਵਜੋਂ ਹੀ ਕੈਂਪਾਂ ਦਾ ਵਿਰੋਧ ਕਰ ਕਰ ਰਹੇ ਹਨ।

✶ ਕੱਚੇ ਲੋਹੇ ਸਮੇਤ ਵਡਮੁੱਲੇ ਖਣਿਜਾਂ ਦੇ ਭੰਡਾਰ (ਰਾਜ ਨੂੰ ਖਣਿਜਾਂ ਤੋਂ ਆਉਂਦੇ ਮਾਲੀਏ ਵਿਚ 50% ਯੋਗਦਾਨ ਇਕੱਲੇ ਦੰਤੇਵਾੜਾ ਜ਼ਿਲ੍ਹੇ ਦਾ ਹੈ) ਉੱਪਰ ਕਾਰਪੋਰੇਟਾਂ ਦਾ ਮੁਕੰਮਲ ਕਬਜ਼ਾ ਕਰਾਉਣ ਅਤੇ ਆਦਿਵਾਸੀਆਂ ਨੂੰ ਉਜਾੜਕੇ ਖਾਣਾਂ ਸ਼ੁਰੂ ਕਰਾਉਣ ਲਈ ਹਕੂਮਤ ਅੱਡੀ ਚੋਟੀ ਦਾ ਜ਼ੋਰ ਲਾ ਰਹੀ ਹੈ। 2022 ਤੱਕ 51 ਖਾਣਾਂ ਲੀਜ਼ 'ਤੇ ਦਿੱਤੀਆਂ ਗਈਆਂ ਹਨ ਜਿਨ੍ਹਾਂ ਵਿੱਚੋਂ ਸਿਰਫ਼ 14 ਪਬਲਿਕ ਸੈਕਟਰ ਨੂੰ ਦਿੱਤੀਆਂ ਗਈਆਂ ਹਨ। ਦਰਅਸਲ, ਬਦੇਸ਼ੀ-ਦੇਸੀ ਕਾਰਪੋਰੇਟਾਂ ਨਾਲ ਅਜਿਹੇ ਸੈਂਕੜੇ ਇਕਰਾਰਨਾਮੇ ਕੀਤੇ ਹੋਏ ਹਨ ਜਿਨ੍ਹਾਂ ਨੂੰ ਸਰਕਾਰ ਕੈਂਪ ਬਣਾ ਕੇ ਲਾਗੂ ਕਰਾਉਣਾ ਚਾਹੁੰਦੀ ਹੈ।

✶ ਕੈਂਪਾਂ ਦੇ ਵਧਾਰੇ-ਪਸਾਰੇ ਨਾਲ ਬਹੁਤ ਸਾਰੇ 'ਚੁਣੇ ਹੋਏ' ਨੁਮਾਇੰਦਿਆਂ ਸਮੇਤ ਜਨਤਕ ਪੈਮਾਨੇ 'ਤੇ ਗ੍ਰਿਫ਼ਤਾਰੀਆਂ 'ਚ ਵਾਧਾ ਹੋਇਆ ਹੈ ਜਿਸਦੇ ਗਵਾਹ ਸਰਕਾਰੀ ਅੰਕੜੇ ਹਨ। 'ਮਾਓਵਾਦੀ' ਠੱਪਾ ਰਾਜ ਮਸ਼ੀਨਰੀ ਦੇ ਹੱਥ 'ਚ ਆਦਿਵਾਸੀਆਂ ਦੀਆਂ ਬਿਲਕੁਲ ਵਾਜਬ ਸੰਵਿਧਾਨਕ ਮੰਗਾਂ ਨੂੰ ਵੀ ਖ਼ਾਮੋਸ਼ ਕਰ ਦੇਣ ਦਾ ਸੌਖਾ ਤਰੀਕਾ ਹੈ।

✶ ਕੈਂਪਾਂ ਅਤੇ ਡੀਆਰਜੀ ਵਰਗੀਆਂ ਤਾਕਤਾਂ ਦੀ ਮੌਜੂਦਗੀ ਨਾਲ ਝੂਠੇ ਮੁਕਾਬਲਿਆਂ 'ਚ ਵਾਧਾ ਹੋਇਆ ਹੈ। 2023-24 'ਚ ਇਹ ਗ਼ੈਰਅਦਾਲਤੀ ਹੱਤਿਆਵਾਂ ਬਹੁਤ ਤੇਜ਼ੀ ਨਾਲ ਵਧੀਆਂ ਹਨ। 2024 ਦੇ ਪਹਿਲੇ ਸਾਢੇ ਛੇ ਮਹੀਨਿਆਂ 'ਚ ਹੀ ਅਜਿਹੀਆਂ 141 ਹੱਤਿਆਵਾਂ ਕੀਤੀਆਂ ਜਾ ਚੁੱਕੀਆਂ ਹਨ। ਪਿੰਡਾਂ ਦੇ ਲੋਕਾਂ ਅਨੁਸਾਰ ਝੂਠੇ ਮੁਕਾਬਲਿਆਂ 'ਚ ਮਾਰੇ ਗਏ ਜ਼ਿਆਦਾਤਰ ਸਧਾਰਨ ਲੋਕ ਹਨ। ਬੇਸ਼ੱਕ ਇਨ੍ਹਾਂ 'ਚ ਕੁਝ ਮਾਓਵਾਦੀ ਕਾਰਕੁਨ ਵੀ ਸਨ।

✶ ਜ਼ਿਆਦਾਤਰ ਕੈਂਪ ਉਚਿਤ ਪ੍ਰਕਿਰਿਆ ਤੋਂ ਬਿਨਾਂ ਹੀ ਸਥਾਨਕ ਲੋਕਾਂ ਨੂੰ ਦੱਸੇ ਬਗ਼ੈਰ, ਅੱਧੀ ਰਾਤ ਨੂੰ ਇਕਦਮ ਥੋਪ ਦਿੱਤੇ ਗਏ। ਕੈਂਪਾਂ ਨੇ ਨਾ ਸਿਰਫ਼ ਵਾਹੀ ਹੇਠਲੀ ਜ਼ਮੀਨ ਬਿਨਾਂ ਮੁਆਵਜ਼ਾ ਹੜੱਪ ਲਈ ਹੈ ਸਗੋਂ ਇਨ੍ਹਾਂ ਨੇ ਪਿੰਡ ਦੀਆਂ ਸਾਂਝੀਆਂ ਥਾਵਾਂ, ਆਦਿਵਾਸੀ ਸਮਾਜ ਦੇ ਪਵਿੱਤਰ ਕਬਰਸਤਾਨ ਅਤੇ ਜੰਗਲੀ ਝਿੜੀਆਂ ਵੀ ਮਿਟਾ ਦਿੱਤੀਆਂ ਗਈਆਂ। ਵਿਰੋਧ ਕਰਨ 'ਤੇ ਆਦਿਵਾਸੀਆਂ ਨੂੰ ਬੇਕਿਰਕ ਜਬਰ ਝੱਲਣਾ ਪਿਆ ਹੈ।

✶ ਸਿਹਤ ਸੇਵਾਵਾਂ ਮੁਹੱਈਆ ਕਰਨ ਦੀ ਬਜਾਏ ਸਰਕਾਰ ਨਾਮਨਿਹਾਦ ਸਿਹਤ ਸੇਵਾਵਾਂ ਨੂੰ ਵੀ ਕੈਂਪਾਂ ਦੇ ਅੰਦਰ ਲਿਜਾ ਕੇ ਅਵਾਮ ਨੂੰ ਸੁਰੱਖਿਆ ਬਲਾਂ ਨਾਲ ਆਦਾਨ-ਪ੍ਰਦਾਨ ਲਈ ਮਜਬੂਰ ਕਰ ਰਹੀ ਹੈ ਜੋ ਕਿ ਆਦਿਵਾਸੀ ਬਿਲਕੁਲ ਨਹੀਂ ਚਾਹੁੰਦੇ। ਆਦਿਵਾਸੀ ਜ਼ਿੰਦਗੀ ਦੀ ਜੀਵਨ-ਰੇਖਾ ਹਫ਼ਤਾਵਾਰ ਮੰਡੀਆਂ ਉੱਪਰ ਪੁਲਿਸ ਦਾ ਕੰਟਰੋਲ ਸਥਾਪਤ ਕਰਕੇ ਖ਼ਰੀਦੋ-ਫ਼ਰੋਖ਼ਤ ਨੂੰ ਇਸ ਮਨਸ਼ਾ ਨਾਲ ਕੰਟਰੋਲ ਕੀਤਾ ਜਾ ਰਿਹਾ ਹੈ ਕਿ ਰੋਜ਼ਮਰਾ ਵਰਤੋਂ ਦੀਆਂ ਜ਼ਰੂਰੀ ਚੀਜ਼ਾਂ ਦੀ ਸਪਲਾਈ ਮਾਓਵਾਦੀਆਂ ਤੱਕ ਨਾ ਪਹੁੰਚੇ। ਕੈਂਪਾਂ ਦੇ ਚੈੱਕ-ਪੁਆਇੰਟਾਂ ਉੱਪਰ ਪੁੱਛਗਿੱਛ ਤੇ ਨਿਗਰਾਨੀ ਵਧਣ ਨਾਲ ਆਦਿਵਾਸੀਆਂ ਦੀ ਰੋਜ਼ਮਰਾ ਜ਼ਿੰਦਗੀ ਬਹੁਤ ਦੁੱਭਰ ਹੋ ਗਈ ਹੈ ਅਤੇ ਨਾਗਰਿਕ ਜੀਵਨ ਵਿਚ ਪੁਲਿਸ-ਸੁਰੱਖਿਆ ਦਸਤਿਆਂ ਦਾ ਦਖ਼ਲ ਬੇਤਹਾਸ਼ਾ ਵਧ ਗਿਆ ਹੈ।

✶ ਆਦਿਵਾਸੀ ਜ਼ਮੀਨਾਂ ਉੱਪਰ ਕੈਂਪ ਤੇ ਸੜਕਾਂ ਬਣਾਉਣ ਅਤੇ ਖਣਨ ਪ੍ਰੋਜੈਕਟ ਲਗਾਉਣ ਸਮੇਂ ਪੇਸਾ (ਪੰਚਾਇਤਾਂ ਦਾ ਸੂਚੀਦਰਜ ਇਲਾਕਿਆਂ ਤੱਕ ਵਿਸਤਾਰ) ਅਤੇ ਆਦਿਵਾਸੀਆਂ ਤੇ ਜੰਗਲਾਂ ਦੀ ਸੁਰੱਖਿਆ ਲਈ ਹੋਰ ਵਿਸ਼ੇਸ਼ ਕਾਨੂੰਨਾਂ ਦੀ ਪਾਲਣਾ ਕਰਨ ਦੀ ਆਦਿਵਾਸੀਆਂ ਦੀ ਜਾਇਜ਼ ਮੰਗ ਬਾਰੇ ਸਰਕਾਰ ਚੁੱਪ ਹੈ ਅਤੇ ਉਨ੍ਹਾਂ ਦੀ ਸਹਿਮਤੀ ਤੋਂ ਬਿਨਾਂ ਹੀ ਉਨ੍ਹਾਂ ਦੀਆਂ ਜ਼ਮੀਨਾਂ ਖੋਹੀਆਂ ਜਾ ਰਹੀਆਂ ਹਨ। ਕਾਨੂੰਨਾਂ ਦੀਆਂ ਧੱਜੀਆਂ ਉਡਾਉਣ ਵਾਲੀ ਸਰਕਾਰ ਹੱਕੀ ਸੰਘਰਸ਼ਾਂ ਨੂੰ ਗ਼ੈਰਕਾਨੂੰਨੀ ਦੱਸਦੀ ਹੈ।

✶ ਵਿਆਪਕ ਪੈਮਾਨੇ 'ਤੇ ਜੰਗਲ ਕੱਟਣ ਦੀ ਕੋਈ ਜਵਾਬਦੇਹੀ ਨਹੀਂ ਹੈ ਅਤੇ ਜੰਗਲਾਂ ਉੱਪਰ ਆਦਿਵਾਸੀਆਂ ਦੇ ਮੁੱਢ-ਕਦੀਮੀਂ ਹੱਕਾਂ ਨੂੰ ਮਾਨਤਾ ਦੇਣ ਤੋਂ ਨਾ ਸਿਰਫ਼ ਹਕੂਮਤ ਇਨਕਾਰੀ ਹੈ ਸਗੋਂ ਉਨ੍ਹਾਂ ਦੀ ਵਿਰੋਧ ਦੀ ਆਵਾਜ਼ ਨੂੰ ਪੁਲਿਸ-ਫ਼ੌਜ ਦੀ ਬੇਤਹਾਸ਼ਾ ਤਾਕਤ ਨਾਲ ਕੁਚਲ ਰਹੀ ਹੈ।

✶ ਰਿਪੋਰਟ ਸੜਕਾਂ, ਕੈਂਪਾਂ ਅਤੇ ਖਣਨ ਦੇ ਆਪਸੀ ਗੂੜ੍ਹੇ ਰਿਸ਼ਤੇ 'ਤੇ ਉਂਗਲ ਰੱਖਦੀ ਹੈ। ਸੜਕਾਂ ਦਾ ਖ਼ਾਕਾ ਅਤੇ ਚੌੜਾਈ ਦੱਸਦੀ ਹੈ ਕਿ ਇਨ੍ਹਾਂ ਦਾ ਮਨੋਰਥ ਖਣਨ ਦੇ ਕੰਮਕਾਰ ਨੂੰ ਸਹੂਲਤਾਂ ਦੇਣਾ ਹੈ। ਸਿਰਫ਼ ਸੜਕਾਂ ਬਣਾਈਆਂ ਜਾ ਰਹੀਆਂ ਹਨ। ਜੰਗੀ ਪੱਧਰ 'ਤੇ ਵਿਛਾਇਆ ਜਾ ਰਿਹਾ ਸੜਕਾਂ ਦਾ ਇਹ ਜਾਲ ਸਰਕਾਰ ਦੀਆਂ ਜਾਬਰ ਤਰਜੀਹਾਂ ਅਤੇ ਨੀਅਤ ਦਾ ਸਾਫ਼ ਸੰਕੇਤ ਹੈ। ਜੰਗਲਾਂ ਦੇ ਲੋਕਾਂ ਦੀ ਆਵਾਜਾਈ ਲਈ ਸਹੂਲਤ ਮੁਹੱਈਆ ਕਰਾਉਣ ਲਈ ਟਰਾਂਸਪੋਰਟ ਸੇਵਾਵਾਂ ਦੀ ਕੋਈ ਯੋਜਨਾ ਨਹੀਂ ਹੈ। ਇਸ ਤੋਂ ਹੀ ਸਰਕਾਰੀ ਬਦਨੀਅਤ ਸਪਸ਼ਟ ਹੋ ਜਾਂਦੀ ਹੈ ਕਿ ਸੜਕਾਂ ਵਿਛਾਉਣ ਦਾ ਮਨੋਰਥ ਸਥਾਨਕ ਭਾਈਚਾਰਿਆਂ ਦੀ ਤਰੱਕੀ ਤੇ ਭਲਾਈ ਨਹੀਂ ਸਗੋਂ ਆਦਿਵਾਸੀ ਜ਼ਮੀਨਾਂ ਤੱਕ ਸਟੇਟ ਅਤੇ ਕਾਰਪੋਰੇਟਾਂ ਦੀ ਪਹੁੰਚ ਅਤੇ ਜੰਗਲੀ ਵਸੀਲਿਆਂ ਦੀ ਲੁੱਟਮਾਰ ਨੂੰ ਸੌਖਾ ਬਣਾਉਣਾ ਹੈ।

ਤਸਵੀਰ ਦਾ ਦੂਜਾ ਪਾਸਾ ਇਹ ਹੈ ਕਿ ਜਿੱਥੇ ਜਿੱਥੇ ਵੀ ਆਦਿਵਾਸੀ ਜ਼ਮੀਨਾਂ ਉੱਪਰ ਧੋਖੇਬਾਜ਼ੀ ਅਤੇ ਧੱਕੇਸ਼ਾਹੀ ਨਾਲ ਕੈਂਪ ਬਣਾਏ ਜਾਂਦੇ ਹਨ, ਆਦਿਵਾਸੀ ਉਨ੍ਹਾਂ ਕੈਂਪ ਵਿਰੁੱਧ ਪੱਕੇ ਮੋਰਚੇ ਲਾ ਕੇ ਵਿਰੋਧ ਕਰ ਰਹੇ ਹਨ। ਪੰਖਾਜੁਰ (ਕੰਕੇਰ ਜ਼ਿਲ੍ਹੇ) ਵਿਖੇ ਬੀਐੱਸਐੱਫ ਦੇ ਦੋ ਕੈਂਪ ਬਣਾਏ ਜਾਣ ਵਿਰੁੱਧ ਵਿਆਪਕ ਜਨਤਕ ਵਿਰੋਧ ਪ੍ਰਦਰਸ਼ਨ ਦੇ ਨਾਲ ਪੰਜਾਹ ਪੰਚਾਂ-ਸਰਪੰਚਾਂ ਨੇ ਅਸਤੀਫ਼ੇ ਵੀ ਦਿੱਤੇ। ਹੋਰ ਵੀ ਬਹੁਤ ਸਾਰੇ ਥਾਵਾਂ ਉੱਪਰ ਕੈਂਪਾਂ ਵਿਰੁੱਧ ਲਗਾਤਾਰ ਜਨਤਕ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ। ਪਿੰਡਾਂ ਦੇ ਲੋਕ ਵਾਰੀਆਂ ਬੰਨ੍ਹ ਕੇ ਇਨ੍ਹਾਂ ਕੈਂਪਾਂ 'ਚ ਲਗਾਤਾਰ ਹਾਜ਼ਰੀ ਭਰਦੇ ਹਨ। ਮਈ 2021 'ਚ ਸਿਲਗੇਰ ਵਿਚ ਲਗਾਇਆ ਪੱਕਾ ਆਦਿਵਾਸੀ ਮੋਰਚਾ ਹੁਣ ਵੀ ਜਾਰੀ ਹੈ। ਇਸ ਵਿਚ ਦਹਿ-ਹਜ਼ਾਰਾਂ ਆਦਿਵਾਸੀ ਸ਼ਾਮਲ ਹੁੰਦੇ ਹਨ ਜੋ ਵਿਆਪਕ ਲਾਮਬੰਦੀ ਦਾ ਕੇਂਦਰ ਬਣਨ ਦੇ ਨਾਲ-ਨਾਲ ਪੂਰੇ ਬਸਤਰ ਦੇ ਆਦਿਵਾਸੀਆਂ ਦੇ ਵਿਰੋਧ ਦਾ ਚਿੰਨ੍ਹ ਵੀ ਬਣ ਗਿਆ ਹੈ।

ਇਨਕਲਾਬੀ ਜਨਤਕ ਜਥੇਬੰਦੀਆਂ ਉੱਪਰ ਪਾਬੰਦੀ ਲਾ ਕੇ ਬੁਰੀ ਤਰ੍ਹਾਂ ਕੁਚਲ ਦਿੱਤੇ ਜਾਣ ਕਾਰਨ ਹਕੂਮਤੀ ਦਹਿਸ਼ਤਵਾਦ ਦਾ ਵਿਰੋਧ ਕਰਨ ਲਈ ਅਤੇ ਲੋਕ ਹਿਤਾਂ ਦੀ ਰਾਖੀ ਲਈ ਨਵੀਂਆਂ ਜਥੇਬੰਦੀਆਂ ਬਣਾਏ ਜਾਣ ਦੀ ਜ਼ਰੂਰਤ ਸੀ। ਦੱਖਣੀ ਬਸਤਰ ਵਿਚ ਜਬਰੀ ਕੈਂਪਾਂ ਵਿਰੁੱਧ ਸਥਾਨਕ ਸੰਘਰਸ਼ਾਂ ਵਿੱਚੋਂ ਐੱਮਬੀਐੱਮ (ਮੂਲਵਾਸੀ ਬਚਾਓ ਮੰਚ) ਨਾਂ ਦਾ ਸਾਂਝਾ ਕੇਂਦਰ ਉੱਭਰ ਆਇਆ ਹੈ ਜਿਸਨੇ ਦਹਾਕਿਆਂ ਤੋਂ ਜਾਰੀ ਹਕੂਮਤੀ ਸਾਜ਼ਸ਼ੀ ਅਤੇ ਰਾਜਕੀ ਦਹਿਸ਼ਤਵਾਦ ਦੇ ਪੀੜਤ ਆਦਿਵਾਸੀਆਂ ਨੂੰ ਇਕ ਵਾਰ ਫਿਰ ਇਕਜੁੱਟ ਕਰ ਦਿੱਤਾ ਹੈ। ਆਦਿਵਾਸੀਆਂ ਨੇ ਹੁਣ ਬੇਕਿਰਕ ਹਮਲਿਆਂ ਤੋਂ ਖ਼ੌਫ਼ਜ਼ਦਾ ਹੋ ਕੇ ਪਲਾਇਨ ਕਰਨ ਦੀ ਬਜਾਏ ਇਕ ਵਾਰ ਫਿਰ ਲੜਨ ਦੀ ਠਾਣ ਲਈ ਹੈ। ਇਸੇ ਤਰ੍ਹਾਂ ਉੱਤਰੀ ਬਸਤਰ ਵਿਚ 'ਆਦਿਵਾਸੀ ਅਧਿਕਾਰ ਬਚਾਓ ਮੰਚ' ਜਾਂ 'ਸਰਵ ਆਦਿਵਾਸੀ ਸਮਾਜ' ਅਤੇ ਅਬੂਝਮਾੜ ਵਿਚ 'ਮਾੜ ਬਚਾਓ ਮੰਚ' ਦੇ ਝੰਡੇ ਹੇਠ ਬਹੁਤ ਸਾਰੇ ਸੰਘਰਸ਼ ਲੜੇ ਜਾ ਰਹੇ ਹਨ। ਇਨ੍ਹਾਂ ਮੰਚਾਂ ਵੱਲੋਂ ਕਤਲੇਆਮ/ਝੂਠੇ ਮੁਕਾਬਲਿਆਂ 'ਚ ਮਾਰੇ ਲੋਕਾਂ ਲਈ ਨਿਆਂ ਦੇ ਮੁੱਦੇ ਵੀ ਉਠਾਏ ਜਾ ਰਹੇ ਹਨ। ਪੱਕੇ ਮੋਰਚਿਆਂ ਨੂੰ ਕੁਚਲਣ ਲਈ ਵਾਰ-ਵਾਰ ਹਕੂਮਤੀ ਹਮਲਿਆਂ ਦੇ ਬਾਵਜੂਦ ਦੋ ਦਰਜਨ ਤੋਂ ਵਧੇਰੇ ਥਾਵਾਂ ਉੱਪਰ ਅੰਦੋਲਨ ਜਾਰੀ ਹੈ। ਜੇ ਸੁਰੱਖਿਆ ਲਸ਼ਕਰ ਬੰਦੂਕਾਂ ਦੀ ਤਾਕਤ ਨਾਲ ਕਿਸੇ ਮੋਰਚੇ ਨੂੰ ਖਦੇੜ ਦਿੰਦੇ ਹਨ ਤਾਂ ਉਹ ਕਿਸੇ ਨੇੜਲੇ ਮੋਰਚੇ 'ਚ ਸ਼ਾਮਲ ਹੋ ਜਾਂਦੇ ਹਨ। ਇਹ ਸਵੀਕਾਰ ਕਰਨ ਦੇ ਬਾਵਜੂਦ ਕਿ ਇਹ ਸਾਰੇ ਅੰਦੋਲਨ ਅਤੇ ਵਿਰੋਧ ਸ਼ਾਂਤਮਈ ਹਨ, ਹਕੂਮਤ ਆਗੂ ਪਰਤਾਂ ਦੇ ਹੌਸਲੇ ਤੋੜਨ ਲਈ ਝੂਠੇ ਕੇਸਾਂ ਤਹਿਤ ਗ੍ਰਿਫ਼ਤਾਰੀਆਂ ਅਤੇ ਦਹਿਸ਼ਤਵਾਦੀ ਧਮਕੀਆਂ ਸਮੇਤ ਹਰ ਹਰਬਾ ਵਰਤ ਰਹੀ ਹੈ। ਜੂਨ 2024 'ਚ ਐੱਮਬੀਐੱਮ ਦੀ ਬਾਨੀ ਅਤੇ ਮਨੁੱਖੀ ਹੱਕਾਂ ਦੀ ਸਿਰਕੱਢ ਕਾਰਕੁਨ ਸੁਨੀਤਾ ਪੋਟਮ ਦੀ ਗ੍ਰਿਫ਼ਤਾਰੀ ਇਸ ਦੀ ਮਿਸਾਲ ਹੈ। ਬਸਤਰ ਜ਼ਿਲ੍ਹੇ ਦੇ ਇਕ ਹੋਰ ਮੁੱਖ ਆਗੂ ਰਘੂ ਮਿਡਿਆਮੀ ਨੂੰ ਪੁਲਿਸ ਵੱਲੋਂ ਸਰੇਆਮ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ ਕਿ ਜੇ ਉਸ ਨੇ ਕੈਂਪਾਂ ਦਾ ਵਿਰੋਧ ਬੰਦ ਨਾ ਕੀਤਾ ਤਾਂ ਉਸ ਨੂੰ 12-13 ਲੱਖ ਦਾ ਇਨਾਮੀ ਭਗੌੜਾ ਕਹਿਕੇ ਗੋਲੀ ਮਾਰ ਦਿੱਤੀ ਜਾਵੇਗੀ।

ਇਹ ਸਾਰੇ ਤੱਥ ਇਸ ਜ਼ਰੂਰਤ ਉੱਪਰ ਜ਼ੋਰ ਦਿੰਦੇ ਹਨ ਕਿ ਹਰ ਇਨਸਾਫ਼ਪਸੰਦ ਨਾਗਰਿਕ ਨੂੰ ਇਸ ਹਕੂਮਤੀ ਦਹਿਸ਼ਤਵਾਦ ਦਾ ਬਹੁਤ ਹੀ ਗੰਭੀਰਤਾ ਨਾਲ ਨੋਟਿਸ ਲੈਂਦੇ ਹੋਏ ਇਸ ਨੂੰ ਰੋਕਣ ਲਈ ਆਵਾਜ਼ ਉਠਾਉਣੀ ਚਾਹੀਦੀ ਹੈ। ਕਥਿਤ ਮੁੱਖਧਾਰਾ ਦੀਆਂ ਜੋ ਤਾਕਤਾਂ ਸੰਵਿਧਾਨ ਨੂੰ ਖ਼ਤਰੇ ਦੀ ਦੁਹਾਈ ਦਿੰਦੀਆਂ ਨਹੀਂ ਥੱਕਦੀਆਂ, ਉਨ੍ਹਾਂ ਨੂੰ ਵੀ ਇਹ ਹਕੀਕਤ ਸਮਝ ਲੈਣੀ ਚਾਹੀਦੀ ਹੈ ਕਿ ਆਰਐੱਸਐੱਸ-ਭਾਜਪਾ ਦੇ ਫਾਸ਼ੀਵਾਦੀ ਪ੍ਰੋਜੈਕਟ ਵਿਰੁੱਧ ਲੜਾਈ ਸੰਵਿਧਾਨ ਦੀ ਰਾਖੀ ਦੇ ਹੋਕਰੇ ਮਾਰ ਕੇ ਨਹੀਂ ਲੜੀ ਜਾ ਸਕਦੀ। ਭਾਰਤੀ ਹਾਕਮ ਜਮਾਤਾਂ ਵੱਲੋਂ ਥੋਪੇ ਆਰਥਕ ਮਾਡਲ ਨੂੰ ਦੋਟੁੱਕ ਰੱਦ ਕਰਨਾ ਪਵੇਗਾ। ਇਸ ਲੜਾਈ 'ਚ ਲੋਕਾਂ ਦੇ ਬੁਨਿਆਦੀ ਮੁੱਦਿਆਂ ਉੱਪਰ ਜੁਝਾਰੂ ਟਾਕਰਾ ਲਹਿਰਾਂ ਦੇ ਮਹੱਤਵ ਨੂੰ ਪਛਾਨਣਾ ਅਤੇ ਸਵੀਕਾਰ ਕਰਨਾ ਪਵੇਗਾ। ਚਾਹੇ ਬਸਤਰ ਹੈ, ਚਾਹੇ ਹੋਰ ਆਦਿਵਾਸੀ ਖੇਤਰ ਹਨ, ਚਾਹੇ ਕਸ਼ਮੀਰ ਹੈ ਅਤੇ ਚਾਹੇ ਉੱਤਰ-ਪੂਰਬੀ ਰਿਆਸਤਾਂ, ਦਹਾਕਿਆਂ ਤੋਂ ਜਾਰੀ ਰਾਜਕੀ ਦਹਿਸ਼ਤਵਾਦ ਵਿਰੁੱਧ ਵਿਰੁੱਧ ਡੱਟਵਾਂ ਸਟੈਂਡ ਲੈ ਕੇ ਲੋਕਾਂ ਦੀ ਧਿਰ ਬਣਨਾ ਪਵੇਗਾ।

# ਰੇਡੀਉ ਕੈਨੇਡਾ ਇੰਟਰਨੈਸ਼ਨਲ ਦੇ ਪੰਜਾਬੀ ਐਡੀਸ਼ਨ 'ਚ ਤਾਬਿਸ਼ ਨਕਵੀ ਦੀ ਇਕ ਰਿਪੋਰਟ

*• ਕੈਨੇਡਾ ਦਾ ਟੈਂਪੋਰੈਰੀ ਫ਼ੌਰਨ ਵਰਕਰ ਪ੍ਰੋਗਰਾਮ 'ਆਧੁਨਿਕ ਗ਼ੁਲਾਮੀ ਦਾ ਟਿਕਾਣਾ': ਯੂ ਐਨ ਰਿਪੋਰਟ*

*• ਰਿਪੋਰਟ ਵਿਚ ਵਿਦੇਸ਼ੀ ਕਾਮਿਆਂ ਦੇ ਮਾੜੇ ਹਾਲਾਤ ਵਿਚ ਕੰਮ ਕਰ ਰਹੇ ਹੋਣ ਦਾ ਜ਼ਿਕਰ*



ਹਾਲ ਹੀ ਵਿੱਚ ਜਾਰੀ ਕੀਤੀ ਗਈ ਇੱਕ ਅੰਤਰਰਾਸ਼ਟਰੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕੈਨੇਡਾ ਦਾ ਟੈਂਪੋਰੈਰੀ ਫ਼ੌਰਨ ਵਰਕਰ ਪ੍ਰੋਗਰਾਮ ਆਧੁਨਿਕ ਗ਼ੁਲਾਮੀ ਦੇ ਪਣਪਣ ਦਾ ਟਿਕਾਣਾ ਹੈ, ਯਾਨੀ ਕਿ ਕਾਮਿਆਂ ਕੋਲੋਂ ਗ਼ੁਲਾਮੀ ਕਰਵਾਉਣ ਦਾ ਸਾਧਨ ਬਣ ਗਿਆ ਹੈ।

ਪਿਛਲੇ ਸਾਲ ਕੈਨੇਡਾ ਦਾ ਦੌਰਾ ਕਰਨ ਵਾਲੇ ਸੰਯੁਕਤ ਰਾਸ਼ਟਰ ਦੇ ਵਿਸ਼ੇਸ਼ ਅਧਿਕਾਰੀ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਤਾਕਤ ਦਾ ਅਸੰਤੁਲਨ ਕਾਮਿਆਂ ਨੂੰ ਆਪਣੇ ਅਧਿਕਾਰਾਂ ਦੀ ਵਰਤੋਂ ਕਰਨ ਤੋਂ ਰੋਕਦਾ ਹੈ।

ਇੱਕ ਕਾਮੇ ਦਾ ਦਰਜਾ (ਸਟੈਟਸ) ਇੱਕ ਕਲੋਜ਼ਡ ਵਰਕ ਪਰਮਿਟ 'ਤੇ ਨਿਰਭਰ ਕਰਦਾ ਹੈ ਜੋ ਉਹਨਾਂ ਦੇ ਰੁਜ਼ਗਾਰਦਾਤਾ 'ਤੇ ਨਿਰਭਰ ਕਰਦਾ ਹੈ। ਜੇਕਰ ਕਿਸੇ ਵਿਅਕਤੀ ਨੂੰ ਨੌਕਰੀ ਤੋਂ ਕੱਢ ਦਿੱਤਾ ਜਾਂਦਾ ਹੈ, ਤਾਂ ਉਸ ਨੂੰ ਕੈਨੇਡਾ ਤੋਂ ਡਿਪੋਰਟ ਕੀਤਾ ਜਾ ਸਕਦਾ ਹੈ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕਾਮੇ ਬਹੁਤ ਸਾਰੇ ਦੁਰਵਿਵਹਾਰਾਂ ਦੇ ਪਾਤਰ ਹੁੰਦੇ ਹਨ ਅਤੇ ਹਮੇਸ਼ਾ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਨਹੀਂ ਹੁੰਦੇ।

ਰਿਪੋਰਟ ਵਿਚ ਜ਼ਿਕਰ ਹੈ ਕਿ 'ਹਿੱਤਾਂ ਦੇ ਸਪੱਸ਼ਟ ਟਕਰਾਅ' ਦੇ ਬਾਵਜੂਦ ਸਰਕਾਰ ਵਰਕਰਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਬਾਰੇ ਸੂਚਿਤ ਕਰਨ ਦੀ ਬਹੁਤੀ ਜ਼ਿੰਮੇਵਾਰੀ ਰੁਜ਼ਗਾਰਦਾਤਾ 'ਤੇ ਪਾਉਂਦੀ ਹੈ।

ਸੰਯੁਕਤ ਰਾਸ਼ਟਰ ਦੇ ਵਿਸ਼ੇਸ਼ ਅਧਿਕਾਰੀ ਟੋਮੋਯਾ ਓਬੋਕਾਟਾ ਨੇ ਆਪਣੀ ਰਿਪੋਰਟ ਵਿਚ ਵਰਕਰਾਂ ਦੀ ਤਨਖ਼ਾਹਾਂ ਦੀ ਚੋਰੀ, ਸੀਮਤ ਬਰੇਕਾਂ, ਕੰਮ ਦੇ ਲੰਬੇ ਘੰਟਿਆਂ ਅਤੇ ਨਾਕਾਫ਼ੀ ਨਿੱਜੀ ਸੁਰੱਖਿਆ ਉਪਕਰਣਾਂ ਸਮੇਤ ਕਈ ਮਸਲਿਆਂ ਦਾ ਜ਼ਿਕਰ ਕੀਤਾ ਹੈ।

ਰਿਪੋਰਟ ਵਿੱਚ ਸਰੀਰਕ, ਭਾਵਨਾਤਮਕ ਅਤੇ ਜ਼ੁਬਾਨੀ ਸ਼ੋਸ਼ਣ ਦੇ ਨਾਲ-ਨਾਲ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ।

ਓਬੋਕਾਟਾ ਨੇ ਇਹ ਵੀ ਪਾਇਆ ਕਿ ਕਾਮਿਆਂ ਨੂੰ ਹੈਲਥ ਕੇਅਰ ਤੱਕ ਪਹੁੰਚ ਕਰਨ ਵਿੱਚ ਮੁਸ਼ਕਲ ਆਉਂਦੀ ਹੈ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕੁਝ ਮਾਮਲਿਆਂ ਵਿੱਚ, ਰੁਜ਼ਗਾਰਦਾਤਾਵਾਂ ਨੇ ਲੋਕਾਂ ਨੂੰ ਇਲਾਜ ਦੀ ਮੰਗ ਕਰਨ ਤੋਂ ਰੋਕਿਆ, ਕੁਝ ਵਰਕਰਾਂ ਨੂੰ ਲੋੜੀਂਦੇ ਸਮੇਂ ਦੀ ਛੁੱਟੀ ਤੋਂ ਇਨਕਾਰ ਕੀਤਾ ਗਿਆ ਇਲਾਜ ਦੀ ਬਜਾਏ ਦਰਦ ਨਿਵਾਰਕ ਜਾਂ ਘਰੇਲੂ ਉਪਚਾਰ ਲੈਣ ਲਈ ਉਤਸ਼ਾਹਿਤ ਕੀਤਾ ਗਿਆ ਅਤੇ ਕੁਝ ਮਾਮਲਿਆਂ ਵਿਚ ਤਾਂ ਨੌਕਰੀ ਤੱਕ ਤੋਂ ਕੱਢ ਦਿੱਤਾ ਗਿਆ।

ਰਿਪੋਰਟ ਵਿੱਚ ਨੋਟ ਕੀਤਾ ਗਿਆ ਹੈ ਕਿ 2022 ਵਿੱਚ ਲਾਗੂ ਕੀਤੇ ਗਏ ਨਿਯਮਾਂ ਅਨੁਸਾਰ ਜੇਕਰ ਵਰਕਰ ਬਿਮਾਰ ਜਾਂ ਜ਼ਖ਼ਮੀ ਹੋਣ ਤਾਂ ਰੁਜ਼ਗਾਰਦਾਤਾਵਾਂ ਨੂੰ ਵਰਕਰਾਂ ਨੂੰ ਹੈਲਥ ਕੇਅਰ ਤੱਕ ਪਹੁੰਚ ਪ੍ਰਦਾਨ ਕਰਨ ਲਈ ਉਚਿਤ ਯਤਨ ਕਰਨ ਦੀ ਲੋੜ ਹੁੰਦੀ ਹੈ।

ਰਿਪੋਰਟ ਅਨੁਸਾਰ ਬਹੁਤ ਸਾਰੇ ਰੁਜ਼ਗਾਰਦਾਤਾ ਆਪਣੇ ਕਾਮਿਆਂ ਨੂੰ ਰਿਹਾਇਸ਼ ਪ੍ਰਦਾਨ ਕਰਦੇ ਹਨ। ਇਸ ਦੇ ਨਤੀਜੇ ਵਜੋਂ ਨਿੱਕੀ ਜਿਹੀ ਥਾਂ 'ਤੇ ਵੀ ਬਹੁਤ ਜ਼ਿਆਦਾ ਭੀੜ ਹੋ ਜਾਂਦੀ ਹੈ, ਜਿਵੇਂ ਕਿ 20 ਤੋਂ 30 ਲੋਕ ਇੱਕ ਸਿੰਗਲ ਵਾਸ਼ਰੂਮ ਨੂੰ ਸਾਂਝਾ ਕਰਦੇ ਹਨ।

ਰਿਪੋਰਟ ਕੈਨੇਡਾ ਨੂੰ ਅਜਿਹੀਆਂ 'ਲੇਬਰ ਮਾਈਗ੍ਰੇਸ਼ਨ ਵਿਵਸਥਾਵਾਂ ਨੂੰ ਖ਼ਤਮ ਕਰਨ ਦੀ ਮੰਗ ਕਰਦੀ ਹੈ ਜੋ ਕਾਮਿਆਂ ਦੇ ਰੁਜ਼ਗਾਰਦਾਤਾ ਨਾਲ ਜੁੜੇ ਹੋਣ ਅਤੇ ਨਿਰਭਰਤਾ ਦੀਆਂ ਸਥਿਤੀਆਂ ਪੈਦਾ ਕਰਕੇ ਸ਼ੋਸ਼ਣ ਨੂੰ ਉਤਸ਼ਾਹਿਤ ਕਰਦੀਆਂ ਹੋਣ ਅਤੇ ਜਿਸ ਵਿੱਚ ਰੁਜ਼ਗਾਰਦਾਤਾ ਵਰਕਰ ਦੀ ਰਿਹਾਇਸ਼, ਹੈਲਥ ਕੇਅਰ ਅਤੇ ਪਰਵਾਸ ਦੇ ਦਰਜੇ ਨੂੰ ਨਿਯੰਤਰਿਤ ਕਰਦੇ ਹੋਣ'।

ਟੈਂਪੋਰੈਰੀ ਫ਼ੌਰਨ ਵਰਕਰ ਪ੍ਰੋਗਰਾਮ ਅਧੀਨ ਪਰਮਿਟਾਂ ਦੀ ਗਿਣਤੀ 2019 ਤੋਂ 2023 ਤੱਕ 88 ਪ੍ਰਤੀਸ਼ਤ ਵਧੀ ਹੈ, ਹਾਲਾਂਕਿ ਕੈਨੇਡਾ ਸਰਕਾਰ ਨੇ ਹਾਲ ਹੀ ਵਿੱਚ ਸੰਕੇਤ ਦਿੱਤਾ ਹੈ ਕਿ ਉਹ ਕੈਨੇਡਾ ਵਿੱਚ ਅਜਿਹੇ ਕਾਮਿਆਂ ਦੀ ਗਿਣਤੀ ਨੂੰ ਘਟਾਉਣ ਦੀ ਯੋਜਨਾ ਬਣਾ ਰਹੀ ਹੈ।

ਰੁਜ਼ਗਾਰ ਮੰਤਰੀ ਰੈਂਡੀ ਬੋਇਸਨੌਲਟ ਦੇ ਬੁਲਾਰੇ ਮੈਥਿਸ ਡੇਨਿਸ ਨੇ ਕਿਹਾ ਕਿ ਸਰਕਾਰ ਨੇ ਪ੍ਰੋਗਰਾਮ ਦੇ ਤਹਿਤ ਨਿਯਮਾਂ ਦੀ ਪਾਲਣਾ ਨਾ ਕਰਨ ਲਈ ਜੁਰਮਾਨੇ ਵਧਾ ਦਿੱਤੇ ਹਨ। ਉਹਨਾਂ ਕਿਹਾ ਕਿ ਸਰਕਾਰ ਨੇ ਪਿਛਲੇ ਵਿੱਤੀ ਸਾਲ ਦੌਰਾਨ ਨਿਯਮਾਂ ਦੀ ਉਲੰਘਣਾ ਕਰਨ ਲਈ $2.1 ਮਿਲੀਅਨ ਜੁਰਮਾਨੇ ਲਗਾਏ, ਜੋ ਉਸਤੋਂ ਪਿਛਲੇ ਸਾਲ ਲਗਾਏ ਗਏ $1.54 ਮਿਲੀਅਨ ਦੇ ਜੁਰਮਾਨੇ ਤੋਂ ਵੱਧ ਹਨ।

ਉਹਨਾਂ ਕਿਹਾ ਕਿ ਰੁਜ਼ਗਾਰ ਮੰਤਰੀ 'ਵਾਧੂ ਇਕਸਾਰਤਾ ਅਤੇ ਪ੍ਰੋਸੈਸਿੰਗ ਗਤੀਵਿਧੀਆਂ' ਲਈ ਭੁਗਤਾਨ ਕਰਨ ਲਈ ਫੀਸਾਂ ਵਧਾਉਣ 'ਤੇ ਵਿਚਾਰ ਕਰ ਰਹੇ ਹਨ ਅਤੇ ਰੁਜ਼ਗਾਰਦਾਤਾ ਦੀ ਯੋਗਤਾ ਨਿਰਧਾਰਿਤ ਕਰਨ ਵਾਲੇ ਨਵੇਂ ਨਿਯਮਾਂ 'ਤੇ ਵੀ ਵਿਚਾਰ ਕੀਤਾ ਜਾ ਰਿਹਾ ਹੈ।

**ਦ ਕੈਨੇਡੀਅਨ ਪ੍ਰੈੱਸ, ਸੀਬੀਸੀ ਨਿਊਜ਼**
**ਪੰਜਾਬੀ ਰੂਪਾਂਤਰ - ਤਾਬਿਸ਼ ਨਕਵੀ,**
**ਸੀਨੀਅਰ ਰਾਈਟਰ, ਰੇਡੀਓ ਕੈਨੇਡਾ ਇੰਟਰਨੈਸ਼ਨਲ**

ਮਾਨਵੀ ਤਰਾਸਦੀ

# ਗਾਜ਼ਾ ਅਤੇ ਇਜ਼ਰਾਈਲ ਦੀ ਲੜਾਈ




**ਜੂਡੀ ਹੈਵਨ**

ਤੁਹਾਡੇ ਵਿੱਚੋਂ ਬਹੁਤ ਸਾਰੇ ਜਾਣਦੇ ਹਨ ਕਿ ਯਿੱਦੀ ਸ਼ਬਦ chutzpah ਦਾ ਅਰਥ ਹੈ ਬਹੁਤ ਜ਼ਿਆਦਾ ਆਤਮ-ਵਿਸ਼ਵਾਸ ਜਾਂ ਦਲੇਰੀ। ਇੱਥੇ ਇਹ ਪਰਿਭਾਸ਼ਿਤ ਕੀਤਾ ਗਿਆ ਹੈ: ਇੱਕ ਨੌਜਵਾਨ ਆਪਣੇ ਮਾਤਾ-ਪਿਤਾ ਦਾ ਕਤਲ ਕਰਦਾ ਹੈ ਅਤੇ ਫਿਰ ਆਪਣੇ ਆਪ ਨੂੰ ਅਦਾਲਤ ਦੇ ਰਹਿਮ 'ਤੇ ਸੁੱਟ ਦਿੰਦਾ ਹੈ ਕਿਉਂਕਿ ਉਹ ਇੱਕ ਅਨਾਥ ਹੈ। ਚੁਟਜ਼ਪਾਹ ਦੀ ਨਵੀਂ ਪਰਿਭਾਸ਼ਾ ਇਜ਼ਰਾਈਲ ਹੈ - ਯਹੂਦੀ ਰਾਜ - ਦਸ ਮਹੀਨਿਆਂ ਵਿੱਚ 186,000 ਲੋਕਾਂ ਦਾ ਕਤਲ ਕਰਨਾ, ਇਸ ਤੋਂ ਇਨਕਾਰ ਕਰਨਾ, ਫਿਰ ਦੁਨੀਆ ਭਰ ਦੇ ਯਹੂਦੀਆਂ ਨੂੰ ਵੀ ਇਸ ਤੋਂ ਇਨਕਾਰ ਕਰਨ ਲਈ ਮਜਬੂਰ ਕਰਨਾ। ਗਾਜ਼ਾ ਉੱਤੇ ਇਜ਼ਰਾਈਲ ਦੀ ਲੜਾਈ ਜਿੰਨੀ ਲੰਮੀ ਚੱਲਦੀ ਹੈ, ਕੈਨੇਡਾ ਵਿੱਚ ਇਜ਼ਰਾਈਲ ਪੱਖੀ ਯਹੂਦੀ ਓਨੇ ਹੀ ਪਾਗਲ ਅਤੇ ਨਿਰਾਸ਼ ਹੋ ਜਾਂਦੇ ਹਨ। ਕੁਝ ਮਹੀਨੇ ਪਹਿਲਾਂ, ਇਜ਼ਰਾਈਲ ਪੱਖੀ ਯਹੂਦੀਆਂ ਨੇ ਬੰਧਕਾਂ ਦੀ ਰਿਹਾਈ ਦੀ ਮੰਗ ਕੀਤੀ ਸੀ ਅਤੇ ਨੇਤਨਯਾਹੂ 'ਤੇ ਯਹੂਦੀ ਬੰਧਕਾਂ ਦੀ ਰਿਹਾਈ ਲਈ ਦਬਾਅ ਬਣਾਉਣ ਦੀ ਕੋਸ਼ਿਸ਼ ਕੀਤੀ ਸੀ। ਪਰ ਨੇਤਨਯਾਹੂ ਦੀ ਅਗਵਾਈ ਵਿੱਚ ਇਜ਼ਰਾਈਲ ਵਿੱਚ ਸ਼ਕਤੀਸ਼ਾਲੀ ਨੇ ਇਸ ਨੂੰ ਨਜ਼ਰਅੰਦਾਜ਼ ਕਰ ਦਿੱਤਾ ਅਤੇ ਨਵੰਬਰ 2023 ਵਿੱਚ ਇੱਕ ਬਹੁਤ ਹੀ ਸੀਮਤ ਤੋਂ ਵੱਧ ਕਿਸੇ ਵੀ ਕਿਸਮ ਦੇ ਬੰਧਕ/ਕੈਦੀਆਂ ਦੀ ਅਦਲਾ-ਬਦਲੀ 'ਤੇ ਵਿਚਾਰ ਕਰਨ ਤੋਂ ਵੀ ਇਨਕਾਰ ਕਰ ਦਿੱਤਾ। ਹੁਣ ਅਸੀਂ ਬੰਧਕਾਂ ਬਾਰੇ ਘੱਟ ਹੀ ਇੱਕ ਸ਼ਬਦ ਸੁਣਦੇ ਹਾਂ। ਅਸਲ ਵਿੱਚ ਇਜ਼ਰਾਈਲ ਪੱਖੀ ਭਾਈਚਾਰਾ ਇਜ਼ਰਾਈਲ ਦਾ ਇੰਨਾ ਗੁਲਾਮ ਹੈ ਕਿ ਇਜ਼ਰਾਈਲ ਵਿੱਚ ਸੱਤਾਧਾਰੀ ਲੋਕ ਜੋ ਵੀ ਕਹਿਣ - ਕੈਨੇਡੀਅਨ ਯਹੂਦੀ ਸਿਰਫ਼ ਇਜ਼ਰਾਈਲ ਦੇ ਈਕੋ ਚੈਂਬਰ ਹਨ। ਇਜ਼ਰਾਈਲ ਪੱਖੀ ਯਹੂਦੀ ਇਸ ਦੇ ਨਾਲ ਹੀ ਜਾਂਦੇ ਹਨ। ਭਾਵੇਂ ਇਹ ਕਿੰਨਾ ਵੀ ਹਾਸੋਹੀਣਾ, ਖਤਰਨਾਕ ਜਾਂ ਬੇਈਮਾਨ ਕਿਉਂ ਨਾ ਹੋਵੇ। ਕੁਝ ਯਹੂਦੀ ਨਸਲਕੁਸ਼ੀ ਦੇ ਨਾਲ ਕਿਉਂ ਜਾਂਦੇ ਹਨ? ਲੇਕਿਨ ਕਿਉਂ? ਮੈਨੂੰ ਇੱਕ ਵੀ ਜੰਗ ਜਾਂ ਹੋਰ ਜਨਤਕ ਮੁੱਦਾ ਯਾਦ ਨਹੀਂ ਹੈ ਜਿਸ ਬਾਰੇ ਅਸੀਂ ਕੈਨੇਡੀਅਨਾਂ ਨੂੰ ਗੱਲ ਕਰਨ ਤੋਂ ਮਨ੍ਹਾ ਕੀਤਾ ਗਿਆ ਸੀ, ਉਹਨਾਂ ਵਿਰੁੱਧ ਕਾਰਵਾਈ ਕਰਨ ਤੋਂ ਰੋਕਿਆ ਗਿਆ ਸੀ, ਅੱਤਵਾਦੀ ਜਾਂ ਹਮਾਸ ਪ੍ਰੇਮੀ ਵਜੋਂ ਲੇਬਲ ਕੀਤਾ ਗਿਆ ਸੀ ਕਿਉਂਕਿ ਅਸੀਂ ਜੰਗਬੰਦੀ ਦੀ ਮੰਗ ਕੀਤੀ ਸੀ। ਅਸੀਂ ਮੰਗ ਕਰਦੇ ਹਾਂ ਕਿ ਇਜ਼ਰਾਈਲ ਗਾਜ਼ਾ ਅਤੇ ਪੱਛਮੀ ਕੰਢੇ ਵਿੱਚ ਮੁੱਖ ਤੌਰ 'ਤੇ ਔਰਤਾਂ ਅਤੇ ਬੱਚਿਆਂ ਦੇ ਵਿਰੁੱਧ ਆਪਣੀ ਘਿਨਾਉਣੀ ਨਸਲਕੁਸ਼ੀ ਨੂੰ ਰੋਕੇ। ਪਰ ਜੇ ਅਸੀਂ ਇਜ਼ਰਾਈਲ ਦੇ ਵਿਰੁੱਧ ਜਾਂ ਫਲਸਤੀਨੀਆਂ ਦੇ ਹੱਕ ਵਿੱਚ ਬੋਲਣ ਦੀ ਹਿੰਮਤ ਕਰਦੇ ਹਾਂ, ਤਾਂ ਸਾਨੂੰ ਨੌਕਰੀ ਤੋਂ ਕੱਢਿਆ ਜਾ ਸਕਦਾ ਹੈ, ਪਰੇਸ਼ਾਨ ਕੀਤਾ ਜਾ ਸਕਦਾ ਹੈ, ਨੌਕਰੀ ਤੋਂ ਇਨਕਾਰ ਕੀਤਾ ਜਾ ਸਕਦਾ ਹੈ, ਗ੍ਰੈਜੂਏਟ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ ਹੈ, ਅਤੇ ਹੋਰ ਬਹੁਤ ਕੁਝ। ਇਸ ਕਾਲਮ ਵਿੱਚ, ਮੈਂ ਇਜ਼ਰਾਈਲ ਪੱਖੀ ਸਥਾਪਨਾ ਅਤੇ ਉਹਨਾਂ ਦੇ ਦੋਸਤਾਂ, ਜਿਵੇਂ ਕਿ ਈਵੈਂਜਲੀਕਲ ਈਸਾਈ ਦੁਆਰਾ ਵਰਤੇ ਗਏ 'ਸੰਸਕ੍ਰਿਤੀ ਨੂੰ ਰੱਦ ਕਰੋ' ਦੇ ਕਈ ਪਹਿਲੂਆਂ ਨੂੰ ਦੇਖਾਂਗਾ। ਤੁਹਾਨੂੰ ਮੇਰਾ ਸਮਰਥਨ ਕਰਨਾ ਪਵੇਗਾ। ਇਹ ਇਜ਼ਰਾਈਲ ਪੱਖੀ ਵਿਅਕਤੀਆਂ ਅਤੇ ਸੰਸਥਾਵਾਂ ਦਾ ਵਿਸਤ੍ਰਿਤ ਬਿਰਤਾਂਤ ਹੈ ਜਿਵੇਂ ਕਿ ਬੀ'ਨੇਈ ਬ੍ਰਿਥ ਅਤੇ ਸਾਈਮਨ ਵਿਸੈਂਥਲ ਸੈਂਟਰ, ਜਿਨ੍ਹਾਂ ਨੇ ਫਲਸਤੀਨੀਆਂ ਲਈ ਕਿਸੇ ਵੀ ਚਰਚਾ ਜਾਂ ਹਮਦਰਦੀ ਨੂੰ ਰੋਕਣ ਲਈ ਕੰਮ ਕੀਤਾ ਹੈ। ਸਭ ਤੋਂ ਪਹਿਲਾਂ ਮੈਂ ਇਹਨਾਂ ਤੱਥਾਂ ਦਾ ਜ਼ਿਕਰ ਕਰਨਾ ਚਾਹਾਂਗਾ: ਕੈਨੇਡਾ ਵਿੱਚ ਇਜ਼ਰਾਈਲ ਪੱਖੀ ਯਹੂਦੀ ਭਾਈਚਾਰਾ ਇਸ ਗੱਲ ਤੋਂ ਇਨਕਾਰ ਕਰਦਾ ਹੈ ਕਿ ਇਜ਼ਰਾਈਲ ਨੇ 7 ਅਕਤੂਬਰ ਤੋਂ ਲੈ ਕੇ ਹੁਣ ਤੱਕ ਘੱਟੋ-ਘੱਟ 40,000 ਫਲਸਤੀਨੀਆਂ - ਜ਼ਿਆਦਾਤਰ ਔਰਤਾਂ ਅਤੇ ਬੱਚਿਆਂ ਨੂੰ ਬੇਰਹਿਮੀ ਨਾਲ ਮਾਰਿਆ ਹੈ। ਲੈਂਸੇਟ ਦਾ ਦਾਅਵਾ ਹੈ ਕਿ ਸੰਭਾਵਤ ਤੌਰ 'ਤੇ ਇਹ ਅੰਕੜਾ 186,000 ਤੱਕ ਹੋ ਸਕਦਾ ਹੈ - ਜਿਸ ਵਿੱਚ ਉਹ ਸਾਰੇ ਲੋਕ ਸ਼ਾਮਲ ਹਨ ਜੋ ਢਹਿ-ਢੇਰੀ ਇਮਾਰਤਾਂ ਵਿੱਚ ਮਰੇ ਹਨ ਅਤੇ ਉਹ ਲੋਕ ਜੋ ਸੱਟਾਂ, ਬੀਮਾਰੀਆਂ ਅਤੇ ਭੁੱਖਮਰੀ ਨਾਲ ਮਰੇ ਹਨ, ਜਿਨ੍ਹਾਂ ਨੂੰ ਗਜ਼ਾਨੀਆਂ ਨੂੰ ਮਹੀਨਿਆਂ ਤੱਕ ਸਹਿਣਾ ਪਿਆ ਹੈ। ਇਜ਼ਰਾਈਲ ਪੱਖੀ ਯਹੂਦੀ ਭਾਈਚਾਰਾ ਇਸ ਗੱਲ ਤੋਂ ਵੀ ਇਨਕਾਰ ਕਰਦਾ ਹੈ ਕਿ ਇਜ਼ਰਾਈਲ ਨੇ ਗਾਜ਼ਾ ਪੱਟੀ ਵਿੱਚ 412,000 ਤੋਂ ਵੱਧ ਇਮਾਰਤਾਂ ਨੂੰ ਤਬਾਹ ਕਰ ਦਿੱਤਾ ਹੈ, ਜ਼ਿਆਦਾਤਰ ਘਰ, 80% ਸਕੂਲ, ਲਗਭਗ ਸਾਰੇ 18 ਹਸਪਤਾਲ (ਸਿਰਫ 3 ਅੰਸ਼ਕ ਤੌਰ 'ਤੇ ਖੁੱਲ੍ਹੇ ਹਨ), ਸਾਰੀਆਂ 12 ਗਾਜ਼ਾ ਯੂਨੀਵਰਸਿਟੀਆਂ, 241. ਮਸਜਿਦਾਂ ਅਤੇ ਕਈ ਚਰਚਾਂ ਨੂੰ ਤਬਾਹ ਕਰ ਦਿੱਤਾ ਗਿਆ ਹੈ। ਇਕ ਹੋਰ ਨੁਕਤਾ ਜਿਸ ਤੋਂ ਇਜ਼ਰਾਈਲ ਪੱਖੀ ਯਹੂਦੀ ਇਨਕਾਰ ਕਰਦੇ ਹਨ ਉਹ ਇਹ ਹੈ ਕਿ ਇਜ਼ਰਾਈਲ ਨੇ ਜਾਣਬੁੱਝ ਕੇ ਗਾਜ਼ਾ ਨੂੰ ਭੋਜਨ ਅਤੇ ਪਾਣੀ ਦੀ ਸਪਲਾਈ ਨੂੰ ਹੌਲੀ ਜਾਂ ਬੰਦ ਕਰ ਦਿੱਤਾ ਹੈ, ਜਿਸ ਨਾਲ ਵੱਡੇ ਪੱਧਰ 'ਤੇ ਭੁੱਖਮਰੀ ਹੋ ਰਹੀ ਹੈ। ਭੋਜਨ ਅਤੇ ਪਾਣੀ ਦੀ ਸਪਲਾਈ ਤੋਂ ਬਿਨਾਂ, ਇਜ਼ਰਾਈਲ ਨੇ ਸਾਰੇ ਗਜ਼ਾਨੀਆਂ ਨੂੰ ਦੂਸ਼ਿਤ ਪਾਣੀ ਪੀਣ ਲਈ ਅਤੇ ਕਈਆਂ ਨੂੰ ਘਾਹ ਅਤੇ ਪੱਤੇ ਖਾਣ ਲਈ ਮਜ਼ਬੂਰ ਕੀਤਾ ਹੈ। ਹੁਣ ਗਾਜ਼ਾ ਵਿੱਚ ਪੋਲੀਓ ਦੇ ਸਬੂਤ ਮਿਲੇ ਹਨ। ਸੰਯੁਕਤ ਰਾਸ਼ਟਰ ਨੇ ਜੂਨ ਵਿੱਚ ਹੈਪੇਟਾਈਟਸ ਏ, ਪੇਚਸ਼ ਅਤੇ ਗੈਸਟਰੋਐਂਟਰਾਇਟਿਸ ਵਿੱਚ ਵਾਧੇ ਦੀ ਰਿਪੋਰਟ ਕੀਤੀ ਹੈ। ਬਹੁਤ ਸਾਰੇ ਗਾਜ਼ਾ ਵਿੱਚ ਇੱਕ ਬਹੁਤ ਹੀ ਛੂਤ ਵਾਲੀ ਚਮੜੀ ਦੀ ਬਿਮਾਰੀ ਦੇ ਫੈਲਣ ਨੂੰ ਵੀ ਦੇਖ ਰਹੇ ਹਨ। ਮੈਂ ਇਹ ਨਹੀਂ ਮੰਨਦਾ ਕਿ ਕਿਸੇ ਵੀ ਕੈਨੇਡੀਅਨ ਯਹੂਦੀ ਨੇ ਯਹੂਦੀ ਵਿਰੋਧੀ ਹੋਣ ਕਾਰਨ ਕੋਈ ਕਾਰੋਬਾਰ, ਪੇਸ਼ਾ, ਕਰੀਅਰ, ਘਰ, ਨੌਕਰੀ ਜਾਂ ਮੌਕਾ ਗੁਆ ਦਿੱਤਾ ਹੈ। ਕੈਨੇਡਾ ਦੇ ਇਜ਼ਰਾਈਲ ਪੱਖੀ ਯਹੂਦੀਆਂ ਨੇ (ਉਪਰੋਕਤ ਸਾਰਿਆਂ ਨੂੰ ਇਨਕਾਰ ਕਰਨ ਜਾਂ ਅਣਡਿੱਠ ਕਰਨ ਵਿੱਚ) ਇੱਕ ਬਹੁਤ ਹੀ ਵੱਖਰਾ ਸੰਦੇਸ਼ ਭੇਜਣ ਦਾ ਇੱਕ ਤਰੀਕਾ ਲੱਭਿਆ ਹੈ ਅਤੇ ਬਹਿਸ ਨੂੰ ਗਾਜ਼ਾ ਤੋਂ ਦੂਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਦਾ ਸੰਦੇਸ਼ ਇਹ ਹੈ ਕਿ ਕੈਨੇਡਾ ਵਿੱਚ ਯਹੂਦੀ ਵਿਰੋਧੀ ਯਹੂਦੀਵਾਦ ਦੇ ਭਿਆਨਕ ਮਾਮਲਿਆਂ ਦਾ ਸਾਹਮਣਾ ਕਰ ਰਹੇ ਹਨ। ਯਹੂਦੀ ਵਿਰੋਧੀਵਾਦ ਇੰਨਾ ਘਿਨਾਉਣਾ ਅਤੇ ਘਾਤਕ ਹੈ ਕਿ ਅਸੀਂ ਜਾਣਦੇ ਹਾਂ ਕਿ ਕੋਈ ਵੀ ਯਹੂਦੀ ਆਪਣੀ ਨੌਕਰੀ ਨਹੀਂ ਗੁਆਇਆ ਹੈ। ਕਿਸੇ ਵੀ ਯਹੂਦੀ ਨੇ ਮੈਡੀਕਲ ਸਕੂਲ ਜਾਂ ਕਿਸੇ ਪੇਸ਼ੇਵਰ ਸਕੂਲ, ਉਸਦੀ ਰੋਜ਼ੀ-ਰੋਟੀ, ਉਸਦੀ ਰਿਹਾਇਸ਼, ਪਾਣੀ ਜਾਂ ਭੋਜਨ ਦੀ ਸਪਲਾਈ, ਪ੍ਰਾਰਥਨਾ ਕਰਨ ਅਤੇ ਕੈਨੇਡਾ ਦੇ ਕਿਸੇ ਵੀ ਭਾਈਚਾਰੇ ਵਿੱਚ ਰਹਿਣ ਦਾ ਮੌਕਾ ਨਹੀਂ ਗੁਆਇਆ ਹੈ। ਕਿਸੇ ਵੀ ਕੈਨੇਡੀਅਨ ਯਹੂਦੀ ਨੇ ਕਾਨੂੰਨ, ਦੰਦ ਵਿਗਿਆਨ, ਇੰਜੀਨੀਅਰਿੰਗ, ਵਿਗਿਆਨ, ਦਵਾਈ ਜਾਂ ਕਿਸੇ ਹੋਰ ਪੇਸ਼ੇ ਦਾ ਅਭਿਆਸ ਕਰਨ ਦੀ ਆਪਣੀ ਯੋਗਤਾ ਨਹੀਂ ਗੁਆ ਦਿੱਤੀ ਹੈ। ਕੈਨੇਡਾ ਵਿੱਚ ਇੱਕ ਵੀ ਯਹੂਦੀ ਜ਼ਖਮੀ, ਅਪੰਗ ਜਾਂ ਮਾਰਿਆ ਨਹੀਂ ਗਿਆ ਹੈ ਕਿਉਂਕਿ ਉਹ ਇੱਕ ਯਹੂਦੀ ਹੈ। ਇਜ਼ਰਾਈਲ ਪੱਖੀ ਯਹੂਦੀ ਝੂਠ ਫੈਲਾਉਂਦੇ ਹਨ ਕਿ ਉਹ ਨਿਸ਼ਾਨਾ ਹਨ, ਅਤੇ ਗਾਜ਼ਾ ਅਤੇ ਪੱਛਮੀ ਕੰਢੇ ਵਿੱਚ ਹਜ਼ਾਰਾਂ ਫਲਸਤੀਨੀਆਂ ਦੇ ਕਤਲੇਆਮ ਦਾ ਹਵਾਲਾ ਦੇਣ ਤੋਂ ਵੀ ਇਨਕਾਰ ਕਰਦੇ ਹਨ - ਜਿਨ੍ਹਾਂ ਨੂੰ ਇਜ਼ਰਾਈਲ ਦੁਆਰਾ ਬੇਰਹਿਮੀ ਨਾਲ ਮਾਰਿਆ ਗਿਆ ਸੀ - ਉਹ ਰਾਜ ਜੋ ਦੁਨੀਆ ਦੇ ਬੋਲਣ ਦਾ ਦਾਅਵਾ ਕਰਦਾ ਹੈ। ਸਾਰੇ ਯਹੂਦੀਆਂ ਲਈ. ਜਿਹੜੇ ਵਿਦਿਆਰਥੀ ਇਜ਼ਰਾਈਲ ਦੀ ਨਸਲਕੁਸ਼ੀ ਦਾ ਵਿਰੋਧ ਕਰਦੇ ਹਨ, ਉਨ੍ਹਾਂ ਦੇ ਤੰਬੂ ਢਾਹ ਦਿੱਤੇ ਗਏ ਹਨ, ਗ੍ਰਿਫਤਾਰ ਕੀਤੇ ਗਏ ਹਨ, ਅਤੇ ਉਨ੍ਹਾਂ ਦੀ ਵਿਦਿਆਰਥੀ ਸਥਿਤੀ ਨੂੰ ਖਤਰੇ ਵਿੱਚ ਪਾ ਦਿੱਤਾ ਗਿਆ ਹੈ ਕਿਉਂਕਿ ਸਥਾਪਿਤ ਯਹੂਦੀ ਕੈਂਪਸ ਵਿੱਚ ਟੈਂਟਾਂ ਬਾਰੇ ਯੂਨੀਵਰਸਿਟੀਆਂ ਨੂੰ ਸ਼ਿਕਾਇਤ ਕਰਦੇ ਹਨ ਜਾਂ ਫਲਸਤੀਨੀਆਂ ਦੀਆਂ ਜਾਨਾਂ ਨੂੰ ਖਤਰਾ ਨਹੀਂ ਚਾਹੁੰਦੇ ਹਨ।

ਇਜ਼ਰਾਈਲ ਪੱਖੀ ਤਾਕਤਾਂ ਦਾ ਪੂਰਾ ਭਾਰ ਉਨ੍ਹਾਂ ਨੂੰ ਰੱਦ ਕਰਨ ਅਤੇ ਉਨ੍ਹਾਂ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕਰਨ 'ਤੇ ਹੈ। ਇਹ ਕਿਸੇ ਵੀ ਤਰੀਕੇ ਨਾਲ ਇੱਕ ਵਿਆਪਕ ਸੂਚੀ ਨਹੀਂ ਹੈ, ਪਰ ਇਹ ਇਜ਼ਰਾਈਲ ਪੱਖੀ ਸਮੂਹਾਂ ਦੁਆਰਾ ਬੋਲਣ ਦੀ ਆਜ਼ਾਦੀ ਨੂੰ ਦਬਾਉਣ ਅਤੇ ਫਲਸਤੀਨੀਆਂ ਦਾ ਸਮਰਥਨ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਸਜ਼ਾ ਦੇਣ ਲਈ ਕੀਤੀਆਂ ਗਈਆਂ ਕਾਰਵਾਈਆਂ ਦੀ ਇੱਕ ਸੂਚੀ ਹੈ। ਟੋਰਾਂਟੋ ਖੇਤਰ ਵਿੱਚ ਘੱਟੋ-ਘੱਟ 10 ਡਾਕਟਰ ਹਨ ਜਿਨ੍ਹਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ ਜਾਂ ਆਪਣੀ ਨੌਕਰੀ ਗੁਆ ਦਿੱਤੀ ਗਈ ਹੈ, ਜਾਂ ਸੰਭਾਵਿਤ ਅਨੁਸ਼ਾਸਨ ਦਾ ਸਾਹਮਣਾ ਕਰਨਾ ਪਿਆ ਹੈ ਕਿਉਂਕਿ ਉਨ੍ਹਾਂ ਨੇ ਇਜ਼ਰਾਈਲੀ ਨਸਲਕੁਸ਼ੀ ਦੀ ਨਿੰਦਾ ਕਰਨ ਲਈ ਸੋਸ਼ਲ ਮੀਡੀਆ ਦੀ ਵਰਤੋਂ ਕੀਤੀ ਸੀ। 'ਡ੍ਰਸਫ੍ਰਸ ਮੁਹਿੰਮ' ਵਿੱਚ ਮੈਡੀਕਲ ਵਿਦਿਆਰਥੀਆਂ ਅਤੇ ਪ੍ਰੋਫੈਸਰਾਂ ਨੂੰ ਨਿਸ਼ਾਨਾ ਬਣਾਉਣਾ ਸ਼ਾਮਲ ਹੈ ਜਿਨ੍ਹਾਂ ਨੇ ਜੰਗਬੰਦੀ ਦੀ ਮੰਗ ਕਰਨ ਵਾਲੇ ਖੁੱਲ੍ਹੇ ਪੱਤਰਾਂ 'ਤੇ ਦਸਤਖਤ ਕੀਤੇ ਹਨ, ਜਾਂ ਨਸਲਕੁਸ਼ੀ ਦੇ ਵਿਰੁੱਧ ਸੋਸ਼ਲ ਮੀਡੀਆ 'ਤੇ ਪੋਸਟ ਕੀਤੇ ਹਨ। ਡਾ. ਗੀਤਿਕਾ ਗੋਇਲ, ਯੂਨੀਵਰਸਿਟੀ ਆਫ਼ ਟੋਰਾਂਟੋ ਦੇ ਟੈਮਰਟੀ ਸਕੂਲ ਆਫ਼ ਮੈਡੀਸਨ ਦੀ ਪ੍ਰੋਫੈਸਰ, ਪਿਛਲੇ ਕੁਝ ਸਾਲਾਂ ਵਿੱਚ 3,000 ਸਿਹਤ ਸੰਭਾਲ ਪੇਸ਼ੇਵਰਾਂ ਵਿੱਚੋਂ ਇੱਕ ਹੈ ਜਿਸਨੇ ਗਾਜ਼ਾ ਵਿੱਚ ਫਲਸਤੀਨੀਆਂ ਨਾਲ ਇੱਕਮੁੱਠਤਾ ਪ੍ਰਗਟ ਕਰਨ ਲਈ ਇੱਕ ਖੁੱਲ੍ਹੇ ਪੱਤਰ 'ਤੇ ਹਸਤਾਖਰ ਕੀਤੇ - ਜਿੱਥੇ ਇਜ਼ਰਾਈਲ ਦੇ ਡਾਕਟਰ ਮਾਰੇ ਗਏ ਸਨ ਅਤੇ ਕਲੀਨਿਕਾਂ ਨੂੰ ਬੰਬ ਨਾਲ ਉਡਾ ਦਿੱਤਾ ਗਿਆ ਸੀ। ਉਸ ਨੂੰ ਫਿਲਸਤੀਨ ਪੱਖੀ ਅਤੇ 'ਸਾਮੀ ਵਿਰੋਧੀ' ਦਾ ਲੇਬਲ ਦਿੱਤਾ ਗਿਆ ਹੈ, ਪਰ ਅੱਤਵਾਦ ਅਤੇ ਇਸ ਤੋਂ ਅੱਗੇ ਹਮਦਰਦੀ ਹੈ - ਹਾਲਾਂਕਿ ਉਹ ਟੋਰਾਂਟੋ ਯੂਨੀਵਰਸਿਟੀ ਦੇ ਟੈਮਰਟੀ ਸਕੂਲ ਆਫ਼ ਮੈਡੀਸਨ ਵਿੱਚ ਇੱਕ ਮੈਡੀਕਲ ਪ੍ਰੋਫੈਸਰ ਹੈ। ਉਸਦੇ ਦੋਸਤ ਸਨ ਜੋ ਉਸਦੀ ਲੜਾਈ ਵਿੱਚ ਉਸਦੀ ਮਦਦ ਕਰਨ ਲਈ ਤਿਆਰ ਸਨ, ਇਸ ਲਈ ਉਹ ਆਪਣੀ ਸਥਿਤੀ ਨੂੰ ਕਾਇਮ ਰੱਖਣ ਦੇ ਯੋਗ ਸੀ। ਡਾ. ਯਿਪੇਂਗ ਜੀ ਨੂੰ ਇੱਕ ਇਜ਼ਰਾਈਲ ਪੱਖੀ ਡਾਕਟਰ ਦੁਆਰਾ ਉਹਨਾਂ ਦੇ ਮੈਡੀਕਲ ਰੈਜ਼ੀਡੈਂਸੀ ਪ੍ਰੋਗਰਾਮ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ ਜੋ ਫਲਸਤੀਨ ਦੇ ਸਮਰਥਨ ਵਿੱਚ ਜੀ ਦੀਆਂ ਪੋਸਟਾਂ ਨੂੰ ਪਸੰਦ ਨਹੀਂ ਕਰਦੇ ਸਨ। ਕੈਨੇਡੀਅਨ ਮੈਡੀਕਲ ਐਸੋਸੀਏਸ਼ਨ ਦੇ ਬੋਰਡ 'ਤੇ ਵਿਦਿਆਰਥੀ ਪ੍ਰਤੀਨਿਧੀ ਹੋਣ 'ਤੇ ਜੀ ਨੂੰ ਉਸ ਦੇ ਪੈਂਤੜੇ ਕਾਰਨ ਤਾਹਨੇ ਮਾਰੇ ਗਏ ਅਤੇ ਅਪਮਾਨਿਤ ਕੀਤਾ ਗਿਆ। ਉਸ ਨੂੰ ਇਸ ਭੂਮਿਕਾ ਤੋਂ ਵੀ ਮੁਅੱਤਲ ਕਰ ਦਿੱਤਾ ਗਿਆ ਸੀ। ਓਟਾਵਾ ਯੂਨੀਵਰਸਿਟੀ ਤੋਂ ਡਾਕਟਰੀ ਦੀ ਡਿਗਰੀ ਹਾਸਲ ਕਰਨ ਵਾਲੇ ਜੀ, ਸਿਖਲਾਈ ਲਈ ਹਾਰਵਰਡ ਗਏ ਸਨ। ਉਸਨੇ ਗਾਜ਼ਾ ਵਿੱਚ ਡਾਕਟਰੀ/ਮਾਨਵਤਾਵਾਦੀ ਕੰਮ ਵੀ ਕੀਤਾ ਹੈ। ਯੂਨੀਵਰਸਿਟੀ ਆਫ਼ ਮੈਨੀਟੋਬਾ ਦੇ ਮੈਡੀਕਲ ਸਕੂਲ ਦੇ ਵੈਲੇਡੀਕਟੋਰੀਅਨ ਡਾ. ਜੈਮ ਨਿਊਮੈਨ ਨੇ ਉੱਥੇ ਦੇ ਮਾਨਵਤਾਵਾਦੀ ਸੰਕਟ 'ਤੇ ਉਨ੍ਹਾਂ ਦੀ 'ਬਹਿਰੀ ਚੁੱਪ' ਲਈ ਡਾਕਟਰੀ ਪੇਸ਼ੇਵਰਾਂ ਅਤੇ ਯੂਨੀਅਨਾਂ ਨੂੰ ਬੁਲਾਇਆ। ਡਾਕਟਰ ਪੀਟਰ ਨਿਕਰਸਨ, ਕਾਲਜ ਆਫ਼ ਮੈਡੀਸਨ ਦੇ ਡੀਨ, ਨੇ ਨਿਊਮੈਨ ਦੀ ਟਿੱਪਣੀ ਨੂੰ 'ਵਿਭਾਜਨਕ ਅਤੇ ਭੜਕਾਊ' ਕਿਹਾ, ਕਾਰੋਬਾਰੀ ਅਰਨੈਸਟ ਰੀਡੀ ਨੇ ਆਪਣੇ ਮਰਹੂਮ ਪਿਤਾ, ਜੋ ਕਿ ਯਹੂਦੀ ਸੀ, ਦੀ ਯਾਦ ਵਿੱਚ $30 ਮਿਲੀਅਨ ਦਾਨ ਕੀਤੇ। ਰੀਡੀ ਗੁੱਸੇ ਵਿੱਚ ਸੀ ਅਤੇ ਨਿਊਮੈਨ ਦੇ ਭਾਸ਼ਣ ਨੂੰ 'ਨਫ਼ਰਤ ਭਰਿਆ ਭਾਸ਼ਣ...ਅਤੇ ਝੂਠ' ਕਿਹਾ। ਉਸਨੇ ਮੰਗ ਕੀਤੀ ਕਿ ਕਨਵੋਕੇਸ਼ਨ ਦੀ ਫਿਲਮ - ਖਾਸ ਕਰਕੇ ਨਿਊਮੈਨ ਦੇ ਭਾਸ਼ਣ - ਨੂੰ ਸੋਸ਼ਲ ਮੀਡੀਆ 'ਤੇ ਪੋਸਟ ਨਾ ਕੀਤਾ ਜਾਵੇ। ਅਰੀਜ਼ ਅਲ ਖਫਾਗੀ ਨੂੰ ਯੂਨੀਵਰਸਿਟੀ ਆਫ ਮੈਨੀਟੋਬਾ ਨਰਸਿੰਗ ਪ੍ਰੋਗਰਾਮ ਤੋਂ ਮੁਅੱਤਲ ਕਰ ਦਿੱਤਾ ਗਿਆ ਸੀ ਕਿਉਂਕਿ ਉਸਨੇ ਆਪਣੀਆਂ ਸੋਸ਼ਲ ਮੀਡੀਆ ਪੋਸਟਾਂ ਵਿੱਚ ਇਜ਼ਰਾਈਲ ਦੀ ਆਲੋਚਨਾ ਕਰਨ ਦੀ ਹਿੰਮਤ ਕੀਤੀ ਸੀ - 'ਇਸਰਾਈਲ ਦੀ ਸਰਕਾਰ ਅਤੇ ਫੌਜ ਦੀ ਉਨ੍ਹਾਂ ਦੁਆਰਾ ਕੀਤੇ ਜਾ ਰਹੇ ਵਹਿਸ਼ੀ ਕੰਮਾਂ ਲਈ ਨਿੰਦਾ।' ਅਲ ਖਫਗੀ ਮੈਨੀਟੋਬਾ ਯੂਨੀਵਰਸਿਟੀ ਦੀ ਨਰਸਿੰਗ ਸਟੂਡੈਂਟਸ ਐਸੋਸੀਏਸ਼ਨ ਦੇ ਪ੍ਰਧਾਨ ਸਨ। ਉਸਦੀ ਮੁਅੱਤਲੀ 3 ਮਹੀਨੇ ਚੱਲੀ - ਜਦੋਂ ਤੱਕ ਇੱਕ ਜਾਂਚ ਨੇ ਇਹ ਨਿਰਧਾਰਿਤ ਨਹੀਂ ਕੀਤਾ ਕਿ ਉਹ 'ਸਾਮੀ ਵਿਰੋਧੀ ਨਹੀਂ' ਸੀ। ਉਸ ਨੂੰ ਫਿਰ ਬਹਾਲ ਕੀਤਾ ਗਿਆ ਅਤੇ ਕਿਹਾ 'ਮੇਰੇ ਕੋਲ ਨਫ਼ਰਤ ਜਾਂ ਪੱਖਪਾਤ ਜਾਂ ਕਿਸੇ ਵੀ ਚੀਜ਼ ਦਾ ਏਜੰਡਾ ਨਹੀਂ ਹੈ। ਮੈਂ ਏਕਤਾ ਅਤੇ ਮਨੁੱਖਤਾ ਦੇ ਦਰਸ਼ਨ ਨੂੰ ਸਾਂਝਾ ਕਰਦੀ ਹਾਂ।' ਟੋਰਾਂਟੋ ਦੇ ਉੱਤਰ ਵਿੱਚ, ਮੈਕੇਂਜ਼ੀ ਰਿਚਮੰਡ ਹਿੱਲ ਹਸਪਤਾਲ ਦੇ ਇੱਕ ਨੈਫਰੋਲੋਜਿਸਟ, ਡਾ. ਬੈਨ ਥਾਮਸਨ, ਨੂੰ ਉਸਦੇ ਹਸਪਤਾਲ ਦੁਆਰਾ ਫਲਸਤੀਨੀ ਪੱਖੀ ਸੋਸ਼ਲ ਮੀਡੀਆ ਪੋਸਟ ਕਰਨ ਲਈ ਅਨੁਸ਼ਾਸਿਤ ਕੀਤਾ ਗਿਆ ਸੀ। ਉਸਨੇ ਇਹ ਕਹਿਣ ਦੀ ਹਿੰਮਤ ਕੀਤੀ ਕਿ ਹਮਾਸ ਦੇ ਬੱਚਿਆਂ ਦਾ ਸਿਰ ਕਲਮ ਕਰਨ ਦਾ ਕੋਈ ਸਬੂਤ ਨਹੀਂ ਹੈ। ਉਸਨੂੰ ਕਈ ਮਹੀਨਿਆਂ ਲਈ ਅਭਿਆਸ ਤੋਂ ਮੁਅੱਤਲ ਕਰ ਦਿੱਤਾ ਗਿਆ ਸੀ, ਅਤੇ ਧਮਕੀਆਂ ਦੇ ਕਾਰਨ ਨਿਵਾਸ ਬਦਲਣਾ ਪਿਆ ਸੀ, ਜਿਸ ਵਿੱਚ ਸ਼ਾਮਲ ਸੀ: 'ਇਹ ਸੰਦੇਸ਼ ਡਾ. ਬੈਨ ਥਾਮਸਨ ਲਈ ਹੈ। ਕਿਰਪਾ ਕਰਕੇ ਇਜ਼ਰਾਈਲ ਬਾਰੇ ਆਪਣੀਆਂ ਪੋਸਟਾਂ ਨੂੰ ਹਟਾ ਦਿਓ। ਇਹ ਘਿਨਾਉਣੀ, ਤੁਸੀਂ ਇੱਕ ਘਿਨਾਉਣੇ ਇਨਸਾਨ ਹੋ, ਤੁਸੀਂ ਡਾਨ ਮੈਨੂੰ ਨਹੀਂ ਪਤਾ ਕਿ ਤੁਸੀਂ ਕਿਸ ਬਾਰੇ ਗੱਲ ਕਰ ਰਹੇ ਹੋ, ਅਤੇ ਜੇਕਰ ਤੁਸੀਂ ਇਸਨੂੰ ਨਹੀਂ ਲੈਂਦੇ, ਤਾਂ ਮੈਂ ਤੁਹਾਨੂੰ ਅਤੇ ਤੁਹਾਡੇ ਬਾਕੀ ਸਟਾਫ ਨੂੰ ਮੇਰੇ ਦਫਤਰ ਤੋਂ ਬਾਹਰ ਰਹਿਣ ਦੀ ਸਲਾਹ ਦਿੰਦਾ ਹਾਂ।' ਹੁਣ ਉਹ ਹਸਪਤਾਲ ਅਤੇ ਕੁਝ ਡਾਕਟਰਾਂ 'ਤੇ ਮੁਕੱਦਮਾ ਕਰ ਰਿਹਾ ਹੈ।

ਓਸਾਈਡ ਉਸਨੇ ਨੌਂ ਸਾਲਾਂ ਬਾਅਦ ਗੈਲਰੀ ਛੱਡ ਦਿੱਤੀ, ਪਰ ਕਈਆਂ ਦਾ ਮੰਨਣਾ ਹੈ ਕਿ ਫਲਸਤੀਨੀਆਂ ਲਈ ਉਸਦੀ ਆਵਾਜ਼ ਦੇ ਸਮਰਥਨ ਕਾਰਨ ਉਸਨੂੰ ਛੱਡ ਦਿੱਤਾ ਗਿਆ ਸੀ। ਸਿਆਸਤਦਾਨ ਵਿਕਟੋਰੀਆ ਬੀ.ਸੀ. ਵਿੱਚ, ਸਿਟੀ ਕੌਂਸਲਰ ਸੁਜ਼ਨ ਕਿਮ ਇੱਕ ਧਾਗੇ ਦੁਆਰਾ ਆਪਣੀ ਨੌਕਰੀ ਬਚਾਉਣ ਵਿੱਚ ਕਾਮਯਾਬ ਰਹੀ ਜਦੋਂ ਵਿਕਟੋਰੀਆ ਸਿਟੀ ਕੌਂਸਲ ਨੇ ਉਸ ਨੂੰ ਗਾਜ਼ਾ ਵਿੱਚ ਜੰਗਬੰਦੀ ਦੀ ਮੰਗ ਕਰਨ ਵਾਲੇ ਇੱਕ ਖੁੱਲ੍ਹੇ ਪੱਤਰ 'ਤੇ ਹਸਤਾਖਰ ਕਰਨ ਅਤੇ ਫਲਸਤੀਨੀਆਂ ਦੇ ਸਮਰਥਨ ਵਿੱਚ ਇੱਕ ਟਵੀਟ ਨੂੰ 'ਪਸੰਦ' ਕਰਨ ਲਈ ਤਾੜਨਾ ਕੀਤੀ। ਇੱਕ ਜਾਂਚਕਰਤਾ ਨੇ ਪਾਇਆ ਕਿ ਉਸਨੇ ਇੱਕ ਕੌਂਸਲਰ ਅਤੇ ਇੱਕ ਨਿੱਜੀ ਨਾਗਰਿਕ ਹੋਣ ਦੇ ਵਿਚਕਾਰ ਰੇਖਾ ਨਹੀਂ ਖਿੱਚੀ। ਸਜ਼ਾ ਅਜੇ ਬਾਕੀ ਹੈ। ਸਾਰਾਹ ਜਾਮਾ (ਓਨਟਾਰੀਓ NDP-MPP) ਨੂੰ ਇਜ਼ਰਾਈਲ 'ਤੇ ਉਸ ਦੇ ਰੁਖ ਕਾਰਨ NDP ਕਾਕਸ ਤੋਂ ਬਾਹਰ ਕੱਢ ਦਿੱਤਾ ਗਿਆ ਸੀ। ਕਾਕਸ ਦੇ ਸਹਿਯੋਗੀਆਂ ਨੇ ਉਸ 'ਤੇ ਯਹੂਦੀ ਵਿਰੋਧੀ ਅਤੇ ਫਿਲਸਤੀਨ ਪੱਖੀ ਹੋਣ ਦਾ ਦੋਸ਼ ਲਗਾਇਆ। ਓਨਟਾਰੀਓ ਐਨਡੀਪੀ ਨੇਤਾ ਮਾਰਟ ਸਟਾਈਲਜ਼ ਨੂੰ ਯਹੂਦੀ ਸਥਾਪਨਾ ਤੋਂ ਮੁਆਫੀ ਮੰਗਣ ਲਈ ਮਜਬੂਰ ਕੀਤਾ ਗਿਆ ਸੀ ਕਿਉਂਕਿ ਉਸਨੇ ਟਵੀਟ ਕਰਨ ਦੀ ਹਿੰਮਤ ਕੀਤੀ ਸੀ ਕਿ ਹਾਲ ਹੀ ਵਿੱਚ ਇੱਕ ਸ਼ਿਲਪਕਾਰੀ ਮੇਲੇ ਵਿੱਚ ਸ਼ਾਮਲ ਹੋਣ ਵੇਲੇ ਉਸਨੂੰ 'ਸੁੰਦਰ ਫਲਸਤੀਨੀ ਕਢਾਈ' ਪਸੰਦ ਸੀ। ਸਾਈਮਨ ਵਿਸੈਂਥਲ ਸੈਂਟਰ ਦੇ ਦੋਸਤਾਂ ਨੇ ਉਸ 'ਤੇ ਅਹੁਦਾ ਛੱਡਣ ਲਈ ਦਬਾਅ ਪਾਇਆ। ਅਪ੍ਰੈਲ 2024 ਵਿੱਚ, ਓਨਟਾਰੀਓ ਵਿਧਾਨ ਸਭਾ ਦੇ ਸਪੀਕਰ ਨੇ ਵਿਧਾਨ ਸਭਾ ਦੇ ਚੈਂਬਰ ਵਿੱਚ ਕਿਸੇ ਵੀ ਵਿਅਕਤੀ ਨੂੰ ਕੈਫੀਏਹ ਪਹਿਨਣ 'ਤੇ ਪਾਬੰਦੀ ਲਗਾ ਦਿੱਤੀ ਸੀ। ਓਨਟਾਰੀਓ ਵਿਧਾਨ ਸਭਾ ਦੇ ਸਪੀਕਰ ਨੇ ਵੀ ਐਮਪੀਪੀ ਸਾਰਾਹ ਜਾਮਾ ਨੂੰ ਬਾਹਰ ਕਰਨ ਦਾ ਆਦੇਸ਼ ਦਿੱਤਾ ਕਿਉਂਕਿ ਉਸਨੇ ਕੇਫੀਆ ਪਹਿਨੀ ਹੋਈ ਸੀ। ਜਦੋਂ ਉਹ ਨਹੀਂ ਗਈ ਤਾਂ ਉਨ੍ਹਾਂ ਨੇ ਉਸ ਦਿਨ ਉਸ ਨੂੰ ਵੋਟ ਪਾਉਣ ਤੋਂ ਰੋਕ ਦਿੱਤਾ।

**ਸੋਸ਼ਲਿਸਟ ਪ੍ਰੋਜੈਕਟ**



ਮਲਵਿੰਦਰ
9779591344,
365 994 6744

# ਕੈਨੇਡਾ, ਪੂੰਜੀਵਾਦੀ ਸਿਸਟਮ, ਪਰਵਾਸ ਤੇ ਪੰਜਾਬੀ ਭਾਈਚਾਰਾ

**ਸੁਰਖ਼ੀਆਂ ’ਚ ਕੈਨੇਡਾ :** ਅਖ਼ਬਾਰ ਦੇ ਮੁੱਖ ਪੰਨੇ ਦੀ ਖ਼ਬਰ ਜੇਕਰ ਆਉਂਦੇ ਦਿਨਾਂ ਦੌਰਾਨ ਅੰਦਰਲੇ ਕਿਸੇ ਪੰਨੇ ’ਤੇ ਇੱਕ ਡੱਬੀ ਵਿਚ ਸਿਮਟ ਕੇ ਰਹਿ ਜਾਵੇ ਤਾਂ ਸਮਝ ਆ ਜਾਂਦਾ ਹੈ ਕਿ ਵੱਡੇ ਮਹੱਤਵ ਵਾਲੀ ਇਸ ਖ਼ਬਰ ਦਾ ਭੋਗ ਪਾ ਦਿੱਤਾ ਗਿਆ ਹੈ। ਕਾਰਨ ਰਾਜਨੀਤਕ ਦਬਾਅ ਵੀ ਹੋ ਸਕਦਾ ਹੈ ਤੇ ਮੀਡੀਆ ਦੀ ਖਰੀਦੋ-ਫ਼ਰੋਖ਼ਤ ਵੀ। ਨਤੀਜਾ ਇਹ ਨਿਕਲਦਾ ਹੈ ਕਿ ਆਉਂਦੇ ਦਿਨਾਂ ਦੌਰਾਨ ਅਸੀਂ ਖ਼ਬਰ ਵਾਲੀ ਉਸ ਘਟਨਾ ਨੂੰ ਭੁੱਲ ਵਿਸਰ ਜਾਂਦੇ ਹਾਂ। ਹਊ ਪਰੇ ਕਰਨ ਵਾਲੀ ਸਾਡੀ ਬਿਰਤੀ ਵਧੀਕੀਆਂ ਸਹਿਣ ਕਰਨ ਵਾਲੀ ਤੇ ਵਿਦਰੋਹਾਂ ਸੰਘਰਸ਼ਾਂ ਤੋਂ ਦੂਰ ਲੈ ਕੇ ਜਾਣ ਵਾਲੀ ਹੁੰਦੀ ਹੈ।ਬਰੈਂਪਟਨ (ਕੈਨੇਡਾ) ਵਿਚ ਛਪਦੀਆਂ ਅਖ਼ਬਾਰਾਂ ਵਿਚ ਪਹਿਲੇ ਪੰਨੇ ’ਤੇ ਮੋਟੀ ਸੁਰਖੀ ਛਪਦੀ ਹੈ ਜਿਸ ਅਨੁਸਾਰ ਪੁਲਿਸ ਨੇ ਤਿੰਨ ਪੰਜਾਬੀ ਮੁੰਡਿਆਂ ਨੂੰ ਸਟੋਰ ਲੁੱਟਣ ਦੇ ਮਾਮਲੇ ਵਿਚ ਕਾਬੂ ਕੀਤਾ ਹੈ। ਤਿੰਨਾਂ ਦੇ ਨਾਵਾਂ ਪਿੱਛੇ ਪ੍ਰੀਤ ਲੱਗਦਾ ਹੈ। ਇਹ ਖ਼ਬਰ ਪੜ੍ਹ ਕੇ ਅਸੀਂ ਆਚੰਭਿਤ ਨਹੀਂ ਹੁੰਦੇ। ਇਹ ਖ਼ਤਰਨਾਕ ਵਰਤਾਰਾ ਹੈ। ਜਦ ਅਜਿਹੀਆਂ ਘਟਨਾਵਾਂ ਸਾਨੂੰ ਹੈਰਾਨ ਨਾ ਕਰਨ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਅਸੀਂ ਜੀਵਨ ਦੀਆਂ ਬੇਤਰਤੀਬੀਆਂ ਨਾਲ਼ ਸਮਝੌਤਾ ਕਰ ਲਿਆ ਹੈ। ਸਮਾਜ ਵਿਚ ਗਲਤ ਹੋ ਵਾਪਰ ਰਹੇ ਦੇ ਨਤੀਜਿਆਂ ਬਾਰੇ ਸੋਚਣਾ ਬੰਦ ਕਰ ਦਿੱਤਾ ਹੈ। ਅਸੀਂ ਕਿਸੇ ਵੱਡੇ ਹਾਦਸੇ ਦੇ ਵਾਪਰਨ ਦੀ ਉਡੀਕ ਕਰ ਰਹੇ ਹਾਂ। ਅਜਿਹਾ ਓਦੋਂ ਵੀ ਵਾਪਰਦਾ ਹੈ ਜਦੋਂ ਸਾਡੇ ਆਸ ਪੜੋਸ ਗੈਰ ਕਾਨੂੰਨੀ ਨਸ਼ਿਆਂ ਦਾ ਕਾਰੋਬਾਰ ਹੋ ਰਿਹਾ ਹੁੰਦਾ ਹੈ, ਪਰਿਵਾਰ ਬਿਖਰ ਰਹੇ ਹੁੰਦੇ ਹਨ, ਜਵਾਨ ਲੜਕੇ ਮਰ ਰਹੇ ਹੁੰਦੇ ਹਨ ਤੇ ਅਸੀਂ ਚੁੱਪ ਰਹਿੰਦੇ ਹਾਂ।ਅਜਿਹਾ ਚੋਣਾਂ ਵਿਚ ਹਰ ਵਾਰ ਕਿਸੇ ਕਾਤਲ, ਬਲਾਤਕਾਰੀ, ਗੁੰਡੇ, ਬਦਮਾਸ਼ ਤੇ ਭ੍ਰਿਸ਼ਟ ਦਾ ਵੱਡੇ ਫਰਕ ਨਾਲ ਚੋਣਾਂ ਜਿੱਤਣ ਤੋਂ ਬਾਅਦ ਸੰਸਦ ਵਿਚ ਪਹੁੰਚਣ ਵੇਲੇ ਵੀ ਵਾਪਰਦਾ ਹੈ। ਇਹ ਘਟਨਾਵਾਂ ਆਪਣੀ ਸੂਲ਼ੀ ਦਾ ਆਪਣੇ ਹੱਥੀਂ ਪ੍ਰਬੰਧ ਕਰਨਾ ਹੁੰਦਾ ਹੈ। ਪਰਵਾਸ ਕਰਕੇ ਬਿਹਤਰ ਜੀਵਨ ਹਾਲਤਾਂ ਲਈ ਦੂਜੇ ਦੇਸ਼ ਵਿਚ ਅਜਿਹੀਆਂ ਕਰਤੂਤਾਂ ਡੂੰਘੀ ਸੋਚ ਵਿਚਾਰ ਮੰਗਦੀਆਂ ਹਨ। ਕੈਨੇਡਾ ਵਿਚ ਅਜਿਹਾ ਕੀ ਹੈ ਕਿ ਅਸੀਂ ਆਪਣੀਆਂ ਚੰਗੀਆਂ ਨੌਕਰੀਆਂ ਛੱਡ ਕੇ, ਕਾਰੋਬਾਰ ਤਿਆਗ ਕੇ, ਚੰਗੀ ਭਲੀ ਵਾਹੀ ਖੇਤੀ ਕਿਰਸਾਨੀ ਛੱਡ ਕੇ ਦੋ-ਮੰਜ਼ਲੀ ਕੋਠੀਆਂ ਨੂੰ ਜਿੰਦਰੇ ਮਾਰ ਕੇ ਇੱਧਰ ਆ ਗਏ ਹਾਂ ਜਾਂ ਆਉਣ ਲਈ ਤਰਲੋਮੱਛੀ ਹੋ ਰਹੇ ਹਾਂ।ਅਸੀਂ ਆਪਣੀਆਂ ਅਠਾਂਰਾਂ ਅਠਾਰਾਂ ਸਾਲਾਂ ਦੀਆਂ ਮਾਸੂਮ ਧੀਆਂ ਤੇ ਪੁੱਤਰਾਂ ਨੂੰ ਵੱਡੀ ਰਕਮ ਖ਼ਰਚ ਕਰਕੇ ਜਹਾਜ਼ੇ ਚਾੜ੍ਹ ਰਹੇ ਹਾਂ ? ਸ਼ਾਇਦ ਬਹੁਤ ਕੁਝ ਸੀ ਤੇ ਹੈ ਵੀ। ਪਰ ਸਾਡਾ ਵਿਹਾਰ ਤੇ ਚਾਲ-ਚੱਲਣ ਇਸ ਦੇ ਸਿਫਤੀ ਮੁਹਾਂਦਰੇ ਨੂੰ ਵਲੂੰਧਰ ਰਿਹਾ ਹੈ।ਕਾਰਾਂ ਚੋਰੀ ਕਰਨ, ਡਰੱਗਜ਼ ਦਾ ਕਾਰੋਬਾਰ ਕਰਨ, ਸਟੋਰਾਂ ਦੀਆਂ ਕੰਧਾਂ ਪਾੜ ਕੇ ਸਮਾਨ ਲੁੱਟ ਕੇ ਲੈ ਜਾਣ, ਸਟੋਰਾਂ ਦੀਆਂ ਟਰਾਲੀਆਂ ਵਿਚ ਗਰੋਸਰੀ ਦਾ ਸਮਾਨ ਲੱਦ ਕੇ ਆਪਣੇ ਘਰ ਤੱਕ ਲਿਜਾਕੇ ਟਰਾਲੀ ਕਿਸੇ ਗਲੀ ਸੜਕ ਕਿਨਾਰੇ ਲਾਵਾਰਸ ਛੱਡ ਦੇਣੀ, ਕਾਰਾਂ ਵਿਚ ਉੱਚੀ ਆਵਾਜ਼ ਵਿਚ ਗਾਣੇ ਲਾਉਣੇ ਤੇ ਪਲਾਜ਼ਿਆਂ, ਸਿਟੀ ਸੈਂਟਰਾਂ ਦੀਆਂ ਪਾਰਕਾਂ ਵਿਚ ਗੇੜੇ ਲਾਉਣੇ, ਕੁੜੀਆਂ ਨੂੰ ਕਾਮੀ ਨਿਗਾਹਾਂ ਨਾਲ ਘੂਰਨਾ ਆਦਿ ਕਈ ਨਿੱਕੀਆਂ ਨਿੱਕੀਆਂ ਗੱਲਾਂ ਹਨ ਜਿਨ੍ਹਾਂ ਦੇ ਨਤੀਜੇ ਵੱਡੇ ਨਿਕਲਣ ਵਾਲੇ ਹਨ।ਅਜਿਹੇ ਧੰਦਿਆਂ ‘ਚ ਲੁਪਤ ਲੋਕ ਭਾਵੇਂ ਥੋੜ੍ਹੇ ਜਿਹੇ ਹਨ, ਪਰ ਸਮੁੱਚੇ ਭਾਈਚਾਰੇ ਦੇ ਮੱਥੇ ’ਤੇ ਕਲੰਕ ਦਾ ਦਾਗ ਲਾਉਣ ਲਈ ਬਥੇਰੇ ਹਨ।




**ਪੱਕੇ ਹੋਣ ਲਈ ਰਾਹ :** ਇਹ ਹੁਣ ਕੋਈ ਨਵੀਂ ਗੱਲ ਨਹੀਂ ਕਿ ਕੈਨੇਡਾ ਵਿਚ ਪਰਵਾਸੀਆਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਇਥੇ ਪੱਕੇ ਹੋਣ ਲਈ ਅਸਾਇਲਮ ਮੰਗਣ ਵਾਲਿਆਂ ਦੀ ਗਿਣਤੀ ਦੋ ਲੱਖ ਦੇ ਨੇੜੇ ਪੁੱਜ ਗਈ ਹੈ ਜਿਹਨਾਂ ਵਿਚ 10000 ਪੰਜਾਬੀ ਹਨ। ਅਸਾਇਲਮ (ਸ਼ਰਨ) ਕੈਨੇਡਾ ਵਿਚ ਪੱਕੇ ਹੋਣ ਦਾ ਇੱਕ ਰਾਹ ਹੈ। ਇਸਦੀ ਇਜਾਜ਼ਤ ਤਾਂ ਮਿਲਦੀ ਹੈ ਜੇਕਰ ਤੁਹਾਡੀ ਨਸਲ, ਧਰਮ, ਕੌਮੀਅਤ, ਜਾਂ ਰਾਜਨੀਤਕ ਵਿਚਾਰਾਂ ਕਾਰਣ ਤੁਹਾਨੂੰ ਤੁਹਾਡੇ ਆਪਣੇ ਦੇਸ਼ ਵਿਚ ਸਤਾਇਆ ਜਾ ਰਿਹਾ ਹੈ।ਤੁਹਾਡੇ ਉਪਰ ਅਤਿਆਚਾਰ ਹੋ ਰਿਹਾ ਹੈ ਜਾਂ ਹੋਣ ਦਾ ਡਰ ਹੈ। ਇਸ ਤੋਂ ਇਲਾਵਾ ਵਰਕ ਪਰਮਿਟ ਵੀ ਇੱਕ ਤਰੀਕਾ ਹੈ ਜਿਸ ਨਾਲ ਅਸੀਂ ਕੈਨੇਡਾ ਵਿਚ ਪੱਕੇ ਹੋਣ ਦੀ ਆਸ ਕਰ ਸਕਦੇ ਹਾਂ। ਵਿਦਿਆਰਥੀ ਵੀਜ਼ੇ ਉਪਰ ਕੈਨੇਡਾ ਆਏ ਜਾਂ ਆ ਰਹੇ ਕੌਮਾਂਤਰੀ ਵਿਦਿਆਰਥੀਆਂ ਦੀਆਂ ਮੁਸ਼ਕਿਲਾਂ ਲਗਾਤਾਰ ਵੱਧ ਰਹੀਆਂ ਹਨ। ਰਾਹ ਗਲੀ ਮਿਲਦੇ ਬਹੁਤ ਸਾਰੇ ਵਿਦਿਆਰਥੀਆਂ ਨੂੰ ਜਦੋਂ ਜੌਬ ਦਾ ਪੁੱਛੀਦਾ ਤਾਂ ਬਹੁਤਿਆਂ ਦਾ ਜਵਾਬ ਹੁੰਦਾ ਕਿ ਕੋਸ਼ਿਸ਼ ਕਰ ਰਹੇ ਹਾਂ ਪਰ ਅਜੇ ਮਿਲੀ ਨਹੀਂ। ਗਰੌਸਰੀ ਮਹਿੰਗੀ ਹੋ ਗਈ ਹੈ। ਰਹਿਣ ਲਈ ਬੇਸਮੈਂਟਾਂ ਦੇ ਕਿਰਾਏ ਵੱਧ ਗਏ ਹਨ। ਜੇਕਰ ਇਨ੍ਹਾਂ ਦੇ ਭਵਿੱਖ ਦੀ ਗੱਲ ਕਰੀਏ ਤਾਂ ਹਾਲਾਤ ਹੱਕ ਵਿਚ ਭੁਗਤਦੇ ਨਹੀਂ ਲੱਗਦੇ। ਪ੍ਰੈੱਸ ਦੇ ਇੱਕ ਹਿੱਸੇ ਦੀ ਖ਼ਬਰ ਹੈ ਕਿ ਕੈਨੇਡਾ ਦੇ ਇੰਮੀਗ੍ਰੇਸ਼ਨ ਮੰਤਰੀ ਨੇ ਕੌਮਾਂਤਰੀ ਵਿਦਿਆਰਥੀਆਂ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਪੱਕੇ ਤੌਰ ’ਤੇ ਕੈਨੇਡਾ ਵਿਚ ਨਹੀਂ ਰਹਿ ਸਕਦੇ। ਉਸ ਨੇ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਮੁਕੰਮਲ ਕਰਕੇ ਆਪਣੇ ਘਰ ਪਰਤ ਜਾਣ ਦੀ ਸਲਾਹ ਦਿੱਤੀ ਹੈ। ਅਫ਼ਵਾਹਾਂ ਵਰਗੀ ਖ਼ਬਰ ਇਹ ਵੀ ਹੈ ਕਿ ਕੈਨੇਡਾ ਸਰਕਾਰ ਵਰਕ ਪਰਮਿਟ ਦੇਣੇ ਬੰਦ ਕਰ ਰਹੀ ਹੈ। ਉਂਝ ਜਦੋਂ ਇਸ ਦਾ ਦੂਜਾ ਪਾਸਾ ਵੇਖਦੇ ਹਾਂ ਤਾਂ ਸਥਿਤੀ ਭਿੰਨ ਲੱਗਦੀ ਹੈ। ਵਿਦਿਆਰਥੀ ਵੀਜ਼ੇ ’ਤੇ ਆਏ ਵਿਦਿਆਰਥੀਆਂ ਦੀ ਫੀਸ ਦੇ ਰੂਪ ਵਿਚ ਆਉਂਦੀ ਰਕਮ ਅਰਬਾਂ ਡਾਲਰ ਹੈ। ਇਸ ਦੇਸ਼ ਦੀ ਆਰਥਿਕਤਾ ਪਰਵਾਸੀਆਂ ਦੁਆਰਾ ਫੀਸ ਅਤੇ ਟੈਕਸ ਦੇ ਰੂਪ ਵਿਚ ਆਉਂਦੀ ਰਾਸ਼ੀ ਉਪਰ ਨਿਰਭਰ ਹੈ। ਕੁਝ ਵੀ ਹੋਵੇ ਹੁਣ ਦੇ ਵੇਲਿਆਂ ਵਿਚ ਹਰ ਹੈਸੀਅਤ ਦਾ ਪਰਵਾਸੀ ਸੰਕਟ ਵਿਚ ਹੈ। ਪਰਵਾਸ ਲਈ ਘਰੋਂ ਤੁਰਨਾ ਕਠਿਨ ਫੈਸਲਾ ਹੁੰਦਾ ਹੈ।ਰਿਵਰਸ ਪਰਵਾਸ ਹੋਰ ਵੀ ਕਠਿਨ ਤੇ ਨਿਰਾਸ਼ਾਜਨਕ ਹੁੰਦਾ ਹੈ। ਕੁਝ ਇਹ ਕਠਿਨ ਫੈਸਲਾ ਕਰ ਵਾਪਸ ਵੀ ਪਰਤ ਰਹੇ ਹਨ।ਇਹ ਰੁਝਾਨ ਅਜੇ ਮੁਢਲੇ ਪੜਾਅ ’ਤੇ ਹੈ। ਫਿਰ ਵੀ ਸਥਿਤੀ ਦਾ ਮੁਲਾਂਕਣ ਕਰਨ ਲਈ ਬਹੁਤ ਹੈ।ਬਾਕੀਆਂ ਨੂੰ ਵੀ ਸੋਚਣ ਦੀ ਲੋੜ ਹੈ।

**ਚਾਹਵਾਨਾਂ ਦੀ ਲੁੱਟ :** ਵਿਜ਼ਟਰ ਵੀਜ਼ੇ ’ਤੇ ਆ ਰਹੇ ਪਰਵਾਸੀ ਇੱਥੇ ਪੱਕੇ ਤੌਰ ’ਤੇ ਟਿੱਕ ਜਾਣਾ ਚਾਹੁੰਦੇ ਹਨ। ਇਸ ਲਈ ਉਸ ਏਜੰਟਾਂ ਤੇ ਵਕੀਲਾਂ ਦੀ ਸ਼ਰਨ ਵਿਚ ਜਾਂਦੇ ਹਨ। ਇਹ ਲੋਕ ਚਾਹਵਾਨਾਂ ਕੋਲੋਂ ਮੋਟੀ ਰਕਮ ਵਸੂਲ ਕੇ ਉਨ੍ਹਾਂ ਦੀ ਫਾਈਲ ਅਸਾਇਲਮ ਲਈ ਲਾ ਦਿੰਦੇ ਹਨ। ਫਾਈਲ ਨਾਲ਼ ਝੂਠੇ ਸੱਚੇ ਡਾਕੂਮੈਂਟਸ ਵਕੀਲ ਤਿਆਰ ਕਰ ਲੈਂਦੇ ਹਨ। ਅਸਾਇਲਮ ਮਿਲਣ ’ਤੇ ਬੰਦੇ ਨੂੰ ਰਿਫਊਜੀ ਦਾ ਸਟੇਟਸ ਮਿਲ ਜਾਂਦਾ ਹੈ ਜਿਸ ਦਾ ਭਾਵ ਹੈ ਕਿ ਤੁਹਾਨੂੰ ਆਪਣੇ ਹੀ ਦੇਸ਼ ਵਿਚ ਖ਼ਤਰਾ ਹੈ। ਇਥੇ ਕੈਨੇਡਾ ਵਿਚ ਪੱਕੇ ਹੋਣ ਲਈ ਆਪਣੇ ਦੇਸ਼ ਵਿਚ ਖ਼ਤਰੇ ਦਾ ਖ਼ਤਰਾ ਵੀ ਮੁੱਲ ਲੈਣਾ ਪੈਂਦਾ ਹੈ। ਇੰਝ ਹੀ ਲੋਕ ਮੋਟੀਆਂ ਰਕਮਾਂ ਲੈ ਕੇ ਵਰਕ ਪਰਮਿਟ ਦਿੰਦੇ ਹਨ। ਬੱਸ ਸਟਾਪ ’ਤੇ ਮਿਲੀ ਲੜਕੀ ਦੱਸਦੀ ਹੈ ਕਿ ਮੇਰੇ ਕੋਲ਼ ਵਰਕ ਪਰਮਿਟ ਹੈ ਪਰ ਵਰਕ ਨਹੀਂ ਹੈ। ਕੈਨੇਡਾ ਦੇ ਚਾਹਵਾਨਾਂ ਨਾਲ਼ ਇਹ ਧਾਂਦਲੀਆਂ ਵੀ ਹੋ ਰਹੀਆਂ ਹਨ। ਇੱਕ ਸ਼ੈਸ਼ਨ ਦੌਰਾਨ ਵਿਦਿਆਰਥੀਆਂ ਨੂੰ ਖੁੱਲ ਕੇ ਗੱਲ ਕਰਨ ਦਾ ਮੌਕਾ ਦਿੱਤਾ ਤਾਂ ਬਹੁਤ ਸਾਰੀਆਂ ਗੱਲਾਂ ਦਾ ਓਹਲਾ ਰੱਖਕੇ ਲੜਕੀਆਂ ਨੇ ਦੱਸਿਆ ਕਿ ਜੌਬ ਦੇਣ ਬਦਲੇ ਉਨ੍ਹਾਂ ਨੂੰ ਉਹ ਕੰਮ ਵੀ ਕਰਨ ਨੂੰ ਕਿਹਾ ਜਾਂਦਾ ਹੈ ਜਿਸ ਦਾ ਜ਼ਿਕਰ ਉਹ ਇਥੇ ਨਹੀਂ ਕਰ ਸਕਦੀਆਂ। ਇੱਕ ਲੜਕੀ ਨੂੰ ਮਸਾਜ਼ ਕਰਨ ਦੀ ਨੌਕਰੀ ਦੀ ਪੇਸ਼ਕਸ ਕੀਤੀ ਗਈ। ਉਹ ਮਸਾਜ਼ ਦੇ ਅਰਥ ਸਮਝਦੀ ਸੀ। ਪੇਸ਼ਕਸ ਠੁਕਰਾ ਕੇ ਆ ਗਈ। ਇੱਕ ਹੋਰ ਨੂੰ ਸ਼ਰਾਬ ਵਰਤਾਉਣ ਦੀ ਜੌਬ ਦੇਣ ਵੇਲੇ ਸ਼ਰਤ ਸੀ ਕਿ ਕੱਪੜੇ ਛੋਟੇ ਪਹਿਨਣੇ ਹਨ ਅਤੇ ਖ਼ੁਦ ਸ਼ਰਾਬ ਦਾ ਸੇਵਨ ਕਰਨਾ ਹੈ ਤਾਂ ਜੋ ਗਾਹਕ ਨੂੰ ਉਸਦੇ ਸਵਾਦ ਬਾਰੇ ਦੱਸਿਆ ਜਾਵੇ। ਉਸ ਨੂੰ ਵੀ ਜੌਬ ਠੁਕਰਾਉਣੀ ਠੀਕ ਲੱਗੀ। ਇਹ ਸਮਝ ਤੇ ਇਰਾਦਾ ਹਰ ਕਿਸੇ ਕੋਲ਼ ਨਹੀਂ ਹੁੰਦਾ। ਕਿਸੇ ਸਵੀਕਾਰ ਵੀ ਕਰ ਲਿਆ ਹੋਵੇਗਾ। ਇੰਝ ਕੁਝ ਹੋਰ ਵਿਦਿਆਰਥੀਆਂ ਨੇ ਆਪਣੇ ਮੁੱਢਲੇ ਦਿਨਾਂ ਦੇ ਸੰਘਰਸ਼ ਦੀਆਂ ਲੂੰ ਕੰਡੇ ਖੜੇ ਕਰਨ ਵਾਲੀਆਂ ਯਾਦਾਂ ਸਾਂਝੀਆਂ ਕੀਤੀਆਂ। ਇਸ ਸ਼ੈਸ਼ਨ ਦੌਰਾਨ ਮੈਨੂੰ ਇਹ ਸਮਝ ਆਈ ਕਿ ਸਾਨੂੰ ਵੱਧ ਤੋਂ ਵੱਧ ਅਜਿਹੇ ਮੰਚ ਮੁਹੱਈਆ ਕਰਵਾਉਣੇ ਚਾਹੀਦੇ ਹਨ ਜਿੱਥੇ ਉਹ ਆਪਣੇ ਸੰਘਰਸ਼ ਦੀ ਗੱਲ ਕਰਦਿਆਂ ਆਉਂਦੀਆਂ ਮੁਸ਼ਕਿਲਾਂ ਬਾਰੇ ਗੱਲ ਕਰ ਸਕਣ। ਇੰਝ ਹੋਰਾਂ ਅਤੇ ਨਵਿਆਂ ਨੂੰ ਲੋੜੀਂਦਾ ਗਿਆਨ ਮਿਲ ਸਕਦਾ ਹੈ ਜਿਸ ਨਾਲ ਉਹ ਆਉਣ ਵਾਲੀਆਂ ਚਣੌਤੀਆਂ ਨਾਲ਼ ਨਜਿੱਠਣ ਲਈ ਮਾਨਸਿਕ ਤੌਰ ’ਤੇ ਤਿਆਰ ਹੋ ਸਕਦੇ ਹਨ।

**ਕੁਲ ਮਿਲਾਕੇ :** ਕੈਨੇਡਾ ਚੰਗਾ ਮੁਲਕ ਹੈ। ਪੌਣ, ਪਾਣੀ ਤੇ ਭੋਇੰ ਨੂੰ ਸੰਭਾਲਿਆ ਹੈ। ਲੋਕ ਨਿਯਮਾਂ ਦਾ ਪਾਲਣ ਕਰਦੇ ਹਨ।ਆਪਣੇ ਕਿਸੇ ਕੰਮ ਲਈ ਦਫ਼ਤਰਾਂ ਵਿਚ ਖੱਜਲ ਖੁਆਰ ਨਹੀਂ ਹੋਣਾ ਪੈਂਦਾ। ਪਰ ਮੰਦੀ ਦਾ ਦੌਰ ਚੱਲ ਰਿਹਾ ਹੈ। ਨਵੇਂ ਆਏ ਵਿਦਿਆਰਥੀਆਂ ਨੂੰ ਤੇ ਕਈ ਪੁਰਾਣਿਆਂ ਨੂੰ ਵੀ ਜੌਬ ਨਹੀਂ ਮਿਲ ਰਹੀ। ਵਿਆਜ ਦਰਾਂ ਵੱਧਣ ਕਾਰਨ ਘਰ ਖਰੀਦਣੇ ਔਖੇ ਹੋ ਗਏ ਹਨ। ਜਿਉਣਾ ਮਹਿੰਗਾ ਹੋ ਗਿਆ ਹੈ। ਅਜਿਹੇ ’ਚ ਤਹੱਮਲ ਰੱਖਣ ਦੀ ਲੋੜ ਹੈ। ਪਰਵਾਸੀ ਜਿਹੜੇ ਸਿਸਟਮ ਦੇ ਮੇਚ ਨਹੀਂ ਆਉਂਦੇ, ਸਰਕਾਰ ਦੀ ਅੱਖ ’ਚ ਰੜਕਦੇ ਹਨ। ਸਟੱਡੀ ਵੀਜ਼ੇ ’ਤੇ ਆਇਆਂ ਨੂੰ ਪੀ.ਆਰ ਨਾ ਦੇਣ ਦੇ ਫੈਸਲੇ ਵਰਗੇ ਹੋਰ ਕਠਿਨ ਫੈਸਲੇ ਵੀ ਆ ਸਕਦੇ ਹਨ। ਪੀ.ਆਰ, ਹੋ ਗਿਆਂ ਨੂੰ ਵੀ ਕਿਸੇ ਭਰਮ ਵਿਚ ਨਹੀਂ ਰਹਿਣਾ ਚਾਹੀਦਾ।ਪੂਜੀਵਾਦੀ ਸਿਸਟਮ ਮੁਨਾਫ਼ੇ ਨੂੰ ਕੇਂਦਰ ਵਿਚ ਰੱਖਦਾ ਹੈ। ਜਦ ਤੱਕ ਪਰਵਾਸੀ ਉਹਨਾਂ ਲਈ ਸਸਤੀ ਲੇਬਰ ਹਨ, ਆਪਣੀਆਂ ਮੁੱਢਲੀਆਂ ਲੋੜਾਂ ਲਈ ਸੁਚੇਤ ਨਹੀਂ ਹਨ, ਥਾਂ ਥਾਂ ਉਸਰ ਗਏ ਧਾਰਮਕ ਸਥਾਨਾਂ ਦੀ ਬਹੁਤਾਤ ਨੂੰ ਹੀ ਆਪਣੀ ਪ੍ਰਾਪਤੀ ਸਮਝ ਰਹੇ ਹਨ, ਸਿਹਤ ਨਾਲ਼ ਸਬੰਧਤ ਲੋੜਾਂ ਲਈ ਸਾਂਝੀ ਆਵਾਜ਼ ਬਣ ਸੜਕਾਂ ’ਤੇ ਨਹੀਂ ਨਿਕਲਦੇ, ਵਧੀਆਂ ਵਿਆਜ ਦਰਾਂ ਤੇ ਮਹਿੰਗੀ ਹੋ ਗਈ ਗਰੌਸਰੀ ਨੂੰ ਮੁੱਦਾ ਨਹੀਂ ਬਣਾਉਂਦੇ ਅਤੇ ਟੈਕਸ ਦਰਾਂ, ਮਾਮੂਲੀ ਉਜਰਤ ਲਈ ਕੈਸ਼ ‘ਤੇ ਕੰਮ ਕਰਦੇ ਕਾਮਿਆਂ ਅਤੇ ਉਚੇਰੀ ਸਿੱਖਿਆ ਲਈ ਲੋੜੀਂਦੇ ਕਾਲਜ, ਯੂਨੀਵਰਸਿਟੀਆਂ ਦੀ ਮੰਗ ਲਈ ਇਕੱਠੇ ਨਹੀਂ ਹੁੰਦੇ, ਪੂੰਜੀਵਾਦੀ ਸਰਕਾਰ ਪੀ.ਆਰ. ਅਤੇ ਕੱਚੇ ਕਾਮਿਆਂ ਦਾ ਸਵਾਗਤ ਕਰਦੀ ਰਹੇਗੀ। ਜਦ ਸਿਸਟਮ ਨੂੰ ਸਾਡੀ ਲੋੜ ਨਾ ਰਹੀ, ਇੱਕ ਨੋਟਿਸ ਨਾਲ਼ ਸਾਨੂੰ ਬਾਹਰ ਜਾਣ ਦਾ ਫ਼ੁਰਮਾਨ ਜਾਰੀ ਹੋ ਜਾਵੇਗਾ। ਅਜਿਹੀ ਸਥਿਤੀ ਦੇ ਸੱਚ ਨੂੰ ਸਮਝਦਿਆਂ ਪਰਵਾਸੀਆਂ ਤੇ ਖਾਸ ਕਰਕੇ ਪੰਜਾਬੀ ਪਰਵਾਸੀਆਂ ਨੂੰ ਸੋਚਣ ਦੀ ਲੋੜ ਹੈ। ਨਹੀਂ ਤਾਂ ਕੈਨੇਡਾ ਹੱਥਾਂ ’ਚੋਂ ਤਿਲਕ ਜਾਵੇਗਾ।

# ਗੈਸ ਫੈਕਟਰੀਆਂ ਵਿਰੋਧੀ ਲੋਕ ਸੰਘਰਸ਼ ਵਿੱਚ ਮਦਦ ਕਰ ਰਹੇ ਡਰੱਗ ਵਿਗਿਆਨੀ ਡਾ. ਬਲਵਿੰਦਰ ਸਿੰਘ ਔਲਖ ਨੂੰ ਪੁਲਸ ਵੱਲੋਂ ਪ੍ਰੇਸ਼ਾਨ ਕਰਨ ਖ਼ਿਲਾਫ਼ ਰੋਸ ਮੁਜਾਹਰਾ



ਬੀਤੀ 20 ਅਗਸਤ ਨੂੰ ਪੀ.ਏ.ਯੂ. ਵਿਖੇ ਬਾਇਓ ਗੈਸ ਫੈਕਟਰੀਆਂ ਵਿਰੋਧੀ ਸੰਘਰਸ਼ ਦੀ ਤਾਲਮੇਲ ਕਮੇਟੀ ਦੀ ਪੰਜਾਬ ਸਰਕਾਰ ਦੇ ਮੁੱਖ ਸੱਕਤਰ ਵੀ.ਕੇ. ਸਿੰਘ ਨਾਲ ਹੋਈ ਮੀਟਿੰਗ ਤੋਂ ਬਾਦ ਲੁਧਿਆਣਾ ਪੁਲਿਸ ਨੇ ਗੱਲਬਾਤ ’ਚ ਮੁੱਖ ਤੋਰ ’ਤੇ ਸ਼ਾਮਲ ਵਿਗਿਆਨੀ ਡਾ. ਬਲਵਿੰਦਰ ਸਿੰਘ ਔਲਖ ਨੂੰ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ ਹੈ। ਲੁਧਿਆਣਾ ਪਿਲਸ ਦੀ ਸਪੈਸ਼ਲ ਬ੍ਰਾਂਚ ਦੇ ਇੱਕ ਥਾਣੇਦਾਰ ਨੇ 23 ਅਗਸਤ ਨੂੰ ਡਾ. ਔਲਖ ਦੇ ਘਰੇ ਜਾ ਕੇ ਉਨ੍ਹਾਂ ਦੇ ਪਰਿਵਾਰ ਤੋਂ ਪੁੱਛਗਿੱਛ ਕਰਨ ਦੀ ਕੋਸ਼ਿਸ਼ ਕੀਤੀ। ਡਾ. ਔਲਖ ਦੇ ਘਰ ਨਾ ਹੋਣ ਤੇ ਉਨ੍ਹਾਂ ਨੂੰ ਫੋਨ ’ਤੇ ਦਬਕਾਉਣ ਦੀ ਕੋਸ਼ਿਸ਼ ਕੀਤੀ ਗਈ। ਉਪਰੰਤ ਸਾਰਾ ਦਿਨ ਸਾਦਾ ਵਰਦੀ ’ਚ ਪੁਲਿਸ ਉਨ੍ਹਾਂ ਦੇ ਘਰ ਨੇੜੇ ਗੱਡੀਆਂ ’ਤੇ ਸਵਾਰ ਹੋ ਕੇ ਖੜੀ ਰਹੀ। ਇਸ ਸਮੁੱਚੇ ਘਟਨਾਕ੍ਰਮ ਦਾ ਪਤਾ ਲੱਗਣ ਤੇ ਤਾਲਮੇਲ ਕਮੇਟੀ ਦੇ ਸੱਦੇ ’ਤੇ ਬਾਇਓ ਗੈਸ ਵਿਰੋਧੀ ਸੰਘਰਸ਼ ਮੋਰਚਿਆਂ ਭੂੰਦੜੀ, ਅਖਾੜਾ, ਮੁਸ਼ਕਾਬਾਦ, ਘੁੰਗਰਾਲੀ ਰਾਜਪੂਤਾਂ ਤੋਂ ਸਵਾ ਸੋ ਦੇ ਕਰੀਬ ਵਰਕਰ ਰਾਤ ਸਾਢੇ ਨੌਂ ਵਜੇ ਡਾ. ਔਲਖ ਦੇ ਘਰ ਪੰਹੁਚ ਗਏ। ਇਸ ਸਮੇਂ ਨੇਤਾ ਜੀ ਪਾਰਕ, ਹੈਬੋਵਾਲ ਵਿਖੇ ਵਰਕਰਾਂ ਦੀ ਰੋਹ ਭਰਪੂਰ ਰੈਲੀ ਨੂੰ ਸੰਬੋਧਨ ਕਰਦਿਆਂ ਤਾਲਮੇਲ ਕਮੇਟੀ ਦੇ ਆਗੂਆਂ ਡਾ. ਸੁਖਦੇਵ ਸਿੰਘ ਭੂੰਦੜੀ, ਕੰਵਲਜੀਤ ਖੰਨਾ, ਕਾਰਖਾਨਾ ਮਜਦੂਰ ਯੂਨੀਅਨ ਦੇ ਆਗੂ ਲਖਵਿੰਦਰ ਸਿੰਘ, ਕਮੇਟੀ ਆਗੂਆਂ ਗੁਰਪ੍ਰੀਤ ਸਿੰਘ ਗੁਰੀ, ਹਰਮੇਲ ਸਿੰਘ ਸਰਪੰਚ, ਪ੍ਰਧਾਨ ਗੁਰਤੇਜ ਸਿੰਘ ਅਖਾੜਾ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਉੱਚ ਅਧਿਕਾਰੀਆਂ ਅਤੇ ਸਰਕਾਰੀ ਪੱਖ ਦੇ ਮਾਹਰਾਂ ਨਾਲ ਦੋ ਵਾਰ ਹੋਈ ਮੀਟਿੰਗ ਚ ਡਾ. ਔਲਖ ਨੇ ਤੱਥਾਂ, ਦਲੀਲਾਂ ਤੇ ਅੰਕੜਿਆਂ ਸਹਿਤ ਸਾਬਿਤ ਕਰ ਦਿੱਤਾ ਕਿ ਇਹ ਸੀਬੀਜੀ ਫੈਕਟਰੀਆਂ ਅਸਲ ’ਚ ਕੈਂਸਰ ਫ਼ੈਕਟਰੀਆਂ ਹਨ ਤਾਂ ਪੰਜਾਬ ਸਰਕਾਰ ਬੁਖਲਾਹਟ ’ਚ ਆ ਗਈ ਹੈ। ਸਿੱਟੇ ਵਜੋਂ ਵੱਖ-ਵੱਖ ਪੁਲਿਸ ਅਧਿਕਾਰੀਆਂ ਵੱਲੋਂ ਡਾ. ਔਲਖ ਬਾਰੇ ਪੁੱਛ-ਗਿੱਛ ਸ਼ੁਰੂ ਕਰ ਦਿੱਤੀ ਗਈ। ਬੁਲਾਰਿਆਂ ਨੇ ਪੰਜਾਬ ਸਰਕਾਰ ਦੇ ਇਸ਼ਾਰੇ ਉੱਤੇ ਪੁਲਿਸ ਵੱਲੋਂ ਡਾ. ਔਲਖ ਨੂੰ ਜਾਣਬੁੱਝ ਕੇ ਪਰੇਸ਼ਾਨ ਕਰਨ ਦੀ ਨਿੰਦਾ ਕਰਦਿਆਂ ਇਹ ਵਤੀਰਾ ਬੰਦ ਕਰਨ ਦੀ ਮੰਗ ਕੀਤੀ।

ਪੰਜਾਬ ਸਰਕਾਰ ਦੀ ਨੀਤੀ ਦੀ ਸਖਤ ਨਿਖੇਧੀ ਕਰਦਿਆਂ ਕਿਹਾ ਕਿ ਭਗਵੰਤ ਮਾਨ ਸਰਕਾਰ ਨੂੰ ਇਹ ਕੈਂਸਰ ਫੈਕਟਰੀਆਂ ਬੰਦ ਕਰਨ ਲਈ ਹਰ ਕੁਰਬਾਨੀ ਦੇ ਕੇ ਮਜਬੂਰ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਸਰਕਾਰ ਦੇ ਸਰਕਾਰ ਦੇ ਲੋਕ ਦੋਖੀ ਰਵੱਈ ਵਿਰੁੱਧ ਪੰਜ ਸਤੰਬਰ ਨੂੰ ਦਿੱਲੀ ਹਾਈ ਵੇਅ ਜਾਮ ਕੀਤਾ ਜਾਵੇਗਾ।

ਬੁਲਾਰਿਆਂ ਨੇ ਕਿਹਾ ਕਿ ਮੋਦੀ ਸਰਕਾਰ ਤੇ ਭਗਵੰਤ ਮਾਨ ਸਰਕਾਰ ਦੋਹੇਂ ਵਿਰੋਧੀ ਵਿਚਾਰਾਂ ਨੂੰ ਦਬਾ ਕੇ ਲੁੱਟ ਦਾ ਰਾਜ ਕਾਇਮ ਰੱਖਣ ਦਾ ਭਰਮ ਪਾਲ ਰਹੀਆਂ ਹਨ।

ਇਸ ਸਮੇਂ ਡਾ. ਔਲਖ ਨੇ ਜ਼ੋਰ ਦੇ ਕੇ ਕਿਹਾ ਕਿ ਉਹ ਸੱਚ ਬੋਲਦੇ ਰਹਿਣਗੇ ਕਿ ਇਹ ਸੀ.ਬੀ.ਜੀ. ਪਲਾਂਟ ਨਹੀਂ ਹਨ ਸਗੋ ਕੈਂਸਰ ਫੈਕਟਰੀਆਂ ਹਨ। ਇਹ ਪੰਜਾਬੀਆਂ ਲਈ ਕੈਂਸਰ ਦੇ ਖੂਹ ਹਨ ਜਿਨਾਂ ਨੂੰ ਕਦਾਚਿਤ ਪੰਜਾਬ ਦੀ ਧਰਤੀ ’ਤੇ ਨਹੀਂ ਲੱਗਣ ਦਿੱਤਾ ਜਾਵੇਗਾ। ਇਸ ਸਮੇਂ ਹਰਦੇਵ ਸਿੰਘ ਅਖਾੜਾ, ਜਗਦੇਵ ਸਿੰਘ ਅਖਾੜਾ, ਸੁਰਜੀਤ ਸਿੰਘ ਭੂੰਦੜੀ, ਤੇਜਾ ਸਿੰਘ ਭੂੰਦੜੀ, ਨਿਰਮਲ ਸਿੰਘ ਮੁਸ਼ਕਾਬਾਦ, ਜਗਸੀਰ ਸਿੰਘ ਸੀਰਾ, ਰੂਪ ਸਿੰਘ ਮੁਸ਼ਕਾਬਾਦ, ਮਲਵਿੰਦਰ ਸਿੰਘ ਲਵਲੀ, ਕਰਮਜੀਤ ਸਿੰਘ ਸਹੋਤਾ, ਸਵਰਨ ਸਿੰਘ ਅਖਾੜਾ ਆਦਿ ਹਾਜਰ ਸਨ।

ਡਾ. ਔਲਖ ਨੂੰ ਤੰਗ ਪ੍ਰੇਸ਼ਾਨ ਕਰਨ ਬਾਰੇ ਹੋਰ ਜੱਥੇਬੰਦੀਆਂ ਦਾ ਵੀ ਪ੍ਰਤੀਕਰਮ ਸਾਹਮਣੇ ਆਇਆ ਹੈ। ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਜਿਲ੍ਹਾ ਪ੍ਰਧਾਨ ਜਗਤਾਰ ਸਿੰਘ ਦੇਹੜਕਾ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜਿਲ੍ਹਾ ਆਗੂ ਬਲਵੰਤ ਸਿੰਘ ਘੁਡਾਣੀ, ਜਮਹੂਰੀ ਅਧਿਕਾਰ ਸਭਾ ਦੇ ਆਗੂ ਜਸਵੰਤ ਜੀਰਖ ਨੇ ਪੁਲਸੀਆ ਦੀਆਂ ਚਾਲਾਂ ਦੀ ਜੋਰਦਾਰ ਨਿੰਦਾ ਕਰਦਿਆਂ ਕਿਹਾ ਕਿ ਜੇਕਰ ਸਰਕਾਰ ਨੇ ਅਪਣਾ ਵਤੀਰਾ ਨਾ ਬਦਲਿਆ ਤਾਂ ਸਰਕਾਰ ਨੂੰ ਇਸਦੀ ਭਾਰੀ ਕੀਮਤ ਚੁਕਾਉਣੀ ਪਵੇਗੀ।

# ਇਕ ਪ੍ਰਤੀਬੱਧ ਲੇਖਕ ਅਤੇ ਇਨਕਲਾਬੀ : ਕਾਮਰੇਡ ਬਾਰੂ ਸਤਵਰਗ



ਅਜਾਇਬ ਸਿੰਘ
ਟਿਵਾਣਾ
7888738476

ਅੱਜ ਅਸੀਂ ਬਾਰੂ ਸਤਵਰਗ ਦੀ ਪਹਿਲੀ ਬਰਸੀ ਤੇ ਇਕੱਤਰ ਹੋਏ ਹਾਂ। ਇਸ ਮੌਕੇ ਸਾਡਾ ਮਕਸਦ ਹੈ ਉਸ ਕ੍ਰਾਂਤੀਕਾਰੀ ਸਾਹਿਤਕਾਰ ਦੇ ਜੀਵਨ ਅਤੇ ਰਚਨਾਵਾਂ ਤੇ ਵਿਚਾਰ ਚਰਚਾ ਕਰਨੀ ਜੋ ਲਗਭਗ 5 ਦਹਾਕਿਆਂ ਤੋਂ ਵੱਖ ਵੱਖ ਰੂਪਾਂ 'ਚ ਵੱਖ ਵੱਖ ਥੜ੍ਹਿਆਂ ਤੋਂ ਸਥਾਪਤੀ ਖਿਲਾਫ ਹਾਸ਼ੀਏ ਤੇ ਧੱਕੇ ਗਏ ਕਿਰਤੀ ਲੋਕਾਂ ਦੀ ਆਵਾਜ਼ ਬੁਲੰਦ ਕਰਦਾ ਰਿਹਾ। ਉਸ ਦਾ ਨਾਂ ਪੰਜਾਬ ਦੇ ਕੁੱਝ ਗਿਣਤੀ ਦੇ ਉਨ੍ਹਾਂ ਲੇਖਕਾਂ 'ਚ ਆਉਂਦਾ ਹੈ ਜਿਨ੍ਹਾਂ ਨੇ ਨਾ ਸਿਰਫ ਕਿਰਤੀ ਲੋਕਾਂ ਦੀਆਂ ਹੱਕੀ ਜਦੋਜਹਿਦਾਂ ਨੂੰ ਆਪਣੀਆਂ ਲਿਖਤਾਂ 'ਚ ਰੂਪਮਾਨ ਕੀਤਾ ਹੈ ਬਲਕਿ ਖੁਦ ਉਨ੍ਹਾਂ ਜਦੋਜਹਿਦਾਂ 'ਚ ਸਰਗਰਮ ਭੂਮਿਕਾ ਨਿਭਾਈ ਖੁਦ ਹਰ ਕਿਸਮ ਦਾ ਜਬਰ ਆਪਣੇ ਪਿੰਡੇ ਤੇ ਹੰਢਾਇਆ। 1975-77 ਦੇ ਐਮਰਜੈਂਸੀ ਦੇ ਕਾਲੇ ਦੌਰ 'ਚ ਉਸ ਨੂੰ ਸੁਰਜੀਤ ਅਰਮਾਨੀ ਅਤੇ ਬੋਗੜ ਸਿੰਘ ਸਮੇਤ ਪੁਲਿਸ ਵੱਲੋਂ ਗਰਿਫਤਾਰ ਕੀਤਾ ਗਿਆ ਤੇ ਉਹ ਡੇਢ ਸਾਲ ਦੇ ਲਗਭਗ ਜੇਲ੍ਹ ਦੀਆਂ ਸੀਖਾਂ ਪਿੱਛੇ ਬੰਦ ਰਿਹਾ।

ਆਪਣੇ ਇਨਕਲਾਬੀ ਵਿਚਾਰਾਂ ਨੂੰ ਅਮਲ 'ਚ ਲਿਆਉਣ ਲਈ ਉਸ ਨੇ ਵੱਖ ਵੱਖ ਜਥੇਬੰਦੀਆਂ ਜਾਂ ਸਭਾਵਾਂ ਜਥੇਬੰਦ ਕਰਨ 'ਚ ਆਗੂ ਭੂਮਿਕਾ ਨਿਭਾਈ। ਉਹ ਕਦੇ ਵੀ ਸਮਝੌਤਾਪ੍ਰਸਤ ਸਾਹਿਤਿਕ ਜਥੇਬੰਦੀਆਂ ਦਾ ਹਿੱਸਾ ਨਾ ਬਣਿਆ ਬਲਕਿ ਉਨ੍ਹਾਂ ਨਾਲ ਸਪੱਸ਼ਟ ਨਿਖੇੜੇ ਦੀ ਲਕੀਰ ਖਿਚਦਾ ਰਿਹਾ। ਉਸ ਨੇ ਪੰਜਾਬ ਦੇ ਹੋਰ ਕਰਾਂਤੀਕਾਰੀ ਸਾਹਿਤਕਾਰਾਂ ਗੁਰਸ਼ਰਨ ਸਿੰਘ, ਬਾਬਾ ਦੇਵਾ ਸਿੰਘ ਮਾਹਲਾ, ਸੰਤੋਖ ਸਿੰਘ ਬਾਜਵਾ ਅਤੇ ਡਾ. ਸਾਧੂ ਸਿੰਘ ਆਦਿ ਨਾਲ ਮਿਲ ਕੇ 22 ਅਪ੍ਰੈਲ 1981 ਨੂੰ ਬੁਨੀਰ ਵਿਖੇ ਸਾਹਿਤਕਾਰਾਂ ਦੀ ਕਨਵੈਨਸ਼ਨ ਕਰਕੇ ਕ੍ਰਾਂਤੀਕਾਰੀ ਸਾਹਿਤ ਸਭਾ, ਪੰਜਾਬ ਦੀ ਸਥਾਪਨਾ ਕੀਤੀ ਅਤੇ ਵੱਖ ਵੱਖ ਸਮਿਆਂ ਤੇ ਇਸ ਸਭਾ ਦੇ ਸਕੱਤਰ ਅਤੇ ਪ੍ਰਧਾਨ (1990) ਦੀਆਂ ਜ਼ੁੰਮੇਵਾਰੀਆਂ ਨਿਭਾਈਆਂ। ਇਸ ਤੋਂ ਅੱਗੇ ਕ੍ਰਾਂਤੀਕਾਰੀ ਸੱਭਿਆਚਾਰਕ ਕੇਂਦਰ ਦੀ ਸਥਾਪਨਾ ਕੀਤੀ ਗਈ ਜਿਸ ਦੇ ਨੁਮਾਇੰਦੇ ਦੇ ਤੌਰ ਤੇ ਉਹ 80ਵਿਆਂ ਦੇ ਦਹਾਕੇ 'ਚ ਹੋਂਦ 'ਚ ਆਈ ਕੁਲ ਹਿੰਦ ਇਨਕਲਾਬੀ ਸੱਭਿਆਚਾਰਕ ਲੀਗ (AILRC) ਦਾ ਪੰਜਾਬ ਦੀ ਤਰਫੋਂ ਮੈਂਬਰ ਰਿਹਾ ਅਤੇ ਆਂਧਰਾ, ਪੱਛਮੀ ਬੰਗਾਲ ਸਮੇਤ ਮੁਲਕ ਭਰ 'ਚ ਲੀਗ ਵੱਲੋਂ ਕਰਵਾਏ ਜਾਂਦੇ ਸੈਮੀਨਾਰਾਂ, ਗੋਸ਼ਟੀਆਂ ਅਤੇ ਸਭਿਆਚਾਰਕ ਪ੍ਰੋਗਰਾਮਾਂ 'ਚ ਵਰਵਰਾ ਰਾਓ ਅਤੇ ਗਦਰ ਵਰਗੇ ਉੱਘੇ ਲੇਖਕਾਂ ਅਤੇ ਕਲਾਕਾਰਾਂ ਸੰਗ ਭਾਗ ਲੈਂਦਾ ਰਿਹਾ। ਉਸ ਨੇ ਜਮਹੂਰੀ ਮੋਰਚਾ ਪੰਜਾਬ ਅਤੇ ਲੋਕ ਟਾਕਰਾ ਮੰਚ ਪੰਜਾਬ ਦੇ ਬਾਨੀਆਂ 'ਚ ਆਪਣੀ ਥਾਂ ਬਣਾਈ। 1971 ਤੋਂ ਲੈ ਕੇ 2017 ਤੱਕ ਉਸ ਨੇ ਵੱਖ ਵੱਖ ਰਾਜਨੀਤਿਕ, ਜਨਤਕ ਅਤੇ ਸਾਹਿਤਿਕ ਪਰਚਿਆਂ ਦੀ ਸੰਪਾਦਕੀ ਕੀਤੀ, ਕਿੰਨਿਆਂ ਹੀ ਪਰਚਿਆਂ ਦੇ ਸੰਪਾਦਕੀ ਬੋਰਡ ਦਾ ਮੈਂਬਰ ਅਤੇ ਸਲਾਹਕਾਰ ਰਿਹਾ ਜਿਨ੍ਹਾਂ 'ਚ ਕਿਰਤੀ ਕਿੱਸਾ (1971),ਕਿਰਤੀ ਯੁੱਗ (1972), ਮਸ਼ਾਲ (1977-78), ਪਰਚੰਡ ਲਹਿਰ (ਜਨਵਰੀ 1981),ਪਰਚੰਡ (ਸਹਾਇਕ ਸੰਪਾਦਕ ਜਨਵਰੀ 1982; ਸੰਪਾਦਕ ਫਰਵਰੀ 1982 ਤੋਂ ਫਰਵਰੀ 1983 ਤੱਕ), ਅਗਨਬਾਣ (ਕਾਵਿ ਸੰਗ੍ਰਹਿ) ਸਮਕਾਲੀ ਦਿਸ਼ਾ (1991 ਤੋਂ 1996 ਤੱਕ), ਸੁਲਗਦੇ ਪਿੰਡ ਅਤੇ ਲੋਕ ਕਾਫਲਾ (2012 ਤੋਂ 2017) ਸ਼ਾਮਲ ਹਨ I2005 ਦੇ ਸ਼ੁਰੂ ਵਿੱਚ ਤਿੰਨ ਇਨਕਲਾਬੀ ਪਰਚਿਆਂ-ਸਮਕਾਲੀ ਦਿਸ਼ਾ,ਲਾਲ ਤਾਰਾ ਅਤੇ ਚਮਕਦਾ ਲਾਲ ਤਾਰਾ ਦੀ ਏਕਤਾ ਮੌਕੇ ਉਹ ਸਮਕਾਲੀ ਦਿਸ਼ਾ ਦਾ ਸੰਪਾਦਕ ਸੀ।

90ਵਿਆਂ 'ਚ ਕਿਰਤੀ ਲੋਕਾਂ ਦੇ ਹੱਕਾਂ ਲਈ ਬਣੀ ਜਥੇਬੰਦੀ ਕਿਰਤੀ ਮਜਦੂਰ ਯੂਨੀਅਨ ਦੇ ਪ੍ਰਧਾਨ ਦੇ ਤੌਰ 'ਤੇ ਕਿਰਤੀਆਂ ਦੀਆਂ ਜਦੋਜਹਿਦਾਂ ਦੀ ਅਗਵਾਈ ਕੀਤੀ। ਲਹਿਰ 'ਚ ਕਿੰਨੇ ਹੀ ਉਤਰਾਵਾਂ ਚੜ੍ਹਾਵਾਂ ਅਤੇ ਪਰਿਵਾਰਿਕ ਕਠਨਾਈਆਂ ਦੇ ਬਾਵਜੂਦ ਉਸ ਨੇ ਮੁੱਖ ਕਮਿਊਨਿਸਟ ਇਨਕਲਾਬੀ ਧਾਰਾ ਦਾ ਪੱਲਾ ਨਹੀਂ ਛੱਡਿਆ। ਉਸਦਾ ਇਹ ਇਨਕਲਾਬੀ ਸਫਰ ਕਾ. ਜਗਜੀਤ ਸਿੰਘ ਸੋਹਲ ਦੀ ਅਗਵਾਈ ਵਾਲੀ ਸੀ.ਓ.ਸੀ.ਸੀ.ਪੀ.ਆਈ. (ਮ.ਲ.) ਨਾਲ ਸ਼ੁਰੂ ਹੋ ਕੇ ਜੀਵਨ ਦੇ ਆਖਰੀ ਸਾਹਾਂ ਤੱਕ ਸੀ.ਪੀ.ਆਈ. (ਮਾਓਵਾਦੀ) ਦੇ ਮੈਂਬਰ ਦੇ ਤੌਰ ਤੇ ਸਮਾਪਤ ਹੋਇਆ। ਇਸ ਦੇ ਵਿਚਕਾਰਲੇ ਅਰਸੇ ਵਿੱਚ ਉਹ ਸੀ.ਪੀ.ਆਈ. (ਮ.ਲ.) PU ਅਤੇ CPI (ML) (PW) ਦਾ ਮੈਂਬਰ ਵੀ ਰਿਹਾ।

ਇੱਕ ਕਮਿਊਨਿਸਟ ਇਨਕਲਾਬੀ ਅਤੇ ਕ੍ਰਾਂਤੀਕਾਰੀ ਸਾਹਿਤਕਾਰ ਦੇ ਤੌਰ ਉਸਦੀ ਪ੍ਰਤੀਬੱਧਤਾ ਪਿੱਛੇ ਕਈ ਵੱਡੇ ਕਾਰਕ ਸਨ। ਉਸ ਦਾ ਜਨਮ 13 ਅਕਤੂਬਰ 1945 ਨੂੰ ਇੱਕ ਬੇਹੱਦ ਤੰਗੀਆਂ ਤੁਰਸ਼ੀਆਂ ਦੇ ਸ਼ਿਕਾਰ ਦਲਿਤ ਪਰਿਵਾਰ 'ਚ ਹੋਇਆ। ਉਸ ਦੇ ਪਿਤਾ ਭਗਤ ਸਿੰਘ ਅਤੇ ਮਾਤਾ ਅਮਰ ਕੌਰ ਭੇਡਾਂ ਪਾਲਣ ਦਾ ਕਿੱਤਾ ਕਰਦੇ ਸਨ ਦੋ ਭਰਾ ਤਾਰਾ ਸਿੰਘ ਤੇ ਸੁਖਦੇਵ ਸਿੰਘ ਅਤੇ ਇੱਕ ਭੈਣ ਸੁਖਦੇਵ ਕੌਰ ਸੀ ।ਤਾਰਾ ਸਿੰਘ ਕਿਸਾਨਾਂ ਨਾਲ ਸੀਰੀ ਰਲਦਾ ਰਿਹਾ। ਬੇਹੱਦ ਔਖੀਆਂ ਜਿਊਣ ਹਾਲਤਾਂ ਨਾਲ ਦੋ ਹੱਥ ਕਰਦਿਆਂ ਕਾ. ਬਾਰੂ ਪਿੰਡ ਦੇ ਸਕੂਲ ਤੋਂ 10ਵੀਂ ਅਤੇ ਜੇ.ਬੀ.ਟੀ.ਦਾ ਕੋਰਸ ਕਰਕੇ 1964 'ਚ ਪ੍ਰਾਇਮਰੀ ਅਧਿਆਪਕ ਬਣਨ 'ਚ ਸਫਲ ਹੋਇਆ। ਪਰ ਆਪਣੇ ਘਰ ਦੀ ਹਾਲਤ ਅਤੇ ਘਰ ਦੇ ਆਲੇ ਦੁਆਲੇ ਰਹਿ ਰਹੇ ਕਿਰਤੀਆਂ ਦੀ ਜ਼ਿੰਦਗੀ ਨੇ ਬਚਪਨ 'ਚ ਹੀ ਬਾਰੂ ਦੇ ਸੰਵੇਦਨਸ਼ੀਲ ਮਨ ਤੇ ਜਮਾਤੀ ਅਤੇ ਜਾਤੀ ਵਿਤਕਰੇ ਦੇ ਅਹਿਸਾਸ ਦੀਆਂ ਡੂੰਘੀਆਂ ਲਕੀਰਾਂ ਉਕਰ ਦਿੱਤੀਆਂ। ਬਾਰੂ ਇੱਕ ਚੰਗਾ ਪਾਠਕ ਸੀ। ਉਹ ਨਵਾਂ ਜ਼ਮਾਨਾ, ਲੋਕ ਲਹਿਰ ਅਖਬਾਰ ਪੜ੍ਹਦਾ ਸੀ ਉਸ ਨੇ ਇਸ ਸਮੇਂ ਦੁਰਾਨ ਜਸਵੰਤ ਕੰਵਲ ਦਾ ਨਾਵਲ "ਰਾਤ ਬਾਕੀ ਹੈ" ਅਤੇ ਮੈਗਜ਼ੀਨ "ਪ੍ਰੀਤਲੜੀ" ਪੜ੍ਹਿਆ। ਅਜਿਹੇ ਮਾਹੌਲ ਨੇ ਵੀ ਉਸ ਦੇ ਮਨ ਤੇ ਆਪਣਾ ਅਸਰ ਛੱਡਿਆ। ਇਸ ਤਰ੍ਹਾਂ ਅਜੇ ਉਹ ਸਕੂਲੀ ਵਿਦਿਆਰਥੀ ਹੀ ਸੀ ਜਦੋਂ ਉਸ ਨੇ ਕਲਮ ਉਠਾਈ ਅਤੇ ਜਬਰ ਜਨਾਹ ਅਤੇ ਗਰੀਬੀ ਵਰਗੇ ਵਿਸ਼ਿਆਂ ਤੇ ਕਹਾਣੀਆਂ "ਚੰਨੋ ਜਾਗ ਰਹੀ ਹੈ," "ਰੱਦੀ ਕਾਗਜ਼" ਅਤੇ "ਜੋਤੀ" ਲਿਖੀਆਂ। ਇਸ ਵਿੱਚ, ਉਸ ਦੇ ਆਪਣੇ ਇੱਕ ਮੁੱਖ ਅਧਿਆਪਕ, ਗੁਰਨਾਮ ਸਿੰਘ ਦੀ ਪ੍ਰੇਰਨਾ ਦਾ ਵੀ ਰੋਲ ਸੀ। ਸਭ ਤੋਂ ਮਹੱਤਵਪੂਰਨ ਮੋੜ ਉਸ ਦੀ ਜ਼ਿੰਦਗੀ 'ਚ 1967 'ਚ ਸ਼ੁਰੂ ਹੋਈ ਨਕਸਲਬਾੜੀ ਲਹਿਰ ਨੇ ਲਿਆਂਦਾ। ਭਾਵੇਂ 1947 'ਚ ਦੇਸ਼ ਦੀ ਵੰਡ ਸਮੇਂ ਹੋਏ ਫਿਰਕੂ ਫਸਾਦਾਂ ਦੌਰਾਨ ਹੋਏ ਮਨੁਖਤਾ ਦੇ ਘਾਣ ਅਤੇ ਬਾਅਦ 'ਚ ਤਿਲੰਗਾਨਾ ਕਿਸਾਨ ਘੋਲ ਵਰਗੀਆਂ ਘਟਨਾਵਾਂ ਨੇ ਦੇਸ਼ ਦੀ ਅਖੌਤੀ ਅਜ਼ਾਦੀ ਨੂੰ ਪਹਿਲਾਂ ਹੀ ਕਟਹਿਰੇ 'ਚ ਖੜ੍ਹਾ ਕਰ ਦਿੱਤਾ ਸੀ ਪਰ ਨਕਸਲਬਾੜੀ ਦੀ ਹਥਿਆਰਬੰਦ ਜਦੋਜਹਿਦ ਨੇ ਸਰਕਾਰੀ ਤੰਤਰ ਦੇ ਨਾਲ ਅਖੌਤੀ ਖੱਬੀਆਂ ਸੱਜੀਆਂ ਕਮਿਊਨਿਸਟ ਪਾਰਟੀਆਂ ਦੇ ਅਸਲੀ ਲੋਕ ਵਿਰੋਧੀ ਚਿਹਰੇ ਨੂੰ ਵੀ ਲੋਕਾਂ ਸਾਹਮਣੇ ਬੇਪੜਦ ਕਰ ਦਿੱਤਾ। ਇਸ ਦਾ ਅਸਰ ਭਾਰਤ ਦੇ 14 ਰਾਜਾਂ ਤੇ ਪਿਆ ਜਿਨ੍ਹਾਂ 'ਚ ਪੰਜਾਬ ਵੀ ਸ਼ਾਮਲ ਸੀ। ਵੱਡੀ ਪੱਧਰ ਤੇ ਪੰਜਾਬ ਦੇ ਕਮਿਊਨਿਸਟ ਕਾਰਕੁਨ ਸੀ.ਪੀ.ਆਈ. (ਐਮ) ਨਾਲੋਂ ਨਾਤਾ ਤੋੜ ਕੇ ਨਕਸਲਵਾੜੀ ਲਹਿਰ ਵਿੱਚ ਕੁੱਦ ਪਏ। ਨਕਸਲਬਾੜੀ ਲਹਿਰ ਦਾ ਪ੍ਰਭਾਵ ਕਬੂਲਦਿਆਂ ਬਾਰੂ ਸਤਵਰਗ ਆਪਣੇ ਅਧਿਆਪਨ ਕਾਰਜ ਦੌਰਾਨ ਰਾਇਪੁਰ ਪਿੰਡ ਵਿਖੇ ਉਥੋਂ ਦੇ ਨਕਸਲੀ ਕਾਰਕੁਨਾਂ ਬੰਤ ਰਾਇਪੁਰ, ਲਛਮਣ ਹੁਰਾਂ ਦੇ ਸਿੱਧੇ ਸੰਪਰਕ ਵਿੱਚ ਆਇਆ। ਇਸੇ ਸਿਲਸਿਲੇ 'ਚ ਉਸਦਾ ਮੇਲਜੋਲ ਭੋਲਾ ਸਿੰਘ ਗੁਰੂਸਰ ਅਤੇ ਬਾਬਾ ਬੂਝਾ ਸਿੰਘ ਨਾਲ ਵੀ ਬਣਿਆ। ਸਿੱਟੇ ਵਜੋਂ ਬਾਰੂ ਕਮਿਊਨਿਸ਼ਟ ਇਨਕਲਾਬੀ ਲਹਿਰ ਨੂੰ ਸਮਰਪਤ ਹੋ ਗਿਆ। ਦੱਬੇ ਕੁਚਲੇ ਲੋਕਾਂ ਦੀ ਮੁਕਤੀ ਨੂੰ ਆਪਣੀ ਜ਼ਿੰਦਗੀ ਦਾ ਮਕਸਦ ਬਣਾ ਲਿਆ। ਕਰਾਂਤੀ ਦੇ ਰਸਤੇ ਤੇ ਇੱਕ ਵਾਰ ਅਜਿਹਾ ਕਦਮ ਪੁੱਟ ਲੈਣ ਬਾਅਦ ਉਸ ਨੇ ਪਿੱਛੇ ਮੁੜਕੇ ਨਹੀਂ ਦੇਖਿਆ। ਉਸ ਦੇ ਆਪਣੇ ਸ਼ਬਦਾਂ 'ਚ ਜੇਲ੍ਹ ਵੀ ਉਸ ਦੇ ਲਈ ਸਕੂਲ ਸਿੱਧ ਹੋਈ। ਉਸਦੇ ਕਦਮ ਕਈ ਅਖੌਤੀ ਖੱਬੇ ਪੱਖੀ ਸਾਹਿਤਕਾਰਾਂ ਵਾਂਗ ਕਿਸੇ ਸਰਕਾਰੀ ਸਰਪ੍ਰਸਤੀ ਜਾਂ ਸ਼ੋਹਰਤ ਦੀ ਲਾਲਸਾ 'ਚ ਕਦੇ ਵੀ ਡਗਮਗਾਏ ਨਹੀਂ। ਸਾਹਿਤ ਦੇ ਖੇਤਰ 'ਚ ਆਪਣਾ ਚੰਗਾ ਨਾਂ ਬਣਾ ਚੁੱਕੇ ਕਈ ਸਾਹਿਤਕਾਰਾਂ ਦੀ ਵੀ ਸਿਆਸੀ ਪ੍ਰਤੀਬੱਧਤਾ ਦੇ ਪ੍ਰਸੰਗ 'ਚ ਬਾਰੂ ਦੇ ਮੁਕਾਬਲੇ ਕੋਈ ਥਾਂ ਨਹੀਂ। ਲੁਟੇਰੇ ਰਾਜ ਪ੍ਰਬੰਧ ਪ੍ਰਤੀ ਆਪਣੀ ਜਮਾਤੀ ਨਫਰਤ ਦੀ ਤਿੱਖੀ ਧਾਰ ਨੂੰ ਉਸ ਨੇ ਮਰਦੇ ਦਮ ਤੱਕ ਖੁੰਢਾ ਨਹੀਂ ਹੋਣ



ਦਿੱਤਾ। ਉਸ ਦਾ ਇਹ ਜਮਾਤੀ ਨਜ਼ਰੀਆ ਉਸ ਦੀਆਂ ਸਮੁੱਚੀਆਂ ਲਿਖਤਾਂ ਤੋਂ ਦੇਖਿਆ ਜਾ ਸਕਦਾ ਹੈ। ਉਸ ਨੇ ਕੁੱਲ ਪੰਜ ਨਾਵਲ, ਇੱਕ ਨਾਟਕ ਸੰਗ੍ਰਹਿ, ਕੁੱਝ ਕਹਾਣੀ ਅਤੇ ਗੀਤ ਲਿਖੇ।

*ਨਾਵਲ ਲਹੂ ਪਾਣੀ ਨਹੀਂ ਬਣਿਆ ਕਿਸ਼ਤਾਂ ਦੇ ਰੂਪ 'ਚ ਬਠਿੰਡਾ ਤੋਂ 1977 'ਚ ਪ੍ਰਕਾਸ਼ਿਤ ਹੋਣਾ ਸ਼ੁਰੂ ਹੋਏ ਇਨਕਲਾਬੀ ਜਨਤਕ ਪਰਚੇ ਪਰਚੰਡ 'ਚ 1981-82 'ਚ ਛਪਦਾ ਰਿਹਾ ਸੀ। ਇਸ ਨਾਵਲ ਵਿੱਚ ਸੀ.ਪੀ.ਆਈ. (ਮ.ਲ.) ਵੱਲੋਂ ਆਪਣਾਈ ਗਈ ਜਮਾਤੀ ਦੁਸ਼ਮਣਾਂ ਦੇ ਸਫਾਏ ਦੀ ਸਮਝ ਅਤੇ ਸਰਕਾਰੀ ਜਬਰ ਤਹਿਤ ਸ਼ੁਰੂ ਹੋਈ ਨਕਸਲੀ ਕਾਰਕੁਨਾਂ ਦੀਆਂ ਝੂਠੇ ਪੁਲਸ ਮਕਾਬਲਿਆਂ 'ਚ ਸ਼ਹਾਦਤਾਂ ਦੀ ਲੜੀ ਦੀ ਦਾਸਤਾਨ ਤੋਂ ਲੈ ਕੇ ਖੱਬੇ ਕੁਰਾਹੇ ਦਾ ਤਿਆਗ ਕਰਕੇ ਇਨਕਲਾਬੀ ਜਨਤਕ ਜਥੇਬੰਦੀਆਂ ਬਣਾਉਣ ਦੀ ਨੀਤੀ ਆਪਣਾਉਣ ਤੱਕ ਦੀਆਂ ਝਲਕਾਂ ਪੇਸ਼ ਕੀਤੀਆਂ ਗਈਆਂ ਹਨ। ਪਾਰਟੀ ਵੱਲੋਂ ਆਪਣੀਆਂ ਨੀਤੀਆਂ ਨੂੰ ਕਿਵੇਂ ਅਮਲ 'ਚ ਲਿਆਂਦਾ ਜਾਂਦਾ ਸੀ, ਉਸ ਦਾ ਲੋਕਾਂ 'ਚ ਵਿਚਰਨ ਅਤੇ ਕੰਮ ਕਰਨ ਦਾ ਢੰਗ ਕੀ ਸੀ, ਪਾਰਟੀ ਵੱਲੋਂ ਕੀਤੇ ਗਏ ਰਾਜ ਅਤੇ ਭਾਰਤ 'ਚ ਜਮਾਤਾਂ ਦੇ ਵਿਸ਼ਲੇਸ਼ਣ, ਨਕਸਲੀ ਲਹਿਰ 'ਚ ਟੁੱਟਾਂ ਫੁੱਟਾਂ ਦਾ ਸਿਲਸਿਲਾ ਆਦਿ ਪੱਖਾਂ ਦੀ ਪਾਠਕ ਨੂੰ ਜਾਣਕਾਰੀ ਮਿਲਦੀ ਹੈ।

***ਨਿੰਘੀ ਬੁੱਕਲ:** ਉਸ ਨੇ "ਸਰਕਾਰੀ ਤੇ ਫਿਰਕੂ ਸੰਗੀਨਾਂ ਵੱਲੋਂ ਛੱਲਣੀ ਕੀਤੀ ਜਾ ਰਹੀ ਪੰਜਾਬ ਦੀ ਮਮਤਾ ਦੇ ਨਾਂ" ਸਮਰਪਤ ਕੀਤਾ ਸੀ। ਇਸ ਨਾਵਲ 'ਚ ਉਸ ਨੇ ਓਪਰੇਸ਼ਨ ਬਲਿਊ ਸਟਾਰ ਤੋਂ ਬਾਅਦ ਧਾਰਮਿਕ ਵਹਿਣ 'ਚ ਵਹਿ ਗਏ ਕਮਿਊਨਿਸਟ ਕਾਰਕੁਨਾਂ ਦੇ ਇੱਕ ਹਿੱਸੇ ਦੀ ਮਾਨਸਿਕ ਪੀੜਾ ਨੂੰ ਸਮਝਦਿਆਂ ਉਨ੍ਹਾਂ ਨੂੰ ਵਾਪਸ ਕਮਿਊਨਿਸਟ ਲਹਿਰ ਦੀ ਨਿੱਘੀ ਬੁੱਕਲ 'ਚ ਪਰਤਣ ਦੀ ਅਪੀਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਨਾਵਲ ਦਾ ਨਾਇਕ ਬੂਟਾ ਸਿੰਘ ਕਮਿਊਨਿਸਟ ਲਹਿਰ 'ਚ ਕੁਲਵਕਤੀ ਦੇ ਰੂਪ 'ਚ ਕੰਮ ਕਰਦੇ ਰਹੇ ਬਲਦੀਪ (ਸਾਬਕਾ ਸੂਬਾ ਕਮੇਟੀ ਮੈਂਬਰ ਪੀ.ਐਸ.ਯੂ.) ਅਤੇ ਖੇਮ ਸਿੰਘ ਬਾਲਦ ਕਲਾਂ (ਆਗੂ ਨੌਜਵਾਨ ਭਾਰਤ ਸਭਾ) ਵਰਗੇ ਕਿੰਨੇ ਹੀ ਕਾਰਕੁਨਾਂ ਦੀ ਨੁਮਾਇੰਦੀ ਕਰਦਾ ਹੈ ਜੋ ਕਮਿਊਨਿਸਟ ਲਹਿਰ ਨੂੰ ਤਿਆਗਕੇ ਖਾਲਿਸਤਾਨ ਪੱਖੀ ਲਹਿਰ ਨਾਲ ਜਾ ਜੁੜੇ ਸਨ। ਇਸ ਨਾਵਲ ਦੀਆਂ ਮਹੱਤਵਪੂਰਨ ਘਟਨਾਵਾਂ 'ਚ ਬੱਸ ਕਿਰਾਇਆ ਘੋਲ ਦੇ ਫੂਕ ਕੱਢੋ ਐਕਸ਼ਨ, ਲਾਭ ਸਿੰਘ ਦੀ ਸ਼ਹਾਦਤ ਤੇ ਖਾਲਿਸਤਾਨੀਆਂ ਵੱਲੋਂ ਅਵਤਾਰ ਪਾਸ਼, ਸੁਖਰਾਜ ਖੱਦਰ, ਬਲਦੇਵ ਮਾਨ ਜੈਮਲ ਪੱਡਾ, ਲਾਲਇੰਦਰ ਲਾਲੀ ਆਦਿ ਦੇ ਕਤਲ ਸ਼ਾਮਲ ਹਨ। ਇਸ ਤੋਂ ਇਲਾਵਾ ਪ੍ਰਿਥੀਪਾਲ ਰੰਧਾਵਾ ਦੇ ਕਾਤਲ ਬੇਅੰਤ ਦਾ ਇੱਕ ਸਰਫਰੋਸ਼ ਕਾਮਰੇਡ ਵੱਲੋਂ ਕੀਤੇ ਸਫਾਏ ਦਾ ਵੀ ਜਿਕਰ ਹੈ।

**ਫੈਟਰ ਸ਼ੋਹਣੀ** : ਇਸ ਨਾਵਲ ਨੂੰ ਇੱਕ ਤਰਾਂ ਨਾਲ ਨਿੱਘੀ ਬੁੱਕਲ ਦੀ ਲਗਾਤਰਤਾ 'ਚ ਦੇਖਿਆ ਜਾ ਸਕਦਾ ਹੈ। ਇਸ ਨਾਵਲ ਦੀ ਨਾਇਕਾ ਕਿਰਨਾ 1947 ਦੇ ਫਿਰਕੂ ਫਸਾਦਾਂ ਦੀਆਂ ਦਰਦਨਾਕ ਘਟਨਾਵਾਂ ਨੂੰ ਅਤੀਤ ਦੀ ਬੁਕਲ 'ਚੋਂ ਚੁੱਕ ਕੇ ਇੱਕ ਵਾਰ ਪਾਠਕ ਸਾਹਮਣੇ ਰੱਖਦੀ ਹੋਈ ਜਦੋਂ ਆਪਣੇ ਦੁੱਖਾਂ ਦੀ ਪੰਡ ਲੇਖਕ ਸਾਹਮਣੇ ਬਿਆਨ ਕਰਦੀ ਹੈ ਤਾਂ ਯੂਨਾਨੀ ਨਾਟਕਕਾਰ ਸੋਫੋਕਲੀਜ ਦੇ ਨਾਟਕ ਕਿੰਗ ਇਡੀਪਸ ਦੀ ਤਰਾਸਦੀ ਨੂੰ ਮਾਤ ਪਾਉਂਦੀ ਦਿਖਾਈ ਦਿੰਦੀ ਹੈ। ਉਹ ਆਪਣਾ ਪਿਤਾ, ਭਰਾ, ਪਤੀ ਅਤੇ ਅੰਤ ਨੂੰ ਆਪਣਾ ਆਖਰੀ ਸਹਾਰਾ ਆਪਣਾ ਪੁੱਤਰ ਗੁਆ ਲੈਣ ਤੋਂ ਬਾਅਦ ਵੀ ਕੁਝ ਕਰ ਗੁਜਰਨ ਲਈ ਆਪਣੀ ਪਾਰਟੀ ਦੇ ਸਾਥੀਆਂ ਤੇ ਭਰੋਸਾ ਕਰਦੀ ਹੋਈ ਕਮਾਲ ਦੇ ਆਤਮ ਵਿਸ਼ਵਾਸ਼ ਨਾਲ ਕਹਿੰਦੀ ਹੈ : "ਮੈਨੂੰ ਪੱਕਾ ਵਿਸ਼ਵਾਸ਼ ਹੈ- ਉਹ ਜ਼ਰੂਰ ਆਉਣਗੇ।

ਉਸਦਾ ਚੌਥਾ ਨਾਵਲ ਸ਼ਰਧਾ ਦੇ ਫੁੱਲ (ਅਕਤੂਬਰ 2002) ਗਰੀਬ ਕਿਸਾਨੀ ਪਿਛੋਕੜ ਵਾਲੇ ਕਮਿਊਨਿਸ਼ਟ ਇਨਕਲਾਬੀ ਕਾਰਕੁੰਨ ਡੂੰਗਰ ਦੀ ਮਨੁੱਖੀ ਹਿਰਦਿਆਂ ਨੂੰ ਝੰਜੋੜ ਕੇ ਰੱਖ ਦੇਣ ਵਾਲੀ ਦੁਖਾਂਤਕ ਜੀਵਨ ਕਹਾਣੀ ਹੈ ਜੋ ਸਥਾਪਤੀ ਦੇ ਖਿਲਾਫ ਜੂਝਦਾ ਅਤੀ ਘਿਨਾਉਣੇ ਪੁਲਸ ਜਬਰ ਦਾ ਸ਼ਿਕਾਰ ਤਾਂ ਹੁੰਦਾ ਹੀ ਹੈ ਪਰ ਘੱਟ ਜ਼ਮੀਨ ਦੀ ਮਾਲਕੀ 'ਚੋਂ ਉਪਜੀ ਵਿਆਹ ਦੀ ਸਮੱਸਿਆ ਉਸ ਦੇ ਜੀਵਨ ਦਾ ਸਭ ਤੋਂ ਭੈੜਾ ਸੰਤਾਪ ਬਣ ਜਾਂਦੀ ਹੈ। ਇੱਕ ਪਾਸੇ ਨਾ ਤਾਂ ਉਹ ਆਪਣੇ ਪਰਿਵਾਰ ਦੇ ਘੇਰੇ ਨੂੰ ਤੋੜਕੇ ਅੰਤਰਜਾਤੀ ਵਿਆਹ ਕਰਾਉਣ ਦੀ ਹਿੰਮਤ ਜੁਟਾ ਪਾਉਂਦਾ ਹੈ ਤੇ ਨਾ ਹੀ ਉਸ ਪਾਸ ਉਸ ਦੇ ਆਪਣੇ ਭਰਾ ਵੱਲੋਂ ਉਸ ਦੀ ਪਹਿਲਾਂ ਹੀ ਕੁਜੋੜ ਵਿਆਹੁਤਾ ਜ਼ਿੰਦਗੀ ਦੇ ਕੀਤੇ ਘਾਣ ਦਾ ਕੋਈ ਹੱਲ ਹੈ। ਅਜਿਹੀ ਅਵਸਥਾ 'ਚ ਜਦੋਂ ਉਸ ਨੂੰ ਇਨਕਲਾਬੀ ਲਹਿਰ 'ਚ ਛੁਪੇ ਇੱਕ ਨਿੱਘਰੇ ਹੋਏ "ਕਮਿਊਨਿਸਟ ਆਗੂ" ਦੀਆਂ ਘਟੀਆ ਕਰਤੂਤਾਂ ਦਾ ਪਤਾ ਲੱਗਦਾ ਹੈ ਤਾਂ ਉਹ ਮਾਨਸਿਕ ਤੌਰ 'ਤੇ ਪੂਰੀ ਤਰਾਂ ਟੁੱਟ ਜਾਂਦਾ ਹੈ। ਨਾਵਲ ਦੇ ਅੰਤ ਤੇ ਉਸ ਨੂੰ ਪਿਆਰ ਕਰਨ ਵਾਲੀ ਬੇਬਸ ਪਿਆਰੋ ਜਦੋਂ ਉਸ ਦੀ ਮੌਤ ਤੋਂ ਬਾਅਦ ਸਮਾਜ ਤੋਂ ਚੋਰੀਓਂ ਉਸ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੀ ਹੈ ਅਤੇ ਸਾਂਭ ਕੇ ਰੱਖੀ ਉਸ ਦੀ ਜਵਾਨੀ ਵੇਲੇ ਕਣਕ ਵੱਢਣ ਦੀ ਡੰਡੀ ਉਸ ਦੀ ਯਾਦਗਾਰ ਤੇ ਟੰਗਦੀ ਹੈ ਤਾਂ ਨਾਵਲ ਦਾ ਇਹ ਦ੍ਰਿਸ਼ ਹਰ ਸੰਵੇਦਨਸ਼ੀਲ ਪਾਠਕ ਦੀਆਂ ਅੱਖਾਂ ਨਮ ਕਰ ਜਾਂਦਾ ਹੈ।

**ਪੰਜਵਾਂ ਅਤੇ ਆਖਰੀ ਨਾਵਲ:ਪੰਨਾ ਇੱਕ ਇਤਿਹਾਸ ਦਾ:** ਇਹ ਨਾਵਲ ਮੁੱਖ ਤੌਰ ਤੇ ਕਾ.ਜਗਜੀਤ ਸਿੰਘ ਸੋਹਲ ਦੇ ਜੀਵਨ ਤੇ ਅਧਾਰਤ ਕਿਹਾ ਜਾ ਸਕਦਾ ਹੈ। 288 ਪੰਨਿਆਂ ਦਾ ਇਹ ਨਾਵਲ ਬਾਰੂ ਦੇ ਨਾਵਲਾਂ ਚੋਂ ਸਭ ਤੋਂ ਵਿਸਤ੍ਰਿਤ ਹੈ। ਇਸ ਨਾਵਲ ਲਿਖਣ ਪਿੱਛੇ ਬਾਰੂ ਦਾ ਮਕਸਦ ਸੀ "ਲਹਿਰ ਬਾਰੇ ਸਥਾਪਤ ਪ੍ਰਚਾਰ ਮਾਧਿਅਮਾਂ ਵੱਲੋਂ ਜੋ ਭਰਮ ਭੁਲੇਖੇ ਫੈਲਾਏ ਹੋਏ ਹਨ ਜਾਂ ਫੈਲਾਏ ਜਾ ਰਹੇ ਹਨ, ਉਹਨਾਂ ਭਰਮ ਭੁਲੇਖਿਆਂ ਦੇ ਨੇੜੇ ਵਿੱਚੋਂ ਪੰਜਾਬ ਦੇ ਸਧਾਰਣ ਲੋਕਾਂ ਨੂੰ ਬਾਹਰ ਕੱਢਣ ਲਈ, ਪੰਜਾਬ ਅੰਦਰਲੀ ਨਕਸਲਬਾੜੀ -ਲਹਿਰ ਦੀ ਹਕੀਕੀ ਤਸਵੀਰ ਨਾਵਲ ਰਾਹੀਂ ਉਹਨਾਂ ਦੇ ਰੂ-ਬ-ਰੂ" ਕਰਨਾ। ਇਹ ਨਾਵਲ ਲਹੂ ਪਾਣੀ ਨਹੀਂ ਬਣਿਆ ਨਾਲੋਂ ਵਧੇਰੇ ਵਿਸਤਾਰ 'ਚ ਪੰਜਾਬ ਦੀ ਨਕਸਲਬਾੜੀ ਲਹਿਰ ਨੂੰ ਭਾਰਤ ਦੀ ਕਮਿਊਨਿਸਟ ਲਹਿਰ ਦੇ ਵਡੇਰੇ ਪਰਿਪੇਖ ਵਿੱਚ ਰੱਖਕੇ ਇਤਿਹਾਸ ਦੇ ਇੱਕ ਪੰਨੇ ਦੇ ਤੌਰ ਤੇ ਪੇਸ਼ ਕਰਦਾ ਹੈ। ਨਾਵਲ ਵਿੱਚ ਸੀ.ਪੀ.ਆਈ. 'ਚ ਫੁੱਟ ਪੈਣ ਤੇ 1964 'ਚ ਸੀ.ਪੀ.ਆਈ. (ਐਮ) ਬਣਨਾ, 1967 'ਚ ਸੀ.ਪੀ.ਆਈ. (ਐਮ) 'ਚੋਂ ਚਾਰੂ ਮਜ਼ੂਮਦਾਰ ਦੀ ਅਗਵਾਈ 'ਚ ਨਕਸਲਬਾੜੀ ਦੀ ਕਿਸਾਨ ਬਗਾਵਾਤ ਦੀ ਸ਼ੁਰੂਆਤ ਹੋਣੀ ਅਤੇ 22 ਅਪ੍ਰੈਲ 1969 ਨੂੰ ਸੀ.ਪੀ.ਆਈ. (ਮ.ਲ.) ਦਾ ਹੋਂਦ 'ਚ ਆਉਣਾ, ਨਾਗੀਰੈਡੀ ਵਰਗੇ ਕੁਝ ਕਮਿਊਨਿਸਟ ਗਰੁੱਪਾਂ ਦਾ ਪਾਰਟੀ 'ਚ ਸ਼ਾਮਲ ਨਾ ਹੋਣਾ, ਪਾਰਟੀ ਦਾ ਖੱਬੇ ਕੁਰਾਹੇ ਦਾ ਸ਼ਿਕਾਰ ਹੋਣਾ, ਬੇਤਹਾਸ਼ਾ ਸਰਕਾਰੀ ਜਬਰ ਦਾ ਸਾਹਮਣਾ ਹੋਣਾ, ਇਸ ਦਾ ਵੱਖ ਵੱਖ ਗਰੁੱਪਾਂ ਵਿੱਚ ਵੰਡਿਆ ਜਾਣਾ, ਮੁੜ ਪਾਰਟੀ ਨੂੰ ਇਕਜੁਟ ਕਰਨ ਦੀਆਂ ਕੋਸ਼ਿਸ਼ਾਂ (ਪਾਰਟੀ ਯੂਨਿਟੀ ਅਤੇ ਪੀਪਲਜ਼ ਵਾਰ ਦੀ ਏਕਤਾ) ਦਾ ਸਿਲਸਿਲਾ ਚੱਲਣਾ ਆਦਿ ਨੂੰ ਪ੍ਰਮੁੱਖਤਾ ਨਾਲ ਬਿਆਨ ਕੀਤਾ ਗਿਆ ਹੈ। ਇਸ ਘਟਨਕ੍ਰਮ ਦੀ ਲੜੀ ਦੁਰਾਨ ਪਾਠਕ ਨੂੰ ਲਾਲ ਪਾਰਟੀ ਦੀ ਅਗਵਾਈ 'ਚ ਲੜੇ ਗਏ ਪੰਜਾਬ ਦੇ ਮੁਜ਼ਾਰਾ ਘੋਲ, ਨਕਸਲੀ ਕਾਰਕੁਨਾਂ ਵੱਲੋਂ ਜਮਾਤੀ ਦੁਸ਼ਮਣਾ ਦੇ ਸਫਾਏ ਲਈ ਕੀਤੇ ਗਏ ਵਿਅਕਤੀਗਤ ਐਕਸ਼ਨਾਂ ਅਤੇ ਹੋਰ ਜਨਤਕ ਸਰਗਰਮੀਆਂ ਦੀ ਜਾਣਕਾਰੀ ਵੀ ਮਿਲਦੀ ਹੈ। ਪਾਰਟੀ ਅੰਦਰ ਅਤੇ ਵੱਖ ਵੱਖ ਗਰੁੱਪਾਂ ਦਰਮਿਆਨ ਚੀਨ ਦੀ ਜੰਗ, ਪਾਰਟੀ ਦੀ ਲੀਹ ਆਦਿ ਮੁੱਦਿਆਂ ਤੇ ਚੱਲੀਆਂ ਬਹਿਸਾਂ ਕਾਫੀ ਜਾਣਕਾਰੀ ਭਰਪੂਰ ਹਨ। ਲਹਿਰ ਦੇ ਸੰਕਟਮਈ ਹਾਲਾਤਾਂ ਦੌਰਾਨ ਪਾਰਟੀ ਕਾਰਕੁੰਨਾਂ ਦੇ ਮਨਾਂ ਤੇ ਪੈਂਦੇ ਪ੍ਰਭਾਵਾਂ ਨੂੰ ਬਾਰੂ ਨੇ ਬੜੀ ਹੀ ਸੂਖਮਤਾ ਨਾਲ ਨੋਟ ਕੀਤਾ ਹੈ। ਨਾਵਲ 'ਚ ਅਜਿਹੇ ਮੌਕਿਆਂ ਤੇ ਨਿੱਜੀ ਅਤੇ ਸਮੂਹਿਕ ਹਿੱਤਾਂ ਵਿਚਕਾਰਲੇ ਦਵੰਧ 'ਚੋਂ ਕਈਆਂ ਨੂੰ ਪਿੱਛੇ ਮੋੜਾ ਕੱਟਦਿਆਂ ਤੇ ਕਈ ਦੂਸਰਿਆਂ ਨੂੰ ਪਰਖ ਦੀਆਂ ਪ੍ਰੀਖਿਆਵਾਂ 'ਚੋਂ ਪਾਸ ਹੁੰਦੇ ਦਿਖਾਇਆ ਗਿਆ ਹੈ।

ਅਗਸਤ 2005 'ਚ ਉਸ ਵੱਲੋਂ ਸੰਪਾਦਿਤ ਨਾਟਕ ਸੰਗ੍ਰਹਿ ਸਜ਼ਾ ਸੱਚ ਨੂੰ ਪ੍ਰਕਾਸ਼ਿਤ ਹੋਇਆ। ਇਸ ਵਿੱਚ 3 ਨਾਟਕ ਸ਼ਾਮਿਲ ਹਨ। ਪਹਿਲੇ ਦੋ, ਸੱਚ ਨੂੰ ਉਮਰ ਕੈਦ ਤੇ ਮਿੱਠੇ ਮੇਵੇ ਧੀਆਂ ਵੀ ਬਾਰੂ ਸਤਵਰਗ ਦੇ ਲਿਖੇ ਹੋਏ ਹਨ। ਸੱਚ ਨੂੰ ਉਮਰ ਕੈਦ ਕਿਰਨਜੀਤ ਮਹਿਲ ਕਲਾਂ ਕਤਲ ਕਾਂਢ ਤੇ ਅਧਾਰਿਤ ਹੈ ਅਤੇ ਮਿੱਠੇ ਮੇਵੇ ਧੀਆਂ ਵੀ ਭਰੂਣ ਹੱਤਿਆ ਅਤੇ ਦੂਹਰੀ ਜ਼ਿੰਦਗੀ ਜਿਊਣ ਵਾਲੇ ਲੋਕਾਂ ਬਾਰੇ ਹੈ।ਇਹ ਡਾ.ਨਗਿੰਦਰ ਸਿੰਘ ਹਰੀਕਾ ਦੀ ਕਹਾਣੀ ਧੀ ਤੇ ਅਧਾਰਿਤ ਹੈ।

ਤੀਸਰਾ ਨਾਟਕ ਪ੍ਰਧਾਨ ਡੂੰਗਰ ਸਿੰਘ ਗੁਰਸ਼ਰਨ ਭਾ ਜੀ ਦਾ ਲਿਖਿਆ ਹੋਇਆ ਹੈ ਜੋ ਬਾਰੂ ਸਤਵਰਗ ਦੇ ਨਾਵਲ ਸ਼ਰਧਾ ਦੇ ਫੁੱਲ ਤੇ ਅਧਾਰਿਤ ਹੈ।

ਪਹਿਲਾਂ ਜ਼ਿਕਰ ਕੀਤੀਆਂ ਗਈਆਂ ਕਹਾਣੀਆਂ ਤੋਂ ਇਲਾਵਾ ਕਾ. ਬਾਰੂ ਨੇ ਅੰਤਰਮੁਖੀ ਸੋਚ ਤੇ ਅਧਾਰਿਤ ਨਿਰਾਸ਼ਤਾ 'ਚ ਡੁੱਬਿਆਂ ਲਈ ਆਸ਼ਾਵਾਦ ਦਾ ਹੋਕਾ ਦੇਣ ਵਾਲੀ ਕਹਾਣੀ ਮੱਕੜੀ ਦੀ ਮੌਤ ਲਿਖੀ ਸੀ ਜੋ ਪਰਚੰਡ ਵਿੱਚ ਛਪੀ ਸੀ।

ਉਸ ਵੱਲੋਂ ਲਿਖਿਆ ਗੀਤ "ਇਹ ਪੰਧ ਲੰਮੇਰਾ ਮੰਜਲ ਦਾ" ਕੁਝ ਗਿਣਤੀ ਦੇ ਚੋਟੀ ਦੇ ਇਨਕਲਾਬੀ ਗੀਤਾਂ 'ਚ ਸ਼ੁਮਾਰ ਹੈ।

ਕਾ.ਬਾਰੂ ਦੀਆਂ ਲਿਖਤਾਂ ਬਾਰੇ ਕਈ ਕਿਸਮ ਦਾ ਗਲਤ ਪ੍ਰਚਾਰ ਵੀ ਹੁੰਦਾ ਰਿਹਾ ਹੈ। ਉਸ ਦੇ ਨਾਵਲਾਂ ਨੂੰ ਕਿਸੇ ਹੋਰ ਦੀਆਂ ਲਿਖਤਾਂ ਹੋਣ ਦੇ ਭਰਮ ਭੁਲੇਖੇ ਵੀ ਫੈਲਾਏ ਜਾਂਦੇ ਰਹੇ ਹਨ। ਅੱਜ ਅਜਿਹੀ ਨੀਵੇਂ ਦਰਜੇ ਦੀ ਭੰਡੀ ਪ੍ਰਚਾਰ ਨੂੰ ਰੱਦ ਕਰਦਿਆਂ ਸਾਨੂੰ ਕਾ.ਬਾਰੂ ਦੀ ਲਿਖਤਾਂ ਨੂੰ ਸਾਡੇ ਅਮੀਰ ਇਨਕਲਾਬੀ ਵਿਰਸੇ ਦੇ ਤੌਰ ਤੇ ਉਚਿਆਉਣ ਦੀ ਜਰੂਰਤ ਹੈ। ਉਸ ਦੇ ਤੁਰ ਜਾਣ ਦੀ ਕਮੀ ਤਾਂ ਨਹੀਂ ਪੂਰੀ ਹੋ ਸਕਦੀ ਪਰ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਧੜੱਲੇ ਨਾਲ ਅੱਗੇ ਆ ਕੇ ਕਾ.ਬਾਰੂ ਦੀਜਿੰਦਗੀ ਦੇ ਹਾਂ ਪੱਖਾਂ ਨੂੰ ਤੇ ਲਿਖਤਾਂ ਨੂੰ ਪ੍ਰੇਰਨਾ ਸਰੋਤ ਮੰਨਦਿਆਂ ਉਸ ਦੀ ਸੋਚ ਨੂੰ ਬੁਲੰਦ ਕਰਨ ਦੀ ਜ਼ਰੂਰਤ ਹੈ।

# ਪੰਜਾਬ ਦੀ ਉਚੇਰੀ ਸਿੱਖਿਆ ਦਾ ਸੰਕਟ ਤੇ ਭਵਿੱਖ ਦੀਆਂ ਚੁਣੌਤੀਆਂ

ਮਲਿਕਾ ਮੰਡ
9464010906



ਪੰਜਾਬ ਦੀ ਉਚੇਰੀ ਸਿੱਖਿਆ ਦੇ ਸਰਕਾਰੀ ਪ੍ਰਬੰਧ ਨੂੰ ਪੂਰੀ ਤਰ੍ਹਾਂ ਨੇਸਤੋਨਾਬੂਤ ਕਰਨ ਦੀਆਂ ਕੋਝੀਆਂ ਚਾਲਾਂ ਨੂੰ ਅਮਲੀਜਾਮਾ ਪਹਿਨਾਇਆ ਜਾ ਰਿਹਾ ਹੈ। ਪ੍ਰੋਫੈਸਰਾਂ ਪੱਖੋਂ ਤਕਰੀਬਨ ਖਾਲੀ ਹੋ ਚੁੱਕੇ ਰਾਜ ਦੇ 43 ਸਰਕਾਰੀ ਕਾਲਜ ਆਪਣੇ ਆਖਰੀ ਸਾਹ ਗਿਣ ਰਹੇ ਹਨ। ਏਡਡ ਕਾਲਜ ਇੱਕ ਪਾਸੇ ਬੱਚਿਆਂ ਦੀ ਘਟਦੀ ਗਿਣਤੀ ਅਤੇ ਦੂਜੇ ਪਾਸੇ ਸਰਕਾਰ ਵੱਲੋਂ ਮਿਲਦੀ ਵਿੱਤੀ ਸਹਾਇਤਾ ਦੇ ਘਟਣ ਦੀ ਲਟਕਦੀ ਤਲਵਾਰ ਦੇ ਸਾਏ ਹੇਠ ਸਿਸਕ ਰਹੇ ਹਨ। ਯੂਜੀਸੀ ਦੀਆਂ ਸ਼ਰਤਾਂ ਪੂਰੀਆਂ ਕਰਦੇ ਹਜ਼ਾਰਾਂ ਨੌਜਵਾਨ ਬੇਰੁਜ਼ਗਾਰੀ ਦਾ ਸੰਤਾਪ ਝੱਲ ਰਹੇ ਹਨ। ਕੁਝ ਆਪਣੀਆਂ ਅਧੂਰੀਆਂ ਭਰਤੀਆਂ ਅਤੇ ਕੁਝ ਕੱਚੀਆਂ ਪੱਕੀਆਂ ਨੌਕਰੀਆਂ ਬਚਾਉਣ ਖਾਤਰ ਜੂਝ ਰਹੇ ਹਨ। ਅਜਿਹੇ ਮਾਰੂ ਸਮਿਆਂ ਵਿੱਚ ਜਦੋਂ ਪਿੰਡਾਂ ਕਸਬਿਆਂ ਦੇ ਲੋਕਾਂ ਵੱਲੋਂ ਦਾਨ ਵਿੱਚ ਦਿੱਤੀਆਂ ਜ਼ਮੀਨਾਂ ਉੱਤੇ ਉਸਰੇ ਸਰਕਾਰੀ ਕਾਲਜਾਂ, ਯੂਨੀਵਰਸਿਟੀਆਂ ਨੂੰ ਅਖੌਤੀ ਘਾਟੇ ਵਿੱਚ ਦਰਸਾ ਕੇ ਪ੍ਰਾਈਵੇਟ ਦੁਕਾਨਦਾਰਾਂ ਹੱਥ ਵੇਚਣ ਦੀ ਸ਼ਰਾਰਤ ਚੱਲ ਰਹੀ ਹੈ, ਜਦੋਂ ਪ੍ਰਾਈਵੇਟ ਯੂਨੀਵਰਸਿਟੀਆਂ ਦੇ ਮਾਲਕ ਸਰਕਾਰਾਂ ਵੱਲੋਂ ਰਾਜ ਸਭਾਵਾਂ ਦੇ ਮੈਂਬਰ ਨਾਮਜ਼ਦ ਕੀਤੇ ਜਾ ਰਹੇ ਹਨ। ਐਸੇ ਸਮਿਆਂ ਵਿੱਚ ਨਵੇਂ ਕਾਲਜ ਖੋਲਣਾ ਤਾਂ ਦੂਰ ਦੀ ਗੱਲ ਰਹੀ ਸਰਕਾਰ ਚੰਗੇ ਭਲੇ ਚੱਲਦੇ ਸਰਕਾਰੀ ਕਾਲਜ ਹੁਸ਼ਿਆਰਪੁਰ, ਲੁਧਿਆਣਾ, ਮਲੇਰਕੋਟਲਾ, ਮਹਿੰਦਰਾ ਕਾਲਜ ਪਟਿਆਲਾ ਵਰਗੇ ਅੱਠ ਵਕਾਰੀ ਸਰਕਾਰੀ ਕਾਲਜਾਂ ਨੂੰ ਅਟਾਨੋਮਸ ਕਰਨ ਦੇ ਲਿੰਬੇ ਪੋਚੇ ਸ਼ਬਦਾਂ ਦੀ ਆੜ ਹੇਠ ਆਪਣੇ ਹਾਲ ਤੇ ਛੱਡਣ ਦਾ ਨਾਦਰਸ਼ਾਹੀ ਫ਼ੁਰਮਾਨ ਸੁਣਾਉਣ ਜਾ ਰਹੀ ਹੈ ਤਾਂ ਕਿ ਇਹ ਆਪਣੀ ਮੌਤੇ ਆਪ ਹੀ ਮਰ ਜਾਣ। ਜਾਪਦਾ ਹੈ ਕਿ ਪੰਜਾਬ ਦੀ ਸਰਕਾਰ ਪੰਜਾਬ ਦੀ ਉੱਚ ਸਿੱਖਿਆ ਨੂੰ ਪੂਰੀ ਤਰ੍ਹਾਂ ਬਾਜ਼ਾਰ ਦੇ ਹਵਾਲੇ ਕਰਨ ਦਾ ਮਨ ਬਣਾ ਚੁੱਕੀ ਹੈ। ਅਜਿਹੇ ਵੇਲਿਆਂ ਵਿੱਚ ਪੰਜਾਬ ਦੇ ਹਿਤੈਸ਼ੀ ਹੋਣ ਦਾ ਦਮ ਭਰਦੀਆਂ ਸਾਰੀਆਂ ਹੀ ਧਿਰਾਂ ਨੂੰ ਸਿੱਖਿਆ ਦੇ ਖੇਤਰ ਵਿੱਚ ਲਾਗੂ ਕੀਤੀਆਂ ਜਾ ਰਹੀਆਂ ਇਹਨਾਂ ਨਵ-ਉਦਾਰਵਾਦੀ ਕਾਰਪੋਰੇਟੀ ਨੀਤੀਆਂ ਬਾਰੇ ਗੌਰ ਨਾਲ ਸੋਚਣ ਦੀ ਲੋੜ ਹੈ ਜਿਨਾਂ ਨੇ ਅਮਲੀ ਤੌਰ ਤੇ ਲੱਖਾਂ ਹੀ ਲਾਇਕ ਪਰ ਮੋਟੀਆਂ ਫੀਸਾਂ ਨਾ ਦੇ ਸਕਣ ਵਾਲੇ ਗਰੀਬ, ਦਲਿਤ ਅਤੇ ਪਛੜੇ ਵਰਗ ਦੇ ਵਿਦਿਆਰਥੀਆਂ ਨੂੰ ਸੰਵਿਧਾਨ ਵਿਚਲੇ ਸਿੱਖਿਆ ਦੇ ਉਸ ਬੁਨਿਆਦੀ ਅਧਿਕਾਰ ਤੋਂ ਵਿਰਵੇ ਕਰ ਦੇਣਾ ਹੈ ਜਿਸ ਦਾ ਵਾਅਦਾ ਮੁਲਕ ਦੀ ਆਜ਼ਾਦੀ ਵੇਲੇ ਲੋਕਾਂ ਨਾਲ ਕੀਤਾ ਗਿਆ ਸੀ।

ਪੰਜਾਬ ਦੀ ਉਚੇਰੀ ਸਿੱਖਿਆ ਦਾ ਭੱਠਾ ਬਿਠਾਉਣ ਵਿੱਚ ਲਗਭਗ ਸਾਰੀਆਂ ਹੀ ਰਾਜਸੀ ਧਿਰਾਂ ਨੇ ਵੱਧ ਚੜ੍ਹ ਕੇ ਯੋਗਦਾਨ ਪਾਇਆ। ਪੰਜਾਬ ਦੇ ਸਰਕਾਰੀ ਕਾਲਜਾਂ ਵਿੱਚ ਪਿਛਲੇ ਤਕਰੀਬਨ 20 ਸਾਲਾਂ ਤੋਂ ਕੋਈ ਪੱਕੀਆਂ ਭਰਤੀਆਂ ਨਹੀਂ ਕੀਤੀਆਂ ਗਈਆਂ। ਕੰਮ ਚਲਾਉਣ ਲਈ ਨਿਗੂਣੀਆਂ ਤਨਖਾਹਾਂ ਉੱਪਰ ਗੈਸਟ ਫੈਕਲਟੀ ਪਾਰਟ ਟਾਈਮ ਅਧਿਆਪਕਾਂ ਨੂੰ ਭਰਤੀ ਕਰ ਲਿਆ ਗਿਆ ਜਿਹਨਾਂ ਚੋਂ ਬਹੁਤੇ ਯੂ.ਜੀ.ਸੀ ਦੀਆਂ ਸ਼ਰਤਾਂ ਵੀ ਪੂਰੀਆਂ ਨਹੀਂ ਸੀ ਕਰਦੇ। ਐਸੇ ਗੈਰ ਮਿਆਰੀ ਅਡਹਾਕ ਸਿਸਟਮ ਨੂੰ ਪ੍ਰਫੁੱਲਿਤ ਕਰਕੇ ਸਰਕਾਰਾਂ ਨੇ ਸਿੱਖਿਆ ਸੰਸਥਾਵਾਂ ਵਿੱਚ ਠੇਕੇਦਾਰੀ ਸਿਸਟਮ ਸਥਾਪਿਤ ਕਰਕੇ ਜਿੱਥੇ ਇਹਨਾਂ ਸੰਸਥਾਵਾਂ ਦੀ ਸਾਖ ਨੂੰ ਢਾਹ ਲਾਈ ਉਥੇ ਕੁਆਲੀਫਾਈਡ ਨੌਜਵਾਨਾਂ ਦੀ ਉਸ ਪੂਰੀ ਪੀੜੀ ਨਾਲ ਵੀ ਧਰੋ ਕਮਾਇਆ, ਜੋ ਸਰਕਾਰੀ ਨੌਕਰੀ ਦੀ ਰਾਹ ਤੱਕਦੇ ਤੱਕਦੇ ਓਵਰਏਜ ਹੋ ਗਏ ਜਾਂ ਪ੍ਰਾਈਵੇਟ ਕਾਲਜਾਂ ਵਿੱਚ ਨੌਕਰੀ ਕਰਨ ਲਈ ਮਜਬੂਰ ਹੋਏ। ਸਰਕਾਰੀ ਕਾਲਜਾਂ ਵਿੱਚ ਰੈਗੂਲਰ ਅਧਿਆਪਕ ਭਰਤੀ ਨਾ ਕਰਨਾ, ਇਨਫਰਾਸਟਰਕਚਰ ਅਤੇ ਨਵੇਂ ਕਿਤਾ ਮੁੱਖੀ ਕੋਰਸ ਦੇਣ ਤੋਂ ਟਾਲਾ ਵੱਟਣਾ, ਇਹਦੇ ਉਲਟ ਨਿਰੋਲ ਮੁਨਾਫਾ ਕਮਾਉਣ ਲਈ ਖੁੰਭਾ ਵਾਂਗ ਉੱਗੇ ਪ੍ਰਾਈਵੇਟ ਕਾਲਜ ਯੂਨੀਵਰਸਿਟੀਆਂ ਜਿਨ੍ਹਾਂ ਦਾ ਮਕਸਦ ਸਿਰਫ ਤੇ ਸਿਰਫ ਇੱਕ ਪਾਸੇ ਵਿਦਿਆਰਥੀਆਂ ਤੋਂ ਮੋਟੀਆਂ ਫੀਸਾਂ ਵਸੂਲਣਾ ਅਤੇ ਦੂਸਰੇ ਪਾਸੇ ਅਧਿਆਪਕਾਂ ਨੂੰ ਨਿਗੂਣੀਆ ਤਨਖਾਹਾਂ ਦੇ ਕੇ ਵੱਧ ਤੋਂ ਵੱਧ ਮੁਨਾਫਾ ਕਮਾਉਣਾ ਸੀ, ਉਹਨਾਂ ਨੂੰ ਖੁੱਲੇ ਦਿਲ ਨਾਲ ਪ੍ਰਵਾਨਗੀਆਂ ਦੇਣ ਵਰਗੇ ਘਟੀਆ ਸਰਕਾਰੀ ਫੈਸਲਿਆਂ ਨੇ ਉੱਚ ਸਿੱਖਿਆ ਨੂੰ ਸੇਵਾ ਦੀ ਬਜਾਏ ਧੰਦਾ ਬਣਾ ਧਰਿਆ। ਸਿੱਖਿਆ ਹੁਣ ਹਰ ਬੱਚੇ ਦਾ ਬੁਨਿਆਦੀ ਅਧਿਕਾਰ ਅਤੇ ਉਨਾਂ ਅੰਦਰ ਗਿਆਨ ਦੀ ਜੋਤ ਜਗਾ ਕੇ ਸ਼ਖਸ਼ੀਅਤ ਉਸਾਰੀ ਦਾ ਸਾਧਨ ਬਣਨ ਦੀ ਬਜਾਏ ਮੁਨਾਫਾ ਖੱਟਣ ਵਾਲਾ ਵਪਾਰ ਬਣ ਗਈ ਜਿਸ ਵਿੱਚ ਵਿਦਿਆਰਥੀ ਗਾਹਕ ਅਤੇ ਅਧਿਆਪਕ ਮੁਲਕ ਦੀ ਤਕਦੀਰ ਘੜਨ ਵਾਲੇ ਨੇਸ਼ਨ ਬਿਲਡਰ ਦੀ ਬਜਾਏ ਮਾਮੂਲੀ ਮੁਲਾਜ਼ਮ ਬਣ ਕੇ ਰਹਿ ਗਏ੍

ਸਿੱਖਿਆ ਨੂੰ ਇਨਸਾਨ ਦਾ 'ਤੀਜਾ ਨੇਤਰ' ਕਿਹਾ ਗਿਆ ਹੈ, ਜੋ ਇਨਸਾਨ ਨੂੰ ਆਪਣੇ ਆਲੇ- ਦੁਆਲੇ ਦੀ ਅਤੇ ਆਪਣੀ ਹੋਂਦ ਦੀ ਸੋਝੀ ਕਰਾਉਣ ਦੇ ਰਾਹ ਤੋਰਦੀ ਹੈ। 'ਬ੍ਰਿਹਦਾਰਣਕ ਉਪਨਿਸ਼ਦ' ਵਿੱਚ ਗਿਆਨ ਨੂੰ

**ਅਸਤੋਮਾ ਸਦਰਮਇਆ,**
**ਤਮਸੋ ਮਾਂ ਜੋਤੀਗਰਮਹਿ,**
**ਮ੍ਰਿਤਿਓਮਾਂਮਰਮਿਤ ਗਮੈ।**

ਭਾਵ ਝੂਠ ਤੋਂ ਸੱਚ ਵੱਲ, ਹਨੇਰੇ ਤੋਂ ਪ੍ਰਕਾਸ਼ ਵੱਲ ਅਤੇ ਮੌਤ ਤੋਂ ਅਮਰਤਾ ਵੱਲ ਲਿਜਾਣ ਵਾਲਾ ਕਿਹਾ ਗਿਆ। ਗੁਰੂ ਨਾਨਕ ਦੇਵ ਜੀ 'ਗਿਆਨ ਅੰਜਨ ਗੁਰ ਦੀਆ, ਅਗਿਆਨ ਅੰਧੇਰ ਬਿਨਾਸ' ਕਹਿ ਕੇ ਗਿਆਨ ਰੂਪੀ ਚਾਨਣ ਦੇਣ ਵਾਲੇ ਅਧਿਆਪਕ ਨੂੰ ਵਡਿਆਉਂਦੇ ਹਨ ਜਿਸ ਨਾਲ ਅਗਿਆਨਤਾ ਰੂਪੀ ਹਨੇਰੇ ਦਾ ਵਿਨਾਸ਼ ਹੁੰਦਾ ਹੈ।

ਗਿਆਨ ਦਾ ਰਾਹ ਹੀ ਇਨਸਾਨ ਦੀ ਹੋਣੀ ਬਦਲਣ ਦਾ ਰਾਹ ਹੈ, ਉਸਦੀ ਮੁਕਤੀ ਦਾ ਰਾਹ ਹੈ। ਗਿਆਨ ਤਾਂ ਇਨਸਾਨੀ ਸਮਾਜ ਦਾ ਸਾਂਝਾ ਸਰਮਾਇਆ ਹੈ, ਸਾਡੀ ਸਾਂਝੀ ਵਿਰਾਸਤ। ਚਾਹੀਦਾ ਤਾਂ ਇਹ ਸੀ ਕਿ ਹਰ ਇਨਸਾਨ ਨੂੰ ਇਹ ਅਧਿਕਾਰ ਮਿਲਦਾ ਕਿ ਉਹ ਗਿਆਨ ਹਾਸਲ ਕਰ ਸਕ੍ਰੇ ਪਰ ਸਦੀਆਂ ਤੋਂ ਸਥਾਪਤੀ ਦੀਆਂ ਤਾਕਤਾਂ ਨੇ ਕਦੀ ਜਾਤ-ਪਾਤ ਅਤੇ ਕਦੀ ਪੈਸਿਆਂ ਦੀ ਸ਼ਰਤ ਲਾ ਕੇ ਇਸ ਗਿਆਨ ਉੱਪਰ ਆਪਣਾ ਏਕਾ ਅਧਿਕਾਰ ਸਥਾਪਿਤ ਕਰੀ ਰੱਖਿਆ ਤਾਂ ਕਿ ਅਸਿੱਖਿਅਤ ਜਾਹਿਲ ਲੋਕਾਂ ਨੂੰ ਕਦੀ ਸਰੀਰਕ ਅਤੇ ਕਦੀ ਮਾਨਸਿਕ ਤੌਰ ਤੇ ਗੁਲਾਮ ਬਣਾ ਗੁਲਾਮ ਬਣਾ ਕੇ ਰੱਖਿਆ ਜਾ ਸਕੇ, ਉਹਨਾਂ ਉੱਪਰ ਰਾਜ ਕੀਤਾ ਜਾ ਸਕੇ।

ਫਿਰ ਸਮਾਂ ਬਦਲਿਆ ਮੁਲਕ ਆਜ਼ਾਦ ਹੋਇਆ ਅਤੇ ਸੰਵਿਧਾਨ ਘੜਨ ਵਾਲਿਆਂ ਨੇ ਸਿੱਖਿਆ ਦੀ ਇਨਸਾਨੀ ਸਮਾਜ ਦੇ ਵਿਕਾਸ ਲਈ ਜ਼ਰੂਰਤ ਨੂੰ ਸਮਝਦਿਆਂ ਸਿੱਖਿਆ ਦੇ ਅਧਿਕਾਰ ਨੂੰ ਮੌਲਿਕ ਅਧਿਕਾਰਾਂ ਵਿੱਚ ਸ਼ਾਮਿਲ ਕੀਤਾ। ਪਰੰਤੂ ਲੋਕਾਂ ਦੀ ਬਜਾਏ ਕਾਰਪੋਰੇਟ ਵਪਾਰੀਆਂ ਦੇ ਹੱਕਾਂ ਵਿੱਚ ਭੁਗਤਦੇਆਂ ਅੱਜ ਦੀਆਂ ਸਰਕਾਰਾਂ ਨੇ ਸਿੱਖਿਆ ਨੂੰ ਕੇਵਲ ਧਨਾਡ ਲੋਕਾਂ ਲਈ ਰਾਖਵਾਂ ਕਰਕੇ ਉਹਨਾਂ ਲੱਖਾਂ ਗਰੀਬ ਬੱਚਿਆਂ ਨੂੰ ਇਹਦੇ ਤੋਂ ਵਿਰਵਿਆਂ ਕਰਨ ਦਾ ਫੈਸਲਾ ਕਰ ਲਿਆ ਹੈ, ਜਿਨਾਂ ਕੋਲ ਮਹਿੰਗੀਆਂ ਫੀਸਾਂ ਭਰਨ ਜੋਗੇ ਪੈਸੇ ਨਹੀਂ।

ਸਿੱਖਿਆ ਦਾ ਇਹ ਨਿੱਜੀਕਰਨ ਸਿੱਧਾ-ਸਿੱਧਾ ਗਰੀਬ ਲੋਕਾਂ ਦੇ ਬੱਚਿਆਂ ਤੋਂ ਗਿਆਨ ਹਾਸਲ ਕਰਨ ਦਾ ਅਧਿਕਾਰ ਖੋਹ ਕੇ, ਉਹਨਾਂ ਤੋਂ ਉਹਨਾਂ ਦੀ ਹੋਣੀ ਨੂੰ ਬਦਲਣ ਦੀ ਇੱਕੋ-ਇੱਕ ਆਖਰੀ ਉਮੀਦ ਤੱਕ ਖੋਹਣ ਦੀ ਕੋਝੀ ਚਾਲ ਹੈ। ਕਹਿੰਦੇ ਨੇ 'ਮਹਾਂਭਾਰਤ' ਵਿੱਚ ਦਰੋਣਾਚਾਰੀਆ ਨੇ ਇੱਕ ਆਦਿਵਾਸੀ ਭੀਲ ਮੁੰਡੇ ਏਕਲਵਿਆ ਦੀ ਆਪ ਮੁਹਾਰੀ ਧਨੁਰ ਵਿਦਿਆ ਦੀ ਪਰਬੀਨਤਾ ਤੋਂ ਭੈਅ ਖਾ ਕੇ ਉਸਨੂੰ ਆਪਣੇ ਰਾਜਕੁਮਾਰ ਸ਼ਿਸ਼ ਅਰਜੁਨ ਦੇ ਰਾਹ ਵਿੱਚੋਂ ਹਟਾਉਣ ਲਈ ਉਹਦੇ ਸੱਜੇ ਹੱਥ ਦਾ ਅੰਗੂਠਾ ਮੰਗ ਲਿਆ ਸੀ। ਪਰ ਅੱਜ ਤਾਂ ਗਰੀਬ ਲੋਕਾਂ ਦੇ ਬੱਚਿਆਂ ਦੀਆਂ ਧੌਣਾਂ ਵੱਢਣ ਦੀ ਤਿਆਰੀ ਹੋ ਰਹੀ ਹੈ ਤਾਂ ਕਿ ਉਹ ਕਦੀ ਪੜ੍ਹ ਲਿਖ ਕੇ ਕਿਸੇ ਕਾਬਲ ਹੀ ਨਾ ਬਣ ਸਕਣ। ਤਾਂ ਕਿ ਘਾਹੀ ਸਿਰਫ ਘਾਹ ਖੋਤਣ ਜੋਗੇ ਹੀ ਰਹਿ ਜਾਣ।


ਦੂਜਾ ਇਹ ਉਹਨਾਂ ਸੈਂਕੜੇ ਕਾਬਿਲ ਨੌਜਵਾਨਾਂ ਨਾਲ ਵੀ ਜਿਆਦਤੀ ਹੈ ਜਿਨ੍ਹਾਂ ਨੇ ਮਹਿੰਗੀਆਂ ਕਾਰਪੋਰੇਟੀ ਨੌਕਰੀਆਂ ਕਰਨ ਜਾਂ ਪੰਜਾਬ ਦੇ ਹਾਲਾਤਾਂ ਤੋਂ ਭੱਜ ਕੇ ਅਮਰੀਕਾ ਕੈਨੇਡਾ ਜਾ ਵਸਣ ਦੀ ਬਜਾਏ ਸਮਾਜ ਨੂੰ ਬਦਲਣ, ਸੇਧ ਦੇਣ ਦੀ ਤਾਕਤ ਰੱਖਣ ਵਾਲੇ ਅਧਿਆਪਕ ਬਣਨ ਦਾ ਸੁਪਨਾ ਵੇਖਿਆ। ਜਿਨ੍ਹਾਂ ਦਿਆਂ ਹੱਥਾਂ ਵਿੱਚ ਐਮ .ਫਿਲ, ਪੀ.ਐਚ.ਡੀ, ਨੈਟ ਵਰਗੀਆਂ ਡਿਗਰੀਆਂ ਸਨ ਤੇ ਅੱਖਾਂ ਵਿੱਚ ਮੁਲਕ ਨੂੰ ਬਦਲਣ ਦੇ, ਸਮਾਜ ਦੀ ਬੇਹਤਰੀ ਦੇ ਸੁਪਨੇ। ਐਸੇ ਨੌਜਵਾਨ ਤਾਂ ਕਿਸੇ ਮੁਲਕ ਦਾ ਸਰਮਾਇਆ ਹੁੰਦੇ ਹਨ ਜਿੰਨਾ ਉੱਤੇ ਹਰ ਕੌਮ ਨਾਜ਼ ਕਰਦੀ ਹੈ, ਵਾਰੇ ਵਾਰੇ ਜਾਂਦੀ ਹੈ। ਪਰੰਤੂ ਸਾਡੇ ਮੁਲਕ ਦੀ ਤਰਾਸਦੀ ਵੇਖੋ ਇਹਨਾਂ ਚੋਂ ਬਹੁਤੇ ਸਰਕਾਰੀ ਭਰਤੀਆਂ ਨੂੰ ਉਡੀਕਦੇ ਨੌਕਰੀ ਦੀ ਉਮਰ ਲੰਘਾ ਚੁੱਕੇ ਹਨ, ਕਈਆਂ ਨੂੰ ਘਰ ਚਲਾਉਣ ਲਈ ਕੱਚੀਆਂ ਨੌਕਰੀਆਂ ਤੇ ਸਬਰ ਕਰਨਾ ਪਿਆ ਤੇ ਕਈਆਂ ਨੂੰ ਪ੍ਰਾਈਵੇਟ ਕਾਲਜਾਂ ਦੀਆਂ ਕੱਚੀਆਂ ਤੋਂ ਵੀ ਭੈੜੀਆਂ ਜਲਾਲਤ ਭਰੀਆਂ ਨੌਕਰੀਆਂ ਦਾ ਅੱਕ ਚੱਬਣਾ ਪਿਆ। ਜਿੱਥੇ ਉਹ ਇੱਕ ਪਾਸੇ ਮੈਨੇਜਮੈਂਟਾਂ ਦੀਆਂ ਮਨਮਾਨੀਆਂ ਅਤੇ ਦੂਜੇ ਪਾਸੇ ਆਰਥਿਕ ਸ਼ੋਸ਼ਣ ਚੋਂ ਉਪਜਿਆ ਮਾਨਸਿਕ ਸੰਤਾਪ ਹੰਡਾਉਣ ਲਈ ਮਜਬੂਰ ਹਨ। ਰੋਜ਼ ਅਨਿਸ਼ਚਿਤ ਭਵਿੱਖ ਦੀ ਚਿੰਤਾ ਨਾਲ ਦੋ ਚਾਰ ਹੁੰਦੇ ਐਸੇ ਸ਼ੋਸ਼ਿਤ ਅਤੇ ਸੰਤਾਪੇ ਲੋਕਾਂ ਕੋਲੋਂ ਕਿਹੜੇ ਬੌਧਿਕ ਚਿੰਤਨ ਜਾਂ ਨਵੇਂ ਫਲਸਫੇ ਦੀ ਕਾਢ ਕੱਢ ਦੇਣ ਦੀ ਉਮੀਦ ਕੀਤੀ ਜਾ ਸਕਦੀ ਹੈ। ਸਿੱਖਿਆ ਸੰਸਥਾਵਾਂ ਨੂੰ ਘਾਟੇਵੰਦਾ ਸੌਦਾ ਦੱਸ ਕੇ ਸਰਕਾਰੀ ਕਾਲਜਾਂ ਨੂੰ ਬੰਦ ਕਰਨ ਅਤੇ ਅਰਧ ਸਰਕਾਰੀ ਕਾਲਜਾਂ ਦੀ ਗਰਾਂਟ ਨੂੰ ਘਟਾ ਕੇ ਵਿੱਤੀ ਸਹਾਇਤਾ ਤੋਂ ਹੱਥ ਪਛਾਹ ਖਿੱਚਦੀ ਸਰਕਾਰ ਨੂੰ ਇਹ ਸਮਝਣਾ ਪਵੇਗਾ ਕਿ ਸਰਕਾਰਾਂ ਦੁਕਾਨਦਾਰ ਵਪਾਰੀ ਨਹੀਂ ਹੁੰਦੀਆਂ ਜਿਨਾਂ ਨੇ ਨਿਰੋਲ ਮੁਨਾਫਾ ਜਾਂ ਫੌਰੀ ਲਾਭ ਵੇਖਣਾ ਹੁੰਦਾ। ਸਰਕਾਰਾਂ ਨੂੰ ਲੋਕੀ ਚੁਣਦੇ ਨੇ, ਇਹ ਲੋਕਾਂ ਦੇ ਟੈਕਸ ਦੇ ਪੈਸੇ ਦੇ ਨਾਲ ਚਲਦੀਆਂ ਨੇ ਅਤੇ ਇਹਦੇ ਬਦਲੇ ਵਿੱਚ ਸਟੇਟ ਨੇ ਕੁਝ ਸੇਵਾਵਾਂ ਜਿਵੇਂ ਸਿਹਤ, ਸਿੱਖਿਆ ਅਤੇ ਪ੍ਰਸ਼ਾਸਨ ਲੋਕਾਂ ਨੂੰ ਮੁਹਈਆ ਕਰਾਉਣੀਆਂ ਹੁੰਦੀਆਂ। ਸਿੱਖਿਆ ਸੰਸਥਾਵਾਂ ਹੀ ਕਿਸੇ ਸਮਾਜ ਦੀ ਨੀਂਹ ਹੁੰਦੀਆਂ ਨੇ। ਉਥੋਂ ਹੀ ਲੋਕੀ ਡਾਕਟਰ, ਵਿਗਿਆਨੀ, ਇੰਜੀਨੀਅਰ, ਸਿਪਾਹੀ, ਅਧਿਕਾਰੀ, ਖਿਡਾਰੀ ਅਤੇ ਨੇਤਾ ਬਣ ਕੇ ਨਿਕਲਦੇ ਹਨ ਅਤੇ ਮੁਲਕ ਨੂੰ ਅਗਾਂਹ ਲੈ ਕੇ ਜਾਂਦੇ ਹਨ। ਇੱਥੇ ਹੀ ਬੱਚਿਆਂ ਦੀ ਸ਼ਖਸ਼ੀਅਤ ਅਤੇ ਕਿਰਦਾਰ ਰੂਪੀ ਘਾੜਤ ਘੜੀ ਜਾਂਦੀ ਹੈ, ਉਹਨਾਂ ਵਿੱਚ ਅਨੁਸ਼ਾਸਨ, ਇਮਾਨਦਾਰੀ, ਸੱਚਾਈ ਅਤੇ ਸਦਾਚਾਰ ਵਰਗੇ ਇਨਸਾਨੀ ਗੁਣ ਭਰੇ ਜਾਂਦੇ ਹਨ। ਇਹਨਾਂ ਸੰਸਥਾਵਾਂ ਉੱਤੇ ਲੱਗਦਾ ਪੈਸਾ ਖਰਚਾ ਨਹੀਂ ਬਲਕਿ ਇਨਵੈਸਟਮੈਂਟ ਹੁੰਦੀ ਹੈ ਜੋ ਕਿ ਕਈ ਗੁਣਾ ਹੋ ਕੇ ਅਗਲੇ ਕਈ ਦਹਾਕਿਆਂ ਤੱਕ ਸਮਾਜ ਅਤੇ ਮੁਲਕ ਨੂੰ ਮਿਲਦੀ ਹੈ। ਇਸੇ ਲਈ ਕਿਸੇ ਮੁਲਕ ਦੀ ਖੁਸ਼ਹਾਲੀ, ਆਪਣੇ ਲੋਕਾਂ ਪ੍ਰਤੀ ਜਿੰਮੇਵਾਰੀ ਦਾ ਪੈਮਾਨਾ, ਸਿੱਖਿਆ ਅਤੇ ਸਿਹਤ ਸਹੂਲਤਾਂ ਦੇ ਵੱਧ ਤੋਂ ਵੱਧ ਅਤੇ ਸੌਖਿਆਂ ਲੋਕਾਂ ਲਈ ਉਪਲਬਧ ਹੋਣ ਨੂੰ ਮੰਨਿਆ ਜਾਂਦਾ ਹੈ।

ਪੰਡਿਤ ਜਵਾਹਰ ਲਾਲ ਨਹਿਰੂ ਆਪਣੀ ਸੁਪਰਸਿੱਧ ਪੁਸਤਕ 'ਭਾਰਤ : ਇਕ ਖੋਜ' ਵਿੱਚ ਲਿਖਦੇ ਹਨ ਕਿ ਮੁਲਕ ਨਾ ਤਾਂ ਨਕਸ਼ੇ ਉੱਤੇ ਵਾਹੀਆਂ ਲਕੀਰਾਂ ਹੁੰਦੇ ਨੇ ਅਤੇ ਨਾ ਹੀ ਕੋਈ ਭੂ-ਖੰਡ ਬਲਕਿ ਮੁਲਕ ਤਾਂ ਉਥੋਂ ਦੇ ਲੋਕ ਹੁੰਦੇ ਹਨ। ਸਰਕਾਰੀ ਸਿੱਖਿਆ ਤੰਤਰ ਨੂੰ ਆਪ ਫੇਲ ਕਰਨ ਉੱਤੇ ਤੁਲੀਆਂ ਸਰਕਾਰਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਸਮਾਜ ਦੇ ਬਹੁ ਗਿਣਤੀ ਗਰੀਬ ਅਤੇ ਪਛੜੇ ਵਰਗ ਦੇ ਲੋਕਾਂ ਦੇ ਬੱਚਿਆਂ ਦੇ ਹੱਥਾਂ ਚੋਂ ਉਮੀਦ ਦੀ ਆਖਰੀ ਕਿਰਨ ਸਿੱਖਿਆ ਦਾ ਬੁਨਿਆਦੀ ਅਧਿਕਾਰ ਵੀ ਖੋਹਣ ਦੇ ਰਾਹ ਤੁਰੀਆਂ ਸਰਕਾਰਾਂ ਕਦੀ ਵੀ ਲੋਕ ਹਿਤੈਸ਼ੀ ਹੋਣ ਦਾ ਦਾਅਵਾ ਨਹੀਂ ਕਰ ਸਕਦੀਆਂ। ਉਨ੍ਹਾਂ ਦੀਆਂ ਇਹ ਨੀਤੀਆਂ ਨਾ ਸਿਰਫ ਗੈਰ ਸੰਵਿਧਾਨਿਕ ਹਨ ਬਲਕਿ ਲੋਕ ਵਿਰੋਧੀ ਅਤੇ ਮੁਲਕ ਵਿਰੋਧੀ ਵੀ ਹਨ। ਅਧਿਆਪਕ ਅਤੇ ਵਿਦਿਆਰਥੀ ਜਥੇਬੰਦੀਆਂ ਦੇ ਨਾਲ ਨਾਲ ਅੱਜ ਪੰਜਾਬ ਲਈ ਫਿਕਰਮੰਦ ਸਾਰੇ ਹੀ ਸੁਹਿਰਦ, ਸੂਝਵਾਨ ਅਤੇ ਸਿਆਣੇ ਲੋਕਾਂ ਲਈ ਇਹ ਗੰਭੀਰਤਾ ਨਾਲ ਸੋਚਣ ਦੀ ਘੜੀ ਹੈ।

**ਅਸਿਸਟੈਂਟ ਪ੍ਰੋਫੈਸਰ (ਅੰਗਰੇਜ਼ੀ)**
**ਖਾਲਸਾ ਕਾਲਜ, ਗੜ੍ਹਦੀਵਾਲਾ**

# ਮਾਰਖਮ : ਪੰਜਾਬੀ ਸਭਿਆਚਾਰ ਦੀ ਇਕ ਵੰਨਗੀ 'ਤੀਆਂ'






ਟੋਰਾਂਟੋ, (ਸਰੋਕਾਰਾਂ ਦੀ ਆਵਾਜ਼ ਬਿਊਰੋ) : ਪੰਜਾਬੀ ਕਲਚਰਲ ਸੁਸਾਇਟੀ ਆਫ ਟੋਰੰਟੋ ਵੱਲੋਂ ਤੀਆਂ ਦਾ ਮੇਲਾ ਕਰਵਾਇਆ ਗਿਆ। ਜਿਸ ਵਿੱਚ ਮਾਰਖ਼ਮ ਸ਼ਹਿਰ ਦੀਆਂ ਔਰਤਾਂ, ਬੱਚਿਆਂ, ਬਜ਼ੁਰਗਾਂ ਅਤੇ ਨੌਜਵਾਨਾਂ ਨੇ ਮਿਲਕੇ ਰੰਗਾ ਰੰਗ ਪ੍ਰੋਗਰਾਮ ਵਿੱਚ ਭਾਗ ਲਿਆ। ਸਟੇਜ ਸਕੱਤਰ ਦੀ ਭੂਮਿਕਾ ਅਤੇ ਜ਼ਿੰਮੇਵਾਰੀ ਸ੍ਰ: ਸੁਰਿੰਦਰ ਸਿੰਘ ਭੁੱਲਰ ਨੇ ਬਖੂਬੀ ਨਿਭਾਈ। ਮੇਲੇ ਦੀ ਸ਼ੁਰੂਆਤ ਗੁਰਸਾਹਿਬ ਸਿੰਘ ਨਾਗਰਾ ਨੇ ਗੁਰਬਾਣੀ ਸ਼ਬਦ 'ਉਸਤਾਦ ਗੁਰਮੀਤ ਸਿੰਘ ਮੀਤ ਜੀ' ਦੇ ਸੰਗੀਤਕ ਸਾਥ ਨਾਲ ਗਾਇਨ ਕੀਤਾ। ਉਸਤਾਦ ਗੁਰਮੀਤ ਸਿੰਘ ਮੀਤ ਨੇ ਗਜ਼ਲਾਂ ਗਾਇਨ ਕੀਤੀਆਂ। ਉਪਰੰਤ ਪ੍ਰੇਮ ਸਿੰਘ, ਪਵਿੱਤਰ ਸਿੰਘ, ਅਤੇ ਮਲਕੀਤ ਮਾਣਕ ਦੇ ਕਵੀਸ਼ਰੀ ਜੱਥੇ ਨੇ ਢੁਕਵੇਂ ਗੀਤ ਕਵਿਤਾਵਾਂ ਗਾ ਕੇ ਰੰਗ ਬੰਨ੍ਹਿਆ। ਗੁਰਬਾਜ ਸਿੰਘ ਸੰਧੂ ਨੇ ਭੰਗੜੇ ਦੀ ਤਾਲ ਤੇ ਢੋਲ ਵਜਾਅ ਕਿ ਦਰਸ਼ਕਾਂ ਦਾ ਮਨ ਮੋਹਿਆ। ਚੰਡੀਗੜ੍ਹ ਤੋਂ ਪਹੁੰਚੇ ਭੈਣ ਰਾਣੀ ਚੌਹਾਨ ਨੇ ਵੀ ਆਪਣੀਆਂ ਕਵਿਤਾਵਾਂ ਅਤੇ ਗੱਲਾਂਬਾਤਾਂ ਨਾਲ ਸ਼ਿਰਕਤ ਕੀਤੀ। ਸਾਰੀਆਂ ਹੀ ਬੀਬੀਆਂ ਭੈਣਾਂ ਨੇ ਲੋਕ ਬੋਲੀਆਂ ਅਤੇ ਗੀਤਾਂ ਨਾਲ ਰੌਣਕ ਨੂੰ ਵਧਾਇਆ। ਖਾਣ ਪੀਣ ਦਾ ਇੰਤਜ਼ਾਮ ਵੀ ਵੀਰਾਂ ਭੈਣਾਂ ਨੇ ਰਲਮਿਲ ਕੇ ਖੁਦ ਕੀਤਾ। ਇਸੇ ਦੌਰਾਨ ਸੁਰਿੰਦਰ ਸਿੰਘ ਭੁੱਲਰ ਜੀ ਦੇ ਗੀਤਾਂ ਗਜ਼ਲਾਂ ਦੀ ਨਵੀਂ ਕਿਤਾਬ 'ਏਕਮ ਦਾ ਚੰਨ' ਰਿਲੀਜ਼ ਕੀਤੀ ਗਈ। ਉਪਰੰਤ ਸੋਹਣ ਸਿੰਘ ਢੀਂਡਸਾ ਨੇ ਸੁਸਾਇਟੀ ਵੱਲੋਂ ਆਏ ਸਭ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਅਗਾਊਂ ਪ੍ਰੋਗਰਾਮਾਂ ਲਈ ਸਹਿਯੋਗ ਦੀ ਮੰਗ ਕੀਤੀ। ਆਪਣੀਆਂ ਪਿਆਰੀਆਂ ਯਾਦਾਂ ਛੱਡਦੇ ਹੋਏ ਇਹ ਪ੍ਰੋਗਰਾਮ 'ਤੀਆਂ ਅਤੇ ਪਿਕਨਿਕ' ਦਾ ਸੁਮੇਲ ਹੋ ਨਿਬੜਿਆ।

## 15 ਅਗਸਤ, 1947

ਲੇਖਕ: ਗੁਰਮੀਤ ਕੜਿਆਲਵੀ

ਪ੍ਰੀਤੂ ਅਮਲੀ
ਅੱਜ-ਕੱਲ੍ਹ
ਬੱਕਰੀਆਂ
ਘੱਟ ਚਾਰਦਾ ਹੈ
ਝੱਲ-ਵਲੱਲੀਆਂ
ਵੱਧ ਮਾਰਦਾ ਹੈ

ਆਖਦਾ ਹੈ
ਲੋਕਾਂ ਨੂੰ
ਪ੍ਰੀਤੂ-ਪ੍ਰੀਤੂ
ਕਹਿਣ ਲਾਉਣਾ ਹੈ
ਯਾਰਾਂ ਨੇ
ਲਾਲ ਕਿਲ੍ਹੇ 'ਤੇ
ਝੰਡਾ ਚੜ੍ਹਾਉਣਾ ਹੈ

ਦਾਲ ਪੀਣਿਆਂ ਦਾ
'ਲੱਭੂ'
ਉਸਦੀ ਗੱਲ 'ਤੇ
ਹੱਸਦਾ ਹੈ
ਉਹਨੂੰ ਹਿੱਲ ਗਿਆ
ਦੱਸਦਾ ਹੈ
ਉਸ 'ਤੇ ਵਿਅੰਗ ਕਸਦਾ ਹੈ
-'ਇਹ ਮੂੰਹ
ਤੇ ਮਸਰਾਂ ਦੀ ਦਾਲ!'

ਪ੍ਰੀਤੂ ਕੋਲ
ਆਪਣੇ ਪੱਖ 'ਚ
ਬਹੁਤ ਵੱਡਾ ਤਰਕ ਹੈ
ਉਹ ਕਹਿੰਦਾ
ਮੇਰੇ 'ਚ ਤੇ ਉਹਨਾਂ 'ਚ
ਕੀ ਫ਼ਰਕ ਹੈ?

'ਦੁੱਕੀ'
ਪ੍ਰੀਤੂ ਦਾ ਆੜੀ
ਉਹਦੇ ਨੇੜੇ ਆਉਂਦਾ ਹੈ
ਤੇ
ਝੰਡਾ ਚੜ੍ਹਾਉਣ ਵਾਲੇ ਦੇ
ਗੁਣ ਸਮਝਾਉਂਦਾ ਹੈ

'-ਝੰਡਾ ਲਹਿਰਾਉਣ ਲਈ
ਬੱਕਰੀਆਂ ਨਹੀਂ
ਬੰਦੇ ਚਾਰਨੇ ਪੈਂਦੇ ਨੇ
ਖ਼ੂਬਸੂਰਤ ਫੁੱਲ-ਕਲੀਆਂ
ਅੱਗ 'ਚ ਸਾੜਨੇ ਪੈਂਦੇ ਨੇ
ਘੁੱਗੀਆਂ-ਚਿੜੀਆਂ
ਪਿੰਜਰੇ 'ਚ ਤਾੜਨੇ ਪੈਂਦੇ ਨੇ
ਜਾਨਵਰ ਬਚਾਉਣੇ
ਤੇ ਬੰਦੇ ਮਾਰਨੇ ਪੈਂਦੇ ਨੇ'

ਪ੍ਰੀਤੂ
ਬੰਸਰੀ ਬੁੱਲ੍ਹਾਂ ਨੂੰ
ਛੁਹਾਉਂਦਾ ਹੈ
ਪੋਰਾਂ 'ਚ ਫੂਕ ਮਾਰਕੇ
ਮਧੁਰ ਧੁਨ ਵਜਾਉਂਦਾ ਹੈ
ਜਾਨੋਂ ਪਿਆਰੀਆਂ
ਬੱਕਰੀਆਂ ਨੂੰ
ਕੋਲ-ਕੋਲ ਬੁਲਾਉਂਦਾ ਹੈ
ਤੇ ਦਿਲ ਕੀ ਬਾਤ
ਬਤਾਉਂਦਾ ਹੈ

-'ਦੱਸੋ
ਮੇਰੇ ਆਲੇ-ਭੋਲਿਓ
ਲਾਲ ਕਿਲ੍ਹੇ 'ਤੇ
ਝੰਡਾ ਚੜ੍ਹਾਉਣਾ
ਕੋਈ ਟੇਢਾ ਕੰਮ ਹੈ?'

ਬੱਕਰੀਆਂ ਦੀ ਥਾਂ
'ਦੁੱਕੀ' ਬੋਲਦਾ ਹੈ
ਘੁੰਡੀ ਖੋਲ੍ਹਦਾ ਹੈ
-'ਝੰਡਾ ਚੜ੍ਹਾਉਣ ਲਈ
ਤੇਰੇ ਅਰਗਾ ਲੰਡੂ ਨਹੀਂ
ਬੁਲਾਰਾ ਚਾਹੀਦੈ
ਜਨਤਾ ਨੂੰ ਦੇਣ ਲਈ
ਉਸ ਕੋਲ
ਖ਼ੂਬਸੂਰਤ ਤੇ ਮਿੱਠਾ
ਲਾਰਾ ਚਾਹੀਦੈ'

ਪ੍ਰੀਤੂ
ਹਿੱਕ 'ਤੇ ਹੱਥ ਮਾਰਦਾ ਹੈ
-'ਇਹ ਕਿੱਡੀ ਕੁ
ਔਖੀ ਖੇਡ ਹੈ?
ਇਹ ਤਾਂ ਵੀਰ ਮੇਰਿਆ
ਸੂਤ ਆਏ ਦਾ ਗੇੜ ਹੈ
ਲੰਮੇ-ਚੌੜੇ ਭਾਸ਼ਨਾਂ 'ਚ
ਕੀ ਗੱਲ ਹੈ
ਐਵੇਂ ਜਾਭਾਂ ਦਾ ਭੇੜ ਹੈ'

'ਮੈਂ ਰੱਬ ਨਾਲੋਂ ਵੀ ਵੱਡੀਆਂ
ਸੁਣਾ ਸਕਦਾ ਹਾਂ
ਦਿਨ ਨੂੰ ਰਾਤ
ਤੇ ਰਾਤ ਨੂੰ ਦਿਨ
ਬਣਾ ਸਕਦਾ ਹਾਂ
ਅੰਬਰਾਂ ਨੂੰ ਟਾਕੀ
ਲਾ ਸਕਦਾ ਹਾਂ
ਤੇ ਜਾਗਦਿਆਂ ਨੂੰ
ਘੂਕ ਸੁਆ ਸਕਦਾ ਹਾਂ'

'ਦੁੱਕੀ' ਨਾਂਹ 'ਚ
ਸਿਰ ਹਿਲਾਉਂਦਾ ਹੈ
ਤੇ ਰਾਜ ਦੀ
ਗੱਲ ਸਮਝਾਉਂਦਾ ਹੈ

'ਝੰਡਾ ਚੜ੍ਹਾਉਣ ਲਈ ਤਾਂ
ਅੱਗ ਨਾਲ ਖੇਡਣ ਦੀ
ਤਰਕੀਬ ਚਾਹੀਦੀ ਹੈ
ਜਹਿਰ-ਭਿੱਜੇ
ਖਿਆਲ ਚਾਹੀਦੇ ਨੇ
ਕੱਪੜੇ ਦੁੱਧ ਵਰਗੇ
ਸਫੈਦ ਚਾਹੀਦੇ ਨੇ
ਹੱਥ ਪੂਰੀ ਤਰ੍ਹਾਂ
ਲਾਲ ਚਾਹੀਦੇ ਨੇ'

ਪ੍ਰੀਤੂ
ਆਪਣੇ ਹੱਥਾਂ ਨੂੰ
ਪੁੱਠੇ-ਸਿੱਧੇ ਕਰਦਾ ਹੈ
ਤੇ ਕਾਲੇ-ਸਿਆਹ
ਹੋ ਚੁੱਕਿਆਂ ਵੱਲ ਵੇਖ
ਮੀਲਾਂ ਲੰਮੇ
ਹਾਉਕੇ ਭਰਦਾ ਹੈ
ਧੁਰ ਅੰਦਰ ਤੱਕ
ਉਦਾਸ ਹੋ ਹੌਲੀ ਜਿਹੇ
ਬਿਆਨ ਕਰਦਾ ਹੈ

'-ਇਹ ਮੈਥੋਂ ਨਹੀਂ ਹੋਣਾ
ਇਹ ਤਾਂ ਬਹੁਤ ਔਖਾ ਕੰਮ ਹੈ'

ਉਂਝ
ਪ੍ਰੀਤੂ ਬੱਕਰੀਆਂ ਵਾਲਾ
ਹਿੰਡੀ ਬਹੁਤ ਹੈ
ਹਿੰਡ ਨਹੀਂ ਛੱਡਦਾ
ਆਖਦਾ ਹੈ



'ਆਪਾਂ ਤਾਂ ਬੱਸ
ਨਵਾਂ ਰਿਕਾਟ ਬਣਾਉਣਾ ਹੈ
ਲਾਲ ਕਿਲ੍ਹੇ 'ਤੇ
ਝੰਡਾ ਜ਼ਰੂਰ ਚੜ੍ਹਾਉਣਾ ਹੈ'
15 ਅਗਸਤ, 1947

ਪੇਸ਼ਕਸ਼: ਯਸ਼ ਪਾਲ
98145 35005

## ਇਸ ਮੁਲਕ ਦੀ ਵੰਡ ਕੋਲੋਂ ਯਾਰੋ

ਇਸ ਮੁਲਕ ਦੀ ਵੰਡ ਕੋਲੋਂ ਯਾਰੋ,
ਖੋਏ ਤੁਸੀਂ ਵੀ ਹੋ, ਖੋਏ ਅਸੀਂ ਵੀ ਹਾਂ।
ਭਾਵੇਂ ਮੂੰਹੋਂ ਨਾ ਕਹੀਏ ਪਰ ਵਿਚੋਂ ਵਿੱਚੀ,
ਖੋਏ ਤੁਸੀਂ ਵੀ ਓ, ਖੋਏ ਅਸੀਂ ਵੀ ਆਂ।
ਇਨ੍ਹਾਂ ਆਜ਼ਾਦੀਆਂ ਹੱਥੋਂ ਬਰਬਾਦ ਹੋਣਾ,
ਹੋਏ ਤੁਸੀਂ ਵੀ ਓ, ਹੋਏ ਅਸੀਂ ਵੀ ਆਂ।
ਕੁੱਝ ਉਮੀਦ ਏ ਜ਼ਿੰਦਗੀ ਮਿਲ ਜਾਏਗੀ,
ਮੋਏ ਤੁਸੀਂ ਵੀ ਓ, ਮੋਏ ਅਸੀਂ ਵੀ ਆਂ।
ਜਿਉਂਦੀ ਜਾਨ ਈ ਮੌਤ ਦੇ ਮੂੰਹ ਅੰਦਰ,
ਢੋਏ ਤੁਸੀਂ ਵੀ ਓ, ਢੋਏ ਅਸੀਂ ਵੀ ਆਂ।
ਜਾਗਣ ਵਾਲਿਆਂ ਰੱਜ ਕੇ ਲੁੱਟਿਆ ਏ,
ਸੋਏ ਤੁਸੀਂ ਵੀ ਓ, ਸੋਏ ਅਸੀਂ ਵੀ ਆਂ।
ਲਾਲੀ ਅੱਖੀਆਂ ਦੀ ਪਈ ਦਸਦੀ ਏ,
ਰੋਏ ਤੁਸੀਂ ਵੀ ਓ, ਰੋਏ ਅਸੀਂ ਵੀ ਆਂ।

-ਉਸਤਾਦ ਦਾਮਨ

## ਰੱਬਾ ਤੇਰੇ ਭਾਅ ਦੀ ਬਣ ਜੇ



ਰੱਬਾ ਤੇਰੇ ਭਾਅ ਦੀ ਬਣ ਜੇ
ਰਹਿ ਰਹਿ ਮਾਰੇਂ ਚੀਕਾਂ
ਤੇਰੇ ਮੂੰਹ ਤੇ ਕੱਜਣ ਦੇ ਕੇ
ਖਿੱਚੀਆਂ ਜਾਵਣ ਲੀਕਾਂ

ਤੈਨੂੰ ਵੀ ਕੋਈ ਕੁਲਟਾ ਸੱਦੇ
ਜਾਂ ਫਿਰ ਛੁੱਟੜ ਤੀਵੀਂ
ਲੰਘਣਾ ਪੈ ਜੇ ਤੈਨੂੰ ਆਖਰ
ਪਾ ਕੇ ਹਰ ਥਾਂ ਨੀਵੀਂ

ਗਲੀ ਮੁਹੱਲੇ ਨੁੱਕਰ ਨੁੱਕਰ
ਗਿਰਝਾਂ ਵਰਗੇ ਬੰਦੇ
ਤੇਰੀ ਉੱਧੜੀ ਢਾਕ ਤੇ ਡੁੱਲ੍ਹਣ
ਤੰਜ ਕਸੀਵਣ ਮੰਦੇ

ਤੇਰੇ ਬਾਲ ਜੇ ਟੁੱਕਰ ਮੰਗਣ
ਨਿੰਮੋ ਝੂਣਾ ਹੋਵੇਂ
ਤੂੰ ਵੀ ਸ਼ਾਹਾਂ ਬੂਹੇ ਜਾ ਕੇ
ਮਣ ਮਣ ਹੰਝੂ ਰੋਵੇਂ

ਮਿਲ ਵੀ ਜਾਣ ਜੇ ਪਿੰਡੇ ਬਦਲੇ
ਦੋ ਘੜੀਆਂ ਦੇ ਦਾਣੇ
ਕਿੰਝ ਵਕੀਂਦੀ ਅਸਮਤ ਠੱਗਾ
ਫਿਰ ਤੂੰ ਅਸਲੋਂ ਜਾਣੇ

ਕਦੇ ਕਦਾਈਂ ਕੋਠੇ ਉੱਤੇ
ਬਣ ਕੇ ਰੰਡੀ ਨੱਚੇਂ
ਰੱਬ ਦੀ ਸਹੁੰ ਏ ਰੱਬਾ ਤੂੰ ਵੀ
ਮੱਚੇਂ ਅਸਲੋਂ ਮੱਚੇਂ

ਤੇਰੀ ਚੁੰਨੀ ਖਿੱਚਣ ਵਾਲੇ
ਹੋ ਹੋ ਮੂਹਰੇ ਖਿੱਚਣ
ਤੇਰੀ ਰੂਹ ਵੀ ਲਵੇ ਕਚੀਚੀ
ਨਾਲੇ ਦੰਦ ਕਰਿੱਚਣ

ਫਿਰ ਤੂੰ ਵੇਖੀਂ ਅੱਕੇ ਹੋਏ ਨੂੰ
ਪੈ ਪੈ ਜਾਵਣ ਗਸ਼ੀਆਂ
ਤੂੰ ਵੀ ਜਾਣੇ ਕੀਕਣ ਹੁੰਦੀਆਂ
ਰੋ ਰੋ ਕੇ ਖ਼ੁਦਕਸ਼ੀਆਂ।

ਸਈਅਦ ਸ਼ਿਵ ਰਾਜ ਲੁਧਿਆਣਵੀ

## ਲਹੂ ਨਾਲ ਲੱਥਪੱਥ ਹੋਏ, ਕਿੰਨੇ ਪਿੰਡ ਸ਼ਹਿਰ ਸੀ



ਪੱਛਿਆ ਗਿਆ ਸੀਨਾ ਉਦੋਂ, ਸ਼ਹਿਰ ਸੀ ਪਿਸ਼ੌਰ ਦਾ,
ਛਾਨਣੀ ਦੇ ਵਾਂਗ ਹੋਇਆ, ਸੀਨਾ ਸੀ ਲਾਹੌਰ ਦਾ,
ਅਮ੍ਰਿਤਸਰ ਸ਼ਹਿਰ ਨੇ ਖ਼ੂਹ, ਹੰਝੂਆਂ ਦੇ ਗੇੜੇ ਸੀ,
ਪਲਾਂ ਵਿੱਚ ਉੱਜੜ ਗਏ, ਵੱਸਦੇ ਜੋ ਵਿਹੜੇ ਸੀ,

ਹੋਣੀ ਮੌਤ ਕਾਲ ਵਾਲਾ, ਘਰਾਂ ਉੱਤੇ ਕਹਿਰ ਸੀ,
ਲਹੂ ਨਾਲ ਲੱਥਪੱਥ ਹੋਏ, ਕਿੰਨੇ ਪਿੰਡ ਸ਼ਹਿਰ ਸੀ,
ਅੰਬਰ ਤੇ ਧਰਤੀ ਦੇ, ਦਿਲ ਗਏ ਤਰੇੜੇ ਸੀ,
ਪਲਾਂ ਵਿੱਚ ਉੱਜੜ ਗਏ, ਵੱਸਦੇ ਜੋ ਵਿਹੜੇ ਸੀ,

ਘੁੱਟ ਲਏ ਮੂੰਹ ਮਾਂਵਾਂ, ਉੱਚੀ ਸਾਹ ਆਏ ਨਾਂ,
ਵੀਰਾਂ ਦੀ ਮੌਤ ਉੱਤੇ, ਭੈਣਾਂ ਵੈਣ ਪਾਏ ਨਾਂ,
ਭੱਜ ਗਈਆਂ ਵੰਗਾਂ ਵਾਲੇ, ਢੇਰ ਜੋ ਬਥੇਰੇ ਸੀ,
ਪਲਾਂ ਵਿੱਚ ਉੱਜੜ ਗਏ, ਵੱਸਦੇ ਜੋ ਵਿਹੜੇ ਸੀ,

ਘੇਰ ਲਈਆਂ ਕਾਂਵਾਂ ਕੂੰਜਾਂ, ਕੋਈ ਨਾਂ ਛੁਡਾਉਣ ਲਈ,
ਮਾਰ ਲਏ ਕਲੇਜੇ ਛੁਰੇ, ਇੱਜ਼ਤਾਂ ਬਚਾਉਣ ਲਈ,
ਪਾਪੀਆਂ ਨੇ ਖ਼ੂਨ ਨਾਲ, ਹੱਥ ਜੋ ਲਬੇੜੇ ਸੀ,
ਪਲਾਂ ਵਿੱਚ ਉੱਜੜ ਗਏ, ਵੱਸਦੇ ਜੋ ਵਿਹੜੇ ਸੀ,

ਵਿਲਕਦੀਆਂ ਕਿੱਲਿਆਂ ਤੇ, ਮੱਝੀਆਂ ਤੇ ਗਾਂਵਾਂ ਸੀ,
ਵੇਖਕੇ ਉਜਾੜਾ ਰੋ ਪਈਆਂ, ਬੋਹੜਾਂ ਦੀਆਂ ਛਾਵਾਂ ਸੀ,
ਲਾਸ਼ਾਂ ਦਿਆਂ ਢੇਰਾਂ ਉੱਤੇ, ਗਿਰਝਾਂ ਦੇ ਗੇੜੇ ਸੀ,
ਪਲਾਂ ਵਿੱਚ ਉੱਜੜ ਗਏ, ਵੱਸਦੇ ਜੋ ਵਿਹੜੇ ਸੀ,

ਭਾਂਡੇ ਟੀਂਡੇ ਘਰ ਬਾਹਰ, ਸਭ ਉੱਥੇ ਰਹਿ ਗਏ,
ਝਾੜਕੇ ਤੇ ਹੱਥ ਖਾਲੀ, ਰਾਹੀ ਰਾਹੇ ਪੈ ਗਏ,
ਜਾਂਦਿਆਂ ਨੂੰ ਪਿੱਛੋਂ ਆਵਾਜ਼ਾਂ, ਮਾਰਦੇ ਬਨੇਰੇ ਸੀ,
ਪਲਾਂ ਵਿੱਚ ਉੱਜੜ ਗਏ, ਵੱਸਦੇ ਜੋ ਵਿਹੜੇ ਸੀ,

ਮਲਕੀਤ ਸਰਪੰਚਾ ਖ਼ੂਹੇ, ਪਿੱਪਲ ਜੋ ਬੋਹੜ ਸੀ,
ਬਾਰ ਬਾਰ ਯਾਦ ਆਕੇ, ਦਿਲ ਰਹਿ ਤੋੜ ਸੀ,
ਬੇਈਮਾਨ ਆਗੂਆਂ ਨੇ, ਡੋਬ ਦਿੱਤੇ ਬੇੜੇ ਸੀ,
ਪਲਾਂ ਵਿੱਚ ਉੱਜੜ ਗਏ, ਵੱਸਦੇ ਜੋ ਵਿਹੜੇ ਸੀ।

ਰਣਜੀਤ ਕੌਰ

## ਆਵਾਮੀ ਕਾਮੇ


ਮੈਂ ਜਨਮਿਆ,
ਭਾਰਤ ਮਾਂ ਦੇ ਵਿਹੜੇ
ਭਾਰਤ, ਜੋ ਕਦੇ
ਸੋਨੇ ਦੀ ਚਿੜੀ ਹੁੰਦੀ ਸੀ
ਹੁਣ ਤਾਂ ਉਥੇ,
ਚੱਪਾ ਕੁ ਰੋਟੀ
ਲੰਘੇ ਡੰਗ ਵੀ ਨਹੀਂ ਮਿਲਦੀ
ਲੁੱਟ ਲਿਆ ਮੇਰੀ, ਮਾਂ ਭਾਰਤ ਨੂੰ
ਨੌਸਰਬਾਜ਼ਾਂ ਤੇ ਚਾਲਬਾਜ਼ਾਂ ਨੇ
ਵੈਸੇ ਉਹ ਭਾਰਤ ਦੇ ਪੁੱਤ
ਲੋਕਾਂ ਦੇ ਨੇਤਾ ਅਖਵਾਉਂਦੇ ਨੇ
ਤੇ ਭ੍ਰਿਸ਼ਟ ਅਫ਼ਸਰਸ਼ਾਹੀ
ਚੂਸ ਗਈ ਰੱਤ
ਭਾਰਤ ਦੇ ਲੋਕਾਂ ਦੀ
ਭਾਰਤ ਦੇ ਸੱਚੇ ਪੁੱਤਾਂ ਨੂੰ
ਖਾ ਗਈ ਸਰਕਾਰੀ ਤੇ
ਗੈਰ ਸਰਕਾਰੀ ਦਹਿਸ਼ਤਗਰਦੀ
ਭਾਰਤ ਦੀ ਜਵਾਨੀ 'ਚ ਘੁਲ ਗਿਆ
ਨਸ਼ੇ ਦਾ ਜ਼ਹਿਰ
ਭਾਰਤ ਦੇ ਅਧਰਮੀ ਪੁੱਤਾਂ ਨੇ,
ਧਰਮ ਦੇ ਨਾਂ'ਤੇ
ਨੰਗੀ ਕੀਤੀ ਮਾਂ ਭਾਰਤ
ਤੇਹੁਣ
ਰਹਿੰਦੀ ਖੂਹੰਦੀ
ਭਾਤਰ ਮਾਂ ਦੀ ਇੱਜ਼ਤ
ਲੁੱਟੀ ਗਈ ਪਾਖੰਡੀ ਬਾਬਿਆਂ ਦੇ ਡੇਰਿਆਂ
'ਚ
ਤੇ ਮਾਂ ਭਾਰਤ ਦਾ ਪੈਸਾ,
ਵੜ ਗਿਆ
ਮਕਾਰ ਜੋਤਸ਼ੀਆਂ ਦੀਆਂ ਜੇਬਾਂ 'ਚ
ਮਾਂ ਭਾਰਤ ਦੀ ਨੱਥ,
ਆ ਗਈ ਹੱਥ,
ਵੱਡੇ ਕਾਰਪੋਰੇਟ ਘਰਾਣਿਆਂ ਦੇ
ਤੇ ਕਈ ਹੋਰਾਂ ਵਾਂਗ,
ਸਮੇਂ ਦੇ ਗੇੜ ਨਾਲ
ਮੈਂ ਵੀ ਯਤੀਮਾਂ ਵਾਂਗ
ਆ ਗਿਆ
ਯਸ਼ੋਦਾ ਵਰਗੀ ਮਾਂ
ਕੈਨੇਡਾ ਦੇ ਵਿਹੜੇ
ਬੰਦੇ ਦੇ ਅੰਦਰ, ਸ਼ੈਤਾਨ ਵਾਂਗਰ
ਇਥੇ ਵੀ ਹਾਜ਼ਰ ਹੈ
ਚੰਗੇ ਦੇ ਨਾਲ,
ਮਾੜਾ ਵੀ ਬਹੁਤ ਕੁਝ
ਇਕੋ ਸ਼ਹਿਰ ਵਿਚ,
ਇਕੋ ਹੀ ਹਫ਼ਤੇ ਵਿਚ
ਹੋ ਜਾਂਦੇ ਹਨ ਪੰਜ ਕਤਲ
ਚਲਦਾ ਹੈ ਇਥੇ ਵੀ ਨਸ਼ੇ ਦਾ ਕਾਰੋਬਾਰ
ਛੋਟੇ ਪੱਧਰ 'ਤੇ ਹੀ ਸਹੀ
ਓਵਰ ਟਾਈਮ ਦੇ ਘੰਟਿਆਂ
ਦੀ ਹੇਰ ਫੇਰ ਤਾਂ
ਹੁੰਦੀ ਹੀ ਰਹਿੰਦੀ ਹੈ
ਸਰਕਾਰ ਮਿਥਦੀ ਹੈ
ਘੱਟੋ ਘੱਟ ਉਜਰਤ
'ਤੇ ਖੁੱਲ੍ਹ ਕੇ ਮਾਲਕ ਨੂੰ
ਹੋਰ ਲਾਭ ਤੇ ਕਾਮਿਆਂ
ਦੀ ਨਫ਼ਰੀ ਘਟਾਉਣ ਦੀ
ਕੰਮ ਛੁੱਟ ਜਾਣ ਦੀ ਚਿੰਤਾ
ਜਾਗ ਪੈਂਦੀ ਹੈ,
ਨਾਲ ਹੀ ਮੇਰੇ
ਸਵੇਰੇ, ਦੁਪਹਿਰੇ, ਸ਼ਾਮ ਨੂੰ ਜਾਂ ਅੱਧੀ ਰਾਤੀਂ
'ਤੇ ਰਹਿੰਦੀ ਹੈ ਨਾਲ ਮੇਰੇ,
ਅੱਠੇ ਪਹਿਰ
ਦੁਨੀਆਂ ਦੇ ਕਾਮਿਆਂ ਲਈ,
ਸਵਰਗ ਦਾ ਸਿਰਜਿਆ ਜਾਣਾ
ਹਾਲੇ ਬਾਕੀ ਹੈ,
ਪਰ ਇਥੇ ਕੰਮ ਕਰਕੇ
ਮਿਲਦੀ ਹੈ ਰੱਜਵੀਂ ਰੋਟੀ
'ਤੇ ਮਨਫ਼ੀ 40 'ਚ ਮਾਣਦਾ ਹਾਂ
ਗਰਮ ਕਮਰੇ ਤੇ ਨਿੱਘੀ ਰਜਾਈ
ਧੰਨਵਾਦ ਮਾਂ ਕੈਨੇਡਾ
ਤੇ ਮਾਂ ਭਾਰਤ
ਮੈਂ ਹਾਲੇ ਵੀ
ਤੈਨੂੰ ਪਿਆਰ ਕਰਦਾਂ।




ਹਰਕੀਰਤ ਧਾਲੀਵਾਲ
ਕੈਲਗਰੀ ( ਕੈਨੇਡਾ )
ਫੋਨ: 403-402-5632

ਸੰਸਾਰ ਪ੍ਰਸਿੱਧ ਲੇਖਕਾਂ ਦੀਆਂ ਅਨੁਵਾਦਕ ਇਨਕਲਾਬੀ, ਤਰਕਸ਼ੀਲ, ਵਿਗਿਆਨਕ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ ਸਿੰਘ 403-455-4220,
ਟੋਰਾਂਟੋ : ਹਰਬੰਸ ਸਿੰਘ 416-817-7142,
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

# ਸਰੋਕਾਰਾਂ ਦੀ ਆਵਾਜ਼ ਵਲੋਂ ਨਾਟਕ ਤੇ ਰੰਗਮੰਚ ਬਾਰੇ ਗੰਭੀਰ ਚਰਚਾ












ਦਿਨ ਐਤਵਾਰ 11 ਅਗਸਤ, 2024 ਨੂੰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਵਲੋਂ ਡਾ. ਕੁਲਦੀਪ ਸਿੰਘ ਦੀਪ ਦਾ 'ਇੱਕੀਵੀਂ ਸਦੀ ਦਾ ਪੰਜਾਬੀ ਨਾਟਕ ਤੇ ਰੰਗਮੰਚ: ਚਣੌਤੀਆਂ ਤੇ ਸੰਭਾਵਨਾਵਾਂ' ਵਿਸ਼ੇ 'ਤੇ ਪ੍ਰੋਗਰੈਸਿਵ ਕਲਚਰਲ ਸੈਂਟਰ ਵਿੱਚ ਲੈਕਚਰ ਕਰਵਾਇਆ ਗਿਆ। ਡਾ. ਕੁਲਦੀਪ ਸਿੰਘ ਦੀਪ ਅੱਜ ਕੱਲ੍ਹ ਪੰਜਾਬੀ ਲੈਕਚਰਾਰ ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ ਦੇ ਅਹੁਦੇ 'ਤੇ ਸੇਵਾ ਨਿਭਾ ਰਹੇ ਹਨ। ਉਹ ਸਾਹਿਤਕ ਫਰੰਟ 'ਪ੍ਰਗਤੀਸ਼ੀਲ ਲੇਖਕ ਸੰਘ, ਪੰਜਾਬ' ਦੇ ਜਨਰਲ ਸਕੱਤਰ ਅਤੇ 'ਸ਼ਹੀਦ ਭਗਤ ਸਿੰਘ ਕਲਾ ਮੰਚ, ਪੰਜਾਬ' ਦੇ ਕਨਵੀਨਰ ਵੀ ਹਨ। ਉਹਨਾਂ ਦਾ ਮੁੱਖ ਖੇਤਰ ਨਾਟਕ ਤੇ ਰੰਗਮੰਚ ਹੈ ਤੇ ਸਹਾਇਕ ਖੇਤਰ ਲੋਕਧਾਰਾ ਤੇ ਸਭਿਆਚਾਰ ਹੈ। ਉਹਨਾਂ ਦਾ ਕਾਰਜ ਖੇਤਰ ਕਵਿਤਾ, ਨਾਟਕ, ਖੋਜ, ਅਲੋਚਨਾ, ਸੰਪਾਦਨ ਤੇ ਅਨੁਵਾਦ ਆਦਿ ਖੇਤਰਾਂ ਵਿੱਚ ਫੈਲਿਆ ਹੈ।

ਅੱਜ ਦੇ ਪ੍ਰੋਗਰਾਮ ਦੇ ਸਬੰਧ ਵਿੱਚ ਪਰਮਿੰਦਰ ਸਵੈਚ ਨੇ ਜਿੱਥੇ ਸ਼ਾਮਲ ਦਰਸ਼ਕਾਂ ਨੂੰ ਜੀਅ ਆਇਆਂ ਕਿਹਾ, ਉੱਥੇ ਸ਼ਹੀਦ ਕਿਰਨਜੀਤ ਕੌਰ ਮਹਿਲ ਕਲਾਂ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਉਸਦੇ ਕਾਤਲਾਂ ਨੂੰ ਸਜ਼ਾ ਦੁਆਉਣ ਲਈ ਕੀਤਾ ਗਿਆ ਸੰਘਰਸ਼ ਸਾਡੇ ਸਮਿਆਂ ਵਿੱਚ ਚਾਨਣਮੁਨਾਰੇ ਵਾਂਗ ਹੈ। ਉਸ ਨੇ ਕਿਰਨਜੀਤ ਮਹਿਲਕਲਾਂ ਯਾਦਗਾਰੀ ਕਮੇਟੀ ਦਾ ਧੰਨਵਾਦ ਕੀਤਾ ਜੋ 27 ਸਾਲਾਂ ਤੋਂ ਪ੍ਰੋਗਰਾਮ ਕਰਦੀ ਆ ਰਹੀ ਹੈ ਤੇ ਕਿਰਨ ਜੀਤ ਦੀ ਲੜਾਈ ਨੂੰ ਲੋਕ ਘੋਲ ਬਣਾ ਕੇ ਜਿੱਤ ਵੀ ਹਾਸਲ ਕੀਤੀ ਅਤੇ ਹੁਣ ਵੀ ਸਮਾਜਿਕ ਸਰੋਕਾਰਾਂ ਦੇ ਨਾਲ ਖੜ੍ਹਦੀ ਆ ਰਹੀ ਹੈ।

'ਸਰੋਕਾਰਾਂ ਦੀ ਆਵਾਜ਼' ਬਾਰੇ ਬੋਲਦਿਆਂ ਉਹਨਾਂ ਕਿਹਾ ਕਿ ਇਹ ਕੈਨੇਡਾ ਦੀ ਧਰਤੀ 'ਤੇ ਪੰਜਾਬੀ ਦਾ ਇੱਕੋ ਇੱਕ ਮਹੀਨਾਵਾਰ ਅਖ਼ਬਾਰ ਹੈ ਜੋ ਦੁਨੀਆਂ ਭਰ ਦੇ ਲੋਕਾਂ ਦੀਆਂ ਸਮੱਸਿਆਵਾਂ, ਚਣੌਤੀਆਂ, ਦੁੱਖਾਂ ਸੁੱਖਾਂ ਅਤੇ ਸੰਘਰਸ਼ਾਂ ਦੀ ਗੱਲ ਕਰਦਾ ਹੈ। ਉਹਨਾਂ ਕਿਹਾ ਕਿ ਜਿਸ ਥਾਂ 'ਤੇ ਇਹ ਪ੍ਰੋਗਰਾਮ ਕੀਤਾ ਜਾ ਰਿਹਾ ਸੀ। 'ਪ੍ਰੋਗਰੈਸਿਵ ਕਲਚਰਲ ਸੈਂਟਰ' ਜੋ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਤੋਂ ਬਾਅਦ ਕੈਨੇਡਾ ਵਿੱਚ ਇੱਕੋ ਇੱਕ ਅਗਾਂਹਵਧੂ ਲੋਕਾਂ ਦੀ ਥਾਂ ਹੈ ਜਿੱਥੇ ਅਸੀਂ ਆਪਣੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰ ਸਕਦੇ ਹਾਂ। ਜਿਨ੍ਹਾਂ ਲੋਕਾਂ ਨੇ ਆਪਣੀ ਮੁਸ਼ੱਕਤ ਵਿੱਚੋਂ ਆਪਣੀ ਕਿਰਤ ਕਮਾਈ ਦਾ ਕੁੱਝ ਹਿੱਸਾ ਹਾਲ ਨੂੰ ਦੇ ਕੇ ਇਹ ਥਾਂ ਬਣਾਈ ਹੈ, ਉਨ੍ਹਾਂ ਦਾ ਧੰਨਵਾਦ ਕੀਤਾ।

ਉਸ ਤੋਂ ਬਾਅਦ ਡਾ. ਜਸ ਮਲਕੀਤ ਕੌਰ ਨੇ ਡਾ. ਕੁਲਦੀਪ ਸਿੰਘ ਦੀਪ ਬਾਰੇ ਥੋੜ੍ਹੇ ਸ਼ਬਦਾਂ ਵਿੱਚ ਜਾਣਕਾਰੀ ਦਿੱਤੀ ਤੇ ਉਸ ਤੋਂ ਬਾਅਦ ਡਾ. ਕੁਲਦੀਪ ਸਿੰਘ ਦੀਪ ਨੇ ਆਪਣੇ ਵਿਸ਼ੇ ਨਾਲ ਇਨਸਾਫ਼ ਕਰਦੇ ਹੋਏ ਬਹੁਤ ਹੀ ਗਹਿਰ ਗੰਭੀਰਤਾ ਨਾਲ ਵੀਹਵੀਂ ਸਦੀ ਦੇ ਨਾਟਕ ਤੇ ਰੰਗਮੰਚ ਦੇ ਇਤਿਹਾਸ ਤੋਂ ਲੈ ਕੇ ਨਾਟਕ ਦੇ ਵਿਸ਼ਿਆਂ ਨਾਟਕਕਾਰਾਂ, ਵਿਧੀਆਂ, ਮੰਚਨਾਂ, ਚਣੌਤੀਆਂ, ਸੰਭਾਵਨਾਵਾਂ ਤੇ ਵਿਸਥਾਰ ਬਾਰੇ ਚਾਨਣਾ ਪਾਇਆ। ਉਹਨਾਂ ਕਿਹਾ ਕਿ ਕੈਨੇਡਾ ਵਿਚ ਪ੍ਰਵਾਸੀ ਪੰਜਾਬੀ ਰੰਗਮੰਚ ਆਪਣੇ ਨਕਸ਼ ਘੜ ਰਿਹਾ ਹੈ। ਹੁਣ ਇਥੇ ਭਾਰਤ ਵਿੱਚੋਂ ਗਈਆਂ ਨਾਟਮੰਡਲੀਆਂ ਦੀਆਂ ਪ੍ਰਸਤੁਤੀਆਂ ਦੇ ਨਾਲ ਨਾਲ ਕਿੰਨੀਆਂ ਹੀ ਸਥਾਨਕ ਨਾਟ ਮੰਡਲੀਆਂ ਪੈਦਾ ਹੋ ਚੁੱਕੀਆਂ ਹਨ, ਜੋ ਇੱਥੋਂ ਦੇ ਮਸਲਿਆਂ 'ਤੇ ਇੱਥੋਂ ਦੀਆਂ ਟੀਮਾਂ ਨਾਲ ਇੱਥੇ ਰੰਗਮੰਚ ਕਰ ਰਹੇ ਹਨ। ਹੁਣ ਇਥੋਂ ਦੀ ਉਹ ਪੀੜ੍ਹੀ ਵਿਚ ਆਪਣੀ ਤਰ੍ਹਾਂ ਦਾ ਰੰਗਮੰਚ ਸਿੱਖ ਰਹੀ ਹੈ, ਜੋ ਇੱਥੇ ਜੰਮੀ ਪਲੀ ਹੈ ਅਤੇ ਉਹਨਾਂ ਨੇ ਸਕੂਲਾਂ ਵਿਚ ਰੰਗਮੰਚ ਨੂੰ ਇਕ ਵਿਸ਼ੇ ਦੇ ਤੌਰ ਤੇ ਵੀ ਪੜ੍ਹਿਆ ਹੈ। ਉਹਨਾਂ ਉਹ ਵੀ ਕਿਹਾ ਕਿ ਭਾਵੇਂ ਇੱਕੀਵੀਂ ਸਦੀ ਵਿੱਚ ਰੰਗਮੰਚ ਲਈ ਚੁਣੌਤੀਆਂ ਬਹੁਤ ਵੱਡੀਆਂ ਹਨ, ਪਰ ਨਾਟਕ ਦਾ ਲਾਈਵ ਹੋਣਾ ਅਤੇ ਲੋਕ ਸਰੋਕਾਰਾਂ ਨਾਲ ਪ੍ਰਤੀਬੱਧ ਹੋਣਾ ਹੀ ਇਸਦੀ ਵੱਡੀ ਤਾਕਤ ਹੈ।

ਤਕਰੀਬਨ ਇੱਕ ਘੰਟੇ ਦੇ ਲੈਕਚਰ ਨੂੰ ਲੋਕਾਂ ਨੇ ਬਹੁਤ ਹੀ ਧਿਆਨ ਨਾਲ ਸੁਣਿਆ। ਇਸ ਵਿਸ਼ੇ ਬਾਰੇ ਦਰਸ਼ਕਾਂ ਦੇ ਮਨਾਂ ਵਿੱਚ ਉੱਠੇ ਸਵਾਲ ਜਵਾਬ ਵੀ ਕਾਬਲੇ ਤਾਰੀਫ਼ ਸਨ ਕਿਉਂਕਿ ਜਿਵੇਂ ਨਾਟਕ ਵਿੱਚ ਸੰਵਾਦ ਦਾ ਹੋਣਾ ਜ਼ਰੂਰੀ ਹੈ ਤਾਂ ਗੱਲ ਅੱਗੇ ਵਧਦੀ ਹੈ। ਉਵੇਂ ਗੱਲਬਾਤ ਵਿੱਚ ਸੰਵਾਦ ਕਰਨ ਨਾਲ ਵੀ ਸਾਡੇ ਖਿਆਲਾਂ ਤੇ ਵਿਸ਼ਿਆਂ ਵਿੱਚ ਵੀ ਵਿਸਥਾਰ ਹੁੰਦਾ ਹੈ ਤੇ ਨਿਖ਼ਾਰ ਆਉਂਦਾ ਹੈ। ਇਸ ਪ੍ਰੋਗਰਾਮ ਦੀ ਇਹੀ ਵਿਲੱਖਣਤਾ ਸੀ ਕਿ ਕੈਨੇਡਾ ਰਹਿੰਦੇ ਲੇਖਕਾਂ ਡਾ. ਸਾਧੂ ਬਿਨਿੰਗ, ਸੁਖਵੰਤ ਹੁੰਦਲ, ਭੁਪਿੰਦਰ ਧਾਲੀਵਾਲ, ਬਖ਼ਸ਼ਿੰਦਰ, ਅੰਮ੍ਰਿਤ ਦਿਵਾਨਾ, ਸੁਖਵਿੰਦਰ ਵਿਰਕ, ਮੋਹਣ ਗਿੱਲ ਹੋਰਾਂ ਨੇ ਡਾ. ਕੁਲਦੀਪ ਦੀਪ ਨੂੰ ਸਵਾਲ ਕਰਕੇ ਆਪਣੇ ਮਨ ਦੇ ਸ਼ੰਕੇ ਦੂਰ ਕੀਤੇ। ਇਨ੍ਹਾਂ ਤੋਂ ਇਲਾਵਾ ਡਾ. ਜਸਕਰਨ, ਅਜਮੇਰ ਰੋਡੇ, ਸੁਰਜੀਤ ਕਲਸੀ, ਜਰਨੈਲ ਸੇਖਾ, ਹਰਦਮ ਮਾਨ, ਅਮਰੀਕ ਪਲਾਹੀ, ਡਾ. ਪ੍ਰਿਥੀਪਾਲ ਸੋਹੀ, ਹਰਿੰਦਰ ਸੋਹੀ, ਜਸਵੰਤ ਸਿੰਘ, ਪ੍ਰਮਿੰਦਰ ਸਿੰਘ ਹੁਸ਼ਿਆਰਪੁਰ, ਨਿਰਮਲ ਕਿੰਗਰਾ, ਅਵਤਾਰ ਗਿੱਲ, ਕੁਲਵੰਤ ਸਿੰਘ, ਜਸਬੀਰ ਮਾਨ, ਨਿਰਮਲ ਗਿੱਲ, ਸ਼ਹਿਨਾਜ਼ ਦੀਦੀ, ਨਵਜੋਤ ਢਿੱਲੋਂ, ਤ੍ਰਿਲੋਚਨ ਦੂਹੜਾ, ਜਗਜੀਤ ਪੰਜੋਲੀ, ਰਾਜਦੀਪ ਤੂਰ, ਬਿੰਦੂ ਮਠਾੜੂ, ਰਾਮਜੀਤ ਸਿੰਘ ਅਤੇ ਹੋਰਾਂ ਨੇ ਹਾਜ਼ਰੀ ਲਗਵਾ ਕੇ ਇਸ ਪ੍ਰੋਗਰਾਮ ਦੀ ਸਫਲਤਾ ਵਿੱਚ ਵਾਧਾ ਕੀਤਾ। 'ਸਰੋਕਾਰਾਂ ਦੀ ਆਵਾਜ਼' ਦੇ ਮੈਂਬਰ ਸੰਤੋਖ ਸਿੰਘ ਢੇਸੀ ਤੇ ਮਲਕੀਤ ਸਵੈਚ ਨੇ ਪ੍ਰੋਗਰਾਮ ਨੂੰ ਰੱਖਣ ਤੇ ਨੇਪਰੇ ਚਾੜ੍ਹਨ ਦੀ ਭੂਮਿਕਾ ਆਦਾ ਕੀਤੀ। ਇਸ ਦੀ ਸਫਲਤਾ ਤੋਂ ਬਾਅਦ ਲੋਕਾਂ ਦਾ ਵਿਚਾਰ ਸੀ ਕਿ ਇਹੋ ਜਿਹੇ ਸਾਰਥਕ ਪ੍ਰੋਗਰਾਮ ਲਗਾਤਾਰ ਹੋਣੇ ਚਾਹੀਦੇ ਹਨ। ਜਿਸ ਨੂੰ 'ਸਰੋਕਾਰਾਂ ਦੀ ਅਵਾਜ਼' ਅਦਾਰੇ ਵਲੋਂ ਹਾਂ ਪੱਖੀ ਜਵਾਬ ਦੇ ਕੇ ਸਵੀਕਾਰਿਆ ਗਿਆ ਕਿ ਉਹ ਭਵਿੱਖ ਵਿੱਚ ਇਹੋ ਜਿਹੇ ਉਪਰਾਲੇ ਕਰਦੇ ਰਹਿਣਗੇ। ਅੰਤ ਵਿੱਚ ਪਰਮਿੰਦਰ ਸਵੈਚ ਨੇ ਸਾਰਿਆਂ ਦਾ ਧੰਨਵਾਦ ਕੀਤਾ।







# ਕਹਾਣੀਕਾਰ ਜੋਰਾਵਰ ਦੀ ਕਿਤਾਬ 'ਰੱਬ ਖੈਰ ਕਰੇ' ਪਾਠਕਾਂ ਦੀ ਕਚਹਿਰੀ 'ਚ



ਹਰੀਪਾਲ
403-714-4816

ਸਾਹਿਤ ਕਿਸੇ ਵੀ ਸਮਾਜ ਦਾ ਆਪਣੇ ਸਮੇਂ ਦਾ ਦਸਤਾਵੇਜ਼ ਹੁੰਦਾ ਹੈ। ਸਾਹਿਤ ਕੋਈ ਸ਼ੌਂਕੀਆ ਕੰਮ ਨਹੀਂ ਸਗੋਂ ਇੱਕ ਬਹੁਤ ਵੱਡੀ ਜਿੰਮੇਵਾਰੀ ਹੁੰਦਾ ਹੈ। ਜਦ ਵੀ ਅਸੀਂ ਬੀਤ ਚੁੱਕੇ ਸਮੇਂ ਬਾਰੇ ਜਾਨਣਾ ਚਾਹੁੰਦੇ ਹਾਂ ਤਾਂ ਅਸੀਂ ਉਸ ਸਮੇਂ ਦੇ ਸਾਹਿਤ ਨੂੰ ਫਰੋਲਦੇ ਹਾਂ। ਜਿਸ ਤਰ੍ਹਾਂ ਰੁਮਾਂਸ ਦੇ ਯੁੱਗ ਵਿੱਚ ਜਦ ਲੋਕ ਆਰਾਮ ਦੀ ਰੋਟੀ ਖਾ ਰਹੇ ਸਨ ਤਾਂ ਸਾਨੂੰ ਰਾਂਝਾ ਹੀਰ, ਮਿਰਜ਼ਾ ਸਾਹਿਬਾ, ਸਸੀ ਪੁੰਨੂ ਵਰਗੇ ਕਿੱਸੇ ਮਿਲੇ ਕਿਉਂਕਿ ਰੁਮਾਸ ਅਤੇ ਭਗਤੀ ਸ਼ਾਂਤੀ ਦੇ ਸਮੇਂ ਹੀ ਹੁੰਦੀ ਹੈ। ਜਦ ਭਾਰਤ ਉਤੇ ਹਮਲਾ ਹੁੰਦਾ ਹੈ ਤਾਂ ਸਾਨੂੰ ਗੁਰੂ ਨਾਨਕ ਸਾਹਿਬ ਦੀ ਬਾਣੀ ਮਿਲਦੀ ਹੈ। ਜਿਹੜੀ ਕਿ ਬਾਬਰ ਨੂੰ ਜਾਬਰ ਕਹਿੰਦੀ ਹੈ ਅਤੇ ਇਸ ਬਾਣੀ ਤੋਂ ਡਰਦਿਆਂ ਹੀ ਬਾਬਰ ਗੁਰੂ ਨਾਨਕ ਨੂੰ ਕੈਦ ਕਰਦਾ ਹੈ, ਕਿਉਂਕਿ ਸਥਾਪਤੀ ਉਨ੍ਹਾਂ ਤਲਵਾਰ ਤੋਂ ਨਹੀਂ ਡਰਦੀ ਜਿੰਨਾ ਕਲਮ ਤੋਂ ਡਰਦੀ ਹੈ, ਕਿਉਂਕਿ ਕਲਮ ਬਗਾਵਤ ਦੇ ਬੀਜ ਬੀਜਦੀ ਹੈ। ਸਾਡੀ ਅਖੌਤੀ ਆਜ਼ਾਦੀ ਤੋਂ ਬਾਅਦ ਜਿਹੜੀ ਕਿ ਮੁੱਖ ਰੂਪ ਵਿਚ ਭਾਰਤੀ ਸਰਮਾਏਦਾਰੀ ਨਾਲ ਹੋਇਆ ਇੱਕ ਸਮਝੌਤਾ ਸੀ ਤਾਂ ਸਾਨੂੰ ਬਾਗੀ ਸੁਰਾਂ ਵਾਲੇ ਗੁਰਦਾਸ ਰਾਮ ਆਲਮ, ਪਾਸ਼, ਉਦਾਸੀ ਅਤੇ ਦਿਲ ਵਰਗੇ ਸਾਹਿਤਕਾਰਾਂ ਦੀਆਂ ਕਿਰਤਾਂ ਪੜ੍ਹਨ ਨੂੰ ਮਿਲੀਆਂ। ਅੱਜ ਜਦ ਕਿ ਕਾਰਪੋਰੇਟ ਕਲਚਰ ਦਾ ਅਜਗਰ ਸਭ ਕਾਸੇ ਨੂੰ ਹੜਪ ਕਰਨ ਤੇ ਬੈਠਾ ਹੈ ਤਾਂ ਸਾਨੂੰ ਨਿਊਮੀ ਕਲਾਇਨ, ਅਰੁੰਧਤੀ ਰਾਏ, ਗਦਰ, ਵਰਵਰਾ ਰਾਓ, ਗੌਤਮ ਨਵਲੱਖਾ ਵਰਗੇ ਲੇਖਕਾਂ ਦੀਆਂ ਕਿਰਤਾਂ ਪੜ੍ਹਨ ਲਈ ਮਿਲਦੀਆਂ ਹਨ। ਇਸ ਲਾਲਚ ਦੀ ਰਾਜਨੀਤੀ ਦਾ ਵਿਰੋਧ ਕਰਨ ਦਾ ਹੌਸਲਾ ਸਾਡੇ ਇੱਕ ਲੇਖਕ ਜੋਰਾਵਰ ਨੇ ਵੀ ਆਪਣੀ ਕਹਾਣੀਆਂ ਦੀ ਪੁਸਤਕ 'ਰੱਬ ਖੈਰ ਕਰੇ' ਰਾਹੀਂ ਕੀਤਾ ਹੈ। ਜੋਰਾਵਰ ਨੇ ਇਸ ਕਿਤਾਬ ਵਿੱਚ ਕਈ ਮੁੱਦੇ ਉਭਾਰੇ ਹਨ, ਜਿਹੜੇ ਕਿ ਸਾਡੇ ਸਮਾਜ ਨੂੰ ਜਰਜਰਾ ਕਰ ਰਹੇ ਕੋਹੜ ਵਾਂਗ ਹਨ।

ਜਿੱਥੋਂ ਤੱਕ ਮੈਂ ਜਾਤੀ ਤੌਰ 'ਤੇ ਜੋਰਾਵਰ ਨੂੰ ਜਾਣਦਾ ਹਾਂ, ਉਹ ਇੱਕ ਬਹੁਤ ਪਿਆਰਾ, ਧੀਮੀ ਅਵਾਜ ਵਿੱਚ ਬੋਲਣ ਵਾਲਾ ਇਮਾਨਦਾਰ ਇਨਸਾਨ ਹੈ। ਆਪਣੇ ਛੋਟੇ ਜਿਹੇ ਬਿਜਨਿਸ ਵਿੱਚ ਵੀ ਉਸਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਵਰਕ ਪਰਮਿਟ ਦਿੱਤੇ ਹਨ ਅਤੇ ਉਸ ਦਾ ਕੋਈ ਪੈਸਾ ਨਹੀਂ ਲਿਆ ਹਾਲਾਂਕਿ ਆਰਥਿਕ ਤੌਰ ਤੇ ਜੋਰਾਵਰ ਇੰਨਾਂ ਮਜਬੂਤ ਨਹੀਂ ਸੀ ਪਰ ਫਿਰ ਵੀ ਉਸਨੇ ਆਪਣੇ ਅਸੂਲਾਂ ਤੇ ਪਹਿਰਾ ਦਿੱਤਾ ਕਿਉਂਕਿ ਉਸ ਦਾ ਮੰਨਣਾ ਹੈ ਕਿ ਜ਼ਿੰਦਗੀ ਅਸੂਲਾਂ ਤੋਂ ਪਿਆਰੀ ਨਹੀਂ ਹੁੰਦੀ। ਲੇਖਕ ਹੋਣ ਦੀ ਪਹਿਲੀ ਸ਼ਰਤ ਵੀ ਇਮਾਨਦਾਰੀ ਹੀ ਹੁੰਦੀ ਹੈ।




ਜੇ ਹੁਣ ਕਿਤਾਬ ਦੀ ਗੱਲ ਕਰੀਏ ਤਾਂ ਕਾਫੀ ਵਕਫ਼ੇ ਦੇ ਬਾਅਦ ਜੋਰਾਵਰ ਆਪ ਦਾ ਕਹਾਣੀ ਸੰਗ੍ਰਹਿ 'ਰੱਬ ਖੈਰ ਕਰੇ' ਲੈ ਕੇ ਪਾਠਕਾਂ ਦੀ ਕਚਹਿਰੀ ਵਿੱਚ ਹਾਜ਼ਰ ਹੋਇਆ ਹੈ। ਇੱਥੇ ਮੈਂ ਸਾਰੀਆਂ ਕਹਾਣੀਆਂ ਦਾ ਜ਼ਿਕਰ ਨਹੀਂ ਕਰਨਾ ਚਾਹੁੰਦਾ ਪਰ ਕੁਝ ਮੁੱਦੇ ਹਨ ਸਮਾਜਿਕ ਕੋਹੜ ਦੇ, ਜਿਨ੍ਹਾਂ 'ਤੇ ਜੋਰਾਵਰ ਨੇ ਉਂਗਲ ਧਰੀ ਹੈ। ਉਹਨਾਂ ਦਾ ਮੈਂ ਜ਼ਿਕਰ ਜ਼ਰੂਰ ਕਰੂੰਗਾ।

ਪਹਿਲਾ ਜਿਹੜਾ ਸਭ ਤੋਂ ਵੱਡਾ ਮੁੱਦਾ ਅੱਜ ਕੱਲ ਹੈ। ਉਹ ਹੈ ਮਜ਼ਦੂਰ ਦੀ ਲੁੱਟ, ਜੋਰਾਵਰ ਇੱਕ ਥਾਂ ਕਹਿੰਦਾ ਹੈ ਕਿ 'ਲਾਲਚ ਦਾ ਜਾਨਵਰ ਜਦ ਮਨੁੱਖ ਅੰਦਰ ਜਾਗ ਪੈਂਦਾ ਹੈ ਤਾਂ ਉਸਦੀ ਭੁੱਖ ਵਧਦੀ ਜਾਂਦੀ ਹੈ।' ਬਿਲਕੁਲ ਇਹ ਗੱਲ ਬਹੁਤ ਢੁਕਵੀ ਹੈ ਉਹਨਾਂ ਲੋਕਾਂ ਤੇ, ਜੋ ਕਿਸੇ ਦਾ ਹੱਕ ਮਾਰ ਕੇ ਛੇਤੀ ਅਮੀਰ ਹੋਣਾ ਚਾਹੁੰਦੇ ਹਨ। ਇਕ ਅੰਤਰਰਾਸ਼ਟਰੀ ਵਿਦਿਆਰਥੀ ਤੋਂ ਪਸ਼ੂਆਂ ਵਾਂਗ ਕੰਮ ਲਿਆ ਜਾਂਦਾ, ਘੰਟੇ ਮਾਰੇ ਜਾਂਦੇ ਅਤੇ LMIA ਦੇਣ ਦੇ ਬਹਾਨੇ 30-40 ਹਜ਼ਾਰ ਡਾਲਰ ਲਿਆ ਜਾਂਦਾ ਹੈ। ਕਾਰਪੋਰੇਟ ਕਲਚਰ ਨੇ ਤਾਣਾ ਬਾਣਾ ਹੀ ਇਹੋ ਜਿਹਾ ਬਣਾ ਦਿੱਤਾ ਹੈ ਕਿ ਅੰਬਾਨੀ, ਅੰਡਾਨੀ ਬਿਲ ਗੇਟ ਵਰਗੇ, ਲੋਕਾਂ ਦੇ ਆਈਕੋਨ ਬਣ ਗਏ ਹਨ। ਬਸ ਉਹਨਾਂ ਨੂੰ ਪੈਸਾ ਚਾਹੀਦਾ ਹੈ ਜਿਵੇਂ ਮਰਜ਼ੀ ਇਕੱਠਾ ਕੀਤਾ ਜਾਵੇ। ਹਾਲਾਂਕਿ ਇਹ ਸੱਚ ਹੈ ਕਿ ਦੌਲਤ ਦਾ ਇਹ ਪੰਛੀ ਤੀਜੀ ਪੀੜ੍ਹੀ ਤੋਂ ਪਹਿਲਾਂ ਹੀ ਉਡ ਜਾਂਦਾ ਹੈ ਪਰ ਫਿਰ ਵੀ ਮੱਧ ਵਰਗ ਦੇ ਬਹੁਤੇ ਲੋਕ ਵੱਡੀਆਂ ਕਾਰਾਂ, ਵੱਡੇ ਘਰਾਂ ਅਤੇ ਬਰੈਂਡਡ ਕੱਪੜਿਆਂ ਪਿੱਛੇ ਭੱਜਦੇ ਫਿਰਦੇ ਹਨ ਤੇ ਇਸ ਕਾਰਪੋਰੇਟ ਕਲਚਰ ਦੇ ਜਾਲ ਵਿੱਚ ਬੁਰੀ ਤਰ੍ਹਾਂ ਫਸ ਗਏ ਹਨ। ਪਿੱਛੇ ਦੇਸ਼ ਵਿੱਚ ਵੀ ਜਦ ਕੋਈ ਕਾਮਾ ਆਪਣੇ ਦਿਹਾੜੀ ਤੇ ਪੈਸੇ ਮੰਗਣ ਜਾਂਦਾ ਹੈ ਤਾਂ ਉਸਨੂੰ ਇਹ ਘੜਿਆ ਘੜਿਆ ਜਵਾਬ ਮਿਲਦਾ ਹੈ, 'ਦੇ ਦਿਆਗੇ, ਅਸੀਂ ਕਿਹੜਾ ਪਿੰਡ ਛਡ ਚਲੇ ਆਂ, ਕਿਉਂ ਜਾਨ ਖਾਈ ਜਾਂਦਾ ਆ।' ਦੂਜਾ ਮੁੱਦਾ ਵੀ ਬੜਾ ਗੰਭੀਰ ਹੈ। ਸਾਡੀ ਧਾਰਮਿਕਤਾ ਦਾ ਨਾਜਾਇਜ਼ ਫਾਇਦਾ ਉਠਾਉਣ ਵਾਲੇ ਬਹੁਤ ਬੈਠੇ ਹਨ। ਦੇਸ਼ ਵਿੱਚ ਆਈ ਕਿਸੇ ਆਫਤ ਦਾ ਬਹਾਨਾ ਕਰਕੇ ਪੈਸੇ ਇਕੱਠੇ ਕਰ ਲਏ ਜਾਂਦੇ ਹਨ। ਥੋੜ੍ਹੀ ਬਹੁਤ ਰਕਮ ਵੰਡ ਕੇ ਬਾਕੀ ਦੇ ਪੈਸੇ ਇਹ ਭੱਦਰ ਪੁਰਸ਼ ਆਪਦੀ ਜੇਬਾਂ ਵਿੱਚ ਪਾ ਲੈਂਦੇ ਹਨ। ਹੈਰਾਨੀ ਹੈ ਕਿ ਲੋਕਾਂ ਨੂੰ ਧਾਰਮਿਕ ਅਦਾਰਿਆਂ ਦਾ ਡਰਾਵਾ ਦੇਣ ਵਾਲੇ ਆਪਣੀਆਂ ਜੇਬਾਂ ਭਰਨ ਵੇਲੇ ਇਹ ਲੋਕ ਬਿਲਕੁਲ ਵੀ ਕਿਸੇ ਰੱਬ ਤੋਂ ਨਹੀਂ ਡਰਦੇ। ਦਾਨ ਦੇਣ ਵਾਲੇ ਲੋਕਾਂ ਨੂੰ ਲੱਗਦਾ ਹੈ ਕਿ ਦਾਨ ਦੇ ਕੇ ਸ਼ਾਇਦ ਕੱਲ ਨੂੰ ਉਹਨਾਂ ਨੂੰ ਵੀ ਕਿਸੇ ਦੀ ਅਸੀਸ ਮਿਲੂਗੀ ਪਰ ਇਹ ਭੱਦਰ ਪੁਰਸ਼ 'ਕਰੇ ਕਰਾਵੇ ਆਪੇ ਆਪ' ਕਹਿ ਕੇ ਆਪਣੇ ਆਪ ਨੂੰ ਬਰੀ ਵੀ ਕਰ ਲੈਂਦੇ ਹਨ ਤੇ ਰੱਬ ਨੂੰ ਵੀ ਵਿੱਚ ਸ਼ਰੀਕ ਬਣਾ ਲੈਂਦੇ ਹਨ।

ਤੀਜਾ ਮੁੱਦਾ ਹੈ ਔਰਤ ਨੂੰ ਪੌੜੀ ਬਣਾ ਕੇ ਸਾਰੇ ਟੱਬਰ ਨੂੰ ਬਾਹਰ ਪਹੁੰਚਾਉਣ ਦਾ। 10-15 ਸਾਲ ਪਹਿਲਾਂ ਤਾਂ ਕੁੜੀਆਂ ਨੂੰ ਬੁੱਢਿਆ ਜਾਂ ਦਹਾਜੂ ਲੋਕਾਂ ਦੇ ਲੜ ਲਾ ਕੇ ਸਾਰਾ ਟੱਬਰ ਬਾਹਰ ਪਹੁੰਚ ਜਾਂਦਾ ਸੀ। ਇਹ ਵੀ ਸੱਚ ਹੈ ਕਿ ਇੱਥੇ ਕਿਸੇ ਧੀ ਦਾ ਜਦ ਤਲਾਕ ਹੋ ਜਾਂਦਾ ਸੀ ਜਾਂ ਵਿਧਵਾ ਹੋ ਜਾਂਦੀ ਸੀ, ਉਹੀ ਘਰਦੇ ਬਾਅਦ ਵਿੱਚ ਸਿਆਣ ਤੱਕ ਨਹੀਂ ਕੱਢਦੇ ਸਨ। ਹੁਣ ਇੱਕ ਨਵਾਂ ਤਰੀਕਾ ਹੈ। ਕੁੜੀਆਂ ਆਈਲੈਟਸ ਕਰ ਲੈਂਦੀਆਂ ਹਨ। ਫਿਰ ਕਿਸੇ ਅਮਲੀ ਠਮਲੀ ਮੁੰਡੇ ਦੇ ਮਾਪਿਆਂ ਨਾਲ ਡੀਲ ਕੀਤੀ ਜਾਂਦੀ ਹੈ। ਕੁੜੀ ਦਾ ਖਰਚਾ ਮੁੰਡੇ ਵਾਲੇ ਚੱਕਦੇ ਹਨ ਤੇ ਇਸਦੇ ਇਵਜ ਵਿੱਚ ਉਹ ਪੜ੍ਹੀ ਲਿਖੀ, ਲਾਇਕ ਕੁੜੀ ਕਿਸੇ ਡਰਗੀ, ਵੇਹਲੜ, ਬੇਕਾਰ ਬੰਦੇ ਦੇ ਲੜ ਲਾ ਦਿੱਤੀ ਜਾਂਦੀ ਹੈ। ਬਹੁਤ ਵਾਰੀ ਕੁੜੀ ਨੂੰ ਆਈਲੈਟਸ ਕਰਵਾਉਣ ਦਾ ਮਤਲਬ ਸਿਰਫ ਕੁੜੀ ਦੇ ਭਰਾਵਾਂ ਨੂੰ ਬਾਹਰ ਸੈੱਟ ਕਰਨਾ ਹੁੰਦਾ ਹੈ ਅਤੇ ਕੁੜੀ ਦੇ ਚਾਅ ਮਲਾਰਾਂ ਦੀ ਬਲੀ ਦੇ ਦਿੱਤੀ ਜਾਂਦੀ ਹੈ। ਮਗਰੋਂ ਇਹ ਵਿਆਹ ਕੀ ਚੰਦ ਚੜਾਉਂਦੇ ਹਨ, ਆਪਾਂ ਨੂੰ ਸਭ ਨੂੰ ਪਤਾ ਹੈ।

ਇੱਕ ਹੋਰ ਮੁੱਦਾ ਪਰਿਵਾਰ ਨੂੰ ਇਕੱਠੇ ਬੈਠਣ ਦਾ ਜਾਂ ਫੈਮਿਲੀ ਲਈ ਟਾਈਮ ਕੱਢਣ ਦਾ ਹੈ। ਇਸ ਸਮੇਂ ਜੇ ਗੱਲ ਕਰੀਏ, ਪਿਛਲੇ ਦਸਾਂ ਸਾਲਾਂ ਵਿੱਚ ਮਹਿੰਗਾਈ ਜਿੰਨੀ ਵਧੀ ਹੈ, ਉਸ ਹਿਸਾਬ ਨਾਲ ਤਨਖਾਹਾਂ ਨਹੀਂ ਵਧੀਆਂ। ਜੇਕਰ ਮੈਂ ਪਿਛਲੇ 40 ਕੁ ਸਾਲਾਂ ਦੀ ਗੱਲ ਕਰਾਂ ਤਾਂ ਤਨਖਾਹਾਂ ਸਿਰਫ ਪੰਜ ਗੁਣਾ ਵਧੀਆਂ ਹਨ ਪਰ ਮਹਿੰਗਾਈ 20-25 ਗੁਣਾ ਵੱਧ ਗਈ ਹੈ। ਇਹੋ ਜਿਹੀ ਹਾਲਤ ਵਿੱਚ ਪਤੀ ਪਤਨੀ ਦੋਵੇਂ ਹੀ ਕੋਹਲੂ ਦੇ ਬੈਲ ਵਾਲੀ ਜਗ੍ਹਾ 'ਤੇ ਚਲੇ ਗਏ ਹਨ। ਬੱਚਿਆਂ ਨਾਲ ਤਾਂ ਕੀ, ਪਤੀ ਪਤਨੀ ਨੂੰ ਆਪਸ ਵਿੱਚ ਵੀ ਦੁੱਖ ਸੁੱਖ ਕਰਨ ਦਾ ਟਾਈਮ ਬਹੁਤ ਘੱਟ ਮਿਲਦਾ ਹੈ। ਬਹੁਤੇ ਬੱਚੇ ਬੇਬੀ ਸਿਟਰ ਕੋਲ ਪਲ਼ਦੇ ਹਨ। ਬੱਚੇ ਮਾਂ ਪਿਓ ਨਾਲ ਪਾਰਕ ਜਾਂ ਕਿਸੇ ਗੇਮ ਖੇਡਣ ਲਈ ਤਰਸਦੇ ਰਹਿੰਦੇ ਹਨ। ਬੱਚਿਆਂ ਲਈ ਟਾਈਮ ਕੱਢਣਾ ਕੋਈ ਛੋਟੀ ਗੱਲ ਨਹੀਂ ਹੈ। ਅੱਜ ਕੋਹਲੂ ਦਾ ਬੈਲ ਇਹ ਨਹੀਂ ਸੋਚਦਾ ਕਿ ਗਲ ਦਾ ਰੱਸਾ ਕਿਉਂ ਤੰਗ ਹੋ ਰਿਹਾ ਹੈ ਪਰ ਰੋਜ਼ਮਰਾ ਦੀਆਂ ਲੋੜਾਂ ਪੂਰੀਆਂ ਕਰਨ ਲਈ ਭੱਜਿਆ ਫਿਰਦਾ ਹੈ। ਇਹ ਆਰਥਿਕ ਸਿਸਟਮ ਵੀ ਚਾਹੁੰਦਾ ਹੈ ਕਿ ਲੋਕਾਂ ਨੂੰ ਇੰਨਾ ਕੁ ਦਿਓ, ਜਿੰਨਾ ਕੁ ਖਾ ਕੇ ਉਹ ਕੰਮ ਤੇ ਆ ਸਕਣ ਤੇ ਸਵਾਲ ਨਾ ਕਰਨ। ਅਖੀਰ ਵਿੱਚ ਜੋਰਾਵਰ ਨੇ ਇਸ ਕਿਤਾਬ ਤੇ ਬਹੁਤ ਮਿਹਨਤ ਕੀਤੀ ਹੈ। ਕਿਤਾਬ ਵਿੱਚ ਘੱਟੋ ਘੱਟ 100 ਮੁਹਾਵਰੇ ਜਾਂ ਬਿੰਬ ਜੋਰਾਵਰ ਨੇ ਸਿਰਜਿਆ ਹੈ, ਜੋ ਕਮਾਲ ਦਾ ਹੈ। ਜਿਵੇਂ ਕਿ 'ਸਮੇਂ ਦਾ ਬਲਦ ਰੁੱਤਾਂ ਦੀ ਫਸਲ ਬੀਜਦਾ-ਵੱਢਦਾ ਮਹੀਨਿਆਂ ਸਾਲਾਂ ਵਿੱਚ ਬਦਲ ਗਿਆ', 'ਚੰਗੇ ਦਿਨਾਂ ਦੀ ਆਸ ਵਿੱਚ ਮਨੁੱਖ ਗੁਜ਼ਾਰਦੇ ਸਮੇਂ ਨਾਲ ਸਮਝੌਤਾ ਜਿਹਾ ਕਰੀ ਰੱਖਦਾ ਹੈ', 'ਇਨਸਾਨ ਦੇ ਸੁਪਨੇ ਵੱਡੇ ਹੋਣ ਤੇ ਹੈਸੀਅਤ ਦੀ ਚਾਦਰ ਛੋਟੀ ਹੋਵੇ ਤਾਂ ਚਾਦਰ ਵਿੱਚੋ ਪੈਰ ਬਾਹਰ ਆ ਜਾਣ ਤੇ ਏਹੀ ਹਾਲਤ ਹੁੰਦੀ ਹੈ', 'ਜੇ ਅੰਨਦਾਤਾ ਦੀ ਤਖਤੀ ਕਿਸਾਨ ਦੇ ਸਿਰ ਹੈ ਤਾਂ ਬਿਨਾਂ ਸ਼ੱਕ ਇਹ ਤਖ਼ਤੀ ਪ੍ਰਵਾਸੀ ਮਜ਼ਦੂਰਾਂ ਦੇ ਹੱਥਾਂ ਨੇ ਸੰਭਾਲੀ ਹੋਈ ਹੈ।'

ਮੌਜੂਦਾ ਸਮੇਂ ਵਿਚ ਕਾਰਪੋਰੇਟ ਕਲਚਰ ਦਾ ਵਿਰੋਧ ਵੀ ਬੜੀ ਸ਼ਿੱਦਤ ਨਾਲ ਹੋ ਰਿਹਾ ਹੈ ਤੇ ਜੋਰਾਵਰ ਦੀ ਕਲਮ ਵੀ ਉਸੇ ਕਾਫਲੇ ਦੀ ਸ਼ਰੀਕ ਬਣ ਗਈ ਹੈ। ਜੋਰਾਵਰ ਦੇ ਲਫਜ਼ਾਂ ਵਿੱਚ ਜ਼ਿੰਦਗੀ ਜੀਣ ਦਾ ਸਵਾਦ ਟੁੱਟੇ ਸਪਨਿਆਂ ਦੀ ਕਬਰ ਤੇ ਬੈਠ ਕੇ ਰੋਣ ਵਿੱਚ ਨਹੀਂ, ਬਲਕਿ ਸੰਘਰਸ਼ ਕਰਨ ਵਿੱਚ ਹੈ।









Galaxy Kitchen Cabinets Ltd.
Residential & Commercial
• Custom Cabinets • Countertops
• Vanities Bars • Entertainment Units
Call for Free Estimate :
Sarbjit S. Mangat
778-549-4740
# 12-13325 - 76 Ave. Surrey BC V2W 2V8 | F: 604-503-0058

Hans
Demolition & Excavating
* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Free Estimates
Ph : 604-240-8002
or : 604-250-3834
3822 Marine Way
Burnaby, B.C. V5J 3H4

THE HARP GREWAL REAL ESTATE TEAM
ਹਰਪ ਗਰੇਵਾਲ
416.722.3500 (Direct)
905.913.8500 (Office) 905.913.8585 (Fax)
Email: harpgrewals@gmail.com
www.HarpGrewal.ca
HomeLife SilverCity Realty Inc. Brokerage
Higher Standards

Baljinder Singh
Graphic Designer
All types of Newspaper Advts. Newspaper Planning, Designing of Catalogues, Brochures etc.
ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ
+91-92167-29598
E-mail : akashdeep.1064@gmail.com | baljinderpta1@gmail.com

Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.
We can Also Arrange
Decoration
Party Rentals
Customer satisfaction is our pride!
Video: Video film with single, double & multiple camera system (Broadcast Quality)
Photography: Digital Photography (Coloured, black and white) digital enhancement
Music: DJ, Lighting, screen Projector live sound etc.
403-835-2762 or 29 DREAM(37326)
Special Packages Available For All Occasions in Calgary

Punjabi Rang Radio
CHLO AM530
(TORONTO)
11PM-12AM
(SATURDAY)
Producer/Host
Chamkaur Singh Phulewala
Email punjabirang13@hotmail.com
Cell : 416 662 1313

ZOLO
Mandeep Dhaliwal
Sales Representative
416-648-9053
416-898-8932
dhaliwal.mandeep137@gmail.com
202-895 Lawrence Ave E, North York, ON M3C 3L2

GALAXY Frightline inc.
Hiring Drivers/Owners/Operators
We Offer:
*Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
* 2 Years Experience
* Clean Current Abstract
* Ability to Cross Border
* Positive, Professional Attitude
For:
* GTA
* ON-QC
* ON-MB-AB-BC
* USA
SAFETY : PHONE 416-644-8881 ext# 111
CELL : 437-429-1300
FAX: 416-644-8882
EMAIL: dispatch@galaxyfreightline.com
www.galaxyfreightline.com
*1580 Britannia Road East *Mississauga *ON *L4W 1J2

ਪੁਸਤਕ ਸਮੀਖਿਆ


# ਆਪੇ ਦੀ ਭਾਲ਼ : ਡਾ: ਰਛਪਾਲ ਸਿੰਘ ਸਹੋਤਾ, ਸਿੰਸਨੈਟੀ (ਯੂ. ਐੱਸ. ਏ.)

ਆਪੇ ਦੀ ਭਾਲ਼ ਡਾ: ਰਛਪਾਲ ਸਿੰਘ ਸਹੋਤਾ ਦਾ ਪੰਜਾਬੀ 'ਚ ਲਿਖਿਆ ਪਹਿਲਾ ਨਾਵਲ ਹੈ। ਪਹਿਲਾਂ ਇਹੀ ਵਿਸ਼ਾ ਉਹ ਅੰਗਰੇਜ਼ੀ ਦੇ ਚੇਜ਼ਿੰਗ ਡਿਗਨਿਟੀ (Chasing Dignity) ਨਾਂ ਦੇ ਆਪਣੇ ਨਾਵਲ 'ਚ ਪੇਸ਼ ਕਰ ਚੁੱਕੇ ਨੇ ਜੋ ਕਾਫ਼ੀ ਸਲਾਹਿਆ ਗਿਆ ਸੀ। ਇਹ ਪੰਜਾਬੀ ਵਾਲ਼ਾ ਨਾਵਲ ਆਮ ਪੜ੍ਹਨ ਵਾਲ਼ੇ ਪੰਜਾਬੀਆਂ ਲਈ ਪੇਸ਼ ਹੈ ਜੋ ਸਾਡੇ ਆਪਣੇ ਸਮਾਜ ਦੇ ਖਾਸ ਮੁੱਦਿਆਂ ਤੇ ਅਧਾਰਤ ਹੋਣ ਕਰਕੇ ਸਾਨੂੰ ਝੰਜੋੜਨ ਲਈ ਕਾਰਗਰ ਹੈ।

ਆਮ ਹੀ ਸੁਣਨ 'ਚ ਆਉਂਦਾ ਹੈ ਕਿ ਸਾਹਿਤ ਸਮਾਜ ਦਾ ਇੱਕ ਪ੍ਰਛਾਵਾਂ ਜਾਂ ਇੱਕ ਸ਼ੀਸ਼ੇ ਵਿੱਚੋਂ ਦਿਸਦੇ ਆਪਣੇ ਅਕਸ ਦੀ ਤਰਾਂ ਹੁੰਦਾ ਹੈ। ਕਈ ਵਾਰੀ ਕੋਈ ਨਾਵਲ ਜਾਂ ਕਹਾਣੀ ਪੜ੍ਹਨ ਵੇਲ਼ੇ ਇੰਝ ਮਹਿਸੂਸ ਵੀ ਹੁੰਦਾ ਹੈ ਕਿ ਆਹ ਘਟਨਾ ਤਾਂ ਆਪਣੇ ਨਾਲ਼ ਵੀ ਹੋਈ ਸੀ ਜਾਂ ਆਹ ਕਿਰਦਾਰ ਤਾਂ ਬਿਲਕੁੱਲ ਮੇਰੇ ਜਿਹਾ ਈ ਲਗਦਾ ਹੈ। ਪਰ ਅਜਿਹੇ ਚਿੰਤਨਾਂ 'ਚੋਂ ਇੱਕ ਚੀਜ਼ ਲੁਕੀ ਰਹਿੰਦੀ ਲਗਦੀ ਹੈ ਜੋ ਮੇਰੇ ਖਿਆਲ ਨਾਲ਼ ਸਾਡੇ ਬੁੱਧੀਜੀਵੀ ਲਿਖਾਰੀਆਂ ਦਾ ਫਰਜ਼ ਹੁੰਦਾ ਹੈ ਸਮਾਜ ਦੇ ਸਾਹਮਣੇ ਲਿਆਉਣ ਦਾ, ਉਹ ਹੈ ਇਸ ਦਿਸਦੇ ਅਕਸ ਜਾਂ ਅਸਲ ਵਿੱਚ ਸਾਡੇ ਇਸ ਸਮਾਜ ਨੂੰ ਇਸਦੀਆਂ ਮੁਸ਼ਕਲਾਂ ਤੋਂ ਬਾਹਰ ਕੱਢ ਕੇ ਅੱਗੇ ਕਿਵੇਂ ਲਿਜਾਇਆ ਜਾਵੇ ? ਡਾ: ਰਛਪਾਲ ਸਹੋਤਾ ਦੀ "ਆਪੇ ਦੀ ਭਾਲ਼" ਨਾਵਲ ਰੂਪ 'ਚ ਜਾਤ ਵੰਡੇ ਪੰਜਾਬੀ ਸਮਾਜ ਦੀ ਸ਼ਾਇਦ ਦੂਜੀ ਲਿਖਤ ਹੀ ਹੈ ।ਪਹਿਲੀ ਜਗਦੀਸ਼ ਚੰਦਰ ਦੀ "ਨਰਕ ਕੁੰਡ ਵਿੱਚ ਵਾਸਾ" ਸੀ ਜੋ ਜਗਦੀਸ਼ ਬਿਨਿੰਗ ਜੀ ਨੇ ਉਲਥਾ ਕਰਕੇ ਪੰਜਾਬੀ 'ਚ ਛਪਵਾਈ ਸੀ। ਜਾਤ ਵੰਡ ਨੂੰ ਸਮਝਣਾ ਤੇ ਇਸਦੇ ਅਸਰਾਂ ਜਾਣੂੰ ਤੋਂ ਕਰਵਾਉਣਾ ਸ਼ਾਇਦ ਸਾਡੇ "ਚਿੰਤਕਾਂ"ਨੂੰ ਜ਼ਰੂਰੀ ਹੀ ਨਹੀਂ ਲਗਦਾ। ਇੱਥੋਂ ਤੱਕ ਕਿ ਸਾਡੇ ਧਾਰਮਿਕ ਲੀਡਰ ਲੋਕ ਵੀ ਗੁਰੂਆਂ ਦੀ ਲਿਖੀਆਂ ਕੁੱਝ ਸਤਰਾਂ ਉਚਾਰਣ ਤੋਂ ਅੱਗੇ ਕੁੱਝ ਨੀ ਸੋਚਦੇ ਜਾਂ ਕਰਦੇ ਜਾਂ ਸ਼ਾਇਦ ਕਦੇ ਕਰਨਾ ਹੀ ਨਹੀਂ ਲੋਚਦੇ।

ਇੱਕ ਚੀਜ਼ ਲਿਖਾਰੀ ਦੀ ਜੋ ਨਿਵੇਕਲ਼ੀ ਤੇ ਚੰਗੀ ਲੱਗੀ, ਉਹ ਹੈ ਕੱਲੇ ਕੌਮਿਆਂ 'ਚ ਕਿਰਦਾਰਾਂ ਦੇ ਖਿਆਲਾਂ ਦਾ ਪ੍ਰਗਟਾਵਾ। ਮੈਂ ਇਹ ਪਹਿਲਾਂ ਕਿਤੇ ਕੀਤਾ ਨਹੀਂ ਦੇਖਿਆ। ਨਾਵਲ ਦੇ ਇੱਕ ਪਾਤਰ ਪ੍ਰੋਫੈੱਸਰ ਤਾਰਾ ਸਿੰਘ ਰਾਹੀਂ ਲਿਖਾਰੀ ਦਾ ਅੰਗਰੇਜ਼ੀ ਸਿੱਖਣ ਲਈ ਇਹ ਸੁਝਾਅ ਕਿ ਪੰਜਾਬੀ ਤੇ ਅੰਗਰੇਜ਼ੀ ਟ੍ਰਿਬਿਊਨ ਦੀਆਂ ਖਬਰਾਂ ਪੜ੍ਹੋ ਇੱਕ ਵਧਿਆ ਤੇ ਮੌਲਿਕ ਨੁਕਤਾ ਪੇਸ਼ ਕੀਤਾ ਹੈ ਲਿਖਾਰੀ ਨੇ ਆਪਣੇ ਨਾਵਲ ਰਾਹੀਂ। ਇਸੇ ਲੈਅ 'ਚ ਰਜਿੰਦਰ ਸਿੰਘ ਬੇਦੀ ਦਾ "ਏਕ ਚਾਦਰ ਮੈਲੀ ਸੀ" ਦਾ ਪਹਿਲੀ ਲਿਖਤ ਤੇ ਅੰਗਰੇਜ਼ੀ ਅਨੁਵਾਦ ਪੜ੍ਹਨ ਦਾ ਸੁਝਾਅ ਉਸੇ ਸੇਧ ਦਾ ਇੱਕ ਹੋਰ ਉਦਾਹਰਣ ਪੇਸ਼ ਕਰਕੇ ਸ੍ਰੋਤਿਆਂ/ ਪਾਠਕਾਂ ਲਈ ਇੱਕ ਨਵਾਂ ਰਾਹ ਖੋਲ੍ਹਦਾ ਹੈ।

ਮਾਸਟਰ ਸੁਰਜੀਤ ਸਿੰਘ ਦੀਆਂ ਉਲ਼ਝਣਾਂ ਤੇ ਉਨ੍ਹਾਂ ਦੇ ਸੁਚੱਜੇ ਹੱਲ ਵੀ ਲਿਖਾਰੀ ਵੱਲੋਂ ਨਿਵੇਕਲੀ ਵਿਧੀ ਲੱਗੀ ਕਿ ਕਿਵੇਂ ਉਹ ਆਪਣੀ ਅਣਗਿਹਿਲੀ ਜਾਂ ਅਣਗੌਲ਼ੇਪਣ ਕਾਰਨ ਹੋਏ ਧੱਕੇ ਨੂੰ ਕਿਵੇਂ ਸਮਝਦਾ ਹੈ ਅਤੇ ਉਸਦੇ ਕੀਤੇ ਹੱਲ ਤੋਂ ਜੋ ਹਾਲਾਤ ਪਿੰਡ 'ਚ ਪੈਦਾ ਹੁੰਦੇ ਹਨ ਉਨ੍ਹਾਂ ਨੂੰ ਕਾਰਗਰ ਤਰੀਕੇ ਨਾਲ਼ ਕਿਵੇਂ ਨਜਿੱਠਦਾ ਦਰਸਾਇਆ ਹੈ ਉਹ ਵੀ ਕਾਬਲੇ ਤਾਰੀਫ਼ ਹੈ। ਜਾਤ ਪਾਤ ਦਾ ਵਖਰੇਵਾਂ ਕਿਵੇਂ ਨਾਵਲ ਦੇ ਕਿਰਦਾਰਾਂ ਨਾਲ਼ ਰੂਬਰੂ ਹੁੰਦਾ ਹੈ ਉਸਦੀਆਂ ਝਲਕੀਆਂ ਦਮਦਾਰ ਹਨ ਭਾਵੇਂ ਇਹ ਮਸਲੇ




ਨਾਵਲ 'ਚ ਪੇਸ਼ ਕੀਤੇ ਹਾਲਾਤ ਨਾਲ਼ੋਂ ਵੀ ਕਿਤੇ ਜ਼ਿਆਦਾ ਗੁੰਝਲ਼ਦਾਰ ਤੇ ਦੁੱਖਦਾਇਕ ਹੋ ਵਿਚਰਦੇ ਹਨ।

ਰਾਣੀ ਦੀ ਭੂਆ ਗੁਰਦੇਵ ਕੌਰ, ਪਿੰਡ ਦਾ ਮੁੰਡਾ ਬੰਤਾ, ਨਵੀ ਦਾ ਪਿਤਾ ਕਰਮਜੀਤ ਚਾਵਲਾ ਜਾਂ ਧਰਮਸ਼ਾਲਾ ਵਾਲ਼ੀ ਪ੍ਰੀਆ ਜੋ ਇਸ ਨਾਵਲ ਦੇ ਰਿਣਾਤਮਕ ਕਿਰਦਾਰ ਜਾਂ ਕਹਿ ਲਓ ਕਿ ਵਿਲੇਨ ਹੋ ਵਿਚਰਦੇ ਨੇ, ਸਾਡੇ ਆਮ ਸਮਾਜ ਦੇ ਅੰਗ ਨਜ਼ਰ ਆਉਂਦੇ ਨੇ। ਪ੍ਰੋਫੈੱਸਰ ਤਾਰਾ ਸਿੰਘ ਅਤੇ ਡਾ: ਗਿੱਲ ਵਰਗੇ ਕਿਰਦਾਰ ਵੀ ਸਾਡੇ ਸਮਾਜ 'ਚ ਦਿਖਾਈ ਦਿੰਦੇ ਹਨ। ਸੋ ਲੈ ਦੇ ਕੇ ਇਹ ਨਾਵਲ ਸਾਡੇ ਸਮਾਜ ਦੀ ਇੱਕ ਤਸਵੀਰ ਪੇਸ਼ ਕਰਦਾ ਹੋਇਆ ਕੁੱਝ ਹੱਲ ਵੀ ਪੇਸ਼ ਕਰਦਾ ਲਗਦਾ ਹੈ ਜੋ ਸਲਾਹੁਣਯੋਗ ਉਪਰਾਲਾ ਕਿਹਾ ਜਾਣਾ ਚਾਹੀਦਾ ਹੈ। ਅਸਲ ਵਿੱਚ ਅੰਤਰਜਾਤੀ ਵਿਆਹ ਹੀ ਇਨ੍ਹਾਂ ਜਾਤ-ਪਾਤਾਂ ਦੇ ਵਖਰੇਵੇਂ ਨੂੰ ਇੱਕ ਕਰਾਰੀ ਸੱਟ ਮਾਰ ਸਕਦਾ ਹੈ। ਜੋ ਅਸਲ ਵਿੱਚ ਹੁਣ ਕੁੱਝ ਹੱਦ ਤੱਕ ਵਾਪਰ ਵੀ ਰਿਹਾ ਹੈ।

ਓਦਾਂ ਲਿਖਾਰੀ ਦੇ ਲਿਖਣ ਦੀ ਤਕਨੀਕ ਕਦੇ ਕਦੇ ਇਹ ਅਹਿਸਾਸ ਵੀ ਕਰਵਾ ਦਿੰਦੀ ਹੈ ਕਿ ਭਾਵਨਾਵਾਂ ਬਹੁਤ ਧੀਮੇ ਦਰਜੇ ਨਾਲ਼ ਦਰਸਾਉਣ ਦੀ ਗੱਲ ਕੁੱਝ ਕਾਹਲ਼ਨੁਮਾ ਭਾਸਦੀ ਹੈ, ਆਮ ਪੰਜਾਬੀ ਲਿਖਾਰੀ ਭਾਵਨਾਵਾਂ ਦਾ ਪ੍ਰਗਟਾਅ ਕਰਦੇ ਕਾਫ਼ੀ ਵਿਸਥਾਰ 'ਚ ਲੈ ਜਾਂਦੇ ਹਨ। ਮੈਂ ਇਹ ਅਸਰ ਡਾ: ਰਛਪਾਲ ਸਿੰਘ ਸਹੋਤਾ ਜੀ ਦੇ ਸਾਇੰਸ ਵਾਲ਼ੇ ਪਿਛੋਕੜ ਦੇ ਜ਼ਿੰਮੇ ਲਾ ਸਕਦਾ ਹਾਂ ਕਿਉਂਕਿ ਸਾਇੰਸ ਵਿੱਚ ਅਸੀਂ ਕੁਦਰਤ ਦੀਆਂ ਗੁੰਝਲ਼ਦਾਰ ਰਹੱਸਮਈ ਚੀਜ਼ਾਂ/ਵਰਤਾਰਿਆਂ ਨੂੰ ਵੱਧ ਤੋਂ ਵੱਧ ਸਰਲ ਭਾਸ਼ਾ ਵਿੱਚ ਪਰਗਟਾਉਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਜੋ ਉਸ ਗੁੰਝਲ਼ਦਾਰ ਵਿਸ਼ੇ ਨੂੰ ਸਮਝਣ-ਸਮਝਾਉਣ ਵਿੱਚ ਅਸਾਨੀ ਹੋਵੇ। ਇਸਦਾ ਇੱਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਲਿਖਾਰੀ ਨੇ ਇੱਡੇ ਗੁੰਝਲ਼ਦਾਰ ਵਿਸ਼ੇ ਨੂੰ ਹੱਥ ਪਾਇਆ ਜਿਸ ਦੀਆਂ ਤੰਦਾਂ ਹੀ ਬਹੁਤ ਉਲ਼ਝੀਆਂ ਹੋਈਆਂ ਨੇ ਸਾਡੇ ਸਮਾਜ ਵਿੱਚ ਜੋ ਸੁਲ਼ਝਾਉਂਦੇ ਹੋਏ ਭਾਵਨਾਤਮਕ ਅਸਰ ਥੋੜ੍ਹੇ ਪਿੱਠ-ਭੂਮੀ 'ਚ ਜਾਂਦੇ ਲੱਗਣ ਲੱਗ ਪੈਂਦੇ ਹਨ।

ਮੈਨੂੰ ਲਗਦੈ ਕਿ 1980ਵਿਆਂ ਮੁਤਾਬਕ ਆਮ ਹੋਸਟਲ ਦਾ ਖਰਚਾ 35000 ਰੁ: ਕਾਫ਼ੀ ਜ਼ਿਆਦਾ ਹੈ। ਮੇਰੇ ਖਿਆਲ 'ਚ ਔਰਤ ਡਾਕਟਰ ਡਾ: ਗਿੱਲ ਨੂੰ ਡਾ: ਸਾਹਿਬ ਵਾਲ਼ੇ ਸੰਬੋਧਨ ਦੀ ਥਾਂ ਡਾ: ਸਾਹਿਬਾ ਜ਼ਿਆਦਾ ਢੁਕਣਾ ਸੀ ਜੋ ਸਾਡੀ ਆਮ ਬੋਲ-ਚਾਲ ਵਿੱਚ ਆਉਂਦਾ ਹੈ।

ਇੱਕ ਅਹਿਸਾਸ ਜੋ ਮੈਨੂੰ ਇਹ ਪੰਜਾਬੀ ਦਾ ਨਾਵਲ ਪੜ੍ਹਦੇ ਨੂੰ ਹੋਇਆ ਉਹ ਇਹ ਹੈ ਕਿ ਇਸ ਨੂੰ ਛਪਵਾਉਣ 'ਚ ਸਹੋਤਾ ਸਾਹਿਬ ਨੇ ਥੋੜ੍ਹੀ ਕਾਹਲ਼ ਕੀਤੀ ਹੈ। ਇਸ ਵਿੱਚ ਸ਼ਬਦਜੋੜ ਗ਼ਲਤੀਆਂ ਕਾਫ਼ੀ ਰਹਿ ਗਈਆਂ ਇਸ ਕਾਹਲ਼ ਕਾਰਨ ਜੋ ਅਗਲੇ ਐਡੀਸ਼ਨਾਂ ਵਿੱਚ ਠੀਕ ਕੀਤੀਆਂ ਜਾ ਸਕਦੀਆਂ ਹਨ। ਸ਼ਾਇਦ ਉਨ੍ਹਾਂ 'ਚੋਂ ਕੁੱਝ ਤਾਂ ਇਲਾਕਾਈ ਭਾਸ਼ਾ ਵਖਰੇਵਾਂ ਹੀ ਹੋਵੇ, ਪਰ ਕਾਫ਼ੀ ਕੁੱਝ ਠੀਕ ਵੀ ਕੀਤਾ ਜਾ ਸਕਦਾ ਹੈ। ਨਾ ਦੇ ਥਾਂ ਨਾਂ ਬਹੁਤ ਵਰਤਿਆ ਗਿਆ ਹੈ ਜੋ ਕਿਸੇ ਵੀ ਇਲਾਕੇ ਦੇ ਹਿਸਾਬ ਨਾਲ਼ ਗ਼ਲਤ ਹੈ। ਚਿੱਲਾਉਣਾ ਸ਼ਬਦ ਹੀ ਹਿੰਦੀ ਦਾ ਹੈ ਜਿਸ ਦੀ ਥਾਂ ਆਪਣਾ ਪੰਜਾਬੀ ਦਾ ਸ਼ਬਦ ਊਚੀ ਬੋਲਣਾ/ਚੀਕਣਾ/ਦਹਾੜਨਾ/ਸੰਘ-ਪਾੜ ਬੋਲਣਾ ਆਦਿ ਕਈ ਸ਼ਬਦ ਨੇ ਜੋ ਵੱਖੋ-ਵੱਖਰੇ ਥਾਂਈਂ ਵਰਤੇ ਜਾ ਸਕਦੇ ਨੇ। ਮੈਨੂੰ ਪੜ੍ਹਦੇ ਹੋਏ ਇਹ ਮਹਿਸੂਸ ਹੋਇਆ ਹੈ ਕਿ ਕੁੱਝ ਕੁ ਸ਼ਬਦ ਗ਼ਲਤੀਆਂ ਠੀਕ ਕਰਨ ਤੋਂ ਬਾਅਦ ਹੀ ਇਸ ਨਾਵਲ ਦਾ ਦੂਸਰਾ ਐਡੀਸ਼ਨ ਛਪਵਾਇਆ ਜਾਵੇ ਜੋ ਮੇਰੇ ਹਿਸਾਬ ਨਾਲ਼ ਜਲਦੀ ਹੀ ਸੰਭਵ ਹੋ ਜਾਣਾ ਹੈ।

ਕੁੱਲ ਮਿਲਾ ਕੇ ਡਾ: ਰਛਪਾਲ ਸਿੰਘ ਸਹੋਤਾ ਨੂੰ ਪੰਜਾਬੀ ਸਾਹਿਤ 'ਚ ਜੀ ਆਇਆਂ ਆਖਿਆ ਜਾਣਾ ਚਾਹੀਦਾ ਹੈ ਅਤੇ ਹੋਰ ਚੰਗੀਆਂ ਤੇ ਵਿਲੱਖਣ ਮੁੱਦਿਆਂ ਨੂੰ ਛੋਹਦੀਆਂ ਤੇ ਸਾਡੇ ਅਣਸੁਲ਼ਝੇ ਮਸਲਿਆਂ ਨੂੰ ਸਮਝ ਕੇ ਸਾਡੀ ਆਮ ਜਨਤਾ ਨੂੰ ਸਮਝਾਉਣ ਲਈ ਰਚਨਾਵਾਂ ਦਾ ਇੰਤਜ਼ਾਰ ਕਰਨਾ ਇਨ੍ਹਾਂ ਦੇ ਪਾਠਕਾਂ ਲਈ ਲੁਭਾਉਂਦਾ ਅਹਿਸਾਸ ਹੋਵੇਗਾ। ਮੈਂ ਨਿੱਜੀ ਤੌਰ ਤੇ ਡਾ: ਸਹੋਤਾ ਨੂੰ ਸਾਹਿਤ ਦੇ ਖੇਤਰ 'ਚ ਜੀ ਆਇਆਂ ਨੂੰ ਕਹਿੰਦਾ ਹਾਂ।


**ਜਸਵਿੰਦਰ ਸਿੰਘ ਸੰਧੂ**
**ਬ੍ਰੈਂਪਟਨ (ਕਨੇਡਾ)**

ਵਿਚਾਰ ਆਪੋ ਆਪਣੇ

# ਸ਼੍ਰੋਮਣੀ ਪੁਰਸਕਾਰ ਅਤੇ ਸਾਹਿਤਕ ਸਿਆਸਤ

*ਵਿਦਵਾਨਾਂ ਤੇ ਲੇਖਕਾਂ ਦੇ ਚੇਹਰੇ ਹੋਏ ਨੰਗੇ
*ਵਿਦਵਾਨਾਂ ਤੇ ਲੇਖਕਾਂ ਚੁੱਪ
*ਮਾਣਯੋਗ ਅਦਾਲਤ ਨੇ ਲਾਈ ਰੋਕ
*ਵਿਦਵਾਨਾਂ ਨੂੰ ਸੰਮਨ ਜਾਰੀ
*ਹਾਜ਼ਰ ਹੋ...... ਸਿੰਘ

ਉਰਦੂ ਦੇ ਅਦੀਬ ਸਆਦਤ ਮੰਟੋ ਨੇ ਸਾਰੀ ਉਮਰ ਸਮਾਜ ਧਰਮ ਰਾਜਨੀਤੀ ਤੇ ਸੱਭਿਆਚਾਰ ਦੇ ਵਿੱਚ ਆ ਰਹੇ ਵਿਗਾੜਾਂ ਬਾਰੇ ਆਪਣੀ ਕਲਮ ਨੂੰ ਤਲਵਾਰ ਵਾਂਗੂੰ ਵਰਤਿਆ ਸੀ। ਉਹ ਲਿਖਦੇ ਹਨ ਕਿ..'ਜਦ ਤਵਾਇਫ਼ ਵਿਕਦੀ ਹੈ, ਤਾਂ ਉਹ ਆਪਣਾ ਜਿਸਮ ਵੇਚਦੀ ਹੈ ਪਰ ਜਦ ਕਲਮ ਵਿਕਦੀ ਤਾਂ ਸੱਭਿਆਚਾਰ ਵਿਕਦਾ ਹੈ।' ਕਿਤਾਬ ਪੜ੍ਹਿਆ ਲੱਗਦਾ ਹੈ ਕਿ ਸਾਹਿਤ ਦੇ ਮਸੰਦਾਂ ਨੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਸਭ ਕੁੱਝ ਵਿਕ ਗਿਆ ਤੇ ਰਲਮਿਲ ਕੇ ਵੰਡ ਲਿਆ ਹੈ। ਉਨ੍ਹਾਂ ਦੀਆਂ ਲਿਖਤਾਂ ਮਨੁੱਖ ਦੇ ਮੱਥੇ ਵਿੱਚ ਗੋਲੀਆਂ ਬਣ ਕੇ ਲੱਗਦੀਆਂ ਹਨ, ਉਹ ਤੁਹਾਡਾ ਕਤਲ ਨਹੀਂ ਕਰਦੀਆਂ ਸਗੋਂ ਤੁਹਾਡੀ ਮਰ ਚੁੱਕੀ ਆਤਮਾ ਨੂੰ ਹਲੂਣ ਦੀਆਂ ਤੇ ਤੁਹਾਨੂੰ ਸੋਚਣ ਲਈ ਮਜਬੂਰ ਕਰਦੀਆਂ ਹਨ। ਪੰਜਾਬੀ ਦੇ ਵਿੱਚ ਹੁਣ ਲਿਖਣ ਵਾਲਿਆਂ ਦੀ ਬਹੁਗਿਣਤੀ ਹੈ। ਲਿਖਣ ਵਾਲਿਆਂ ਦੇ ਵੱਖੋ ਵੱਖ ਮੱਠ ਹਨ। ਹਰ ਮੱਠ ਦਾ ਆਪੇ ਹੀ ਬਣਿਆ ਹੋਇਆ ਮਸੰਦ/ਮਹੰਤ ਹੈ। ਅਸੀਂ ਮਹੰਤ ਉਨ੍ਹਾਂ ਨੂੰ ਆਖਦੇ ਜੋ ਮੁੰਡਾ ਜੰਮਣ 'ਤੇ ਘਰਾਂ ਦੇ ਵਿੱਚ ਵਧਾਈ ਲੈਣ ਆਉਦੇ ਹਨ। ਸਾਡੇ ਵਿਦਵਾਨਾਂ ਤੇ ਲੇਖਕਾਂ ਨੇ ਆਪ ਹੀ ਵਧਾਈਆਂ ਲਈਆਂ ਤੇ ਵੰਡੀਆਂ ਹਨ। ਹੁਣੇ ਹੀ ਨਾਵਲਕਾਰ ਮਿੱਤਰ ਸੈਨ ਮੀਤ ਦੀ ਭਾਸ਼ਾ ਵਿਭਾਗ ਪੰਜਾਬ ਵੱਲੋਂ ਦਿੱਤੇ ਜਾਂਦੇ ਸ਼੍ਰੋਮਣੀ ਪੁਰਸਕਾਰਾਂ ਬਾਰੇ ਕਿਤਾਬ 'ਸ਼੍ਰੋਮਣੀ ਪੁਰਸਕਾਰ ਅਤੇ ਸਾਹਿਤਕ ਸਿਆਸਤ' ਆਈ ਹੈ। ਇਹ ਪੁਸਤਕ ਆਰ. ਟੀ.ਆਈ. ਰਾਹੀਂ ਪੰਜਾਬੀ ਸਾਹਿਬ ਪ੍ਰੇਮੀ ਹਰਬਖਸ਼ ਸਿੰਘ ਗਰੇਵਾਲ ਤੇ ਆਰ ਪੀ ਸਿੰਘ ਵੱਲੋਂ ਲਈ ਜਾਣਕਾਰੀ ਦੇ ਅਧਾਰਿਤ ਹੈ। ਇਸ ਕਰਕੇ ਪੁਸਤਕ ਤੱਥਾਂ ਦੇ ਨਾਲ ਪੰਜਾਬੀ ਦੇ ਵੱਡੇ ਮਹੰਤਾਂ ਦੇ ਚਿਹਰੇ ਨੰਗੇ ਕਰਦੀ ਹੈ। ਸ਼੍ਰੋਮਣੀ ਪੁਰਸਕਾਰ ਕਿਵੇਂ ਹਥਿਆਏ ਜਾਂਦੇ ਰਹੇ ਤੇ ਕਿਵੇਂ ਅੰਨ੍ਹਾ ਵੰਡੇ ਸ਼ੀਰਨੀ ਵਾਂਗੂੰ ਆਪਣੇ ਚਹੇਤੇ ਤੇ ਚਹੇਤੀਆਂ ਨੂੰ ਵੰਡਣ ਦਾ ਉਹ ਸੱਚ ਹੈ, ਜਿਸਦੇ ਵਿੱਚ ਭਾਸ਼ਾ ਵਿਭਾਗ ਪੰਜਾਬ, ਪੰਜਾਬ ਸਰਕਾਰ ਤੇ ਪੰਜਾਬੀ ਸਾਹਿਤ ਦੇ ਲੇਖਕ ਤੇ ਵਿਦਵਾਨਾਂ ਦੇ ਦੀਆਂ ਉਹ ਅੰਦਰਲੀਆਂ ਗੱਲਾਂ ਹਨ। ਜਿਹੜੀਆਂ ਸਰਕਾਰੀ ਫਾਇਲਾਂ ਵਿੱਚ ਦੱਬੀਆਂ




ਰਹਿ ਜਾਣੀਆਂ ਸਨ। ਪੁਸਤਕ ਦੇ ਵਿੱਚ ਸਾਰੇ ਤੱਥ ਪੇਸ਼ ਕੀਤੇ ਗਏ ਹਨ। ਜਿਹੜੇ ਪਰਦੇ ਦੇ ਵਿੱਚ ਹੁੰਦੇ ਰਹੇ ਹਨ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜਿਹਨਾਂ ਵਿਦਵਾਨਾਂ ਤੇ ਲੇਖਕਾਂ ਨੇ ਕੜੀ ਘੋਲੀ ਹੈ, ਉਨ੍ਹਾਂ ਵੱਲੋਂ ਧਾਰੀ ਚੁੱਪ ਕਈ ਤਰ੍ਹਾਂ ਸ਼ੰਕੇ ਪੈਦਾ ਨਹੀਂ ਕਰਦੀ ਸਗੋਂ ਉਨ੍ਹਾਂ ਨੂੰ ਸਵਾਲ ਵੀ ਕਰਦੀ ਹੈ ਕਿ ਤੁਸੀਂ ਪੰਜਾਬੀ ਮਾਂ ਬੋਲੀ ਦੀ ਕਿਹੜੀ ਸੇਵਾ ਕਰਦੇ ਰਹੇ ਹੋ ? ਕੀ ਉਨ੍ਹਾਂ ਦਾ ਹੁਣ ਇਹ ਫਰਜ਼ ਨਹੀਂ ਬਣਦਾ ਕਿ ਉਹ ਆਪਣੇ ਮੂੰਹ ਉਤੇ ਲੱਗੀ ਹੋਈ ਕਾਲਖ ਨੂੰ ਪੰਜਾਬੀ ਪਾਠਕਾਂ ਦੇ ਸਾਹਮਣੇ ਧੋਣ ? ਹਾਲਤ ਇਹ ਹੈ ਕਿ 'ਬੇਸ਼ਰਮ ਦੀ ਮਾਂ ਸੰਦੂਕ ਵਿੱਚ ਮੂੰਹ' ਇਹ ਕਿਤਾਬ ਦੇ ਆਉਣ ਦੇ ਨਾਲ ਭਾਸ਼ਾ ਵਿਭਾਗ ਪੰਜਾਬ ਤੇ ਪੰਜਾਬੀ ਦੇ ਲੇਖਕਾਂ/ ਵਿਦਵਾਨਾਂ ਦੇ ਚੇਹਰੇ ਨੰਗੇ ਹੋਏ ਹਨ। ਹੁਣ ਉਹ ਆਪਣੀ ਮੂੰਹ ਛੁਪਾ ਰਹੇ ਹਨ। ਕੁੱਝ ਕੁ ਬੇਸ਼ਰਮਾਂ ਵਾਂਗੂੰ ਹੱਸ ਰਹੇ ਹਨ। ਹੁਣ ਸਮਝਿਆ ਜਾ ਸਕਦਾ ਹੈ ਕਿ ਪੰਜਾਬੀ ਵਿੱਚ ਲਿਖਣ ਵਾਲੇ ਉਹ ਵਿਦਵਾਨ ਤੇ ਲੇਖਕ ਜਿਹੜੇ ਹੁਣ ਤੱਕ ਇਹ ਆਖਦੇ ਰਹੇ ਹਨ ਕਿ ਅਸੀਂ ਮਾਂ ਬੋਲੀ ਪੰਜਾਬੀ ਦੀ ਸੇਵਾ ਕਰਦੇ ਹਾਂ ਤੇ ਉਸਦੀ ਝੋਲੀ ਪੁਸਤਕਾਂ ਦੇ ਨਾਲ ਭਰਦੇ ਹਾਂ। 'ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਲੁਧਿਆਣਾ' ਵੱਲੋਂ ਛਾਪੀ ਇਹ ਕਿਤਾਬ ਪੰਜਾਬੀ ਦੇ ਪਾਠਕ ਵਰਗ ਦੇ ਪੜ੍ਹਨਯੋਗ ਹੈ ਤਾਂ ਕਿ ਪਤਾ ਲੱਗ ਸਕੇ ਦਾਲ ਕਿਉ ਕਾਲੀ ਹੈ ! ਪੰਜਾਬੀ ਦੇ ਵਿਦਵਾਨਾਂ ਤੇ ਲੇਖਕਾਂ ਨੂੰ ਹੁਣ ਜ਼ਰੂਰ ਆਪਣੀ ਹਉਮੈ ਛੱਡਕੇ ਇਸ ਪੁਸਤਕ ਵਿੱਚ ਆਏ ਤੱਥਾਂ ਦੇ ਬਾਰੇ ਆਪਣਾ ਪ੍ਰਤੀਕਰਮ ਦੇਣਾ ਚਾਹੀਦਾ ਹੈ। ਹੁਣ ਭਾਵੇਂ ਸ਼੍ਰੋਮਣੀ ਪੁਰਸਕਾਰ ਦੀ ਇਹ ਭੇਲੀ ਵੰਡ ਮੁਹਿੰਮ ਨੂੰ ਮਾਣਯੋਗ ਅਦਾਲਤ ਦਾ ਬੂਹਾ ਖੜਕਾਇਆ ਗਿਆ ਹੈ। ਫੈਸਲਾ ਕੀ ਆਉਂਦਾ ਹੈ ? ਇਹ ਪਤਾ ਨਹੀਂ ਪਰ ਮਾਣਯੋਗ ਅਦਾਲਤ ਨੇ ਪੰਜਾਬ ਸਰਕਾਰ ਨੂੰ ਇਹ ਪੁਰਸਕਾਰ ਵੰਡਣ 'ਤੇ ਰੋਕਿਆ ਹੈ। ਹੁਣ ਭਾਸ਼ਾ ਵਿਭਾਗ ਪੰਜਾਬ ਤੇ ਵਿਦਵਾਨ/ਲੇਖਕ ਕਟਹਿਰੇ ਵਿੱਚ ਹਨ। ਕੀ ਬਣੇਗਾ ਉਹਨਾਂ ਦਾ ਜੋ ਹੁਣ ਤੱਕ ਚੰਮ ਦੀਆਂ ਚਲਾਉਦੇ ਰਹੇ ਹਨ। ਹੁਣ ਵਿਦਵਾਨਾਂ ਨੂੰ ਸੰਮਨ ਜਾਰੀ ਕੀਤੇ ਗਏ ਹਨ। ਤਰੀਕ ਉਤੇ ਅਦਾਲਤ ਵਿੱਚ ਪੇਸ਼ ਹੋਣਗੇ।

ਪੰਜਾਬੀ ਸਿੱਖਿਆ ਤੇ ਪੰਜਾਬੀ ਸਾਹਿਤ ਵਿੱਚ ਆਏ ਨਿਘਾਰ ਬਾਰੇ ਮੇਰੇ ਵੱਲੋਂ ਵੀਹ ਸਾਲ ਪਹਿਲਾਂ ਜਿਹੜੀ ਮੁਹਿੰਮ ਸ਼ੁਰੂ ਕੀਤੀ ਸੀ, ਇਸ ਪੁਸਤਕ ਦੇ ਆਉਣ ਨਾਲ ਉਸ ਲਹਿਰ ਨੂੰ ਹੋਰ ਵੀ ਬਲ ਮਿਲਿਆ ਹੈ।

ਇਹ ਪੁਸਤਕ ਪੰਜਾਬੀ ਭਾਸ਼ਾ ਪਾਸਾਰ ਭਾਈਚਾਰਾ, ਲੁਧਿਆਣਾ ਦੀ ਇਕਾਈ ਵੱਲੋਂ ਪ੍ਰਕਾਸ਼ਿਤ ਕੀਤੀ ਹੈ। 'ਇਹ ਕਿਤਾਬ ਪੰਜਾਬੀ ਭਵਨ ਲੁਧਿਆਣਾ ਦੇ ਵਿੱਚ ਸ਼ਹੀਦ ਭਗਤ ਸਿੰਘ ਬੁੱਕ ਸ਼ਾਪ (ਇੰਦਰਜੀਤ 842761868), ਨਾਵਲਕਾਰ ਮਿੱਤਰ ਸੈਨ ਮੀਤ ਦਾ ਫੋਨ ਨੰਬਰ 985563177/ਕਿਤਾਬ ਸੰਭਾਲਣ ਯੋਗ ਤੇ ਪੜ੍ਹਨ ਯੋਗ ਹੈ।'

ਪੁਰਸਕਾਰ ਲੈਣ ਦੇਣ ਦੇ ਮਾਮਲੇ ਵਿੱਚ ਸਭ ਨੰਗੇ ਹਨ, ਇਹਨਾਂ ਦੇ ਵਿੱਚੋਂ ਕਿਹੜੇ ਚੰਗੇ ਹਨ ਜਾਂ ਮੰਦੇ ਹਨ...? ਇਸ ਪੁਸਤਕ ਨੂੰ ਪੜ੍ਹਿਆ ਹੀ ਪਤਾ ਲੱਗਦਾ ਹੈ।

**ਬੁੱਧ ਸਿੰਘ ਨੀਲੋਂ**
**94643 70823**


Advice from someone you trust.
Sun Life
Life's brighter under the sun
Life & Health Insurance · Critical Illness Insurance · Disability Insurance
Employee Benefits · RESP · TFSA· RRSP · Mutual Funds

Harvinder Singh*
587-574-0029
harvinder.h.singh@sunlife.com
*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.




Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

# ਇਨਕਲਾਬੀ ਸਭਿਆਚਾਰਕ ਕੇਂਦਰ ਵਜੋਂ ਉੱਭਰ ਰਹੀ ਹੈ ਲੁਧਿਆਣਾ ਵਿਖੇ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਸੁਨੇਤ













ਲੁਧਿਆਣਾ ਦੀ ਬੁੱਕਲ ਵਿੱਚ ਵਸਿਆ ਪਿੰਡ ਸੁਨੇਤ ਜੋ ਹੁਣ ਨਗਰ ਨਿਗਮ ਹੱਦ ਵਿੱਚ ਆ ਗਿਆ ਹੈ, ਦੇ ਜੰਮ ਪਲ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਸੁਨੇਤ, ਜਿਹਨਾਂ ਦੇਸ਼ ਦੀ ਅਜ਼ਾਦੀ ਲਈ ਅਮਰੀਕਾ ਦੀ ਧਰਤੀ ਤੋਂ ਉੱਠੀ ਗਦਰ ਲਹਿਰ ਵਿੱਚ ਦਲੇਰ ਸੂਰਮੇਂ ਵਜੋਂ ਕਾਲੇ ਪਾਣੀਆਂ ਦੀ ਸੈਲੂਲਰ ਜੇਲ੍ਹ ਵਿੱਚ ਅੰਗਰੇਜ਼ ਹਕੂਮਤ ਦੇ ਤਸੀਹੇ ਝੱਲਦਿਆਂ ਸ਼ਹੀਦੀ ਪ੍ਰਾਪਤ ਕੀਤੀ। ਇਸ ਇਲਾਕੇ ਦੀ ਸਮਾਜ ਸੇਵੀ ਸੰਸਥਾ ਮਹਾਂ ਸਭਾ ਲੁਧਿਆਣਾ ਦੇ ਯਤਨਾਂ ਸਦਕਾ ਉਹਨਾਂ ਦੀ ਯਾਦਗਾਰ ਉਸਾਰਨ ਲਈ ਸਥਾਪਿਤ ਕੀਤੇ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਮੈਮੋਰੀਅਲ ਟਰੱਸਟ (ਰਜਿ:) ਵੱਲੋਂ ਪਿੰਡ ਨੇ ਦਿੱਤੀ ਸਾਂਝੀ ਜ਼ਮੀਨ 'ਤੇ ਉਸਾਰੀ ਇਸ ਯਾਦਗਾਰ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਹਿੱਤ ਕੋਸ਼ਿਸ਼ਾਂ ਜਾਰੀ ਹਨ। ਟਰੱਸਟ ਦੇ ਪ੍ਰਧਾਨ ਕਰਨਲ ਜੇ ਐਸ ਬਰਾੜ ਦੀ ਸਿਹਤ ਢਿੱਲੀ ਹੋਣ, ਵਿੱਤ ਸਕੱਤਰ ਗੁਰਮੇਲ ਗਿੱਲ ਅਤੇ ਸਰਗਰਮ ਆਗੂ ਮਾ. ਭਜਨ ਸਿੰਘ ਦੇ ਵਿਦੇਸ਼ ਜਾਣ ਦੇ ਬਾਵਜੂਦ ਵੀ ਉਹਨਾਂ ਵੱਲੋਂ ਲਗਾਤਾਰ ਸੰਪਰਕ ਕਰਦੇ ਰਹਿਣ ਕਾਰਣ ਆਪਣੀ ਗੈਰ ਹਾਜ਼ਰੀ ਨੂੰ ਮਹਿਸੂਸ ਨਾ ਹੋਣ ਦੇਣ ਨੇ ਬਾਕੀ ਮੈਂਬਰਾਂ ਨੂੰ ਹਮੇਸ਼ਾ ਉਤਸ਼ਾਹਿਤ ਕੀਤਾ ਹੈ। ਟਰੱਸਟ ਦੇ ਜਨਰਲ ਸਕੱਤਰ ਜਸਵੰਤ ਜ਼ੀਰਖ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਹੁਣ ਇਸ ਇਲਾਕੇ ਦੇ ਨੌਜਵਾਨਾਂ ਵੱਲੋਂ ਬਣਾਈ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਲੁਧਿਆਣਾ ਨੇ ਟਰੱਸਟ ਅਤੇ ਯਾਦਗਾਰ ਦੇ ਕੰਮਾਂ ਨੂੰ ਹੋਰ ਵੀ ਉਤਸਾਹਿਤ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਉਹਨਾਂ ਵੱਲੋਂ ਇਸ ਯਾਦਗਾਰ 'ਤੇ ਹੋਰ ਉਸਾਰੂ ਗਤੀਵਿਧੀਆਂ ਦੀ ਸ਼ੁਰੂਆਤ ਕੀਤੀ ਗਈ ਹੈ। ਸਕੂਲੀ ਵਿਦਿਆਰਥੀਆਂ ਦੀਆਂ ਛੁੱਟੀਆਂ ਦੌਰਾਨ ਕੈਂਪ ਲਗਾ ਕੇ ਉਸਾਰੂ ਨਾਟਕ, ਪੇਂਟਿੰਗ, ਸੁੰਦਰ ਲਿਖਾਈ, ਖਿਡਾਉਣੇ ਬਣਾਉਣ ਆਦਿ ਰਾਹੀਂ ਉਹਨਾਂ ਨੂੰ ਸਮਾਜ ਵਿੱਚ ਅਗਾਂਹ ਵਧੂ ਰੁੱਚੀਆਂ ਪੈਦਾ ਕਰਨ ਦੇ ਉਪਰਾਲੇ ਹਾਂ ਪੱਖੀ ਪ੍ਰਾਪਤੀ ਹੈ। ਇਸ ਕੰਮ ਵਿੱਚ ਉੱਘੇ ਆਰਟਿਸਟ ਸਮਸ਼ੇਰ ਨੂਰਪੁਰੀ ਅਤੇ ਬਹੁਤ ਹੀ ਗੁਣਵਾਨ ਅਧਿਆਪਕਾ ਸ੍ਰੀਮਤੀ ਜਸਲੀਨ ਕੌਰ ਵੱਲੋਂ ਸੰਭਾਲੀ ਜ਼ੁੰਮੇਵਾਰੀ ਹੋਰ ਵੀ ਬੇਹੱਦ ਸ਼ਲਾਘਾ ਯੋਗ ਰਹੀ ਹੈ। ਇਸੇ ਤਰ੍ਹਾਂ ਹਰ ਦੋ - ਤਿੰਨ ਮਹੀਨੇ ਬਾਅਦ ਸਮਾਜਿਕ ਸਮੱਸਿਆਵਾਂ ਅਤੇ ਉਹਨਾਂ ਦਾ ਸਹੀ ਹੱਲ ਪੇਸ਼ ਕਰਦੇ ਨਾਟਕਾਂ, ਕੋਰੀਓਗ੍ਰਾਫੀਆਂ, ਗੀਤ - ਕਵਿਤਾਵਾਂ ਆਦਿ ਦੀਆਂ ਪੇਸ਼ਕਾਰੀਆਂ ਰਾਹੀਂ ਲੋਕਾਂ ਨੂੰ ਸਿੱਖਿਅਤ ਕਰਨ ਦੇ ਯਤਨ ਲਗਾਤਾਰ ਜਾਰੀ ਹਨ। ਇਸ ਮਹੀਨੇ ਇਸ ਯਾਦਗਾਰ ਦੀ ਖੁੱਲ੍ਹੀ ਸਟੇਜ ਤੋਂ ਖੇਡੇ ਗਏ ਦੋ ਨਾਟਕ 'ਤੱਤੀ-ਤਵੀ' ਅਤੇ 'ਪਰਖ਼' ਨਾਂ ਦੇ ਇਹ ਨਾਟਕ ਜੋ ਮਨੁੱਖੀ ਧਰਮ/ ਫਰਜ਼ ਨੂੰ ਜ਼ੁਲਮ ਖਿਲਾਫ ਖੜਨ ਦੀ ਸਿੱਖਿਆ ਦੇਣੀ ਛੱਡ, ਸਿਰਫ ਪਾਠ ਪੂਜਾ ਤੱਕ ਸੀਮਤ ਕਰ ਦੇਣ ਦੇ ਰੁਝਾਨ ਨੂੰ ਉਜਾਗਰ ਕਰਨ ਪੱਖੋਂ ਸਫਲ ਰਹੇ। ਇਹ ਨਾਟਕ ਤਰਲੋਚਨ ਸਿੰਘ ਪਨੇਸਰ ਦੀ ਨਿਰਦੇਸ਼ਨਾਂ ਹੇਠ ਰੰਗ ਮੰਚ ਨਗਰੀ ਲੁਧਿਆਣਾ ਵੱਲੋਂ ਖੇਡੇ ਗਏ।

ਇਸ ਮੌਕੇ ਉਪਰੋਕਤ ਨੌਜਵਾਨ ਸਭਾ ਦੇ ਪ੍ਰਧਾਨ ਹਰਪ੍ਰੀਤ ਜ਼ੀਰਖ ਨੇ ਇਸ ਯਾਦਗਾਰ ਵਿੱਚ ਚੱਲ ਰਹੀਆਂ ਗਤੀਵਿਧੀਆਂ ਰਾਹੀਂ ਅਣਭੋਲ ਲੋਕਾਂ ਦੇ ਸਿਆਸਤਦਾਨਾਂ ਵੱਲੋਂ ਕੀਤੇ ਜਾ ਰਹੇ ਸ਼ੋਸ਼ਣ ਲਈ ਸੁਚੇਤ ਕਰਨ ਦੇ ਯਤਨਾ ਅਤੇ ਉਹਨਾਂ ਨਾਲ ਹੋ ਰਹੀ ਬੇ ਇਨਸਾਫੀ ਬਾਰੇ ਜਾਗਰੁਕ ਕੀਤਾ।ਜਗਜੀਤ ਸਿੰਘ ਵੱਲੋਂ ਸਟੇਜ ਸੰਚਾਲਨ ਦੀ ਭੂਮਿਕਾ ਨਿਭਾਉਂਦਿਆਂ ਸਮੇਂ ਦੇ ਮੌਜੂਦਾ ਦੌਰ ਵਿੱਚ ਨਾਟਕ ਕਲਾ ਰਾਹੀਂ ਸਮਾਜ ਦੀਆਂ ਸਮੱਸਿਆਵਾਂ ਬਾਰੇ ਸਮਝਣ ਲਈ ਸਹੀ ਸਾਧਨ ਕਰਾਰ ਦਿੱਤਾ। ਟਰੱਸਟ ਦੇ ਜਨਰਲ ਸਕੱਤਰ ਜਸਵੰਤ ਜ਼ੀਰਖ ਨੇ ਰਾਜੇ ਮਹਾਰਾਜਿਆਂ ਵੱਲੋਂ ਲੋਕਾਂ ਉੱਪਰ ਕੀਤੇ ਜਾਂਦੇ ਜ਼ੁਲਮਾਂ ਖਿਲਾਫ ਵੱਖ ਵੱਖ ਗੁਰੂਆਂ ਅਤੇ ਗਦਰੀ ਬਾਬਿਆਂ ਵੱਲੋਂ ਨਿਭਾਈਆਂ ਗਈਆਂ ਦਲੇਰਾਨਾ ਭੂਮਿਕਾਵਾਂ ਤੋਂ ਸਬਕ ਲੈਣ ਦੀ ਗੱਲ ਕੀਤੀ, ਉੱਥੇ ਅੱਜ ਦੇ ਸਮੇਂ ਹੋ ਰਹੇ ਵੱਖ ਵੱਖ ਹਕੂਮਤੀ ਜਬਰ ਖਿਲਾਫ ਆਪਣੀ ਜ਼ੁੰਮੇਵਾਰੀ ਸਮਝਣ ਤੇ ਜ਼ੋਰ ਦਿੱਤਾ। ਟਰੱਸਟ ਦੇ ਮੈਂਬਰ ਬਲਵਿੰਦਰ ਸਿੰਘ, ਅਤੇ ਨੌਜਵਾਨ ਸਭਾ ਦੀ ਆਗੂ ਮੀਨਾਕਸ਼ੀ ਉਰਫ ਮੀਨੂੰ ਸਮੇਤ ਰਾਬਤਾ ਨੇ ਹੋਰ ਸਾਥੀਆਂ ਰਾਹੀਂ ਇਨਕਲਾਬੀ ਗੀਤਾਂ ਅਤੇ ਕਵਿਤਾਵਾਂ ਰਾਹੀਂ ਆਪਣੀਆਂ ਹਜ਼ਰੀਆਂ ਲਵਾਈਆਂ।

ਇਸ ਯਾਦਗਾਰ ਦੀਆਂ ਦੀਵਾਰਾਂ ਉੱਪਰ ਗਦਰੀ ਅਤੇ ਹੋਰ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਨੂੰ ਦਰਸਾਉਂਦਾ ਮਿਊਜ਼ੀਅਮ ਪੇਂਟਿੰਗ ਦੇ ਰੂਪ ਵਿੱਚ ਚਿਤਰਨਾ ਸ਼ੁਰੂ ਹੋ ਚੁੱਕਾ ਹੈ, ਜਿਸ ਵਿੱਚ ਗ਼ਦਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਸੈਲੂਲਰ ਜੇਲ੍ਹ (ਕਾਲੇ ਪਾਣੀ) ਅਤੇ ਦੇਸ਼ ਭਗਤਾਂ ਨੂੰ ਫਾਸੀਆਂ ਦੇਣ ਲਈ ਲਾਹੌਰ 'ਚ ਮੌਜੂਦ ਫੰਦੇ ਦੀਆਂ ਪੇਂਟਿੰਗ ਤਿਆਰ ਹੋ ਚੁੱਕੀਆਂ ਹਨ। ਨੌਜਵਾਨ ਸਭਾ ਦੇ ਉੱਦਮ ਨਾਲ ਉਪਰੋਕਤ ਨਾਟਕ ਸਮਾਗਮ ਦੇ ਪ੍ਰਬੰਧਾਂ ਵਿੱਚ ਰਾਕੇਸ਼ ਆਜ਼ਾਦ, ਅਰੁਣ ਕੁਮਾਰ, ਮਾਹਣਾ ਸਿੰਘ, ਰਜੀਵ ਕੁਮਾਰ, ਹਰਸ਼ਾ ਸਿੰਘ, ਧੀਰਜ ਸਿੰਘ, ਮਹੇਸ਼ ਕੁਮਾਰ, ਨੇ ਅਹਿਮ ਜ਼ੁੰਮੇਵਾਰੀ ਨਿਭਾਈ। ਇਲਾਕੇ ਦੀਆਂ ਸ਼ਖਸੀਅਤਾਂ ਵਜੋਂ ਬਹਾਦਰ ਸਿੰਘ ਭੂਰ,ਪ੍ਰਮਜੀਤ ਸਿੰਘ ਰਾਜ ਗੁਰੂ ਨਗਰ, ਦਲਬਾਗ ਸਿੰਘ, ਰਵੀਦਾਸ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਆਗੂ ਸ਼ਾਮਲ ਸਨ।

KRAFTSMAN ELECTRIC LTD.
ELECTRIC
Residential & Commercial
Licensed, Bonded & Insured
CERTIFIED ELECTRICIAN
BBB ACCREDITED BUSINESS
www.kraftsmanelectric.ca
kelectric17@gmail.com
778-883-1313

DM TRANSPORT
ace ACI US & Canada Bonded
Bob Dhaliwal
President
Phone# 1-844-820-3434 EXT 112
647-554-9723
Fax # 1-416-981-3515
19 Wheeler Dr
Bolton, ON L7E4H8
Email : bob@dmtransport.ca
Web : www.dmtransport.ca

Hiring AZ drivers and owner operator







Description
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
What we are offering:
• Great Pay • Great work environment • Consistent work & and miles! • Scale bypass
Requirements for our AZ Truck Driver positions:
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at BOB@DMTRANSPORT.CA or call me Bob 416-318-5032

ਸੁਪਰੀਮ ਕੋਰਟ ਦਾ ਮੱਤ

# ਖਣਨ ਤੇ ਖਾਣਾਂ ਦਾ ਅਧਿਕਾਰ ਸੰਵਿਧਾਨਕ ਤੌਰ 'ਤੇ ਰਾਜਾਂ ਦੇ ਕੋਲ

ਨਰਭਿੰਦਰ
93544-30211

ਆਖਿਰ 35 ਸਾਲਾਂ ਪਿਛੋਂ ਸੁਪਰੀਮ ਕੋਰਟ ਨੇ ਰਾਜਾਂ ਤੇ ਕੇਂਦਰ ਦਰਮਿਆਨ ਜ਼ਮੀਨ ਦੇ ਅਧਿਕਾਰ ਅਤੇ ਰਿਐਲਟੀ ਨੂੰ ਸੰਵਿਧਾਨ ਪ੍ਰੀਭਾਸ਼ਤ ਕੀਤਾ ਹੈ। ਸਾਲ 1989 ਵਿਚ ਤਾਮਿਲਨਾਡੂ ਦੀ ਸਰਕਾਰ ਨੇ ਇੰਡੀਅਨ ਸੀਮਿੰਟ ਲਿਮਟਿਡ ਪਾਸੋਂ ਰਿਐਲਟੀ ਦੀ ਮੰਗ ਕੀਤੀ ਸੀ। ਕੇਸ ਕੋਰਟ ਵਿਚ ਗਿਆ ਸੀ ਅਤੇ ਸੁਪਰੀਮ ਕੋਰਟ ਦੇ 7 ਜੱਜਾਂ ਦੇ ਬੈਂਚ ਨੇ ਇਸ ਨੂੰ ਨਕਾਰ ਦਿੱਤਾ ਸੀ। ਉਸ ਸਮੇਂ ਸੁਪਰੀਮ ਕੋਰਟ ਦਾ ਮੱਤ ਸੀ ਕਿ 'ਰਿਐਲਟੀ ਇਕ ਕਿਸਮ ਦਾ ਟੈਕਸ ਹੈ ਅਤੇ ਇਸ ਨੂੰ ਸੰਸਦ ਹੀ ਆਪਣੇ ਅਧੀਨ ਰੱਖ ਸਕਦੀ ਹੈ।' ਇਸੇ ਆਧਾਰ ਉਤੇ ਕੇਸ ਖਾਰਿਜ ਕਰ ਦਿੱਤਾ ਸੀ। ਫੇਰ 2004 ਵਿਚ ਪੱਛਮੀ ਬੰਗਾਲ ਦੀ ਸਰਕਾਰ ਤੇ ਕੇਸੋ ਰਾਮ ਇੰਡਸਟਰੀ ਦਰਮਿਆਨ ਕੇਸ ਸੁਪਰੀਮ ਕੋਰਟ ਪੁੱਜਾ ਜਿਸ ਨੂੰ 5 ਜੱਜਾਂ ਦੇ ਬੈਂਚ ਨੇ ਸੁਣਿਆ ਤੇ ਫੈਸਲੇ 'ਚ ਲਿਖਿਆ ਕਿ 1989 ਦੇ ਫੈਸਲੇ ਵਿਚ ਟਾਈਪੋਗ੍ਰਾਫੀਕਲ ਤਰੁਟੀ ਸੀ ਅਤੇ ਰਿਆਇਲਟੀ ਕੋਈ ਟੈਕਸ ਨਹੀਂ ਹੈ। ਇਸ ਨੇ ਕਿਹਾ ਕਿ 'ਰਿਐਲਟੀ ਕੋਈ ਟੈਕਸ ਨਹੀਂ ਹੈ'। ਵਾਲ ਨੂੰ ਇੰਝ ਪੜ੍ਹਿਆ ਜਾਵੇ 'ਰਿਐਲਟੀ ਉਤੇ ਉਪ ਟੈਕਸ ਇਕ ਟੈਕਸ'। 1989 ਦੇ ਫੈਸਲੇ 'ਚ ਕਿਹਾ ਗਿਆ ਸੀ ਕਿ ਰਿਐਲਟੀ ਕੋਈ ਟੈਕਸ ਨਹੀਂ ਹੈ।

ਸੁਪਰੀਮ ਕੋਰਟ ਦੇ 9 ਜੱਜਾਂ ਨੇ ਇਕ ਲੰਬੀ ਸੁਣਵਾਈ ਪਿਛੋਂ ਜੋ ਫੈਸਲਾ 8-1 ਦੇ ਆਧਾਰਤ ਬਹੁਸੰਮਤੀ ਬੈਂਚ ਨੇ ਦਿੱਤਾ ਹੈ, ਇਸ ਨੇ ਸਪਸ਼ਟ ਕੀਤਾ ਹੈ ਕਿ 'ਖਣਿਜ ਸੰਪਦਾ ਉਤੇ ਰਿਐਲਟੀ ਅਤੇ ਐਕਸ ਦਾ ਅਧਿਕਾਰ ਰਾਜਾਂ ਦਾ ਬਣਦਾ ਹੈ।" ਜਦੋਂਕਿ ਇਕ ਜੱਜ ਬੀ.ਵੀ. ਨਾਗਰਤਨਾ ਦਾ ਮੱਤ ਇਹ ਸੀ ਕਿ ਸੰਸਦ ਕੋਲਦੇਸ਼ ਵਿਚ ਖਣਿਜਾਂ ਉਤੇ ਟੈਕਸ ਲਾਉਣ ਦਾ ਵਿਸ਼ੇਸ਼ ਅਧਿਕਾਰ ਹੈ। ਦਰਅਸਲ ਮਾਮਲਾ ਖਾਣ ਅਤੇ ਖਣਿਜਾਂ ਸਬੰਧੀ ਵਿਕਾਸ ਤੇ ਖੋਜ ਕਾਨੂੰਨ 1957 ਨੂੰ ਪ੍ਰੀਭਾਸ਼ਤ ਕਰਨ ਦਾ ਸੀ ਤੇ ਹੈ। ਇਸ ਨੌਂ ਮੈਂਬਰੀ ਬੈਂਚ ਦੇ ਮੁਖੀ ਚੀਫ਼ ਜਸਟਿਸ ਚੰਦਰਚੂਹੜ ਸਨ, ਜਿਨ੍ਹਾਂ ਨੇ ਇਹ ਕਿਹਾ ਕਿ 1989 ਵਿਚ ਸੁਪਰੀਮ ਕੋਰਟ ਦਾ ਫੈਸਲਾ ਜਿਸ ਵਿਚ ਰਿਐਲਟੀ ਨੂੰ ਇਕ ਟੈਕਸ ਦੇ ਰੂਪ ਵਿਚ ਵਰਗੀਕ੍ਰਿਤ ਕੀਤਾ ਗਿਆ, ਗਲਤ ਫੈਸਲਾ ਸੀ।

ਇਸ ਵਾਰ ਸੁਪਰੀਮ ਕੋਰਟ ਨੇ ਖਣਨ ਤੇਖਾਣਾਂ ਦੇ ਮਾਮਲਿਆਂ ਸਬੰਧੀ ਲਗਭਗ 86 ਰਿਟਾਂ ਦੀ ਸੁਣਵਾਈ ਕੀਤੀ ਜਿਹੜੀਆਂ ਰਾਜ ਸਰਕਾਰਾਂ, ਖਣਨ ਕੰਪਨੀਆਂ, ਕੇਂਦਰ ਸਰਕਾਰ ਆਦਿ ਵਲੋਂ ਦਾਖਲ ਸਨ ਅਤੇ ਇਹ ਮਿਨਰਲਜ਼ ਅਤੇ ਖਣਨ ਖਣਨ ਰਿਐਲਟੀ ਤੇ ਟੈਕਸਾਂ ਨਾਲ ਜੁੜੀਆਂ ਸਨ। ਦਰਅਸਲ ਲੰਮੇ ਸਮੇਂ ਤੋਂ ਕੇਂਦਰ ਦੇਸ਼ ਦੇ ਖਣਿਨ ਸੰਪਦਾ ਉਤੇ ਆਪਣਾ ਹੱਕ ਜਤਾਉਂਦਾ ਆ ਰਿਹਾ ਹੈ ਤੇ ਹੈ ਅਤੇ ਆਪਣੀ ਪੁੱਗਤ ਵਾਲੇ ਫੈਸਲੇ ਲਾਗੂ ਕਰਵਾਉਂਦਾ ਆ ਰਿਹਾ ਹੈ। ਜਿਹੜੇ ਰਾਜਾਂ ਵਿਚ ਸੱਤਾਧਾਰੀ ਦੀ ਸਰਕਾਰ ਹੁੰਦੀ ਹੈ, ਉਥੇ ਹਿਹ ਆਸਾਨੀ ਨਾਲ ਲਾਗੂ ਹੋ ਜਾਂਦੇ ਸਨ ਅਤੇ ਜਿਥੇ ਵਿਰੋਧੀ ਧਿਰ ਦੀ ਸਰਕਾਰ ਹੁੰਦੀ ਹੈ, ਉਥੇ ਉਸ ਦੀ ਬਾਂਹ ਮਰੋੜ ਕੇ ਲਾਗੂ ਕਰਵਾ ਲੈਂਦੇ ਸਨ। ਕਾਂਗਰਸ ਦੇ ਸਮੇਂ ਤੋਂ ਚਲਿਆ ਆ ਰਿਹਾ ਹਿਹ ਕਲਚਰ 2014 'ਚ ਭਾਜਪਾ ਦੀ ਸਰਕਾਰ ਆਉਣ ਨਾਲ ਹੋਰ ਤੇਜ਼ ਅਤੇ ਕੁਰੱਖਤ ਹੋ ਗਿਆ। ਇਹਦਾ ਕਾਰਨ ਇਹ ਸੀ ਕਿ 'ਇਕ ਦੇਸ਼, ਇਕ ਕਾਨੂੰਨ, ਇਕ ਸਰਕਾਰ' ਦੀ ਹਟ ਲਾਉਣ ਵਾਲੀ ਸੰਘੀ ਸੋਚ ਨੂੰ ਸੰਘੀ ਢਾਂਚਾ ਪ੍ਰਵਾਨ ਵੀ ਨਹੀਂ ਅਤੇ ਨਾਲ ਹੀ ਕਾਰਪੋਰੇਟ ਪੂੰਜੀ ਦੇ ਵੀ ਮੁਆਫ਼ਕ ਨਹੀਂ ਬਹਿੰਦੀ। ਇਸੇ ਕਰਕੇ ਮੋਦੀ ਹਕੂਮਤ ਨੇ ਪਿਛਲੇਰੇ 10 ਸਾਲਾਂ ਵਿਚ ਆਪਣੇ ਕਾਰਪੋਰੇਟੀ ਮਿੱਤਰਾਂ ਨੂੰ ਦੇਸ਼ ਤੇ ਰਾਜਾਂ ਦੀ ਬਹੁਮੁੱਲੀ ਸੰਪਦਾ (ਖਣਿਜਾਂ ਤੇ ਮਿਨਰਲਜ਼) ਨੂੰ ਸੌਂਪਣ ਲਈ ਸੰਵਿਧਾਨ ਤੇ ਨਿਯਮਾਂ ਦੀ ਮਰਯਾਦਾ ਦੀ ਪ੍ਰਵਾਨ ਨਹੀਂ ਕੀਤੀ।

ਰਾਜ ਤੇ ਰਾਜ ਸਰਕਾਰਾਂ ਆਪਣੇ ਅਮੀਰ ਸਰੋਤਾਂ ਦੇ ਬਾਵਜੂਦ ਕੇਂਦਰ ਦੇ ਅੱਗੇ ਆਤਮ ਸਮਰਪਣ ਕਰਨ ਲਈ ਮਜ਼ਬੂਰ ਹਨ ਅਤੇ ਕੇਂਦਰ ਪਾਸੋਂ ਮੰਗਤਿਆਂ ਵਾਂਗੂੰ ਫੰਡ ਮੰਗਦੀਆਂ ਆ ਰਹੀਆਂ ਹਨ। ਮਿਸਾਲ ਲਈ 'ਇਕ ਦੇਸ਼ ਇਕ ਟੈਕਸ' ਦੇ ਨਾਂ ਹੇਠ ਇਕੱਠਾ ਕੀਤਾ ਜਾਂਦਾ ਜੀ.ਐਸ.ਟੀ. ਟੈਕਸ ਵਿਚੋਂ ਵੀ ਰਾਜ ਸਰਕਾਰਾਂ ਨੂੰ ਹਿੱਸਾ ਲੈਣਾ ਗੋਡਿਆਂ ਪਰਨੇ ਹੋਣਾ ਪੈਂਦਾ ਹੈ। ਕੇਂਦਰ ਕੋਲ ਇਕੱਠੇ ਹੋਏ ਜੀ.ਐਸ.ਟੀ. ਦਾ ਕਰੋੜ ਰੁਪਏ ਰਾਜ ਸਰਕਾਰਾਂ ਦਾ ਬਕਾਇਆ ਖਲੋਤਾ ਹੈ ਤੇ ਇਹ ਕਿਹੜੇ ਰਾਜ ਨੂੰ ਕਿਵੇਂ, ਕਦੋਂ ਅਤੇ ਕਿੰਨਾ ਦੇਣਾ ਹੈ, ਇਹ ਕੇਂਦਰ ਦੀ ਮੇਹਰਬਾਨੀ ਅਤੇ ਦਿਆਲਤਾ ਉਤੇ ਨਿਰਭਰ ਕਰਦਾ ਹੈ।

ਛਤੀਸ਼ਗੜ੍ਹ ਸਰਕਾਰ ਨੇ ਜੁਲਾਈ 2022 ਵਿਚ ਵਿਧਾਨ ਸਭਾ ਵਿਚ ਇਕ ਮਤਾ ਪਾਸ ਕੀਤਾ ਸੀ, ਜਿਸ 'ਚ ਮੰਗ ਕੀਤੀ ਗਈ ਸੀ ਕਿ ਕੇਂਦਰ, ਰਾਜ ਵਿਚ ਉਨ੍ਹਾਂ ਸਾਰੀਆਂ ਖਣਨ ਯੋਜਨਾਵਾਂ ਨੂੰ ਰੱਦ ਕਰ ਦੇਵੇ। ਉਹ ਸੁਪਰੀਮ ਕੋਰਟ ਵੀ ਗਏ, ਪਰ ਸੁਪਰੀਮ ਕੋਰਟ ਦਾ ਜਵਾਬ ਸੀਕਿ 'ਅਸੀਂ ਵਿਕਾਸ ਦੇ ਕੰਮਾਂ ਵਿਚ ਰੋੜਾ ਨਹੀਂ ਬਣ ਸਕਦੇ।' ਇਉਂ ਜਿਥੇ ਸਾਰੀਆਂ ਰਿੱਟਾਂ ਖਾਰਜ ਹੋ ਗਈਆਂ, ਉਥੇ ਕੇਂਦਰ ਨੂੰ ਆਪਹੁਦਰਾਸ਼ਾਹੀ ਲਈ ਬਲ ਵੀ ਮਿਲਿਆ। ਛਤੀਸ਼ਗੜ੍ਹ ਵਿਚ ਕੋਲੇ ਦੇ ਖਣਿਜ ਭੰਡਾਰਾਂ ਨੂੰ ਕਾਰਪੋਰੇਟੀ ਮਿੱਤਰਾਂ ਨੂੰ ਸੌਂਪਣ ਲਈ ਕੇਂਦਰ ਨੇ ਨੰਗੇ ਚਿੱਟੇ ਥਾਣੇਦਾਰ ਵਾਲੀ ਭੂਮਿਕਾ ਨਿਭਾਈ। ਹਰਵੇਸ਼ ਦੇ ਜੰਗਲਾਂ 'ਚ ਹਜ਼ਾਰਾਂ ਏਕੜ ਜ਼ਮੀਨ ਕੋਇਲਾ ਖਾਣਾ ਨੂੰ ਅਲਾਟ ਕਰ ਦਿੱਤੀ ਹੈ, ਉਥੇ ਹਜ਼ਾਰਾਂ ਸਾਲ ਪੁਰਾਣੇ ਜੰਗਲਾਂ ਦੀ ਕਟਾਈ ਚਲ ਰਹੀ ਹੈ ਅਤੇ ਲੋਕ ਇਸ ਦਾ ਬਹੁਤ ਡਟਵਾਂ ਵਿਰੋਧ ਕਰ ਰਹੇ ਹਨ। ਮਾਈਨਿੰਗ ਅਦਾਨੀ ਦੀਆਂ ਕੰਪਨੀਆਂ ਕਰ ਰਹੀਆਂ ਹਨ। 150000 ਵਰਗ ਕਿਲੋਮੀਟਰ ਵਿਚ ਫੈਲੇ ਇਨ੍ਹਾਂ ਪੁਰਾਤਨ ਜੰਗਲਾਂ ਦੇ ਹੇਠਾਂ 5 ਅਰਬ ਮੀਟ੍ਰਿਕ ਟਨ ਕੋਲਾ ਦੱਬਿਆ ਪਿਆਹੈ ਜਿਸ ਉਤੇ ਅਦਾਨੀ ਦੀ ਅੱਖ ਹੈ। ਹਾਲਾਂਕਿ ਵਾਤਾਵਰਣ ਤੇ ਪਾਣੀ ਦੇ ਵਿਭਾਗਾਂ ਨੇ ਇਸਨੂੰ 'ਨੋ ਗੋਅ-ਏਰੀਆ' ਐਲਾਨਿਆ ਹੋਇਆ ਹੈ ਪਰ ਕੇਂਦਰੀ ਹਕੂਮਤ ਨੇ ਸਾਰੇ ਕਾਨੂੰਨ ਛਿੱਕੇ ਟੰਗ ਕੇ ਆਪਣੇ ਮਿੱਤਰ ਅਦਾਨੀ ਲਈ 170000 ਹੈਕਟੇਅਰ ਦੇ ਖੇਤਰ ਵਿਚ 23 ਕੋਲ ਬਲਾਕ ਅਲਾਟ ਕੀਤੇ ਹੋਏ ਹਨ। ਰਾਜ ਸਰਕਾਰ ਬੇਵੱਸ ਹੈ।

ਦਰਅਸਲ 1973 ਵਿਚ ਉਸ ਵੇਲੇ ਦੀ ਕਾਂਗਰਸ ਸਰਕਾਰ ਨੇ ਕੋਲੇ ਦੀਆਂ ਖਾਣਾਂ ਦਾ ਕੌਟਰੀਕਰਨ ਕਰ ਦਿੱਤਾ ਸੀ ਅਤੇ ਪ੍ਰਾਈਵੇਟ ਅਦਾਰਿਆਂ ਪਾਸੋਂ ਖਾਣਾ ਹਾਸਲ ਕਰ ਲਈਆਂ ਹਨ ਕਿ ਇਹ ਦੇਸ਼ ਦੀ ਸੰਪਦਾ ਹੈ। ਇਨ੍ਹਾਂ ਕੋਲੇ ਦੀਆਂ ਖਾਣਾਂ ਤੇ ਕੋਲੇ ਦੇ ਭੰਡਾਰਾਂ ਨੂੰ ਕੋਲ ਇੰਡੀਆ ਲਿ. ਦੇ ਅਧੀਨ ਕਰ ਦਿੱਤਾ ਸੀ। ਕੋਲ ਇੰਡੀਆ ਲਿ. ਕਿਉਂਕਿ ਇਕ ਸਰਕਾਰੀ ਅਦਾਰਾ ਹੈ ਅਤੇ ਕੇਂਦਰ ਸਰਕਾਰ ਦੇ ਅਧੀਨ ਹੈ। ਇਸ ਦੇ ਕੋਲੇ ਨੂੰ ਦੇਸ਼ ਦੀਆਂ ਲੋੜਾਂ ਮੁਤਾਬਕ ਖਣਨ ਦੇ ਕੰਮ ਨੂੰ ਸੰਭਾਲਿਆ ਹੋਇਆ ਸੀ, ਖਾਣਾਂ ਲਗਭਗ ਸਰਕਾਰ ਦੇ ਅਧੀਨ ਸਨ। 1991 ਵਿਚ ਜਦੋਂ ਨਵਉਦਾਰਵਾਦੀ ਨੀਤੀਆਂ ਆਈਆਂ ਅਤੇ ਖਣਿਜ ਪਦਾਰਥਾਂ ਨੂੰ ਵਪਾਰਕ ਤੇ ਪ੍ਰਾਈਵੇਟ/ਨਿੱਜੀ ਕੰਪਨੀਆਂ ਲਈ ਖੋਲ੍ਹ ਦਿੱਤਾ ਤਾਂ ਕੋਲ ਬਲਾਕਾਂ ਦੀ ਅਲਾਟਮੈਂਟ ਉਨ੍ਹਾਂ ਨੂੰ ਹੋਣ ਲੱਗੀ। 1993 ਵਿਚ ਸਮੇਂ ਦੀ ਸਰਕਾਰ ਨੇ 204 ਕੋਲ ਖਾਣਾਂ ਨਿੱਜੀ ਕੰਪਨੀਆਂ ਨੂੰ ਅਲਾਟ ਕਰਨ ਸਮੇਂ ਜੋ ਧਾਂਦਲੀਆਂ ਕੀਤੀਆਂ ਜਿਸ ਨਾਲ ਛਤੀਸ਼ਗੜ੍ਹ ਝਾਰਖੰਡ ਜੋ ਰਾਜ ਬਣੇ ਸਨ, ਦੇ ਰਾਜਨੀਤੀਵਾਨ ਰਾਤੋ-ਰਾਤ ਕਰੋੜਪਤੀ/ਅਰਬਪਤੀ ਬਣ ਗਏ ਤਾਂ ਕੋਲ ਖਾਣਾਂ ਦਾ ਮਾਮਲਾ ਦੇਸ਼ ਦੇ ਨਿਗਾਹ ਉਤੇ ਆਇਆ। ਦੇਸ਼ ਦੀ ਸੰਪਦਾ ਨਾਲ ਹੋ ਰਹੇ ਇਸ ਫਰਾਡ ਉਤੇ ਜਿਥੇ ਰਾਜਨੀਤਕ ਹੋ ਹੱਲਾ ਮੱਚਿਆ, ਉਥੇ ਇਹ ਕੇਸ ਸੁਪਰੀਮ ਕੋਰਟ ਵਿਚ ਵੀ ਗਿਆ। ਸੁਪਰੀਮ ਕੋਰਟ ਨੇ 2014 ਵਿਚ ਅਲਾਟ ਕੀਤੀਆਂ 204 ਕੋਲਾ ਖਾਣਾਂ ਦੇ ਸਮਝੌਤੇ ਰੱਦ ਕਰ ਦਿੱਤੇ ਅਤੇ ਖਾਣਾ 'ਚੋਂ ਖਣਨ ਦਾ ਕੰਮ ਬੰਦ ਕਰ ਦਿੱਤਾ। ਮੰਦੇਭਾਗੀ 2014 ਵਿਚ ਕੇਂਦਰ ਦੀ ਵਾਗਡੋਰ ਭਾਜਪਾ ਦੇ ਹੱਥ ਆ ਗਈ। 2015 ਵਿਚ ਕੋਲ ਖਾਣਾਂ ਲਈ ਨਵਾਂ ਆਰਡੀਨੈਂਸ ਜਾਰੀ ਹੋਇਆ ਤੇ ਫਿਰ ਸੰਸਦ 'ਚ ਪਾਸ ਵੀ ਕਰਵਾ ਲਿਆ। ਇਸ ਨਾਲ ਕੋਲ ਖਾਣਾਂ ਦੀ ਨਿਲਾਮੀ ਦਾ ਕੰਮ ਸਿੱਧਾ ਕੋਲ ਇੰਡੀਆ ਰਾਹੀਂ ਕੇਂਦਰ ਦੇ ਹੱਥ ਆ ਗਿਆ। ਕੇਂਦਰ ਸਰਕਾਰ ਨੇ ਪਹਿਲੇ ਪੰਜ ਸਾਲਾਂ ਵਿਚ ਹੀ 18922 ਹੈਕਟੇਅਰ ਭਾਵ 50000 ਏਕੜ ਜ਼ਮੀਨ ਕੋਲ ਖਣਨ ਲਈ ਪ੍ਰਾਈਵੇਟ ਕੰਪਨੀਆਂ ਨੂੰ ਦਿੱਤੀ ਜਿਸ 'ਚੋਂ 16490 ਹੈਕਟੇਅਰ ਜੰਗਲ ਹੀ ਸਨ। ਜਿਨ੍ਹਾਂ 'ਚ ਆਦਿਵਾਸੀ ਰਹਿੰਦੇ ਸਨ। ਬਿਨਾਂ ਕਿਸੇ ਮੁਆਵਜ਼ੇ ਦੇ ਇਨ੍ਹਾਂ ਆਦਿਵਾਸੀਆਂ ਨੂੰ ਉਜਾੜਿਆ ਗਿਆ ਤੇ ਜਾ ਰਿਹਾ ਹੈ। ਇਨ੍ਹਾਂ ਦੇ ਪਿੰਡ ਜਾਂ ਘਰ ਸਾੜੇ ਜਾ ਰਹੇ ਹਨ। ਇਸ ਉਜਾੜੇ ਵਿਚ ਨੀਮ ਫੌਜੀ ਦਸਤਿਆਂ ਦੀ ਵਰਤੋਂ ਵੀ ਕੀਤੀ ਜਾ ਰਹੀ ਹੈ। ਇਹ ਵਿਸ਼ੇਸ਼ ਕਰਕੇ ਚਾਰ ਰਾਜਾਂ-ਝਾਰਖੰਡ, ਛਤੀਸ਼ਗੜ੍ਹ, ਉੜੀਸਾ ਅਤੇ ਮੱਧ ਪ੍ਰਦੇਸ਼ ਦੇ ਜੰਗਲੀ, ਪਹਾੜੀ ਖੇਤਰਾਂ ਦੀ ਸਥਿਤੀ ਹੈ। ਕੋਲੇ ਦੀਆਂ ਇਨ੍ਹਾਂ ਖਾਣਾਂ ਦੀ ਅਲਾਟਮੈਂਟ ਪਿਛੋਂ ਲਗਭਗ 2.5 ਮਿਲੀਅਨ ਤੋਂ ਵੱਧ ਆਦਿਵਾਸੀਆਂ ਨੂੰ ਇਨ੍ਹਾਂ ਖੇਤਰਾਂ ਵਿਚੋਂ ਉਜਾੜਿਆ ਗਿਆ ਹੈ ਅਤੇ ਕੋਈ ਵੀ ਮੁਆਵਾਜ਼ਾ ਜਾਂ ਰਿਹਾਇਸ਼ ਦਾ ਬਦਲਵਾਂ ਪ੍ਰਬੰਧ ਨਹੀਂ ਕੀਤਾ ਗਿਆ।



ਇਹ ਵੀ ਦੱਸ ਦੇਣਾ ਜ਼ਰੂਰੀ ਹੈ ਕਿ ਸਾਰੀਆਂ ਖਾਣਾ ਤੇ ਖਣਨ ਦਾ ਕੰਮ ਕੋਲ ਇੰਡੀਆ ਲਿ. ਦੇ ਅਧੀਨ ਹੈ ਜਿਹੜਾ ਇਕ ਸਰਕਾਰੀ ਅਦਾਰਾ ਹੈ ਉਸ ਨੇ ਕੋਲ ਖਾਣਾਂ ਦੇ ਵੰਡਣ ਲਈ ਇਕ ਸੀ.ਸੀ.ਆਈ. ਅਯੋਗ ਬਣਾਇਆ ਹੈ (ਕੰਪੀਟੀਸ਼ਨ ਕਮਿਸ਼ਨ ਆਫ਼ ਇੰਡੀਆ) ਜੋ ਪ੍ਰਾਈਵੇਟ ਕੰਪਨੀਆਂ ਨਾਲ ਐਮ.ਡੀਓਸੀ (ਮਾਈਨਜ਼ ਡਿਵੈਲਪਮੈਂਟ ਅਤੇ ਉਪਰੇਟਰ) ਨਾਲ ਸਮਝੌਤੇ ਕਰਦਾ ਹੈ। ਅਦਾਨੀ ਦੀ ਕੰਪਨੀ ਅਦਾਨੀ ਇੰਟਰਪ੍ਰਾਈਜ਼ਿਜ਼ ਲਿਮ. ਨਾਲ ਹੀ ਸਮਝੌਤੇ ਹੋਏ ਹਨ। ਇਕ ਤੱਥ ਹੋਰ ਵੀ ਦਿਲਚਸਪ ਹੈ ਇਨ੍ਹਾਂ 'ਚੋਂ ਕੁਝ ਕੋਲ ਖਾਣਾਂ ਵੱਖ-ਵੱਖ ਰਾਜ ਸਰਕਾਰਾਂ ਨੂੰ ਅਲਾਟ ਹੋਈਆਂ ਹਨ ਜਿਨ੍ਹਾਂ ਨੂੰ ਆਪਣੇ ਥਰਮਲਾਂ ਲਈ ਕੋਲਾ ਚਾਹੀਦਾ ਹੈ। ਰਾਜਸਥਾਨ ਥਰਮਲ ਤੇ ਪੰਜਾਬ ਸਰਕਾਰ ਕੋਲ ਵੀ ਇਨ੍ਹਾਂ ਖਾਣਾਂ ਦਾ ਐਮ.ਡੀ.ਓ. ਹੈ। ਜਿਨ੍ਹਾਂ ਲਈ ਕੋਲੇ ਦੇ ਖਣਨ ਦਾ ਕੰਮ ਨਿੱਜੀ ਕੰਪਨੀਆਂ ਹੀ ਕਰਦੀਆਂ ਹਨ। ਕਰੋਨੀਕੈਪਟਾਲਿਜਮ ਨੂੰ ਇਸੇ ਰਾਹੀਂ ਸਮਝਿਆ ਜਾ ਸਕਦਾ ਹੈ। ਕੋਲੇ ਦੀਆਂ ਖਾਣਾਂ ਦੇਸ਼ ਦੀਆਂ, ਕੋਲੇ ਦੀ ਲੋੜ ਤੇ ਪੂਰਤੀ ਰਾਜ ਸਰਕਾਰਾਂ ਲਈ, ਵਿਚਲਾ, ਸਾਰਾ ਵਪਾਰਕ ਧੰਦਾ ਪ੍ਰਾਈਵੇਟ ਕੰਪਨੀਆਂ ਕੋਲ। ਕਿੰਨਾ ਕੋਲਾ ਕੱਢਣਾ ਹੈ ਕਿੰਨਾ ਕਿਥੇ, ਕਿਵੇਂ ਤੇ ਕਿਸ ਰੇਟ ਉਤੇ ਵੇਚਣਾ ਹੈ। ਇਸ ਵਿਚ ਜੋ ਧਾਂਦਲੀ ਭਾਵ ਘੋਟਾਲੇ ਹੁੰਦੇ ਹਨ ਇਹ ਵੱਖਰਾ ਵਿਸ਼ਾ ਹੈ। ਇਕ ਅੰਦਾਜ਼ੇ ਮੁਤਾਬਕ ਪਿਛਲੇ ਸਾਲ ਵਿਚ 5305 ਮਿਲੀਅਨ ਟਨ ਰੀਜ਼ਰਵ ਵਾਲੀਆਂ 14 ਕੋਲਾ ਖਾਣਾ ਵਿਚ ਕੇਂਦਰ ਸਰਕਾਰ ਨੇ ਆਪਣੇ ਪ੍ਰਾਈਵੇਟ ਭਾਈਵਾਲਾਂ ਨਾਲ ਮਿਲ ਕੇ ਰਾਜਾਂ ਦੇ ਸਰੋਤਾਂ ਦਾ 122.5 ਲੱਖ ਕਰੋੜ ਤੋਂ ਵੱਧ ਦਾ ਘੋਟਾਲਾ ਕੀਤਾ ਹੈ।

ਕੈਗ ਕੇਂਦਰ ਦੀ ਆਡਿਟ ਕਰਨ ਵਾਲੀ ਏਜੰਸੀ ਨੇ 142 ਕੋਲਾ ਬਲਾਕਾਂ ਦੇ ਵੰਡਣ ਸਮੇਂ 1.86 ਲੱਖ ਕਰੋੜ ਦੇ ਕੋਲ ਗੇਟ ਘੋਟਾਲੇ ਦੀ ਗੱਲ ਸਾਹਮਣੇ ਲਿਆਂਦੀ ਸੀ। ਹੁਣ ਵਿੱਤ ਮੰਤਰਾਲੇ ਦੇ ਅਧੀਨ ਰਾਜਵਸ ਖੁਫ਼ੀਆ ਨਿਰਦੇਸ਼ਾਲਾ ਨੇ ਸਬੂਤਾਂ ਸਹਿਤ ਇਹ ਗੱਲ ਕਹੀ ਹੈ ਕਿ 40 ਤੋਂ ਵੱਧ ਪ੍ਰਾਈਵੇਟ ਕੰਪਨੀਆਂ ਦੇਸ਼ ਭਰ ਦੇ ਥਰਮਲ ਪਲਾਂਟਾਂ ਨੂੰ ਕੋਲੇ ਦੀ ਬਾਜ਼ਾਰੀ ਲਾਗਤ ਕੀਮਤ ਨਾਲੋਂ ਕਈ ਗੁਣਾਂ ਵੱਧ ਕੀਮਤ ਵਸੂਲ ਰਹੀਆਂ ਹਨ। ਅਦਾਨੀ ਉਤੇ ਹੀ 35000 ਕਰੋੜ ਤੋਂ ਵੱਧ ਘੋਟਾਲੇ ਦੀ ਉਂਗਲੀ ਉਠ ਰਹੀ ਹੈ। ਭਾਵ ਦੇਸ਼ ਦੇ ਲੋਕਾਂ ਦੇ ਮਾਲ ਖ਼ਜ਼ਾਨੇ ਲੁੱਟੀ ਜਾਂਦੇ ਕਾਰਪੋਰੇਟ ਘੁਰਾਣੇ।

ਛਤੀਸ਼ਗੜ੍ਹ ਵਿਚ ਅਦਾਨੀ ਦੀ ਕੰਪਨੀ ਅਦਾਨੀ ਇੰਟਰਪ੍ਰਾਈਜ਼ਿਜ਼ ਕੋਲ ਵੱਡੇ ਕੋਲ ਬਲਾਕ ਹਨ। ਜਿਨ੍ਹਾਂ 'ਚ ਪਾਰਸਾ ਈਸਟ ਐਂਡ ਕਾਂਤਾ ਬਾਸਨ, ਕੋਲ ਬਲਾਕ ਜਿਸ ਵਿਚ 452 ਮਿਲੀਅਨ ਮੀਟਰਕ ਟਨ ਕੋਲਾ ਹੈ। ਇਹ 27.11 ਵਰਗ ਕਿਲੋਮੀਟਰ ਵਿਚ ਫੈਲਿਆ ਹੈ। ਦੂਸਰਾ ਪਰਸਾ ਬਲਾਕ ਜਿਸ 'ਚ 184 ਮਿਲੀ ਮੀਟਰਕ ਟਨ ਕੋਲਾ ਹੈ ਇਹ 13 ਵਰਗ ਕਿਲੋਮੀਟਰ ਏਰੀਏ 'ਚ ਹੈ। ਤੀਸਰਾ ਕਾਂਤਾ ਐਕਸ ਟੈਨਸ਼ਨ 17.58 ਵਰਗ ਕਿਲੋਮੀਟਰ ਫੈਲੇ। ਇਸ ਬਲਾਕ ਵਿਚ 170 ਮਿਲੀ ਮੀਟਰਕ ਟਨ ਕੋਲਾ ਹੈ। ਚੌਥਾ ਮਿਧਗੁਰੀਪ ਟਰੀਆ ਬਲਾਕ ਹੈ ਜਿਥੇ 158 ਮਿਲੀ. ਮੀਟਰਕ ਟਨ ਕੋਲ ਹੈ। ਏਰੀਆ 7.52 ਵਰਗ ਕਿਲੋਮੀਟਰ। ਪੰਜਵਾਂ ਗਾਰੇਪਲਾਮਾ (ਇਕ) 35.84 ਵਰਗ ਕਿਲੋਮੀਟਰ 'ਚ ਫੈਲਿਆ। 427 ਮਿਲੀ. ਮੀਟਰਕ ਟਨ ਦੀ ਸਮਰੱਥਾ ਛੇਵਾਂ ਗਾਰੇਪਲਾਮਾ (ਦੋ) 25.83 ਵਰਗ ਕਿਲੋਮੀਟਰ ਤੇ ਸਮਰੱਥ 655 ਮਿਲੀ. ਮੀਟਰਕ ਟਨ ਸਤਵਾਂ ਗਾਰੇਪਲਾਮਾ (ਤਿੰਨ) 6.3 ਵਰਗ ਕਿਲੋਮੀਟਰ ਏਰੀਏ 'ਚ 134.1 ਮਿਲੀ. ਮੀਟਰਕ ਟਨ ਸਮਰ ਬਪਲਾ, ਜਿਥੇ ਨਾ ਸਿਰਫ਼ ਆਦਿਵਾਸੀਆਂ ਸਗੋਂ ਜੰਗਲਾਂ ਦਾ ਵੀ ਉਜਾੜਾ ਕੀਤਾ ਜਾ ਰਿਹਾ ਹੈ। ਜਿਸ ਵਿਰੋਧ ਉਥੋਂ ਦੇ ਲੋਕ ਲੜ ਵੀ ਰਹੇ ਹਨ।

ਇਸ ਸਾਰੇ ਕੋਲੇ ਦੇ ਕਾਲੇ ਧੰਦੇ ਵਿਚੋਂ ਰਾਜ ਦੇ ਲੋਕਾਂ ਤੇ ਰਾਜ ਸਰਕਾਰ ਨੂੰ ਕੁਝ ਵੀ ਨਹੀਂ ਮਿਲਦਾ। ਜਿਹੜਾ ਕੋਲਾ ਦੇਸ਼ ਦੀ ਧੜਕਣ ਹੈ ਜਿਸ ਨਾਲ ਦੇਸ਼ ਵਿਚ 73 ਫੀਸਦੀ ਬਿਜਲੀ ਪੈਦਾ ਹੋ ਕੇ ਦੇਸ਼ ਦੇ ਲੋਕਾਂ ਤੱਕ ਪਹੁੰਚਦੀ ਹੈ, ਉਸ ਬਹੁਮੁੱਲੇ ਸੋਨੇਨੂੰ ਕੱਢ ਕੇ ਵੇਚ ਕੇ ਪ੍ਰਾਈਵੇਟ ਕੰਪਨੀਆਂ ਤਾਂ ਕਰੋੜਾਂ ਕਮਾ ਰਹੀਆਂ ਹਨ। ਰਾਜ ਦੇ ਲੋਕਾਂ ਦੇ ਹੱਥ ਕੁਝ ਵੀ ਨਹੀਂ ਆਉਂਦਾ।

ਸੁਪਰੀਮ ਕੋਰਟ ਦੇ ਹਾਲ 'ਚ ਹੋਏ ਫੈਸਲੇ ਨਾਲ 7 ਰਾਜ ਜਿਨ੍ਹਾਂ ਦੀ ਦੇਸ਼ ਦੇ ਕੁੱਲ ਖਣਨ ਵਿਚ 97 ਫੀਸਦੀ ਹਿੱਸੇਦਾਰੀ ਹੈ ਪ੍ਰਭਾਵਤ ਹੋਣਗੇ। ਜਿਨ੍ਹਾਂ 'ਚ ਝਾਰਖੰਡ, ਛਤੀਸ਼ਗੜ੍ਹ, ਆਂਧਰਾ ਪ੍ਰਦੇਸ਼, ਉੜੀਸਾ, ਰਾਜਸਥਾਨ, ਮੱਧ ਪ੍ਰਦੇਸ਼, ਤਾਮਿਲਨਾਡੂ ਪ੍ਰਭਾਵਿਤ ਹੋਣਗੇ। ਫਾਇਦਾ ਗੁਜਰਾਤ ਤੇ ਗੋਆ ਨੂੰ ਹੀ ਹੋਵੇਗਾ। ਦੇਸ਼ ਦਾ ਸਭ ਤੋਂ ਗਰੀਬ ਰਾਜ ਉੜੀਸਾ ਜਿਥੇ ਭੁਖਮਰੀ ਕੰਗਾਲੀ ਤੇ ਗਰੀਬੀ ਦਹਾਕਿਆਂ ਤੋਂ ਸਿਖਰਾਂ 'ਤੇ ਰਹੀ ਹੈ ਤੇ ਜਿਸ ਦੀ ਖਣਿਜ ਪਦਾਰਥਾਂ ਦੇ ਉਤਪਾਦਨ ਵਿਚ 50 ਫੀਸਦੀ ਹਿੱਸੇਦਾਰੀ ਹੈ, ਉੜੀਸਾ ਵੀ ਪ੍ਰਭਾਵਿਤ ਹੋਵੇਗਾ।

ਇਹ ਕੇਸ ਜਿਹੜਾ ਕਈ ਦਿਨ ਇਕ ਲੰਬੀ ਬਹਿਸ ਮਗਰੋਂ 25 ਜੁਲਾਈ ਨੂੰ ਸੰਪਨ ਹੋਇਆ, ਵਿਚ ਕੇਂਦਰ ਸਰਕਾਰ ਦੀ ਦਲੀਲ ਸੀ ਕਿ ਰਿਐਲਟੀ ਇਕ ਕਿਸਮ ਦਾ ਟੈਕਸ ਹੈ ਤੇ ਇਹ ਸੰਸਦ (ਕੇਂਦਰ) ਹੀ ਆਪਣੇ ਕੋਲ ਰੱਖ ਸਕਦਾ ਹੈ। ਸੁਪਰੀਮ ਕੋਰਟ ਦਾ ਜਵਾਬ ਸੀ ਕਿ ਰਿਐਲਟੀ ਟੈਕਸ ਨਹੀਂ, ਇਹ ਦੋ ਧਿਰਾਂ ਦਰਮਿਆਨ ਇਕ ਠੇਕੇ ਦਾ ਸਮਝੌਤਾ ਹੈ। ਸੰਪਦਾ ਦੀ ਮਾਲਕ ਇਹ ਤੇ ਉਤਪਾਦਨ ਕਰਨ ਵਾਲੀ ਧਿਰ ਦਰਮਿਆਨ ਸੁਪਰੀਮ ਕੋਰਟ ਨੇ ਸੰਵਿਧਾਨ ਦਾ ਹਵਾਲਾ ਦਿੰਦਿਆਂ ਅਜਿਹੇ ਕਈ ਸਵਾਲਾਂ ਦਾ ਇਕ ਜਵਾਬ ਦਿੱਤਾ ਕਿ "ਸੰਵਿਧਾਨ ਦੀ ਸੂਚੀ 7 ਦੀ ਮੱਦ 50 ਰਾਜਾਂ ਨੂੰ ਖਣਦਾ ਅਧਿਕਾਰ ਅਤੇ ਇਸ ਅਧਿਕਾਰ ਤਹਿਤ ਖਣਨ ਦੀ ਰਿਐਲਟੀ ਤੇ ਰਿਐਲਟੀ ਉਤੇ ਟੈਕਸ ਲਾਉਣ ਦਾ ਅਧਿਕਾਰ ਦਿੰਦੀ ਹੈ", "ਰਿਐਲਟੀ ਰਾਜ ਦੀ ਬਣਦੀ ਹੈ ਅਤੇ ਸੰਸਦੀ ਸੀਮਾਵਾਂ ਅਧੀਨ ਟੈਕਸ ਲਾਉਣ ਦਾ ਅਧਿਕਾਰ ਰਾਜ ਕੋਲ ਹੈ। ਸੰਸਦ ਕੋਲ ਨਹੀਂ।" ਕੇਂਦਰ ਦੇ ਵਕੀਲਾਂ ਨੇ ਇਕ ਹੋਰ ਤਰਕ ਦਿੱਤਾ ਕਿ "ਜੇ ਰਾਜਾਂ ਨੂੰ ਇਹ ਅਧਿਕਾਰ ਮਿਲਗਿਆ ਤਾਂ ਸੰਘੀ ਢਾਂਚੇ ਵਿਚ ਅਸੰਤੁਲਨ ਪੈਦਾ ਹੋ ਜਾਵੇਗਾ। ਕੁੱਝ ਰਾਜਾਂ ਕੋਲ ਵੱਧ ਪੈਸਾ ਹੋ ਜਾਵੇਗਾ ਕੁਝ ਗਰੀਬ ਰਹਿ ਜਾਣਗੇ। ਉਨ੍ਹਾਂ ਕੋਲ ਕੁਝ ਨਹੀਂ ਹੋਵੇਗਾ।" ਇਸ ਨੂੰ ਵੀ ਸੁਪਰੀਮ ਕੋਰਟ ਨੇ ਖਾਰਜ ਕਰ ਦਿੱਤਾ। ਉਨ੍ਹਾਂ ਕਿਹਾ, "ਸੰਵਿਧਾਨ ਦੀ ਰਾਜ ਸੂਚੀ ਸਪਸ਼ਟ ਕਰਦੀ ਹੈ ਕਿ ਕਿਹੜੇ ਕਿਹੜੇ ਵਿਸ਼ੇ ਰਾਜ ਸਰਕਾਰ ਦੇ ਅਧਿਕਾਰ ਖੇਤਰ ਵਿਚ ਆਉਂਦੇ ਹਨ। ਸੰਵਿਧਾਨ ਦੀ ਮੱਦ 49 ਕਹਿੰਦੀ ਹੈ ਕਿ "ਰਾਜ ਜ਼ਮੀਨ ਅਤੇ ਇਮਾਰਤਾਂ ਉਤੇ ਰਿਐਲਟੀ ਤੇ ਟੈਕਸ ਲਾ ਸਕਦੇ ਹਨ। ਮੱਦ 50 ਦੇ ਵਿਚ ਵੀ ਇਹ ਦਰਜ ਹੈ ਕਿ "ਰਾਜ ਵਿਧਾਨ ਸਭਾ ਖਾਣਾਂ ਅਤੇ ਖਣਿਜਾਂ ਉਤੇ ਟੈਕਸ ਲਾਉਣ ਲਈ ਕਾਨੂੰਨ ਬਣਾ ਸਕਦੀ ਹੈ। ਇਹ ਸੰਸਦ ਵਲੋਂ ਹੀ ਤੈਅ ਕੀਤੀਆਂ ਸੀਮਾਵਾਂ ਹਨ। ਇਵੇਂ ਹੀ, 'ਖਣਨ ਅਤੇ ਖਾਣਾਂ ਨਾਲ ਸਬੰਧਤ 1957 ਦੇ ਕਾਨੂੰਨ ਵਿਚ ਵੀ ਅਜਿਹੀ ਕੋਈ ਸੀਮਾ ਨਹੀਂ ਲਾਈ ਗਈ।" ਸੁਪਰੀਮ ਕੋਰਟ ਨੇ ਪ੍ਰਵਾਨ ਕੀਤਾ ਕਿ ਸਿਰਫ਼ ਰਾਜਾਂ ਕੋਲ ਹੀ ਖਾਣਾਂ ਦੀ ਰਿਐਲਟੀ ਲੈਣ ਅਤੇ ਖਣਿਜਾਂ ਉਤੇ ਟੈਕਸ ਲਾਉਣ ਦੀ ਤਾਕਤ ਹੈ। ਇਹ ਸੰਸਦ (ਕੇਂਦਰ) ਕੋਲ ਨਹੀਂ।" 9 ਜੱਜਾਂ ਦੇ ਬੈਂਚ ਵਿਚੋਂ 8 ਜੱਜਾਂ ਵਿਚ ਫੈਸਲਾ ਦਿੱਤਾ ਕਿ, "ਰਾਜਾਂ ਕੋਲ ਸੰਵਿਧਾਨ ਦੇ ਤਹਿਤ ਖਦਾਨਾ ਅਤੇ ਖਣਿਜਾਂ ਵਾਲੀ ਜ਼ਮੀਨ ਉਤੇ ਰਿਐਲਟੀ ਵਸੂਲਣ ਤੇ ਟੈਕਸ ਲਾਉਣ ਦਾ ਸੰਵਿਧਾਨਕ ਅਧਿਕਾਰ ਹੈ। ਇਸ ਫੈਸਲੇ ਨੇ 1989 ਵਾਲੇ ਉਸ ਫੈਸਲੇ ਨੂੰ ਖਾਰਜ ਕਰ ਦਿੱਤਾ, ਜਿਸ ਦੇ ਡੰਡੇ ਰਾਹੀਂ ਕੇਂਦਰ ਰਾਜਾਂ ਦੀ ਸੰਪਦਾ ਉਤੇ ਆਪਣੇ ਅਧਿਕਾਰ ਦੀ ਚੌਧਰ ਜਮਾਉਂਦਾ ਆ ਰਿਹਾ ਹੈ।

ਇਸ ਫੈਸਲੇ ਨਾਲ ਇਕੱਲੇ ਝਾਰਖੰਡ ਰਾਜ ਨੂੰ ਹੀ 1 ਲੱਖ 36 ਹਜ਼ਾਰ 42 ਕਰੋੜ ਦਾ ਰਿਐਲਟੀ ਬਕਾਇਆ ਤੇ ਟੈਕਸਾਂ ਦੀ ਹਿੱਸੇਦਾਰੀ ਮਿਲੇਗੀ ਜਿਹੜੀ 12 ਸਾਲਾਂ 'ਚ ਕਿਸ਼ਤਾਂ ਵਿਚ ਕੇਂਦਰ ਸਰਕਾਰ ਅਦਾ ਕਰੇਗੀ। ਝਾਰਖੰਡ ਸਰਕਾਰ ਖਾਣਾਂ ਉਤੇ ਗੈਗ ਲਾਉਣ ਲਈ ਝਾਰਖੰਡ ਖਣਿਜ ਮਾਲਕੀ ਭੂਮੀ ਟੈਕਸ ਕਾਨੂੰਨ 2024 ਵੀ

ਪਾਸ ਕਰਕੇ ਰਾਜਪਾਲ ਕੋਲ ਮਨਜ਼ੂਰੀ ਲਈ ਭੇਜ ਰਹੀ ਹੈ।

ਕਾਰਪੋਰੇਟ ਘਰਾਣਿਆਂ ਨੂੰ ਰਿਐਲਟੀ ਦੇ ਮਾਮਲੇ ਵਿਚ ਹੀ ਛਤੀਸ਼ਗੜ੍ਹ ਵਿਚ ਔਸਤਨ 2400 ਰੁਪਏ ਪ੍ਰਤੀ ਟਨ ਅਤੇ ਦੇਸ਼ ਵਿਚ 3500 ਰੁਪਏ ਪ੍ਰਤੀ ਟਨ ਮੁਨਾਫ਼ਾ ਹੋ ਰਿਹਾ ਹੈ ਜਿਹੜਾ ਛਤੀਸ਼ਗੜ੍ਹ ਦੇ ਮਾਮਲੇ ਵਿਚ 12.5 ਲੱਖ ਕਰੋੜ ਹੈ ਅਤੇ ਦੇਸ਼ ਦੇ ਪੈਮਾਨੇ ਉਤੇ 60 ਲੱਖ ਕਰੋੜ ਹੈ। ਐਮ.ਡੀ.ਓ. ਅਸਲ ਵਿਚ ਕਾਲਗੇਟ-2 ਘੋਟਾਲਾ ਹੈ ਜਿਸ ਦਾ ਲਾਭ ਅਰਾਜੇਦਾਰ ਕਾਰਪੋਰੇਟਾਂ ਨੂੰ ਕੇਂਦਰ ਸਰਕਾਰ ਨੇ ਪਹੁੰਚਾਇਆ ਹੈ। ਭਾਵ ਇਹ ਦੇਸ਼ ਦੇ ਲੋਕਾਂ ਦੀ ਰਾਸ਼ੀ ਕਾਰਪੋਰੇਟੀ ਤਿਜ਼ੋਰੀਆਂ 'ਚ ਪਹੁੰਚੀ ਹੈ।

ਇਸ ਫੈਸਲੇ ਨਾਲ ਅਦਾਨੀ ਤੋਂ ਬਿਨਾਂ ਸੀ.ਸੀ.ਐਲ.ਐਸ., ਬੀ.ਸੀ.ਸੀ.ਐਲ., ਈ.ਸੀ.ਸੀ.ਐਲ. ਆਦਿ ਕੰਪਨੀਆਂ ਨੂੰ ਵੀ ਪਿਛਲੇ ਭੁਗਵਾਨ ਕਰਨੇ ਪੈਣਗੇ। ਇਹ ਕੰਪਨੀਆਂ ਝਾਰਖੰਡ ਵਿਚ ਕੰਮ ਕਰਦੀਆਂ ਹਨ।

ਸੁਪਰੀਮ ਕੋਰਟ ਨੇ ਇਹ ਵੀ ਹਦਾਇਤ ਦਿੱਤੀ ਹੈ ਕਿ ਵਸੂਲੀ ਜਾਣ ਵਾਲੀ ਰਾਸ਼ੀ, ਰਾਜ ਸਰਕਾਰ, ਲੋਕਾਂ ਦੀ ਵਿਦਿਆ, ਸਿਹਤ ਸਮਾਜਿਕ ਸੁਰੱਖਿਆ, ਖੇਤੀ, ਪੇਂਡੂ ਵਿਕਾਸ ਬੁਨਿਆਦੀ ਢਾਂਚੇ, ਪੀਣ ਵਾਲੇ ਸਾਫ਼ ਪਾਣੀ ਆਦਿ ਉਤੇ ਖਰਚ ਕਰੇ।

ਨੌਵੇਂ ਜੱਜ ਨਾਗਰਤਨਾ ਦਾ ਮੱਤ ਸੀ ਕਿ 'ਜੇ ਰਾਜਾਂ ਨੂੰ ਖਣਿਜਾਂ ਉਤੇ ਟੈਕਸ ਲਾਉਣ ਦੀ ਇਜਾਜ਼ਤ ਮਿਲ ਗਈ ਤਾਂ ਇਸ ਦੇ ਸੰਵਿਧਾਨਕ ਤੌਰ 'ਤੇ ਗੰਭੀਰ ਸਿੱਟੇ ਨਿਕਲਣਗੇ।" ਉਨ੍ਹਾਂ ਦਾ ਭਾਵ ਸੀ ਕਿ ਕੇਂਦਰ ਤੇ ਰਾਜ ਦੇ ਸਬੰਧ ਵਿਗੜਾਨਗੇ ਅਤੇ ਰਾਜ ਕੇਂਦਰ ਨੂੰ ਅੱਖਾਂ ਦਿਖਾਉਣ ਲੱਗਣਗੇ। ਕੇਂਦਰ ਸਰਕਾਰ ਦੇ ਆਮਦਨ ਸਰੋਤਾਂ ਉਤੇ ਕੱਟ ਲੱਗੇਗੀ।

ਪਰ ਮੁੱਖ ਜੱਜ ਨੇ ਆਰਟੀਕਲ 14 ਤਹਿਤ 'ਬਰਾਬਰਤਾ ਦਾ ਅਧਿਕਾਰ' ਦੀ ਵਿਆਖਿਆ ਕੀਤੀ। ਉਨ੍ਹਾਂ ਤਾਂ ਇਹ ਵੀ ਕਿਹਾ ਕਿ "ਸੰਸਦ ਨੂੰ ਜੋ ਅਧਿਕਾਰ ਦਿੱਤਾ ਗਿਆ ਹੈ, ਉਹ ਪੂਰਨ ਬ੍ਰਹਿਮੰਡ ਨਹੀਂ। 25 ਜੁਲਾਈ ਦੇ ਫੈਸਲੇ ਸੁਣਾਉਂਦਿਆਂ ਕੁਝ ਸਵਾਲ ਫੇਰ ਉਠੇ ਜਿਸ ਉਤੇ 30 ਜੁਲਾਈ ਨੂੰ ਮੁੜ ਜੱਜਾਂ ਦੀ ਬੈਠਕ ਹੋਈ ਜਿਸ ਉਤੇ ਕੇਂਦਰ ਨੂੰ ਹਦਾਇਤ ਕੀਤੀ ਕਿ ਉਹ ਇਸਦਾ ਹੱਲ ਲੱਭੇ। ਇਸ ਉਤੇ ਟਿੱਪਣੀਕ ਰਦਿਆਂ ਵਕੀਲ ਰਾਕੇਸ਼ ਦਵੇਦੀ ਦਾ ਕਹਿਣਾ ਸੀ ਕਿ "ਇਹ ਹਦਾਇਤ 25 ਜੁਲਾਈ ਦੇ ਫੈਸਲੇ ਅਤੇ ਰਾਜ ਕਾਨੂੰਨ ਦੀ ਜਾਇਜ਼ਤਾ ਨੂੰ ਕਮਜ਼ੋਰ ਕਰੇਗਾ।"

ਉਧਰ ਕੋਲ ਇੰਡੀਆ ਦਾਅਵਾ ਕਰਦੀ ਹੈ ਕਿ ਉਹ 2024-25 ਵਿਚ ਕੋਲੇ ਦਾ ਉਤਪਾਦਨ ਇਕ ਬਿਲੀਅਨ ਟਨ ਤੱਕ ਪਹੁੰਚਾਵੇਗੀ। ਸਾਫ਼ ਹੈ ਕਿ ਕੇਂਦਰ ਵਲੋਂ ਅਪਣਾਈਆਂ ਨੀਤੀਆਂ 'ਤੇ ਸੁਪਰੀਮ ਕੋਰਟ ਦੇ ਫੈਸਲੇ, ਸਰਕਾਰ ਦੇ ਟੀਚਿਆਂ ਦਰਮਿਆਨ ਕੁਝ ਤਕਰਾਰ ਤਾਂ ਉਭਰੇਗਾ ਹੀ। ਪਰ ਸੁਪਰੀਮ ਕੋਰਟ ਦੇ ਇਸ ਫੈਸਲੇ ਨੇ ਰਾਜਾਂ ਤੇ ਕੇਂਦਰਦੇ ਸਬੰਧਾਂ ਤੇ ਅਧਿਕਾਰਾਂ ਨੂੰ ਪ੍ਰੀਭਾਸ਼ਤ ਕਰਨ ਲਈ ਇਕ ਨਵੀਂ ਬਹਿਸ ਨੂੰ ਸਾਹਮਣੇ ਲੈ ਆਂਦਾ ਹੈ। ਰਾਜ ਤੇ ਕੇਂਦਰ ਦੇ ਰਿਸ਼ਤੇ ਨੂੰ ਨਵੇਂ ਸਿਰਿਓਂ ਪ੍ਰੀਭਾਸ਼ਤ ਕਰਨ ਦਾ ਸਵਾਲ ਉਭਰ ਆਇਆ ਹੈ। ਇਸ ਫੈਸਲੇ ਨਾਲ ਕੇਂਦਰ ਜੋ ਰਾਜ ਸਰਕਾਰਾਂ ਤੇ ਰਾਜ ਦੇ ਅਧਿਕਾਰਾਂ ਨੂੰ ਸੀਮਤ ਕਰਦਾ ਆ ਰਿਹਾ ਸੀ, ਲਈ ਇਕ ਰੋਕ ਲੱਗ ਜਾਵੇਗੀ। ਘੱਟੋ ਘੱਟ ਰਾਜਾਂ ਦੇ ਹਿੱਤਾਂ ਦੀ ਰਾਖੀ ਕਰਨ ਵਾਲੀਆਂ ਤੇ ਰਾਜਾਂ ਦੇ ਵੱਧ ਅਧਿਕਾਰਾਂ ਦੀ ਵਕਾਲਤ ਕਰਨ ਵਾਲੀਆਂ ਤੇ ਉਨ੍ਹਾਂ ਦੇ ਹੱਕ 'ਚ ਖੜਨ ਵਾਲੀਆਂ ਤਾਕਤਾਂ ਨੂੰ ਊਰਜਾ ਵੀ ਮਿਲੇਗੀ ਤੇ ਕੇਂਦਰ ਦੀ ਸਰਕਾਰੀ (ਚੌਧਰ) ਨੂੰ ਚੈਲੰਜ ਕਰ ਸਕਣਗੀਆਂ। ਪਰ ਯਾਦ ਰੱਖਣਾ ਚਾਹੀਦਾ ਹੈ ਕਿ ਇਜ਼ਾਰੇਦਾਰ ਕਾਰਪੋਰੇਟੀ ਤੇ ਰੋਨੀ ਪੂੰਜੀ ਜਿਹਦੇ ਮੂੰਹ ਮੁਨਾਫ਼ਿਆਂ ਦੇ ਲਹੂ ਨਾਲ ਲਿਬੜੇ ਹਨ, ਸੁਪਰੀਮ ਕੋਰਟ ਦੇ ਇਸ ਫੈਸਲੇ ਨਾਲਚੁੱਪ ਕਰਕੇ ਨਹੀਂ ਬਹਿਣ ਵਾਲੇ। ਰਾਜਾਂ ਦੇ ਅਧਿਕਾਰ ਦੀ ਪੈਰਵਾਈ ਕਰਨ ਵਾਲੀਆਂ ਤਾਕਤਾਂ ਨੂੰ ਚੌਕਸ ਵੀ ਰਹਿਣਾ ਪਵੇਗਾ ਅਤੇ ਮਜ਼ਬੂਤ ਵੀ ਹੋਣਾ ਪਵੇਗਾ।

# ਧਰਮਾਂ ਨੇ ਮਨੁੱਖਤਾ ਨੂੰ ਤਬਾਹੀ ਅਤੇ ਵਿਗਿਆਨ ਨੇ ਜ਼ਿੰਦਗੀ ਦਿੱਤੀ



ਜਸਵੰਤ ਜੀਰਖ
98151-69825



***ਮੁੱਢਲੀ ਮਨੁੱਖੀ ਜ਼ਿੰਦਗੀ ਦੌਰਾਨ ਜਦੋਂ ਮਨੁੱਖ ਦਿਨ ਤੋਂ ਬਾਅਦ ਰਾਤ ਹੋ ਜਾਣ, ਵਰਖਾ ਹੋਣ, ਝੱਖੜ-ਹਨੇਰੀਆਂ, ਬਾਰਸ਼, ਹੜ੍ਹ, ਅਸਮਾਨੀ ਬਿਜਲੀ, ਜੰਗਲ 'ਚ ਅੱਗ ਲੱਗਣਾ ਆਦਿ ਨੂੰ ਰਹੱਸਮਈ ਘਟਨਾਵਾਂ ਸਮਝਦਾ ਸੀ। ਅਗਿਆਨਤਾ ਕਾਰਣ ਇਹਨਾਂ ਦੇ ਵਰਤਾਰੇ ਪਿੱਛੇ ਕਿਸੇ ਅਗੰਮੀ ਤਾਕਤ ਨੂੰ ਸਮਝਣਾ ਅਤੇ ਉਸ ਸ਼ਕਤੀ ਤੋਂ ਡਰਦਿਆਂ, ਇਹਨਾਂ ਸ਼ਕਤੀਆਂ ਨੂੰ ਅਗਨੀ ਦੇਵਤਾ, ਪੌਣ ਦੇਵਤਾ, ਜਲ ਦੇਵਤਾ ਆਦਿ ਦੇ ਨਾਂ ਹੇਠ ਵੱਖ ਵੱਖ ਦੇਵਤੇ ਮੰਨਕੇ ਅਗੰਮੀ ਸ਼ਕਤੀਆਂ ਵਜੋਂ ਪੂਜਣ ਲੱਗਾ।***

ਜਦੋਂ ਉਤਪਤੀ ਤੋਂ ਲੈ ਕੇ ਅੱਜ ਤੱਕ ਦੀ ਮਨੁੱਖੀ ਜ਼ਿੰਦਗੀ ਵਿੱਚ ਆਈਆਂ ਤਬਦੀਲੀਆਂ ਦੇ ਵਿਗਿਆਨਿਕ ਤੇ ਇਤਿਹਾਸਿਕ ਪੱਖਾਂ ਦੀ ਪੜਚੋਲ ਕਰਦੇ ਹਾਂ, ਤਾਂ ਪਤਾ ਚਲਦਾ ਹੈ ਕਿ ਧਰਮਾਂ ਦੇ ਨਾਂ ਤੇ ਮਨੁੱਖਤਾ ਦਾ ਬਹੁ ਮੁੱਲਾ ਖੂਨ ਵਗਿਆ ਜੋ ਅੱਜ ਤੱਕ ਵੀ ਵਗਦਾ ਜਾ ਰਿਹਾ ਹੈ। ਅਧਿਆਤਮਿਕਤਾ ਦੇ ਵੱਖ ਵੱਖ ਰੂਪਾਂ ਵਿੱਚ ਸਥਾਪਤ ਧਰਮਾਂ ਨੇ ਦੁਨੀਆਂ ਦੇ ਵੱਖ ਵੱਖ ਖੇਤਰਾਂ ਵਿੱਚ ਤਰ੍ਹਾਂ ਤਰ੍ਹਾਂ ਦੇ ਵਿਚਾਰਾਂ ਰਾਹੀਂ ਮਨੁੱਖਤਾ ਵਿੱਚ ਵੰਡੀਆਂ ਪਾ ਕੇ ਇਕ ਦੂਜੇ ਪ੍ਰਤੀ ਨਫ਼ਰਤ ਪੈਦਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ। ਇਹ ਨਫ਼ਰਤ ਅੱਜ ਤੱਕ ਵੀ ਮਨੁੱਖ ਨੂੰ ਇਨਸਾਨੀਅਤ ਤੋਂ ਦੂਰ ਕਰਨ ਦਾ ਮੁੱਖ ਸਰੋਤ ਬਣੀ ਹੋਈ ਹੈ। ਮਸਲਾ ਭਾਵੇਂ 1947 ਦਾ ਹੋਵੇ, ਗੁਜਰਾਤ ਜਾਂ ਦਿੱਲੀ ਦੰਗਗਿਆਂ ਦਾ ਜਾਂ ਬਾਬਰੀ ਮਸਜਿਦ ਤੇ ਮਨੀਪੁਰ ਦਾ ਹੋਵੇ। ਇਹਨਾਂ ਸਾਰਿਆਂ ਵਿੱਚ ਧਰਮਾਂ 'ਚ ਵੰਡੀ ਨਫ਼ਰਤੀ ਵਿਚਾਰਧਾਰਾ ਦੀ ਮੁੱਖ ਭੂਮਿਕਾ ਰਹੀ, ਜਿਸ ਨੇ ਬੇਕਸੂਰੇ ਲੋਕਾਂ ਨੂੰ ਆਪਣਾ ਨਿਸ਼ਾਨਾ ਬਣਾਇਆ। ਅੱਜ ਵੀ ਸਾਡੇ ਦੇਸ਼ ਵਾਸੀਆਂ ਨੂੰ ਧਰਮ ਅਧਾਰਤ ਅਜਿਹੇ ਦੌਰ ਵਿੱਚ ਧੱਕਣ ਦੀਆਂ ਬਾਰ ਬਾਰ ਕੋਸ਼ਿਸ਼ਾਂ ਹੋ ਰਹੀਆਂ ਹਨ। ਇਹ ਕੋਸ਼ਿਸ਼ਾਂ ਕਰ ਕੌਣ ਰਿਹਾ ਹੈ? ਬਾਰੇ ਚਿੰਤਨ ਕਰਨਾ ਬੇਹੱਦ ਜਰੂਰੀ ਹੈ। ਇਸ ਨੂੰ ਸਮਝਣ ਲਈ ਦੋ ਨਜ਼ਰੀਏ ਸਾਡੇ ਸਾਹਮਣੇ ਹਨ, ਪਹਿਲਾ ਅਧਿਆਤਮਿਕ ਤੇ ਦੂਜਾ ਵਿਗਿਆਨਿਕ।


ਅਧਿਆਤਮਵਾਦੀ ਜਾਂ ਧਰਮ ਅਧਾਰਤ ਨਜ਼ਰੀਆ ਜੋ ਹਰ ਵਰਤਾਰੇ ਨੂੰ ਕਿਸੇ ਅਖੌਤੀ 'ਅਗੰਮੀ ਹੁਕਮ' ਨਾਲ ਜੋੜਕੇ, ਉਸ ਦੀ ਪਾਲਣਾ ਕਰਨ ਨੂੰ ਆਪਣਾ ਧਰਮ ਸਮਝਦਾ ਹੈ। ਉਹ 'ਹੁਕਮ' ਅਕਸਰ ਹੀ ਕਿਸੇ ਅਧਿਆਤਮਿਕ ਪੁਰਸ਼ ਜਾਂ ਵੱਡੇ ਸਿਆਸਤਦਾਨ ਦੀ ਜੁਬਾਨੀ ਅਜਿਹਾ ਕਹਿ ਕੇ ਕਿ 'ਮਹਾਰਾਜ' ਨੇ ਸ਼ਾਇਦ ਇਹ ਕੰਮ ਕਰਨ ਲਈ ਮੇਰੀ ਹੀ ਸੇਵਾ ਲਗਾਈ ਹੈ ਜਾਂ ਵਿਸ਼ੇਸ਼ ਪਦਾਇਸ਼ ਹੀ ਇਸ ਕੰਮ ਲਈ ਹੋਈ ਹੈ, ਆਦਿ-ਆਦਿ। ਇਹ ਕੰਮ ਧਰਮ ਦੇ ਨਾਂ ਵਿੱਚ ਲਪੇਟ ਕੇ ਆਮ ਲੋਕਾਂ/ਭਗਤਾਂ ਤੱਕ ਪਹੁੰਚਾਇਆ ਜਾਂਦਾ ਹੈ। ਅਕਸਰ ਹੀ ਅਜਿਹੇ ਵਿਖਿਆਨ ਧਰਮ ਵਿੱਚ ਪਹਿਲਾਂ ਹੀ ਚੱਲ ਰਹੇ ਵਖਰੇਵਿਆਂ ਨੂੰ ਹੋਰ ਹਵਾ ਦੇ ਕੇ ਲੋਕਾਂ ਲਈ ਆਪਸੀ ਨਫ਼ਰਤ ਫੈਲਾਉਣ ਦੀ ਭੂਮਿਕਾ ਨਿਭਾਉਂਦੇ ਹਨ। ਦੰਗੇ ਭੜਕਾਉਣ, ਕਤਲ ਕਰਨ, ਕੁੱਟ ਮਾਰ ਕਰਨ, ਲੁੱਟ ਖਸੁੱਟ ਕਰਨ ਸਮੇਤ ਕਿਸੇ ਗੁਪਤ ਏਜੰਡੇ ਦੀ ਸਫਲਤਾ ਲਈ ਅਜਿਹੇ ਫ਼ੁਰਮਾਨ, ਹਮੇਸ਼ਾ ਹੀ ਇਨਸਾਨੀਅਤ ਵਿਰੋਧੀ ਹੋ ਨਿੱਬੜਦੇ ਹਨ। ਜਿਸ ਕਾਰਣ ਹੁਣ ਤੱਕ ਮਨੁੱਖਤਾ ਦਾ ਬੇ ਥਾਹ ਖ਼ੂਨ ਇਸ ਧਰਤੀ 'ਤੇ ਵਹਿ ਚੁੱਕਾ ਹੈ।

ਦੂਜਾ ਹੈ ਵਿਗਿਆਨਿਕ ਨਜ਼ਰੀਆ, ਜਿਸ ਰਾਹੀਂ ਹਰ ਵਾਪਰ ਰਹੀ ਘਟਨਾ ਦੇ ਅਸਲ ਕਾਰਣਾਂ ਨੂੰ ਸਮਝਣਾ ਅਤੇ ਉਸ ਦੇ ਮਨੁੱਖਤਾ ਵਿਰੋਧੀ ਵਰਤਾਰੇ ਨੂੰ ਰੋਕਣ ਦਾ ਯਤਨ ਕਰਕੇ, ਇਸ ਬੇਲੋੜੇ ਹੋ ਰਹੇ ਖ਼ੂਨ ਖ਼ਰਾਬੇ ਦਾ ਇਸ ਨਜ਼ਰੀਏ ਰਾਹੀਂ ਹੱਲ ਪੇਸ਼ ਕਰਨਾ। ਮੁੱਢਲੀ ਮਨੁੱਖੀ ਜ਼ਿੰਦਗੀ ਦੌਰਾਨ ਜਦੋਂ ਮਨੁੱਖ ਦਿਨ ਤੋਂ ਬਾਅਦ ਰਾਤ ਹੋ ਜਾਣ, ਵਰਖਾ ਹੋਣ, ਝੱਖੜ-ਹਨੇਰੀਆਂ, ਬਾਰਸ਼, ਹੜ੍ਹ, ਅਸਮਾਨੀ ਬਿਜਲੀ, ਜੰਗਲ 'ਚ ਅੱਗ ਲੱਗਣਾ ਆਦਿ ਨੂੰ ਰਹੱਸਮਈ ਘਟਨਾਵਾਂ ਸਮਝਦਾ ਸੀ। ਅਗਿਆਨਤਾ ਕਾਰਣ ਇਹਨਾਂ ਦੇ ਵਰਤਾਰੇ ਪਿੱਛੇ ਕਿਸੇ ਅਗੰਮੀ ਤਾਕਤ ਨੂੰ ਸਮਝਣਾ ਅਤੇ ਉਸ ਸ਼ਕਤੀ ਤੋਂ ਡਰਦਿਆਂ, ਇਹਨਾਂ ਸ਼ਕਤੀਆਂ ਨੂੰ ਅਗਨੀ ਦੇਵਤਾ, ਪੌਣ ਦੇਵਤਾ, ਜਲ ਦੇਵਤਾ ਆਦਿ ਦੇ ਨਾਂ ਹੇਠ ਵੱਖ ਵੱਖ ਦੇਵਤੇ ਮੰਨਕੇ ਅਗੰਮੀ ਸ਼ਕਤੀਆਂ ਵਜੋਂ ਪੂਜਣ ਲੱਗਾ। ਮਨੁੱਖ ਦੇ ਡਰ ਤੇ ਅਗਿਆਨਤਾ 'ਚੋਂ ਪੈਦਾ ਹੋਏ ਇਸ ਅਧਿਆਤਮਵਾਦੀ ਨਜ਼ਰੀਏ ਬਾਰੇ ਭਾਵੇਂ ਅੱਜ ਦੇ ਵਿਗਿਆਨ ਨੇ ਮਨੁੱਖ ਨੂੰ ਉਪਰੋਕਤ ਘਟਨਾਵਾਂ ਪਿੱਛੇ ਛੁਪੇ ਕਾਰਣਾਂ ਬਾਰੇ ਸਮਝਾ ਕੇ ਸਪਸ਼ਟ ਕਰ ਦਿੱਤਾ ਹੈ। ਪਰ ਵੱਡੀ ਗਿਣਤੀ ਲੋਕਾਂ ਵਿੱਚ ਅਜੇ ਵੀ ਮੁੱਢਲੀ ਵਿਚਾਰਧਾਰਾ ਦਾ ਪ੍ਰਭਾਵ ਚੱਲਿਆ ਆ ਰਿਹਾ ਹੈ। ਅੱਜ ਵੀ ਵੱਖ ਵੱਖ ਧਰਮਾਂ ਦੇ ਲੋਕ ਹਰ ਤਰ੍ਹਾਂ ਦੀ ਮਨੁੱਖ ਮਾਰੂ ਘਟਨਾ ਨੂੰ ਕਿਸਮਤ ਵਿੱਚ ਲਿਖੀ ਮੰਨਕੇ ਵਿਗਿਆਨਿਕ ਉਪਲਭਤਾਂ ਨੂੰ ਮਾਣਦੇ ਹੋਏ ਵੀ ਵਿਗਿਆਨ ਨੂੰ ਨਕਾਰਨ ਦੇ ਧਾਰਨੀ ਬਣੇ ਹੋਏ ਹਨ। ਆਪਣੀ ਜ਼ਿੰਦਗੀ ਵਿੱਚ ਮਾੜਾ ਨਾ ਵਾਪਰ ਜਾਣ ਦੇ ਡਰੋਂ ਉਹਨਾਂ ਵੱਲੋਂ ਅਜੇ ਵੀ ਅਖੌਤੀ ਦੈਵੀ ਸ਼ਕਤੀਆਂ ਦੀਆਂ ਵੱਖ ਵੱਖ ਰੂਪਾਂ ਵਿੱਚ ਚੱਲਦੀਆਂ ਮਨੌਤਾਂ, ਪੂਜਾ-ਪਾਠ ਕਰਨ, ਭੇਟਾ ਦੇਣ, ਯੱਗ ਕਰਨ, ਸੂਰਜ ਨੂੰ ਪਾਣੀ ਦੇਣ, ਵਿਗੜੇ ਕੰਮਾਂ ਨੂੰ ਠੀਕ ਕਰਨ ਲਈ ਜੋਤਸ਼ੀਆਂ- ਤਾਂਤਰਿਕਾਂ ਆਦਿ ਵੱਲੋਂ ਉਪਾਅ ਕਰਵਾਉਣ ਵਿੱਚ ਯਕੀਨ ਕਰਨਾ ਜਾਰੀ ਹੈ। ਇਹ ਸਾਰੇ ਵਰਤਾਰੇ ਵਿਗਿਆਨਿਕ ਨਜ਼ਰੀਏ ਅਨੁਸਾਰ ਸਮਾਂ ਅਤੇ ਧਨ ਦੀ ਬਰਬਾਦੀ ਤੋਂ ਬਿਨਾਂ ਕੁੱਝ ਵੀ ਨਹੀਂ। ਇਸ ਲਈ ਹਰ ਚੰਗੀ, ਮਾੜੀ ਘਟਨਾ ਬਾਰੇ ਜਾਨਣ ਲਈ ਵਿਗਿਆਨਿਕ ਨਜ਼ਰੀਆ ਹੀ ਇੱਕ ਸਹੀ ਰਾਹ ਦਰਸਾਵਾ ਹੈ।

ਪਰ ਫਿਰ ਚਿੰਤਨ ਕਰਨ ਵਾਲੀ ਗੱਲ ਇਹ ਹੈ ਕਿ ਜੇਕਰ ਅਧਿਆਤਮਿਕ ਨਜ਼ਰੀਆ ਮਨੁੱਖਤਾ ਨੂੰ ਧਰਮ ਦੇ ਨਾਂ ਤੇ ਵੰਡਕੇ ਖ਼ੂਨ ਵਹਾਉਣ ਲਈ ਜ਼ੁੰਮੇਵਾਰ ਹੈ ਅਤੇ ਵਿਗਿਆਨਿਕ ਨਜ਼ਰੀਆ ਇਹ ਸਭ ਕੁੱਝ ਖਤਮ ਕਰਕੇ ਹਰ ਮਨੁੱਖ ਨੂੰ ਬਰਾਬਰ ਸਮਝਦਾ ਹੈ, ਤਾਂ ਲੋਕ ਇਸ ਨਜ਼ਰੀਏ ਨੂੰ ਅਪਣਾਉਂਦੇ ਕਿਉਂ ਨਹੀਂ? ਇਹ ਹੈ ਅਸਲ ਨੁਕਤਾ ਜਿਸਨੂੰ ਹਰ ਧਰਮ ਦੇ ਲੋਕਾਂ ਨੂੰ ਸਮਝਣ ਦੀ ਅਹਿਮ ਲੋੜ ਹੈ। ਇਸ ਨੂੰ ਸਮਝੇ ਤੋਂ ਬਿਨਾ ਨਾ ਤਾਂ ਸਮਾਜ ਵਿੱਚੋਂ ਗਰੀਬੀ, ਬੇਰੋਜ਼ਗਾਰੀ, ਨਾ ਬਰਾਬਰੀ, ਬੇਇਨਸਾਫ਼ੀ ਵਰਗੀਆਂ ਅਲਾਮਤਾਂ ਖਤਮ ਹੋ ਸਕਦੀਆਂ ਹਨ ਅਤੇ ਨਾ ਹੀ ਧਰਮਾਂ ਦੇ ਪਰਦੇ ਹੇਠ ਹੋ ਰਿਹਾ ਮਨੁੱਖੀ ਤੇ ਹੋਰ ਕਤਲੇਆਮ। ਵਿਗਿਆਨਿਕ ਨਜ਼ਰੀਆ ਹੀ ਹੈ, ਜਿਸ ਨੇ ਮਨੁੱਖੀ ਜਿੰਦਗੀ ਸੌਖੀ ਕਰਨ ਸਮੇਤ ਬਹੁਤ ਤਰ੍ਹਾਂ ਦੀਆਂ ਬਿਮਾਰੀਆਂ ਦੇ ਭੇਦਾਂ ਨੂੰ ਜਾਣ ਕੇ ਸਹੀ ਨਿਰਣੇ ਕਰਕੇ ਉਹਨਾਂ ਦੇ ਇਲਾਜ ਕੀਤੇ ਹਨ। ਇਹ ਗੱਲ ਵੱਖਰੀ ਹੈ ਕਿ ਵਿਗਿਆਨਿਕ ਪ੍ਰਾਪਤੀਆਂ ਨੂੰ ਮਨੁੱਖ ਦੀ ਭਲਾਈ ਲਈ ਵਰਤਣ ਦੀ ਬਜਾਏ ਇਹਨਾਂ ਨੂੰ ਕਮਾਈ ਦੇ ਸਾਧਨ ਬਣਾ ਕੇ ਬੇ ਵਸ ਲੋਕਾਂ ਦੀ ਆਰਥਿਕ ਲੁੱਟ ਕਰਨ ਲਈ ਵਰਤਿਆ ਜਾ ਰਿਹਾ ਹੈ, ਜਿਸ ਨੂੰ ਰੋਕਣਾ ਸਰਕਾਰਾਂ ਦਾ ਕੰਮ ਹੈ। ਪਰ ਅਫਸੋਸ ਕਿ ਸਾਡੀ ਵਿਦਿਅਕ ਪ੍ਰਣਾਲੀ ਵਿੱਚ ਸਰਕਾਰੀ ਤੌਰ 'ਤੇ ਇਹ ਨਜ਼ਰੀਆ ਵਿਕਸਤ ਕਰਨ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ, ਸਗੋਂ ਜੇ ਕਿਸੇ ਸਲੇਬਸ ਵਿੱਚ ਇਸ ਸਬੰਧੀ ਕੋਈ ਪਾਠ ਪੜ੍ਹਾਇਆ ਵੀ ਜਾ ਰਿਹਾ ਸੀ, ਉਸ ਨੂੰ ਬੰਦ ਕੀਤਾ ਜਾ ਰਿਹਾ ਹੈ।

ਦੂਜੇ ਪਾਸੇ ਕਿਸੇ ਵੀ ਧਰਮ ਨੇ ਜ਼ਿੰਦਗੀ ਸੌਖੀ ਕਰਨ ਲਈ ਕੁੱਝ ਕਰਨ ਜਾਂ ਖੋਜਣ ਦੀ ਬਜਾਏ, ਸਰੀਰ ਨੂੰ ਜਪਾਂ ਤਪਾਂ, ਤਪੱਸਿਆਵਾਂ ਆਦਿ ਵਰਗੇ ਕਸ਼ਟ ਦੇਣ ਦੇ ਉਪਦੇਸ਼ਾਂ ਰਾਹੀਂ ਇਸ ਜ਼ਿੰਦਗੀ ਨੂੰ ਝੂਠੀ ਤੇ ਪਾਣੀ ਦਾ ਬੁਲਬੁਲਾ ਕਰਾਰ ਦਿੱਤਾ ਹੋਇਆ ਹੈ। ਮੌਤ ਤੋਂ ਬਾਅਦ ਇੱਕ ਹੋਰ ਸਵਰਗ, ਨਰਕ ਵਿੱਚ ਜਿਉਣ ਵਾਲੀ ਅਖੌਤੀ ਜ਼ਿੰਦਗੀ, ਜਿਸ ਦੇ ਵਜੂਦ ਦਾ ਕਿਸੇ ਵੀ ਧਰਮ ਕੋਲ ਕੋਈ ਸਬੂਤ ਹੀ ਨਹੀਂ, ਨੂੰ ਵਧੇਰੇ ਮਹੱਤਤਾ ਦਿੱਤੀ ਜਾ ਰਹੀ ਹੈ। ਮੌਜੂਦਾ ਜ਼ਿੰਦਗੀ ਨੂੰ ਸਵਰਗ ਬਣਾਉਣ ਲਈ ਕੋਈ ਵੀ ਧਰਮ ਗੱਲ ਨਹੀਂ ਕਰਦਾ। ਮੌਤ ਬਾਅਦ ਕੀਤੀਆਂ ਜਾਂਦੀਆਂ ਰਸਮਾਂ ਵਿੱਚ ਪਾਠ ਪੂਜਾ, ਤੀਰਥ ਇਸ਼ਨਾਨ, ਫੁਲ ਪਾਉਣ ਆਤਮਾਂ ਨੂੰ ਸ਼ਾਂਤੀ ਲਈ ਪ੍ਰਾਰਥਨਾਵਾਂ ਆਦਿ ਦੀਆਂ ਰਸਮਾਂ ਵੇਲੇ, ਵਿੱਛੜੇ ਮਨੁੱਖ ਲਈ ਬਸਤਰ, ਜੁੱਤੇ, ਬਿਸਤਰਾ ਅਤੇ ਹੋਰ ਅਨੇਕਾਂ ਕਿਸਮ ਦਾ ਸਾਜੋ ਸਮਾਨ ਪੁਜਾਰੀ ਵਰਗ ਨੂੰ ਦਿੱਤਾ ਜਾਂਦਾ ਹੈ, ਜਿਸ ਨੂੰ ਮਰੇ ਵਿਅਕਤੀ ਕੋਲ ਪਹੁੰਚ ਜਾਣ ਵਰਗੇ ਅੰਧਵਿਸ਼ਵਾਸਾਂ ਨੂੰ ਫੈਲਾਇਆ ਜਾਂਦਾ ਹੈ। ਮ੍ਰਿਤਕ ਦੇ ਸੁੱਖ ਆਰਾਮ ਲਈ ਹਰ ਧਰਮ ਵਿੱਚ ਕੀਤੇ ਜਾ ਰਹੇ ਵੱਖ ਵੱਖ ਤਰ੍ਹਾਂ ਦੇ ਧਾਰਮਿਕ ਕ੍ਰਿਆ ਕਰਮ ਅਸੀਂ ਪ੍ਰਤੱਖ ਵੇਖ ਹੀ ਰਹੇ ਹਾਂ ਜਿਹਨਾਂ ਨੂੰ ਪੂਰਾ ਕਰਨ ਲਈ ਹਰ ਧਰਮ ਵਿੱਚ ਬੈਠਾ ਪੁਜਾਰੀ ਵਰਗ ਮੁੱਖ ਭੂਮਿਕਾ ਨਿਭਾਉਂਦਾ ਹੈ, ਕਿਉਂਕਿ ਉਹਨਾਂ ਦੀ ਜ਼ਿੰਦਗੀ ਇਹਨਾਂ ਮਾਨਤਾਵਾਂ ਨੂੰ ਬਰਕਰਾਰ ਰੱਖਣ ਨਾਲ ਹੀ ਚਲਦੀ ਹੈ। ਹਰ ਧਰਮ ਵਿੱਚ ਅਜਿਹੀਆਂ ਰਸਮਾਂ ਰਾਹੀਂ ਫੈਲਾਏ ਜਾਂਦੇ ਗੈਰ ਵਿਗਿਆਨਿਕ ਅਤੇ ਸੰਵਿਧਾਨ ਵਿਰੋਧੀ ਵਿਚਾਰਾਂ ਨੂੰ ਰੋਕਣ ਲਈ ਸਰਕਾਰੀ ਮਸ਼ੀਨਰੀ ਸਿਰਫ ਦਰਸ਼ਕ ਬਣੀ ਹੋਈ ਹੈ। ਸਾਡੇ ਦੇਸ਼ ਦਾ ਸੰਵਿਧਾਨ ਭਾਵੇਂ ਕਿਸੇ ਵੀ ਤਰ੍ਹਾਂ ਦੀ ਗੈਰ ਵਿਗਿਆਨਿਕ ਗੱਲ ਦਾ ਖੰਡਨ ਕਰਕੇ ਵਿਗਿਆਨਿਕ ਨਜ਼ਰੀਆ ਵਿਕਸਿਤ ਕਰਨ ਲਈ ਹਰ ਨਾਗਰਿਕ ਨੂੰ ਜੁੰਮੇਵਾਰ ਬਣਨ ਲਈ ਆਗਿਆ ਦਿੰਦਾ ਹੈ। ਪਰ ਸਾਡੀਆਂ ਸਰਕਾਰਾਂ ਜੋ ਇਸੇ ਸੰਵਿਧਾਨ ਨੂੰ ਮੰਨਣ ਦਾ ਇਕਰਾਰ ਕਰਕੇ ਵੀ ਜਦੋਂ ਜੁੰਮੇਵਾਰੀ ਦੀਆਂ ਕੁਰਸੀਆਂ ਸਾਂਭਦੀਆਂ ਹਨ ਤਾਂ ਆਪਣਾ ਕੀਤਾ ਇਕਰਾਰ ਭੁੱਲ ਹੀ ਨਹੀਂ ਜਾਂਦੀਆਂ, ਸਗੋਂ ਗੈਰ ਵਿਗਿਆਨਿਕ ਧਾਰਨਾਵਾਂ ਦਾ ਪੱਖ ਪੂਰ ਕੇ, ਵਿਗਿਆਨਿਕ ਧਾਰਨਾਵਾਂ ਪ੍ਰਚੱਲਤ ਕਰਨ ਦਾ ਯਤਨ ਕਰਨ ਵਾਲਿਆਂ ਖਿਲਾਫ ਕੇਸ ਦਰਜ ਕਰਨ ਵੱਲ ਭੁਗਤਦੀਆਂ ਹਨ। ਸਰਕਾਰਾਂ ਦੀ ਗੈਰ ਵਿਗਿਆਨਿਕ ਨਜ਼ਰੀਆ ਰੱਖਣ ਵਾਲਿਆਂ ਨਾਲ ਇਹੋ ਸਾਂਝ ਭਿਆਲੀ ਮਨੁੱਖ ਦੇ ਵਿਗਿਆਨਿਕ ਨਜ਼ਰੀਏ ਦਾ ਵਿਕਾਸ ਨਾ ਹੋਣ ਦੇਣ ਲਈ ਅਹਿਮ ਭੂਮਿਕਾ ਨਿਭਾਉਂਦੀ ਹੈ। ਧਰਮਾਂ ਰਾਹੀਂ ਫੈਲਾਏ ਜਾਂਦੇ ਇਸ ਗੈਰ ਵਿਗਿਆਨਿਕ ਨਜ਼ਰੀਏ ਬਾਰੇ ਜਦੋਂ ਵਿਗਿਆਨਿਕ ਨਜ਼ਰੀਏ ਰਾਹੀਂ ਸਹੀ ਵਿਆਖਿਆ ਦੁਆਰਾ ਸਪਸਟ ਕੀਤਾ ਜਾਂਦਾ ਹੈ, ਤਾਂ ਵਿਗਿਆਨਿਕ ਅਧਾਰ ਨੂੰ ਮੁੱਖ ਰੱਖਦਿਆਂ ਸੰਵਾਦ ਕਰਨ ਦੀ ਬਜਾਏ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਤਹਿ ਸ਼ੁਦਾ ਪ੍ਰੋਗਰਾਮ ਰਾਹੀਂ, ਵਿਗਿਆਨਿਕ ਸਮਝ ਨੂੰ ਸਰਕਾਰੀ ਸ਼ਹਿ ਹੇਠ ਕਾਨੂੰਨ ਦਾ ਗਲਤ ਇਸਤੇਮਾਲ ਕਰਕੇ ਦਬਾਉਣ ਦਾ ਰਾਹ ਅਖਤਿਆਰ ਕੀਤਾ ਜਾਂਦਾ ਹੈ। ਇਸ ਦੇ ਪ੍ਰਤੱਖ ਸਬੂਤ ਵਜੋਂ ਵਿਗਿਆਨਿਕ ਨਜ਼ਰੀਏ ਖਿਲਾਫ ਦਰਜ ਹੋਏ 295 ਏ ਦੇ ਵੱਖ ਵੱਖ ਵਿਅਕਤੀਆਂ ਦੇ ਕੇਸ ਸਾਹਮਣੇ ਹਨ। ਦੇਸ਼ ਨੂੰ ਸਹੀ ਦਿਸ਼ਾ ਦੇਣ ਲਈ ਵਿਗਿਆਨਿਕ ਨਜ਼ਰੀਆ ਅਪਨਾਉਣਾ ਹੀ ਇੱਕੋ ਇੱਕ ਸਾਧਨ ਹੈ, ਜੋ ਦੇਸ਼ ਲਈ ਹਰ ਖੇਤਰ ਵਿੱਚ ਅਗਵਾਈ ਕਰਨ ਯੋਗ ਹੈ। ਇਹ ਵੀ ਸਾਹਮਣੇ ਹੈ ਕਿ ਦੁਨੀਆਂ ਵਿੱਚ ਜਿਹੜੇ ਮੁਲਕਾਂ ਨੇ ਵਿਗਿਆਨਿਕ ਨਜ਼ਰੀਆ ਅਪਣਾਇਆ ਹੈ, ਉਹ ਹੀ ਦੁਨੀਆਂ ਦੇ ਵਿਕਸਤ ਦੇਸ਼ਾਂ ਵਿੱਚ ਗਿਣੇ ਜਾਂਦੇ ਹਨ। ਜਿਹੜੇ ਅਧਿਆਤਮਵਾਦੀ ਰਹਿ ਕੇ ਧਰਮਾਂ ਦੇ ਚੱਕਰਾਂ ਵਿੱਚ ਉਲਝੇ ਹੋਏ ਹਨ ਉਹਨਾਂ ਵਿੱਚ ਗਰੀਬੀ ਅਤੇ ਆਪਸੀ ਨਫ਼ਰਤ ਦਾ ਬੋਲਬਾਲਾ ਸਿਖਰਾਂ ਛੂਹ ਰਿਹਾ ਹੈ।

ਇਸ ਲਈ ਵਿਗਿਆਨਿਕ ਨਜ਼ਰੀਏ ਦੇ ਧਾਰਨੀ ਹਰ ਵਿਅਕਤੀ ਤੇ ਜੱਥੇਬੰਦੀ ਵੱਲੋਂ ਦੇਸ਼ ਨੂੰ ਧਰਮਾਂ ਅਤੇ ਸੱਤ੍ਹਾ ਦੀ ਸਾਂਝੀ, ਸੌੜੀ ਅਤੇ ਮਨੁੱਖਤਾ ਵਿਰੋਧੀ ਸਿਆਸਤ ਤੋਂ ਛੁਟਕਾਰਾ ਦਿਵਾਉਣ ਲਈ ਇੱਕ ਜੁੱਟ ਹੋ ਕੇ, ਦੇਸ਼ ਦੀ ਅਗਵਾਈ ਕਰਨ ਲਈ ਜਮਹੂਰੀ ਅਤੇ ਸੰਵਿਧਾਨਿਕ ਜ਼ੁੰਮੇਵਾਰੀ ਨਿਭਾਉਣ ਨੂੰ ਫਰਜ਼ ਸਮਝਕੇ ਅੱਗੇ ਆਉਣਾ ਸਮੇਂ ਦੀ ਵੱਡੀ ਲੋੜ ਹੈ।


www.malwatires.ca
malwa
TIRES & SERVICES LTD
UNIT - JK 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
MOBILE
24/7 SERVICE
services@malwatires.com

## ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ

### ਸਿੱਖ ਵਿਰਸਾ ਇੰਟਰਨੈਸ਼ਨਲ ਅਤੇ ਸਰੋਕਾਰਾਂ ਦੀ ਆਵਾਜ਼ ਦੀ ਪੇਸ਼ਕਸ਼

PROGRESSIVE CULTURAL ASSOCIATION CALGARY (REGD.)
BE RATIONALIST

# ਸੰਦੂਕੜੀ ਖੋਲ੍ਹ ਨਰੈਣਿਆਂ

ਲੇਖਕ, ਨਿਰਦੇਸ਼ਕ ਅਤੇ ਅਦਾਕਾਰ ਡਾ. ਸਾਹਿਬ ਸਿੰਘ



Bus route
128
&
145



ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੇ ਕਲਾਕਾਰਾਂ ਦੀ ਪੇਸ਼ਕਸ਼

## ਦੂਜਾ ਨਾਟਕ : LMIA

Tickets
$20

## 21 September 2024

5 Red Stone heights NE
Calgary T3N 0T6
5 PM to 8 PM

ਵਧੇਰੇ ਜਾਣਕਾਰੀ ਲਈ

ਮਾਸਟਰ ਭਜਨ ਸਿੰਘ 403-455-4220, ਹਰਚਰਨ ਪਰਹਾਰ 403-681-8689, ਕਮਲ ਪੰਧੇਰ 403-479-4220


Thinking of Buying or Selling
Your Home?
ਕਿਸੇ ਤਰ੍ਹਾਂ ਦਾ ਵੀ ਘਰ ਖਰੀਦਣਾ ਜਾਂ
ਵੇਚਣਾ ਹੋਵੇ ਤਾਂ ਅੱਜ ਹੀ ਸੰਪਰਕ ਕਰੋ
GS MANN
587-777-7000
www.myfirsthomeincalgary.ca
RE/MAX
IREALTY INNOVATIONS


Taralake
Dental
Taralake Dental offers Full
Range of General and Cosmetic
Dental Services
TARALAKE
DENTAL
We Offer
Oral Exams and Checkups | Dental Cleanings | Children's Dentistry
Cosmetic Procedures : Crowns, Bridges | Teeth Whitening | Tooth Coloured Fillings
Same Day Emergencies | Root Canals | Wisdom Tooth Extraction
Ph. : 403-455-1600 | Fax : 403-764-9788
contact@taralakedental.com | www.taralakedental.com
Unit 321 (2nd Floor) 7171 80th Ave NE Calgary, AB T3J 0P6


We are Hiring New & Experienced Realtors.
We can also help you to get Realtor License.
We provide following Services:
• Residential • Commercial • Business
• Land Investment • Property • Management Services
Ramandeep Gill
REALTOR®
403-852-2852
yograman9@yahoo.com
Amandeep Gill
REALTOR®
403-919-6962
amangill@instarlt.com
Amarjit Pangly
REALTOR®
403-891-2424
amarpangly@instarlt.com
Mousam Mann
REALTOR®
403-923-3620
mousammann@instarlt.com
Amandeep Gill
REALTOR®
825-733-7551
gillhomes18@gmail.com
Manpreet Kaur
REALTOR®
587-438-4091
Realtor.manpreetk@gmail.com
Aman Batth
REALTOR®
403-918-7254
realtoramanbatth@gmail.com
Gurpreet Kaur
REALTOR®
403-613-2459
realestatebygurpreet@gmail.com
Insta Realty
BUY SELL INSTANTLY
Harcharan Parhar
REAL ESTATE BROKER
www.instarlt.com
403.681.8689
400, 3115-12th St NE Calgary AB T2E 7J2
Email: info@instarlt.com
Harsimran Bawa
REALTOR®
403-689-4506
simrkakra@gmail.com
Karan Nanda
REALTOR®
778-681-0480
karannanda@instarlt.com
Navi Tiwana
REALTOR®
403-383-9496
navutiwana@instarlt.com
Sahil Lamba
REALTOR®
613-854-3762
sahillamba273@gmail.com
Book Your New Dream Home with our team in Savanna,
City Scape, Red Stone, Corner Stone, Home Stead, Cochrane.